ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

# ਚੜ੍ਹਦੀਕਲਾ

***

DAILY CHARHDIKALA, PATIALA

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 62
ਫ਼ੋਨ: +91- 92168-07500
E-mail: news@charhdikala.com
www.charhdikala.com

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Wednesday, 4 March, 2026) ਬੁੱਧਵਾਰ, 4 ਮਾਰਚ, 2026, 21 ਫੱਗਣ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082/ PRGI (RNI) Regd. No. 22972/1972/ ਮੁੱਲ: 2 ਰੁਪਏ




### ਮੁੱਖ ਮੰਤਰੀ ਵੱਲੋਂ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਨਾਲ ਗੱਲਬਾਤ

## ਭਗਵੰਤ ਮਾਨ ਨੇ ਜੰਗ ਪ੍ਰਭਾਵਿਤ ਅਰਬ ਦੇਸ਼ਾਂ 'ਚ ਫਸੇ ਪੰਜਾਬੀਆਂ ਨੂੰ ਤੁਰੰਤ ਕੱਢਣ ਦੀ ਕੀਤੀ ਮੰਗ

**ਚੜ੍ਹਦੀਕਲਾ ਬਿਊਰੋ**

================



ਚੰਡੀਗੜ੍ਹ, 3 ਮਾਰਚ:ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨਾਲ ਫੋਨ 'ਤੇ ਗੱਲ ਕੀਤੀ ਅਤੇ ਉਨ੍ਹਾਂ ਨੂੰ ਸੰਕਟਗ੍ਰਸਤ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਲਈ ਕਿਹਾ। ਟੈਲੀਫੋਨ 'ਤੇ ਗੱਲਬਾਤ ਦੌਰਾਨ ਮੁੱਖ ਮੰਤਰੀ ਨੇ ਅਚਾਨਕ ਜੰਗ ਸ਼ੁਰੂ ਹੋਣ ਕਾਰਨ ਖਾੜੀ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਨਾਲ ਸਬੰਧਤ ਅੰਕੜੇ ਸਾਂਝੇ ਕੀਤੇ ਅਤੇ ਉਨ੍ਹਾਂ ਨੂੰ ਵਾਪਸ ਲਿਆਉਣ ਲਈ ਤੁਰੰਤ ਕਦਮ ਚੁੱਕਣ ਦੀ ਅਪੀਲ ਕੀਤੀ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ ਉੱਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਮੈਂ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨਾਲ ਫੋਨ 'ਤੇ ਗੱਲ ਕੀਤੀ। ਪਰਵਾਸੀ ਭਾਰਤੀ ਮਾਮਲਿਆਂ ਬਾਰੇ ਪੰਜਾਬ ਦੇ ਮੰਤਰੀ ਡਾ. ਰਵਜੋਤ ਸਿੰਘ ਵੀ ਉਨ੍ਹਾਂ ਨੂੰ ਨਿੱਜੀ ਤੌਰ 'ਤੇ ਮਿਲਣ ਗਏ ਸਨ। ਕੇਂਦਰੀ ਮੰਤਰੀ ਨੇ ਭਰੋਸਾ ਦਿੱਤਾ ਹੈ ਕਿ ਅਰਬ ਦੇਸ਼ਾਂ ਤੋਂ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਜ਼ਰੂਰੀ ਪ੍ਰਬੰਧ ਕੀਤੇ ਜਾਣਗੇ, ਜਿਸ ਵਿੱਚ ਵਿਸ਼ੇਸ਼ ਉਡਾਣਾਂ ਦਾ ਪ੍ਰਬੰਧ ਵੀ ਸ਼ਾਮਲ ਹੈ। ਮੈਂ ਸਾਰੇ ਸਬੰਧਤ ਵਿਅਕਤੀਆਂ ਦੀ ਸੂਚੀ ਸੰਪਰਕ ਨੰਬਰਾਂ ਸਮੇਤ ਸਾਂਝੀ ਕੀਤੀ ਹੈ। ਜਲਦੀ ਹੀ ਇਹ ਪੰਜਾਬੀ ਸੁਰੱਖਿਅਤ ਆਪਣੇ ਪਰਿਵਾਰਾਂ ਕੋਲ ਵਾਪਸ ਆ ਜਾਣਗੇ। ਕਿਸੇ ਵੀ ਕਿਸਮ ਦੀ ਜਾਣਕਾਰੀ ਜਾਂ ਸਹਾਇਤਾ ਲਈ ਕਿਰਪਾ ਕਰਕੇ ਐਨ.ਆਰ.ਆਈ. ਵਿੰਗ ਦੇ 247 ਕੰਟਰੋਲ ਰੂਮ ਨੰਬਰ 0172-2260042, 0172-2260043 ਜਾਂ ਵਟਸਐਪ ਨੰਬਰ 91 94787-79112 ਉੱਤੇ ਸੰਪਰਕ ਕਰੋ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਕੇ. ਰਾਮ ਮੋਹਨ ਨਾਇਡੂ ਨਾਲ ਆਪਣੀ ਟੈਲੀਫੋਨ ਗੱਲਬਾਤ ਦੌਰਾਨ ਮੈਂ ਅਚਾਨਕ ਜੰਗ ਕਾਰਨ ਖਾੜੀ ਦੇਸ਼ਾਂ ਵਿੱਚ ਫਸੇ ਪੰਜਾਬੀਆਂ ਨਾਲ ਸਬੰਧਤ ਸਾਰਾ ਡੇਟਾ ਸਾਂਝਾ ਕੀਤਾ। ਮੈਂ ਉਨ੍ਹਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਪੰਜਾਬੀਆਂ ਨੂੰ ਜਲਦੀ ਤੋਂ ਜਲਦੀ ਬਾਹਰ ਕੱਢਿਆ ਜਾਵੇ ਤਾਂ ਜੋ ਉਹ ਪੰਜਾਬ ਵਿੱਚ ਆਪਣੇ ਪਰਿਵਾਰਾਂ ਨਾਲ ਦੁਬਾਰਾ ਮਿਲ ਸਕਣ। ਕੇਂਦਰੀ ਮੰਤਰੀ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ ਹੈ ਅਤੇ ਮੈਨੂੰ ਉਮੀਦ ਹੈ ਕਿ ਜੰਗ ਪ੍ਰਭਾਵਿਤ ਖਾੜੀ ਖੇਤਰ ਵਿੱਚ ਫਸੇ ਪੰਜਾਬੀ ਜਲਦੀ ਆਪਣੇ ਪਰਿਵਾਰਾਂ ਵਿੱਚ ਹੋਣਗੇ।"

ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਨੂੰ ਬਾਹਰ ਕੱਢਣ ਲਈ ਪੰਜਾਬ ਸਰਕਾਰ ਦੀ ਦ੍ਰਿੜ੍ਹ ਵਚਨਬੱਧਤਾ ਦੁਹਰਾਉਂਦੇ (ਬਾਕੀ ਸਫਾ 2 'ਤੇ)

### ਮੱਧ-ਪੂਰਬ 'ਚ ਜੰਗ ਹੋਰ ਭੜਕੀ

# ਈਰਾਨ ਵੱਲੋਂ ਅਮਰੀਕੀ ਸਫ਼ਾਰਤਖ਼ਾਨੇ 'ਤੇ ਹਮਲਾ

## ਅਮਰੀਕਾ-ਇਜ਼ਰਾਈਲੀ ਦੇ ਹਵਾਈ ਹਮਲਿਆਂ ਵਿੱਚ ਘੱਟੋ-ਘੱਟ 787 ਈਰਾਨੀਆਂ ਦੀ ਮੌਤ

**ਚੜ੍ਹਦੀਕਲਾ ਬਿਊਰੋ**

================



ਦੁਬਈ, 3 ਮਾਰਚ:ਰਿਆਦ ਵਿਚ ਅਮਰੀਕੀ ਸਫ਼ਾਰਤਖ਼ਾਨੇ 'ਤੇ ਈਰਾਨੀ ਹਮਲੇ ਤੋਂ ਬਾਅਦ ਮੱਧ-ਪੂਰਬ ਵਿਚ ਜੰਗ ਹੋਰ ਤੀਬਰ ਹੋ ਗਈ ਹੈ। ਅਮਰੀਕਾ ਨੇ ਕਈ ਦੇਸ਼ਾਂ 'ਚੋਂ ਅਪਣੇ ਕਰਮਚਾਰੀਆਂ ਨੂੰ ਤੁਰਤ ਬਾਹਰ ਕੱਢਣ ਦੇ ਹੁਕਮ ਜਾਰੀ ਕੀਤੇ ਹਨ। ਇਸੇ ਦੌਰਾਨ, ਅਮਰੀਕਾ ਅਤੇ ਇਜ਼ਰਾਈਲ ਨੇ ਈਰਾਨ 'ਤੇ ਭਾਰੀ ਹਵਾਈ ਹਮਲੇ ਕੀਤੇ ਹਨ। ਉਧਰ ਸੰਯੁਕਤ ਰਾਸ਼ਟਰ ਦੀ ਪ੍ਰਮਾਣੂ ਨਿਗਰਾਨੀ ਸੰਸਥਾ ਨੇ ਮੰਗਲਵਾਰ ਨੂੰ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਹਵਾਈ ਹਮਲਿਆਂ ਦੇ ਦਰਮਿਆਨ ਈਰਾਨ ਦੇ ਨਤਾਂਜ਼ ਪਰਮਾਣੂ ਸਥਾਨ ਨੂੰ 'ਹਾਲ ਹੀ ਵਿਚ ਕੁੱਝ ਨੁਕਸਾਨ' ਹੋਇਆ ਹੈ, ਪਰ ਇਸ ਨਾਲ 'ਕਿਸੇ ਵੀ ਵਿਕਿਰਣ ਦਾ ਸ਼ੱਕ ਨਹੀਂ ਹੈ।' ਕੌਮਾਂਤਰੀ ਪਰਮਾਣੂ ਊਰਜਾ ਏਜੰਸੀ ਨੇ ਦਸਿਆ ਕਿ ਨੁਕਸਾਨ ਮੁੱਖ ਤੌਰ ਉਤੇ ਪਰਮਾਣੂ ਸਥਾਨ ਦੇ ਭੂਗਰਭੀ ਹਿੱਸੇ ਦੇ 'ਪ੍ਰਵੇਸ਼ ਭਵਨਾਂ' ਤਕ ਸੀਮਿਤ ਹੈ।

ਸਾਊਦੀ ਰੱਖਿਆ ਮੰਤਰਾਲੇ ਨੇ ਦਸਿਆ ਕਿ 'ਦੋ ਡਰੋਨ ਹਮਲਿਆਂ ਨਾਲ ਦੂਤਾਵਾਸ ਵਿਚ ਸੀਮਿਤ ਅੱਗ ਲੱਗੀ।' ਅਮਰੀਕੀ ਸਫ਼ਾਰਤਖ਼ਾਨੇ ਨੇ ਆਪਣੇ ਨਾਗਰਿਕਾਂ ਨੂੰ ਚੇਤਾਵਨੀ ਦਿਤੀ ਕਿ ਉਹ ਕੰਪਾਊਂਡ ਤੋਂ ਦੂਰ ਰਹਿਣ। ਕੁਵੈਤ ਵਿਚ ਅਮਰੀਕੀ ਸਫ਼ਾਰਤਖ਼ਾਨਾ ਪਹਿਲਾਂ ਹੀ ਬੰਦ ਕੀਤਾ ਜਾ ਚੁੱਕਾ ਹੈ। ਅਮਰੀਕੀ ਵਿਦੇਸ਼ ਮੰਤਰਾਲੇ ਨੇ ਕੁਵੈਤ, ਬਹਿਰੀਨ, ਇਰਾਕ, ਕਤਰ, ਜੋਰਡਨ ਅਤੇ ਯੂ.ਏ.ਈ. 'ਚੋਂ ਗੈਰ-ਜ਼ਰੂਰੀ (ਬਾਕੀ ਸਫਾ 2 'ਤੇ)

## ਅਸੀਂ ਹਮਲਾ ਕੀਤਾ ਕਿਉਂਕਿ ਈਰਾਨ ਛੇਤੀ ਹੀ ਪ੍ਰਮਾਣੂ ਸ਼ਕਤੀ ਬਣ ਜਾਂਦਾ: ਨੇਤਨਯਾਹੂ

**ਚੜ੍ਹਦੀਕਲਾ ਬਿਊਰੋ**

================



ਯੇਰੂਸ਼ਲਮ, 3 ਮਾਰਚ: ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਮੰਗਲਵਾਰ ਨੂੰ ਕਿਹਾ ਕਿ ਇਜ਼ਰਾਈਲ ਅਤੇ ਅਮਰੀਕਾ ਨੇ ਈਰਾਨ 'ਤੇ ਹਮਲਾ ਕੀਤਾ ਕਿਉਂਕਿ ਤਹਿਰਾਨ ਨੇ ਆਪਣਾ ਪ੍ਰਮਾਣੂ ਪ੍ਰੋਗਰਾਮ ਦੁਬਾਰਾ ਸ਼ੁਰੂ ਕਰ ਦਿੱਤਾ ਸੀ ਅਤੇ 'ਕੁਝ ਮਹੀਨਿਆਂ ਵਿੱਚ' ਪ੍ਰਮਾਣੂ ਰੋਕਥਾਮ ਪ੍ਰਾਪਤ ਕਰ ਲਈ ਹੋਵੇਗੀ। ਨੇਤਨਯਾਹੂ ਨੇ ਮੰਗਲਵਾਰ ਨੂੰ ਫੌਕਸ ਨਿਊਜ਼ ਨੂੰ ਦੱਸਿਆ ਕਿ ਈਰਾਨ 'ਤੇ ਹਮਲਾ ਕਰਨਾ ਜ਼ਰੂਰੀ ਸੀ ਕਿਉਂਕਿ ਤਹਿਰਾਨ ਆਪਣੇ ਮਿਜ਼ਾਈਲ ਅਤੇ ਪ੍ਰਮਾਣੂ ਪ੍ਰੋਗਰਾਮਾਂ ਨੂੰ ਹਮਲਿਆਂ ਤੋਂ ਬਚਾਉਣ ਲਈ ਨਵੀਆਂ ਭੂਮੀਗਤ ਸਹੂਲਤਾਂ ਬਣਾ ਰਿਹਾ ਸੀ। ਉਨ੍ਹਾਂ ਕਿਹਾ, 'ਈਰਾਨ ਨੇ ਨਵੀਆਂ ਸਹੂਲਤਾਂ, ਨਵੀਆਂ ਥਾਵਾਂ, ਭੂਮੀਗਤ ਬੰਕਰ ਬਣਾਉਣੇ ਸ਼ੁਰੂ ਕਰ ਦਿੱਤੇ ਹਨ ਜੋ ਕੁਝ ਮਹੀਨਿਆਂ ਵਿੱਚ ਇਸਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਅਤੇ ਪ੍ਰਮਾਣੂ ਬੰਬ ਪ੍ਰੋਗਰਾਮ ਨੂੰ ਸੁਰੱਖਿਅਤ ਰੱਖ ਸਕਦੇ ਸਨ। ਜੇਕਰ ਹੁਣ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਭਵਿੱਖ ਵਿੱਚ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।' ਇਜ਼ਰਾਈਲੀ ਪ੍ਰਧਾਨ ਮੰਤਰੀ ਨੇ ਟੀਵੀ ਚੈਨਲ ਨੂੰ ਕਿਹਾ, 'ਸਾਨੂੰ ਹੁਣ ਕਾਰਵਾਈ ਕਰਨ ਦਾ ਕਾਰਨ ਇਹ ਹੈ ਕਿ ਪਿਛਲੇ (ਬਾਕੀ ਸਫਾ 2 'ਤੇ)

### ਹੋਲੇ-ਮਹੱਲੇ ਦੇ ਦੂਜੇ ਦਿਨ ਸੰਗਤਾਂ ਦਾ ਉਮੜਿਆ ਸੈਲਾਬ

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਸਜੇ ਧਾਰਮਿਕ ਦੀਵਾਨ

**ਤਰਲੋਚਨ ਸਿੰਘ**

================



ਸ੍ਰੀ ਅਨੰਦਪੁਰ ਸਾਹਿਬ, 3 ਮਾਰਚ: ਹੋਲੇ-ਮਹੱਲੇ ਦੇ ਅੱਜ ਦੂਜੇ ਦਿਨ ਵੱਡੀ ਗਿਣਤੀ ਵਿੱਚ ਨਾਨਕ ਨਾਮ ਲੇਵਾ ਸੰਗਤਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਸਮੇਤ ਹੋਰ ਗੁਰੂ ਘਰਾਂ ਵਿਚ ਮੱਥਾ ਟੇਕਿਆ ਤੇ ਆਪਣੀ ਸ਼ਰਧਾ ਦੇ ਫੁੱਲ ਭੇਟ ਕੀਤੇ। ਦੇਸ਼-ਵਿਦੇਸ਼ ਤੋਂ ਲੱਖਾਂ ਦੀ ਗਿਣਤੀ ਵਿਚ ਖਾਲਸੇ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਪਹੁੰਚੀਆਂ ਸੰਗਤਾਂ ਨੇ ਬੋਲੇ ਸੋ ਨਿਹਾਲ, ਸਤਿ ਸ੍ਰੀ ਅਕਾਲ ਦੇ ਅਕਾਸ਼ ਗੂੰਜਾਊ ਨਾਅਰਿਆਂ ਨਾਲ ਸਮੁੱਚੇ ਇਲਾਕੇ ਦਾ ਮਾਹੌਲ ਪਵਿੱਤਰ ਬਣਾ ਦਿਤਾ। ਹਰ ਪਾਸੇ ਖਾਲਸਾ ਜੀ ਦੇ ਖੁੱਲ੍ਹੇ ਦਰਸ਼ਨ ਦੀਦਾਰੇ ਹੋ ਰਹੇ ਸਨ। ਨੀਲੇ ਤੇ ਕੇਸਰੀ ਰੰਗ ਦੀਆਂ ਦਸਤਾਰਾਂ ਦਾ ਹੜ੍ਹ ਆਇਆ ਹੋਇਆ ਸੀ ਛੋਟੇ-ਛੋਟੇ ਬੱਚੇ, ਨੌਜਵਾਨ, ਬਜ਼ੁਰਗ ਤੇ ਬੀਬੀਆਂ ਸ਼ਸਤਰਾਂ ਬਸਤਰਾਂ ਨਾਲ ਤਿਆਰ ਬਰ ਤਿਆਰ ਹੋ ਕੇ ਪੁਰਾਤਨ ਸਮੇ ਦੀ ਯਾਦ ਤਾਜ਼ਾ ਕਰਵਾ ਰਹੇ ਸਨ। ਅੱਜ ਸਵੇਰ ਵੇਲੇ ਤੋਂ ਹੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਧਾਰਮਿਕ ਦੀਵਾਨ ਸਜਾਏ ਗਏ ਜਿਸ ਵਿਚ ਉੱਚ ਕੋਟੀ ਦੇ ਕੀਰਤਨੀ ਜਥਿਆਂ ਸਮੇਤ ਪ੍ਰਸਿੱਧ (ਬਾਕੀ ਸਫਾ 2 'ਤੇ)

### ਬਜਟ ਸੈਸ਼ਨ ਤੋਂ ਪਹਿਲਾਂ ਮਾਨ ਨੇ ਸੱਦੀ ਪੰਜਾਬ ਕੈਬਨਿਟ ਦੀ ਮੀਟਿੰਗ

ਚੰਡੀਗੜ੍ਹ, 3 ਮਾਰਚ (ਚ.ਨ.ਸ.):ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਕੈਬਨਿਟ ਦੀ ਮੀਟਿੰਗ ਬੁਲਾਈ ਹੈ। ਇਹ ਮੀਟਿੰਗ 5 ਮਾਰਚ ਨੂੰ ਸਵੇਰੇ 11 ਵਜੇ ਮੁੱਖ ਮੰਤਰੀ ਦੀ ਰਿਹਾਇਸ਼ 'ਤੇ ਹੋਵੇਗੀ। ਦੱਸ ਦੇਈਏ ਕਿ 8 ਮਾਰਚ ਐਤਵਾਰ ਨੂੰ ਪੰਜਾਬ ਦਾ ਬਜਟ ਪੇਸ਼ ਕੀਤਾ ਜਾਵੇਗਾ। ਪੰਜਾਬ ਕੈਬਨਿਟ ਦੀ ਇਸ ਬੈਠਕ ਨੂੰ ਕਾਫੀ ਅਹਿਮ ਮੰਨਿਆ ਜਾ ਰਿਹਾ ਹੈ ਕਿਉਂਕਿ ਇਸ ਤੋਂ ਤਿੰਨ ਦਿਨ ਬਾਅਦ ਬਜਟ ਸੈਸ਼ਨ ਹੈ। ਉਥੇ ਹੀ ਪੰਜਾਬ ਵਿਧਾਨ ਸਭਾ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਕਿ ਬਜਟ ਸੈਸ਼ਨ ਐਤਵਾਰ ਨੂੰ ਹੋ ਰਿਹਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਸਰਕਾਰ ਇਸ ਦਿਨ ਔਰਤਾਂ ਨੂੰ ਇੱਕ ਹਜ਼ਾਰ ਰੁਪਏ ਦੀ ਗ੍ਰਾਂਟ ਦੇਣ ਦਾ ਐਲਾਨ ਕਰ ਸਕਦੀ ਹੈ, ਇਸ ਲਈ ਇਹ ਤਾਰੀਕ ਚੁਣੀ ਗਈ ਹੈ।

## ਮੋਦੀ ਨੇ ਓਮਾਨ, ਕੁਵੈਤ ਅਤੇ ਕਤਰ ਦੇ ਮੁਖੀਆਂ ਨਾਲ ਗੱਲ ਕੀਤੀ

### ਪੱਛਮੀ ਏਸ਼ੀਆ 'ਚ ਚੱਲ ਰਹੇ ਸੰਘਰਸ਼ 'ਤੇ ਪ੍ਰਗਟਾਈ ਚਿੰਤਾ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 3 ਮਾਰਚ:ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮੰਗਲਵਾਰ ਨੂੰ ਓਮਾਨ ਦੇ ਸੁਲਤਾਨ ਹੈਥਮ ਬਿਨ ਤਾਰੀਕ, ਕੁਵੈਤ ਦੇ ਕਰਾਊਨ ਪ੍ਰਿੰਸ ਸ਼ੇਖ ਸਬਾਹ ਅਲ-ਖਾਲਿਦ ਅਲ-ਹਮਾਦ ਅਲ-ਮੁਬਾਰਕ ਅਲ-ਸਬਾਹ ਅਤੇ ਕਤਰ ਦੇ ਅਮੀਰ ਸ਼ੇਖ ਤਮੀਮ ਬਿਨ ਹਮਾਦ ਅਲ ਥਾਨੀ ਨਾਲ ਟੈਲੀਫੋਨ 'ਤੇ ਗੱਲਬਾਤ ਕੀਤੀ। ਇਸ ਦੌਰਾਨ ਉਨ੍ਹਾਂ ਨੇ ਪਛਮੀ ਏਸ਼ੀਆ ਵਿਚ ਚੱਲ ਰਹੇ ਸੰਘਰਸ਼ ਕਾਰਨ ਹੋ ਰਹੇ ਹਮਲਿਆਂ 'ਤੇ ਚਿੰਤਾ ਜ਼ਾਹਰ ਕੀਤੀ ਅਤੇ ਉਥੇ ਰਹਿੰਦੇ ਭਾਰਤੀ ਨਾਗਰਿਕਾਂ ਦੀ ਸੁਰੱਖਿਆ ਬਾਰੇ ਵੀ ਵਿਚਾਰ-ਵਟਾਂਦਰਾ ਕੀਤਾ। ਮੋਦੀ ਨੇ ਕਿਹਾ, "ਭਾਰਤ ਅਪਣੇ ਭਰਾਵਾਂ ਦੇ ਨਾਲ ਖੜਾ ਹੈ। ਉਨ੍ਹਾਂ ਦੀ ਸੁਰੱਖਿਆ ਅਤੇ ਭਲਾਈ ਸਾਡੀ ਪਹਿਲੀ ਤਰਜੀਹ ਹੈ।" ਇਹ ਗੱਲਬਾਤ ਉਸ ਸਮੇਂ ਹੋਈ ਜਦੋਂ ਅਮਰੀਕਾ ਅਤੇ ਇਜ਼ਰਾਈਲ ਵਲੋਂ ਈਰਾਨ 'ਤੇ ਵੱਡਾ ਹਮਲਾ ਕੀਤਾ ਗਿਆ, ਜਿਸ ਵਿਚ ਈਰਾਨ ਦੇ ਸਰਵੋਚ ਨੇਤਾ ਆਯਤੁੱਲਾਹ ਅਲੀ ਖ਼ਮੇਨੇਈ ਮਾਰੇ ਗਏ। ਇਸ ਦੇ ਜਵਾਬ ਵਿਚ ਈਰਾਨ ਨੇ ਇਜ਼ਰਾਈਲ ਅਤੇ ਅਮਰੀਕੀ ਫ਼ੌਜ ਦੇ ਠਿਕਾਣਿਆਂ 'ਤੇ ਡਰੋਨ ਅਤੇ ਮਿਜ਼ਾਈਲ ਹਮਲੇ ਕੀਤੇ। ਪਿਛਲੇ ਦੋ ਦਿਨਾਂ ਵਿਚ ਮੋਦੀ ਨੇ (ਬਾਕੀ ਸਫਾ 2 'ਤੇ)

## ਇਜ਼ਰਾਈਲ ਨੇ ਲਿਬਨਾਨ 'ਚ ਹੋਰ ਫ਼ੌਜਾਂ ਭੇਜੀਆਂ; 80 ਪਿੰਡਾਂ ਨੂੰ ਖਾਲੀ ਕਰਨ ਦੇ ਦਿੱਤੇ ਹੁਕਮ

**ਚੜ੍ਹਦੀਕਲਾ ਬਿਊਰੋ**

================



ਬੇਰੂਤ, 3 ਮਾਰਚ: ਮੱਧ ਪੂਰਬ ਵਿੱਚ ਹਾਲਾਤ ਬਹੁਤ ਤੇਜ਼ੀ ਨਾਲ ਵਿਗੜ ਰਹੇ ਹਨ। ਮੰਗਲਵਾਰ ਨੂੰ ਇਜ਼ਰਾਈਲ ਨੇ ਦੱਖਣੀ ਲਿਬਨਾਨ ਵਿੱਚ ਆਪਣੀਆਂ ਹੋਰ ਫੌਜਾਂ ਭੇਜ ਦਿੱਤੀਆਂ ਹਨ ਅਤੇ 80 ਤੋਂ ਵੱਧ ਪਿੰਡਾਂ ਦੇ ਲੋਕਾਂ ਨੂੰ ਤੁਰੰਤ ਇਲਾਕਾ ਖਾਲੀ ਕਰਨ ਦੇ ਹੁਕਮ ਦਿੱਤੇ ਹਨ। ਦੂਜੇ ਪਾਸੇ, ਈਰਾਨ ਦੇ ਸਮਰਥਨ ਵਾਲੇ ਦਹਿਸ਼ਤੀ ਸਮੂਹ ਹਿਜ਼ਬੁੱਲਾ ਨੇ ਵੀ ਐਲਾਨ ਕਰ ਦਿੱਤਾ ਹੈ ਕਿ ਉਹ ਇਜ਼ਰਾਈਲ ਨਾਲ ਖੁੱਲ੍ਹੀ ਜੰਗ ਲਈ ਪੂਰੀ ਤਰ੍ਹਾਂ ਤਿਆਰ ਹੈ। ਇਹ ਤਣਾਅ ਸੋਮਵਾਰ ਨੂੰ ਹਿਜ਼ਬੁੱਲਾ ਵੱਲੋਂ ਇਜ਼ਰਾਈਲ 'ਤੇ ਕੀਤੇ ਗਏ ਰਾਕਟ ਹਮਲਿਆਂ ਤੋਂ ਬਾਅਦ ਵਧਿਆ, ਜਿਸ ਦੇ ਜਵਾਬ ਵਿੱਚ ਇਜ਼ਰਾਈਲ ਨੇ ਲਿਬਨਾਨ ਵਿੱਚ ਭਾਰੀ ਬੰਬਾਰੀ ਕੀਤੀ। ਇਨ੍ਹਾਂ ਹਮਲਿਆਂ ਵਿੱਚ ਹੁਣ ਤੱਕ 52 ਲੋਕਾਂ ਦੀ ਮੌਤ ਹੋ ਚੁੱਕੀ ਹੈ ਅਤੇ 150 ਤੋਂ ਵੱਧ ਲੋਕ ਜ਼ਖਮੀ ਹੋਏ ਹਨ। ਹਿਜ਼ਬੁੱਲਾ ਦੇ ਇੱਕ ਸੀਨੀਅਰ ਅਧਿਕਾਰੀ ਮੁਹੰਮਦ ਕੋਮਤੀ ਨੇ ਕਿਹਾ ਹੈ ਕਿ ਉਨ੍ਹਾਂ ਕੋਲ ਜੰਗ ਤੋਂ ਇਲਾਵਾ ਕੋਈ ਹੋਰ ਰਸਤਾ ਨਹੀਂ ਬਚਿਆ। ਇਜ਼ਰਾਈਲੀ ਹਵਾਈ ਹਮਲਿਆਂ ਨੇ ਬੇਰੂਤ ਵਿੱਚ ਹਿਜ਼ਬੁੱਲਾ ਦੇ ਟੀ.ਵੀ. ਅਤੇ ਰੇਡੀਓ ਸਟੇਸ਼ਨਾਂ (ਬਾਕੀ ਸਫਾ 2 'ਤੇ)

### ਰਾਜ ਸਭਾ ਚੋਣਾਂ ਲਈ ਸੰਜੇ ਭਾਟੀਆ ਅਤੇ ਨਿਤਿਨ ਨਬੀਨ ਹੋਣਗੇ ਭਾਜਪਾ ਦੇ ਉਮੀਦਵਾਰ

ਨਵੀਂ ਦਿੱਲੀ, 3 ਮਾਰਚ (ਚ.ਨ.ਸ.):ਸੱਤਾਧਾਰੀ ਭਾਜਪਾ ਨੇ 16 ਮਾਰਚ ਨੂੰ ਹੋਣ ਵਾਲੀਆਂ ਰਾਜ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੇ ਨਾਮ ਐਲਾਨ ਦਿੱਤੇ ਹਨ, ਜਿਸ ਵਿੱਚ ਹਰਿਆਣਾ ਤੋਂ ਸਾਬਕਾ ਸੰਸਦ ਮੈਂਬਰ ਸੰਜੇ ਭਾਟੀਆ ਅਤੇ ਬਿਹਾਰ ਤੋਂ ਪਾਰਟੀ ਪ੍ਰਧਾਨ ਨਿਤਿਨ ਨਬੀਨ ਨੂੰ ਉਮੀਦਵਾਰ ਬਣਾਇਆ ਗਿਆ ਹੈ। ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਕਰੀਬੀ ਸਹਿਯੋਗੀ ਭਾਟੀਆ ਪਹਿਲਾਂ ਲੋਕ ਸਭਾ ਸੰਸਦ ਮੈਂਬਰ ਰਹਿ ਚੁੱਕੇ ਹਨ। ਉਨ੍ਹਾਂ ਦੀ ਨਾਮਜ਼ਦਗੀ ਹਰਿਆਣਾ ਭਾਜਪਾ ਵਿੱਚ ਖੱਟਰ ਦੇ ਲਗਾਤਾਰ ਪ੍ਰਭਾਵ ਦੀ ਪੁਸ਼ਟੀ ਕਰਦੀ ਹੈ। ਇੱਕ ਅਖਬਾਰ ਨੇ ਮੰਗਲਵਾਰ ਦੇ ਆਪਣੇ ਕਾਲਮਾਂ ਵਿੱਚ ਭਾਟੀਆ ਦੀ ਨਾਮਜ਼ਦਗੀ ਦੀ ਸੰਭਾਵਨਾ ਬਾਰੇ ਸਭ ਤੋਂ ਪਹਿਲਾਂ ਖ਼ਬਰ ਦਿੱਤੀ ਸੀ। ਨਬੀਨ ਦੀ ਉਮੀਦਵਾਰੀ ਦੀ ਉਮੀਦ ਉਨ੍ਹਾਂ ਨੂੰ ਭਾਜਪਾ ਪ੍ਰਧਾਨ ਵਜੋਂ ਤਰੱਕੀ ਦਿੱਤੇ ਜਾਣ ਤੋਂ ਬਾਅਦ ਕੀਤੀ ਜਾ ਰਹੀ ਸੀ। ਬਿਹਾਰ ਵਿਧਾਨ ਸਭਾ ਵਿੱਚ ਵਿਧਾਇਕ ਨਿਤਿਨ ਨਬੀਨ ਹੁਣ ਪਹਿਲੀ ਵਾਰ ਰਾਜ ਸਭਾ ਵਿੱਚ ਦਾਖ਼ਲ ਹੋਣਗੇ। ਭਾਜਪਾ ਨੇ ਬਿਹਾਰ ਤੋਂ ਸ਼ਿਵੇਸ਼ ਕੁਮਾਰ ਨੂੰ ਦੂਜੇ ਉਮੀਦਵਾਰ ਵਜੋਂ ਨਾਮਜ਼ਦ ਕੀਤਾ ਹੈ। ਛੱਤੀਸਗੜ੍ਹ ਤੋਂ ਪਾਰਟੀ ਨੇ ਲਕਸ਼ਮੀ ਵਰਮਾ; ਉੜੀਸਾ ਤੋਂ ਮਨਮੋਹਨ ਸਾਮਲ ਅਤੇ ਬੀਜੇਡੀ ਦੇ ਸਾਬਕਾ ਨੇਤਾ ਸੁਜੀਤ ਕੁਮਾਰ ਅਤੇ ਪੱਛਮੀ ਬੰਗਾਲ ਦੀ ਇੱਕ ਸੀਟ ਤੋਂ ਰਾਹੁਲ ਸਿਨਹਾ ਨੂੰ ਮੈਦਾਨ ਵਿੱਚ ਉਤਾਰਿਆ ਹੈ। ਭਾਜਪਾ ਨੇ ਅਜੇ ਮਹਾਰਾਸ਼ਟਰ ਤੋਂ ਰਾਜ ਸਭਾ ਚੋਣਾਂ ਲਈ ਉਮੀਦਵਾਰਾਂ ਦੇ ਨਾਮ ਤੈਅ ਨਹੀਂ ਕੀਤੇ ਹਨ, ਜਿੱਥੇ ਸੱਤ ਸੀਟਾਂ ਖਾਲੀ ਹੋਈਆਂ ਹਨ।

### ਹੋਲੀ ਮੌਕੇ ਛੁੱਟੀ ਦਾ ਐਲਾਨ

ਹੋਲੀ ਮੌਕੇ ਰੋਜ਼ਾਨਾ ਚੜ੍ਹਦੀਕਲਾ ਦੇ ਦਫ਼ਤਰ 'ਚ 4 ਮਾਰਚ, ਦਿਨ ਬੁੱਧਵਾਰ ਨੂੰ ਛੁੱਟੀ ਰਹੇਗੀ। ਇਸ ਲਈ 5 ਮਾਰਚ, 2026 ਦਿਨ ਵੀਰਵਾਰ ਦਾ ਪਰਚਾ ਪ੍ਰਕਾਸ਼ਤ ਨਹੀਂ ਹੋਵੇਗਾ। ਪਾਠਕ ਤੇ ਏਜੰਟ ਸਾਹਿਬਾਨ ਨੋਟ ਕਰਨ।

-ਮੈਨੇਜਰ

## ਭਾਰਤ ਵੱਲੋਂ ਰੂਸ ਨਾਲ ਮਿਜ਼ਾਈਲ ਸੌਦਾ ਸਹੀਬੰਦ

### ਅਮਰੀਕੀ ਪਾਬੰਦੀਆਂ ਦੇ ਬਾਵਜੂਦ ਰੂਸੀ ਮਿਜ਼ਾਈਲਾਂ ਅਤੇ ਸਵਦੇਸ਼ੀ ਹੈਲੀਕਾਪਟਰਾਂ ਦੀ ਖ਼ਰੀਦ ਨੂੰ ਮਨਜ਼ੂਰੀ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 3 ਮਾਰਚ: ਅਮਰੀਕੀ ਰਾਸ਼ਟਰਪਤੀ ਵੱਲੋਂ ਰੂਸ 'ਤੇ ਲਗਾਈਆਂ ਗਈਆਂ ਸਖ਼ਤ ਪਾਬੰਦੀਆਂ ਦੇ ਬਾਵਜੂਦ ਭਾਰਤੀ ਰੱਖਿਆ ਮੰਤਰਾਲਾ ਨੇ ਮੰਗਲਵਾਰ ਨੂੰ 6 ਆਧੁਨਿਕ ਹਲਕੇ ਹੈਲੀਕਾਪਟਰਾਂ (ਏ.ਐਲ.ਐਚ.) ਅਤੇ ਸਤ੍ਹਾ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜ਼ਾਈਲਾਂ ਦੀ ਖਰੀਦ ਲਈ 5,083 ਕਰੋੜ ਰੁਪਏ ਦੇ 2 ਵੱਡੇ ਸਮਝੌਤਿਆਂ 'ਤੇ ਹਸਤਾਖਰ ਕੀਤੇ ਹਨ। ਹਿੰਦੁਸਤਾਨ ਐਰੋਨੌਟਿਕਸ ਲਿਮਟਿਡ (ਹਾਲ) ਦੇ ਨਾਲ 2,901 ਕਰੋੜ ਰੁਪਏ ਦਾ ਸਮਝੌਤਾ ਕੀਤਾ ਗਿਆ ਹੈ, ਜਿਸ ਤਹਿਤ ਭਾਰਤੀ ਤੱਟ ਰੱਖਿਅਕ ਲਈ 6 ਏ.ਐਲ.ਐਚ. ਐਮ.ਕੇ.-3 ਹੈਲੀਕਾਪਟਰ ਖਰੀਦੇ ਜਾਣਗੇ। ਇਹ ਹੈਲੀਕਾਪਟਰ ਆਧੁਨਿਕ ਵਿਸ਼ੇਸ਼ਤਾਵਾਂ ਨਾਲ ਲੈਸ ਹਨ ਅਤੇ ਸਮੁੰਦਰ 'ਚ ਮਛੇਰਿਆਂ ਦੀ ਸੁਰੱਖਿਆ, ਨਿਗਰਾਨੀ ਅਤੇ ਸਮੁੰਦਰੀ ਵਾਤਾਵਰਣ ਦੀ ਹਿਫਾਜ਼ਤ ਲਈ ਅਹਿਮ ਭੂਮਿਕਾ ਨਿਭਾਉਣਗੇ। ਇਹ ਹੈਲੀਕਾਪਟਰ ਸਮੁੰਦਰੀ ਜਹਾਜ਼ਾਂ ਤੋਂ ਵੀ ਉਡਾਣ ਭਰਨ ਦੇ ਸਮਰੱਥ ਹਨ। ਦੂਜਾ ਵੱਡਾ ਸਮਝੌਤਾ ਰੂਸ ਦੀ ਕੰਪਨੀ ਰੋਸੋਬੋਰੋਨਐਕਸਪੋਰਟ ਨਾਲ ਕੀਤਾ ਗਿਆ ਹੈ। 2,182 ਕਰੋੜ ਰੁਪਏ ਦੀ ਇਸ ਡੀਲ ਰਾਹੀਂ 'ਸ਼ਟਿਲ' ਮਿਜ਼ਾਈਲਾਂ ਖਰੀਦੀਆਂ ਜਾਣਗੀਆਂ। ਸ਼ਟਿਲ ਨਾਮਕ ਇਹ ਮਿਜ਼ਾਈਲ ਪ੍ਰਣਾਲੀ ਹਵਾ ਵਿੱਚ 45 ਕਿਲੋਮੀਟਰ ਦੂਰ ਤੱਕ ਆਪਣੇ ਨਿਸ਼ਾਨੇ ਨੂੰ ਤਬਾਹ ਕਰ ਸਕਦੀ ਹੈ। ਇਹ ਮਿਜ਼ਾਈਲਾਂ ਭਾਰਤੀ ਨੌਸੈਨਾ ਦੇ ਮੋਹਰੀ ਜੰਗੀ ਜਹਾਜ਼ਾਂ 'ਤੇ ਤੈਨਾਤ ਕੀਤੀਆਂ ਜਾਣਗੀਆਂ, ਜੋ ਹਵਾਈ ਹਮਲਿਆਂ ਵਿਰੁੱਧ ਦੇਸ਼ ਦੀ ਰੱਖਿਆ ਪ੍ਰਣਾਲੀ ਨੂੰ ਹੋਰ ਵੀ ਘਾਤਕ ਬਣਾ (ਬਾਕੀ ਸਫਾ 2 'ਤੇ)

#### ਕਰਨਲ ਬਾਠ ਕੁੱਟਮਾਰ ਮਾਮਲਾ

### ਅਦਾਲਤ ਨੇ ਚਾਰ ਪੁਲਿਸ ਮੁਲਾਜ਼ਮਾਂ ਦੇ ਪਾਸਪੋਰਟ ਆਪਣੇ ਕੋਲ ਰੱਖੇ

ਮੋਹਾਲੀ, 3 ਮਾਰਚ (ਚ.ਨ.ਸ.) :ਕਰਨਲ ਪੁਸ਼ਪਿੰਦਰ ਸਿੰਘ ਬਾਠ ਕੁੱਟਮਾਰ ਮਾਮਲੇ ਵਿੱਚ ਅੱਜ ਦੀ ਪੇਸ਼ੀ ਸਮੇਂ ਕੋਰਟ ਵੱਲੋਂ ਹੁਕਮ ਜਾਰੀ ਕਰ ਦਿੱਤੇ ਗਏ ਹਨ ਕਿ ਇਹਨਾਂ ਚਾਰ ਪੁਲਿਸ ਮੁਲਾਜ਼ਮਾਂ ਵਿੱਚੋਂ ਕੋਈ ਵੀ ਦੇਸ਼ ਤੋਂ ਬਾਹਰ ਨਹੀਂ ਜਾ ਸਕੇਗਾ, ਜਿਸ ਕਰ ਕੇ ਇਹਨਾਂ ਦੇ ਪਾਸਪੋਰਟ ਕੋਰਟ ਨੇ ਆਪਣੇ ਕੋਲ ਰਖਵਾ ਦਿੱਤੇ ਹਨ। ਬਹੁਤ ਸਖਤ ਹਦਾਇਤਾਂ ਨਾਲ ਉਹਨਾਂ ਨੂੰ ਹੁਕਮ ਜਾਰੀ ਕੀਤੇ ਗਏ ਹਨ ਕਿ ਜਿੰਨੀਆਂ ਵੀ ਪੇਸ਼ੀਆਂ ਹੋਣਗੀਆਂ ਤੁਹਾਨੂੰ ਉਹਨਾਂ ਉੱਪਰ ਲਾਜ਼ਮੀ ਹਾਜ਼ਰ ਹੋਣਾ ਪਵੇਗਾ। ਅਗਰ ਤੁਸੀਂ ਹਾਜ਼ਰ ਨਹੀਂ ਹੁੰਦੇ, ਤਾਂ ਡੀਜੀਪੀ ਪੰਜਾਬ ਜਾਂ ਤੁਹਾਡੇ ਉੱਚ ਅਧਿਕਾਰੀਆਂ ਨੂੰ ਇਸ ਦਾ ਕਾਰਨ ਦੱਸੋ ਨੋਟਿਸ (ਬਾਕੀ ਸਫਾ 2 'ਤੇ)

#### ਦਿੱਲੀ ਆਬਕਾਰੀ ਨੀਤੀ ਮਾਮਲਾ

## ਸੀ.ਬੀ.ਆਈ. ਵੱਲੋਂ ਹਾਈ ਕੋਰਟ 'ਚ ਪਟੀਸ਼ਨ ਦਾਇਰ

**ਚੜ੍ਹਦੀਕਲਾ ਬਿਊਰੋ**

================



ਨਵੀਂ ਦਿੱਲੀ, 3 ਮਾਰਚ:ਦਿੱਲੀ ਹਾਈ ਕੋਰਟ ਦੇ ਸਾਹਮਣੇ 974 ਪੰਨਿਆਂ ਦੀ ਪਟੀਸ਼ਨ ਵਿੱਚ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੇ ਦਿੱਲੀ ਆਬਕਾਰੀ ਨੀਤੀ ਮਾਮਲੇ ਵਿੱਚ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਸਾਰੇ 23 ਮੁਲਜ਼ਮਾਂ ਨੂੰ ਦੋਸ਼ਮੁਕਤ ਕਰਨ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਸੀ.ਬੀ.ਆਈ. ਨੇ ਦੋਸ਼ ਲਾਇਆ ਹੈ ਕਿ ਵਿਸ਼ੇਸ਼ ਜੱਜ ਨੇ ਸਾਜਿਸ਼ ਦੇ ਸਿਧਾਂਤ ਦੀ ਬੁਨਿਆਦ ਨੂੰ ਨਜ਼ਰਅੰਦਾਜ਼ ਕੀਤਾ ਅਤੇ ਦੋਸ਼ ਤੈਅ ਕਰਨ ਦੇ ਪੜਾਅ 'ਤੇ ਪ੍ਰਭਾਵਸ਼ਾਲੀ ਢੰਗ ਨਾਲ 'ਮਿੰਨੀ-ਟਰਾਇਲ' ਚਲਾਉਂਦੇ ਹੋਏ, ਵਿਅਕਤੀਗਤ ਮੁਲਜ਼ਮਾਂ ਦੀਆਂ ਭੂਮਿਕਾਵਾਂ ਦੀ ਆਪਣੀ ਵਿਆਖਿਆ ਨਾਲ ਇਸ ਨੂੰ ਬਦਲ ਦਿੱਤਾ। ਏਜੰਸੀ ਨੇ ਦੋਸ਼ਮੁਕਤ ਕਰਨ ਦੇ ਹੁਕਮ ਨੂੰ 'ਸਪੱਸ਼ਟ ਤੌਰ 'ਤੇ ਗੈਰ-ਕਾਨੂੰਨੀ ਅਤੇ ਗਲਤ' ਕਰਾਰ ਦਿੱਤਾ ਹੈ ਅਤੇ ਦਾਅਵਾ ਕੀਤਾ ਹੈ ਕਿ ਟਰਾਇਲ ਕੋਰਟ ਨੇ ਮੁੱਢਲੇ ਮੁਲਾਂਕਣ ਤੱਕ ਸੀਮਤ ਰਹਿਣ ਦੀ ਬਜਾਏ ਸਬੂਤਾਂ ਦੀ ਵਿਸਤ੍ਰਿਤ ਪ੍ਰਸ਼ੰਸਾ ਕਰਕੇ ਆਪਣੇ ਸੀਮਤ ਅਧਿਕਾਰ ਖੇਤਰ ਦੀ ਉਲੰਘਣਾ ਕੀਤੀ ਹੈ। ਪਟੀਸ਼ਨ ਅਨੁਸਾਰ, ਵਿਸ਼ੇਸ਼ ਅਦਾਲਤ ਨੇ ਇਸਤਗਾਸਾ ਪੱਖ ਦੇ ਕੇਸ ਨੂੰ ਚੁਣ ਕੇ ਪੜ੍ਹਿਆ ਅਤੇ ਰਿਕਾਰਡ 'ਤੇ ਰੱਖੀ ਸਮੱਗਰੀ ਦੇ ਸਬੂਤ ਦੀ ਕੀਮਤ ਦਾ ਸਮੇਂ ਤੋਂ ਪਹਿਲਾਂ (ਬਾਕੀ ਸਫਾ 2 'ਤੇ)

### ਸ੍ਰੀ ਜਗਨਨਾਥ ਮੰਦਰ ਨੇੜੇ ਸ਼ਰਧਾਲੂਆਂ 'ਚ ਮਚੀ ਭਾਜੜ

ਪੁਰੀ, 3 ਮਾਰਚ (ਚ.ਨ.ਸ.) :ਉੜੀਸਾ ਦੇ ਪੁਰੀ ਵਿੱਚ ਸ੍ਰੀ ਜਗਨਨਾਥ ਮੰਦਰ ਦੇ ਕੋਲ 'ਡੋਲਾ ਪੂਰਨਿਮਾ' ਮੌਕੇ ਸ਼ਰਧਾਲੂਆਂ ਵਿਚਕਾਰ ਅਫਰਾ-ਤਫਰੀ ਫੈਲਣ ਕਾਰਨ ਕੁਝ ਸਮੇਂ ਲਈ ਤਣਾਅ ਪੈਦਾ ਹੋ ਗਿਆ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਕਿਸੇ ਦੇ ਜ਼ਖਮੀ ਹੋਣ ਦੀ ਕੋਈ ਖ਼ਬਰ ਨਹੀਂ ਹੈ ਅਤੇ ਸਥਿਤੀ ਨੂੰ ਤੁਰੰਤ ਕੰਟਰੋਲ ਕਰ ਲਿਆ ਗਿਆ ਹੈ। ਪੁਰੀ ਦੇ ਪੁਲਿਸ ਸੁਪਰਡੈਂਟ (ਐਸ.ਪੀ.) ਪ੍ਰਤੀਕ ਸਿੰਘ ਨੇ ਦੱਸਿਆ,'ਇੱਕ ਮਹਿਲਾ ਸ਼ਰਧਾਲੂ ਆਪਣੇ ਪਹਿਰਾਵੇ ਕਾਰਨ ਡਿੱਗ ਗਈ ਸੀ। ਮਹਿਲਾ ਪੁਲਿਸ ਮੁਲਾਜ਼ਮਾਂ ਨੇ ਉਸ ਦੀ ਮਦਦ ਕੀਤੀ ਅਤੇ ਉਹ ਬਿਨਾਂ ਕਿਸੇ ਸੱਟ ਦੇ ਦੁਬਾਰਾ ਖੜ੍ਹੀ ਹੋ ਗਈ।' 'ਡੋਲਾ ਪੂਰਨਿਮਾ' ਦੇ ਮੌਕੇ 'ਤੇ ਮੰਦਰ ਦੇ ਬਾਹਰ ਵੱਡੀ ਗਿਣਤੀ 'ਚ ਸ਼ਰਧਾਲੂ ਇਕੱਠੇ ਹੋਏ ਸਨ। ਸੈਂਕੜੇ ਲੋਕ ਉਸ ਪਾਸੇ ਵੱਲ ਵਧੇ ਜਿੱਥੇ ਇੱਕ ਪੰਡਾਲ ਵਿੱਚ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਸਥਾਪਿਤ ਸਨ, ਜਿਸ ਕਾਰਨ ਭੀੜ ਜ਼ਿਆਦਾ ਹੋ ਗਈ।

## ਖਾੜੀ ਵਿੱਚ ਚੱਲ ਰਹੇ ਯੁੱਧ 'ਚ ਰੋਜ਼ਾਨਾ ਇੱਕ ਅਰਬ ਡਾਲਰ ਦਾ ਖ਼ਰਚਾ

### ਇਹ ਦੁਨੀਆਂ ਨੂੰ ਸ਼ਾਂਤੀ ਲਈ ਕਈ ਸਾਲਾਂ ਦੀ ਰੋਜ਼ਗਾਰ ਤੇ ਤਰੱਕੀ ਦਾ ਨਵਾਂ ਸੰਸਾਰ ਦੇ ਸਕਦੈ

**ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ**

=============

**ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ**

ਜੰਗ ਦੀਆਂ ਗੋਲੀਆਂ ਸਿਰਫ਼ ਸਰਹੱਦਾਂ ਨੂੰ ਨਹੀਂ ਚੀਰਦੀਆਂ, ਉਹ ਮਨੁੱਖਤਾ ਦੇ ਸੁਪਨਿਆਂ ਨੂੰ ਵੀ ਲਹੂ-ਲੁਹਾਨ ਕਰ ਦਿੰਦੀਆਂ ਹਨ। ਅੱਜ ਜਦੋਂ ਰੂਸ-ਯੂਕਰੇਨ ਯੁੱਧ ਤਿੰਨ ਸਾਲਾਂ ਤੋਂ ਵੱਧ ਖਿੱਚ ਚੁੱਕਾ ਹੈ ਅਤੇ ਇਜ਼ਰਾਈਲ-ਹਮਾਸ ਟਕਰਾਅ ਨੇ ਪੂਰੇ ਪੱਛਮੀ ਏਸ਼ੀਆ ਨੂੰ ਅੱਗ ਵਿੱਚ ਝੌਂਕ ਦਿੱਤਾ ਹੈ, ਦੁਨੀਆਂ ਦਾ ਹਰ ਦਿਨ ਅਰਬਾਂ ਡਾਲਰਾਂ ਦੀ ਸੈਨਿਕ ਖਪਤ ਨਾਲ ਸ਼ੁਰੂ ਹੁੰਦਾ ਹੈ। ਇਹ ਉਹ ਧਨ ਹੈ ਜਿਸ ਨਾਲ ਲੱਖਾਂ ਬੱਚਿਆਂ ਦੇ ਸਕੂਲ ਬਣ ਸਕਦੇ ਸਨ, ਹਸਪਤਾਲਾਂ ਵਿੱਚ ਦਵਾਈਆਂ ਪਹੁੰਚ ਸਕਦੀਆਂ ਸਨ, ਭੁੱਖੀ ਅੱਖਾਂ ਵਿੱਚ ਰੋਟੀ ਦੀ ਚਮਕ ਆ ਸਕਦੀ ਸੀ।

ਅੰਤਰਰਾਸ਼ਟਰੀ ਅੰਦਾਜ਼ਿਆਂ ਮੁਤਾਬਕ, ਇੱਕ ਵੱਡੇ ਯੁੱਧ ਵਿੱਚ ਪ੍ਰਤੀ ਦਿਨ ਕਈ ਅਰਬ ਡਾਲਰ ਖਰਚ ਹੁੰਦੇ ਹਨ। ਜੇ ਸਿਰਫ਼ 1 ਅਰਬ ਡਾਲਰ ਰੋਜ਼ਾਨਾ ਸਿੱਖਿਆ 'ਤੇ ਲਗੇ, ਤਾਂ ਸੰਸਾਰ ਦੇ ਪਿਛੜੇ ਦੇਸ਼ਾਂ ਵਿੱਚ ਲੱਖਾਂ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਮੁਹੱਈਆ ਕਰਵਾਈ ਜਾ ਸਕਦੀ ਹੈ। ਜੇ ਇਹੀ ਰਕਮ ਰੋਜ਼ਗਾਰ ਸਿਰਜਣ ਯੋਜਨਾਵਾਂ ਵਿੱਚ ਜਾਵੇ, ਤਾਂ ਬੇਰੁਜ਼ਗਾਰੀ ਦੀ ਮਾਰ ਝੱਲ ਰਹੀ ਪੀੜ੍ਹੀ ਨੂੰ ਹੌਸਲਾ ਮਿਲ ਸਕਦਾ ਹੈ। ਪਰ ਅਸੀਂ ਚੁਣਿਆ ਕੀ ਹੈ? ਟੈਂਕਾਂ ਦੀ ਗੜਗੜਾਹਟ ਜਾਂ ਕਲਮ ਦੀ ਖੜਖੜਾਹਟ?

ਅੱਜ ਜੰਗ ਦਾ ਖਰਚਾ ਸਿਰਫ਼ ਉਹ ਦੇਸ਼ ਨਹੀਂ ਝੱਲਦੇ ਜੋ ਮੈਦਾਨ-ਏ-ਜੰਗ ਵਿੱਚ ਹਨ। ਇਸਦੀ ਸਜ਼ਾ ਪੂਰੀ ਦੁਨੀਆਂ ਭੁਗਤਦੀ ਹੈ। ਕੱਚੇ ਤੇਲ ਦੀਆਂ ਕੀਮਤਾਂ ਵਿੱਚ ਉਛਾਲ, ਅਨਾਜ ਦੀ ਕਮੀ, ਸਪਲਾਈ ਚੇਨ ਦਾ ਟੁੱਟਣਾ—ਇਹ ਸਾਰੇ ਪ੍ਰਭਾਵ ਸਿੱਧੇ ਤੌਰ 'ਤੇ ਭਾਰਤ ਵਰਗੇ ਵਿਕਾਸਸ਼ੀਲ ਦੇਸ਼ਾਂ 'ਤੇ ਪੈਂਦੇ ਹਨ।

> **ਸ਼ਾਂਤੀ ਦੀ ਤਲਾਸ਼ ਵਿੱਚ ਰਾਜਨੀਤੀ ਨੇ ਮਨੁੱਖਤਾ ਦੀ ਭਲਾਈ ਨੂੰ ਪਿੱਛੇ ਛੱਡ ਦਿੱਤੈ**

ਅੱਜ ਭਾਰਤ, ਜੋ ਆਪਣੀ ਊਰਜਾ ਦੀ ਵੱਡੀ ਲੋੜ ਆਯਾਤ ਰਾਹੀਂ ਪੂਰੀ ਕਰਦਾ ਹੈ, ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਤੇਲ ਮਹਿੰਗਾ ਹੁੰਦਾ ਹੈ, ਤਾਂ ਪੈਟਰੋਲ-ਡੀਜ਼ਲ ਦੀਆਂ ਕੀਮਤਾਂ ਵਧਦੀਆਂ ਹਨ। ਉਸ ਨਾਲ ਟਰਾਂਸਪੋਰਟ ਮਹਿੰਗੀ ਹੁੰਦੀ ਹੈ, ਫਿਰ ਸਬਜ਼ੀ ਤੋਂ ਲੈ ਕੇ ਦਾਲ ਤੱਕ ਹਰ ਚੀਜ਼ ਦੀ ਕੀਮਤ ਚੜ੍ਹਦੀ ਹੈ। ਮਹਿੰਗਾਈ ਸਿਰਫ਼ ਅੰਕੜਾ ਨਹੀਂ ਹੁੰਦੀ; ਇਹ ਘਰ ਦੀ ਰਸੋਈ ਵਿੱਚ ਸੜਦੀ ਅੱਗ ਹੁੰਦੀ ਹੈ। ਜਦੋਂ ਗੈਸ ਸਿਲੰਡਰ ਮਹਿੰਗਾ ਹੁੰਦਾ ਹੈ, ਜਦੋਂ ਦਾਲ 150 ਰੁਪਏ ਕਿਲੋ ਪਾਰ ਕਰ ਜਾਂਦੀ ਹੈ, ਤਾਂ ਮੱਧਵਰਗ ਅਤੇ ਗਰੀਬ ਵਰਗ ਦੀਆਂ ਥਾਲੀਆਂ ਛੋਟੀਆਂ ਹੋ ਜਾਂਦੀਆਂ ਹਨ। ਭਾਰਤ ਦੀ ਅਰਥਵਿਵਸਥਾ, ਜੋ ਕੋਵਿਡ ਤੋਂ ਬਾਅਦ ਸੰਭਲਣ ਦੀ ਕੋਸ਼ਿਸ਼ ਕਰ ਰਹੀ ਸੀ, ਅਜਿਹੇ ਵਿਸ਼ਵ ਪੱਧਰੀ ਟਕਰਾਅ ਕਾਰਨ ਦਬਾਅ ਵਿੱਚ ਆ ਜਾਂਦੀ ਹੈ। ਰੁਪਏ ਦੀ ਕਦਰ ਡਾਲਰ ਦੇ ਮੁਕਾਬਲੇ ਘਟਦੀ ਹੈ, ਆਯਾਤ ਬਿੱਲ ਵਧਦਾ ਹੈ, ਅਤੇ ਫਿਰ ਸਰਕਾਰਾਂ ਨੂੰ ਵਿੱਤੀ ਸੰਤੁਲਨ ਬਣਾਈ ਰੱਖਣ ਲਈ ਟੈਕਸਾਂ ਜਾਂ ਕੀਮਤਾਂ ਵਿੱਚ ਸੋਧ ਕਰਨੀ ਪੈਂਦੀ ਹੈ।

ਇੱਕ ਪਾਸੇ ਅਸੀਂ ਵਿਕਸਿਤ ਭਾਰਤ ਦੇ ਸੁਪਨੇ ਦੇਖ ਰਹੇ ਹਾਂ, ਦੂਜੇ ਪਾਸੇ ਵਿਸ਼ਵ ਯੁੱਧੀ ਹਾਲਾਤ ਸਾਡੇ ਵਿਕਾਸ ਦੀ ਰਫ਼ਤਾਰ ਨੂੰ ਹੌਲਾ ਕਰ ਰਹੇ ਹਨ। ਜੇ ਸੰਸਾਰਕ ਸ਼ਕਤੀਆਂ ਹਥਿਆਰਾਂ 'ਤੇ ਖਰਚ ਹੋ ਰਹੀ ਰਕਮ ਦਾ ਇੱਕ ਹਿੱਸਾ ਵੀ ਸੰਯੁਕਤ ਤੌਰ 'ਤੇ ਸ਼ਾਂਤੀ ਅਤੇ ਵਿਕਾਸ ਲਈ ਰੱਖ ਦੇਣ, ਤਾਂ ਗਰੀਬੀ ਅਤੇ ਅਨਪੜ੍ਹਤਾ ਦੇ ਖ਼ਿਲਾਫ਼ ਇਕ ਵਿਸ਼ਵ ਅਭਿਆਨ ਚੱਲ ਸਕਦਾ ਹੈ। ਸੋਚੋ, ਜੇ ਇੱਕ ਦਿਨ ਦੀ ਜੰਗੀ ਖਪਤ ਨਾਲ ਅਫਰੀਕਾ ਤੇ ਏਸ਼ੀਆ ਵਿੱਚ ਪਾਣੀ ਦੇ ਪ੍ਰੋਜੈਕਟ ਲਗ ਜਾਣ, ਤਾਂ ਕਿੰਨੇ ਪਿੰਡਾਂ ਵਿੱਚ ਜੀਵਨ ਦੀ ਧਾਰ ਵਹਿ ਸਕਦੀ ਹੈ।

ਜੰਗ ਕਦੇ ਵੀ ਅਸਲ ਹੱਲ ਨਹੀਂ ਲਿਆਉਂਦੀ। ਇਹ ਸਿਰਫ਼ ਅਗਲੀ ਜੰਗ ਲਈ ਮੰਚ ਤਿਆਰ ਕਰਦੀ ਹੈ। ਇਤਿਹਾਸ ਗਵਾਹ ਹੈ ਕਿ ਹਥਿਆਰਾਂ ਦੀ ਦੌੜ ਨੇ (ਬਾਕੀ ਸਫਾ 2 'ਤੇ)

## ਸ਼੍ਰੋਮਣੀ ਅਕਾਲੀ ਦਲ 'ਪੁਨਰ ਸੁਰਜੀਤੀ' ਵੱਲੋਂ ਹੋਲੇ-ਮਹੱਲੇ ਮੌਕੇ ਪੰਥਕ ਅਕਾਲੀ ਵਿਸ਼ਾਲ ਕਾਨਫ਼ਰੰਸ

### ਸ੍ਰੀ ਅਕਾਲ ਤਖ਼ਤ ਸਾਹਿਬ ਦੇ ਭਗੌੜਿਆਂ ਨੂੰ ਪੰਥ ਕਦੇ ਵੀ ਮੁਆਫ਼ ਨਹੀਂ ਕਰੇਗਾ: ਗਿ. ਹਰਪ੍ਰੀਤ ਸਿੰਘ

**ਤਰਲੋਚਨ ਸਿੰਘ**

================



ਸ੍ਰੀ ਅਨੰਦਪੁਰ ਸਾਹਿਬ, 3 ਮਾਰਚ: ਸ਼੍ਰੋਮਣੀ ਅਕਾਲੀ ਦਲ 'ਪੁਨਰ ਸੁਰਜੀਤੀ' ਪਾਰਟੀ ਵੱਲੋਂ ਹੋਲੇ ਮਹੱਲੇ ਮੌਕੇ ਖਾਲਸਾ ਪੰਥ ਦੀ ਜਨਮ ਭੂਮੀ ਸ੍ਰੀ ਅਨੰਦਪੁਰ ਸਾਹਿਬ ਵਿਖੇ ਵਿਸ਼ਾਲ ਪੰਥਕ ਅਕਾਲੀ ਕਾਨਫਰੰਸ ਕੀਤੀ ਗਈ। ਇਸ ਮੌਕੇ ਪਾਰਟੀ ਦੇ ਪ੍ਰਧਾਨ ਗਿ. ਹਰਪ੍ਰੀਤ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਗਿਆਨੀ ਰਘਬੀਰ ਸਿੰਘ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ, ਹਰਮੀਤ ਸਿੰਘ ਕਾਲਕਾ ਪ੍ਰਧਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਰਵੀਇੰਦਰ ਸਿੰਘ, ਸੁੱਚਾ ਸਿੰਘ ਛੋਟੇਪੁਰ, ਪਰਮਿੰਦਰ ਸਿੰਘ ਢੀਂਡਸਾ, ਪ੍ਰੋਫੈਸਰ ਪ੍ਰੇਮ ਸਿੰਘ ਚੰਦੂਮਾਜਰਾ, ਗੁਰਪ੍ਰਤਾਪ ਸਿੰਘ ਵਡਾਲਾ, ਸੁਰਜੀਤ ਸਿੰਘ ਰੱਖੜਾ, ਗੋਬਿੰਦ ਸਿੰਘ ਲੌਂਗੋਵਾਲ, ਭਾਈ ਸੱਜਣ ਸਿੰਘ ਯੂ.ਐਸ.ਏ ਆਦਿਕ ਨੇ ਸੰਬੋਧਨ ਕੀਤਾ। ਇਸ ਮੌਕੇ ਪਾਰਟੀ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੱਜ ਅਸੀਂ ਹੋਲੇ-ਮਹੱਲੇ ਮੌਕੇ ਸ੍ਰੀ ਅਨੰਦਪੁਰ ਸਾਹਿਬ ਦੀ ਪਾਵਨ ਧਰਤੀ ਦੇ ਉੱਤੇ ਪੰਥ ਅਤੇ ਪੰਜਾਬ ਦੀ ਚਿੰਤਾ ਕਰਨ (ਬਾਕੀ ਸਫਾ 2 'ਤੇ)

# 'ਆਪ' ਸਰਕਾਰ ਅਧੀਨ ਪੰਜਾਬ ਮਾਲੀਆ ਵਿਕਾਸ ਵਿੱਚ ਚੋਟੀ ਦੇ 3 ਸੂਬਿਆਂ 'ਚ ਸ਼ਾਮਲ, ਸੂਬੇ ਦਾ ਕਰ ਮਾਲੀਆ ਵਧ ਕੇ 57,919 ਕਰੋੜ ਹੋਇਆ: ਚੀਮਾ

ਚੰਡੀਗੜ੍ਹ, 3 ਮਾਰਚ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਵਿੱਤ, ਆਬਕਾਰੀ ਅਤੇ ਕਰ ਮੰਤਰੀ ਹਰਪਾਲ ਸਿੰਘ ਚੀਮਾ ਨੇ ਅੱਜ ਇੱਥੇ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਸਰਕਾਰ ਦੀ ਅਗਵਾਈ ਹੇਠ, ਪੰਜਾਬ ਮਾਲੀਆ ਵਿਕਾਸ ਵਿੱਚ ਸ਼ਾਨਦਾਰ ਪ੍ਰਾਪਤੀਆਂ ਲਈ ਦੇਸ਼ ਦੇ ਚੋਟੀ ਦੇ ਤਿੰਨ ਸੂਬਿਆਂ ਵਿੱਚ ਉੱਭਰਿਆ ਹੈ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪਿਛਲੇ ਚਾਰ ਸਾਲਾਂ ਵਿੱਚ ਸੂਬੇ ਦੀ ਵਿੱਤੀ ਕਾਰਗੁਜ਼ਾਰੀ ਢਾਂਚਾਗਤ ਸੁਧਾਰ, ਵਿੱਤੀ ਅਨੁਸ਼ਾਸਨ ਅਤੇ ਪ੍ਰਸ਼ਾਸਨਿਕ ਪਾਰਦਰਸ਼ਤਾ ਨੂੰ ਦਰਸਾਉਂਦੀ ਹੈ। ਇੱਥੇ ਪੰਜਾਬ ਭਵਨ ਵਿਖੇ ਇੱਕ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਪਾਲ ਸਿੰਘ ਚੀਮਾ ਨੇ ਪੰਜਾਬ ਦੀ ਵਿੱਤੀ ਸਿਹਤ ਵਿੱਚ ਹੋਏ ਇਸ ਫੈਸਲਾਕੁੰਨ ਬਦਲਾਅ ਨੂੰ ਉਜਾਗਰ ਕਰਨ ਲਈ ਵਿਸਤ੍ਰਿਤ ਅੰਕੜੇ ਪੇਸ਼ ਕੀਤੇ।

ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, 'ਪੰਜਾਬ ਦੇ ਆਪਣੇ ਕਰ ਮਾਲੀਏ ਵਿੱਚ ਭਾਰੀ ਵਾਧਾ ਹੋਇਆ ਹੈ, ਜੋ ਕਿ 2021-22 ਵਿੱਚ ਕੁੱਲ ਰਾਜ ਘਰੇਲੂ ਉਤਪਾਦ (ਜੀ.ਐਸ.ਡੀ.ਪੀ) ਦਾ 6.39% ਭਾਵ 37,327 ਕਰੋੜ ਰੁਪਏ ਸੀ, ਉਹ ਵਧ ਕੇ 2024-25 ਵਿੱਚ 57,919 ਕਰੋੜ ਰੁਪਏ ਹੋ ਗਿਆ ਹੈ, ਜੋ ਕਿ ਕੁੱਲ ਰਾਜ ਘਰੇਲੂ ਉਤਪਾਦ ਦਾ 7.15% ਬਣਦਾ ਹੈ।'

ਆਬਕਾਰੀ ਪ੍ਰਾਪਤੀ ਦੇ ਅੰਕੜੇ ਪੇਸ਼ ਕਰਦਿਆਂ ਆਬਕਾਰੀ ਅਤੇ ਕਰ ਮੰਤਰੀ ਨੇ ਦੱਸਿਆ ਕਿ ਆਬਕਾਰੀ ਮਾਲੀਏ ਵਿੱਚ ਚਾਰ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ 86.77% ਦਾ ਵਾਧਾ ਹੋਇਆ ਹੈ। ਉਨ੍ਹਾਂ ਕਿਹਾ, 'ਅਕਾਲੀ-ਭਾਜਪਾ ਸਰਕਾਰ ਦੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਕੁੱਲ ਆਬਕਾਰੀ ਪ੍ਰਾਪਤੀ 20,545 ਕਰੋੜ ਰੁਪਏ ਸੀ, ਜਿਸਦੀ ਸਾਲਾਨਾ ਔਸਤ 4,109 ਕਰੋੜ ਰੁਪਏ ਸੀ। ਬਾਅਦ ਵਿੱਚ ਕਾਂਗਰਸ ਸਰਕਾਰ ਨੇ ਪੰਜ ਸਾਲਾਂ ਵਿੱਚ 27,395 ਕਰੋੜ ਰੁਪਏ ਇਕੱਠੇ ਕੀਤੇ, ਜਿਸਦੀ ਸਾਲਾਨਾ ਔਸਤ 5,479 ਕਰੋੜ ਰੁਪਏ ਰਹੀ। ਇਸ ਦੇ ਬਿਲਕੁੱਲ ਉਲਟ, 'ਆਪ' ਸਰਕਾਰ ਨੇ ਜਨਵਰੀ 2026 ਤੱਕ ਹੀ 37,975 ਕਰੋੜ ਰੁਪਏ ਦਾ ਆਬਕਾਰੀ ਮਾਲੀਆ ਪ੍ਰਾਪਤ ਕਰ ਲਿਆ ਹੈ, ਜੋ ਕਿ ਸਾਲਾਨਾ 9,907 ਕਰੋੜ ਰੁਪਏ ਦੀ ਸ਼ਾਨਦਾਰ ਔਸਤ ਦਰਸ਼ਾਉਂਦਾ ਹੈ। ਇਸ ਤੋਂ ਇਲਾਵਾ, ਕਾਂਗਰਸ ਸਰਕਾਰ ਵੇਲੇ 2021-22 ਵਿੱਚ ਆਬਕਾਰੀ



ਮਾਲੀਆ 6,157 ਕਰੋੜ ਰੁਪਏ ਸੀ, ਜਦਕਿ ਵਿੱਤੀ ਸਾਲ 2025-26 ਵਿੱਚ ਇਸਦੇ 11,500 ਕਰੋੜ ਰੁਪਏ ਤੱਕ ਪਹੁੰਚਣ ਦੀ ਉਮੀਦ ਹੈ। ਸੂਬੇ ਦੇ ਕੁੱਲ ਰਾਜ ਘਰੇਲੂ ਉਤਪਾਦ ਦੀ ਪ੍ਰਤੀਸ਼ਤ ਵਜੋਂ, ਆਬਕਾਰੀ ਮਾਲੀਆ 2021-22 ਦੇ 1.05% ਤੋਂ ਵੱਧ ਕੇ 2024-25 ਵਿੱਚ 1.28% ਹੋ ਗਿਆ ਹੈ।'

ਜੀ.ਐਸ.ਟੀ. ਪ੍ਰਣਾਲੀ ਅਧੀਨ ਕਾਰਗੁਜ਼ਾਰੀ ਨੂੰ ਉਜਾਗਰ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਜੀ.ਐਸ.ਟੀ. ਪ੍ਰਾਪਤੀ ਵਿੱਚ ਵੀ ਅਜਿਹੀ ਹੀ ਸਫਲਤਾ ਦਰਜ ਕੀਤੀ ਗਈ ਹੈ। ਉਨ੍ਹਾਂ ਕਿਹਾ, 'ਪਿਛਲੀ ਕਾਂਗਰਸ ਸਰਕਾਰ ਜੀ.ਐਸ.ਟੀ. ਮੁਆਵਜ਼ੇ 'ਤੇ ਬਹੁਤ ਜ਼ਿਆਦਾ ਨਿਰਭਰ ਸੀ ਅਤੇ ਟੈਕਸ ਦਾਇਰੇ ਨੂੰ ਵਧਾਉਣ ਲਈ ਠੋਸ ਕਦਮ ਚੁੱਕਣ ਵਿੱਚ ਅਸਫਲ ਰਹੀ। ਉਨ੍ਹਾਂ ਦੀ ਪੰਜ ਸਾਲਾਂ ਦੀ ਕੁੱਲ ਪ੍ਰਾਪਤੀ 61,286 ਕਰੋੜ ਰੁਪਏ ਸੀ, ਜਿਸਦੀ ਸਾਲਾਨਾ ਔਸਤ 12,257 ਕਰੋੜ ਬਣਦੀ ਹੈ।'

ਉਨ੍ਹਾਂ ਅੱਗੇ ਕਿਹਾ, ਆਪ ਸਰਕਾਰ ਵੱਲੋਂ ਜਨਵਰੀ 2026 ਤੱਕ 83,739 ਕਰੋੜ ਰੁਪਏ ਪ੍ਰਾਪਤ ਕੀਤੇ ਗਏ ਹਨ, ਜਿਸ ਨਾਲ ਸਾਲਾਨਾ ਔਸਤ ਵੱਧ ਕੇ 21,845 ਕਰੋੜ ਰੁਪਏ ਹੋ ਗਈ ਹੈ। ਸਟੇਟ ਜੀ.ਐਸ.ਟੀ. ਮਾਲੀਆ, ਜੋ ਕਿ 2021-22 ਵਿੱਚ 15,542 ਕਰੋੜ ਰੁਪਏ ਸੀ, ਵੱਲੋਂ 2025-26 ਵਿੱਚ 26,500 ਕਰੋੜ ਨੂੰ ਪਾਰ ਕਰਨ ਦਾ ਅਨੁਮਾਨ ਹੈ। ਜੀ.ਐਸ.ਟੀ. 2.0 ਦੇ ਤਹਿਤ ਤਰਕਸੰਗਤ ਹੋਣ ਦੇ ਬਾਵਜੂਦ, ਸੂਬੇ ਨੇ ਆਪਣੇ ਜੀ.ਐਸ.ਟੀ. ਮਾਲੀਏ ਵਿੱਚ 70.50% ਦਾ ਭਾਰੀ ਵਾਧਾ ਦਰਜ ਕੀਤਾ ਹੈ।'

ਜ਼ਮੀਨ ਅਤੇ ਜਾਇਦਾਦ ਦੀਆਂ ਰਜਿਸਟਰੀਆਂ ਬਾਰੇ ਗੱਲ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਸਟੈਂਪ ਡਿਊਟੀ ਤੋਂ ਮਾਲੀਏ ਵਿੱਚ ਵੀ ਇਤਿਹਾਸਕ ਵਾਧਾ ਹੋਇਆ ਹੈ। ਉਨ੍ਹਾਂ ਕਿਹਾ, 'ਕਾਂਗਰਸ ਦੇ ਕਾਰਜਕਾਲ 2017-22 ਦੌਰਾਨ, ਪਿਛਲੀ ਅਕਾਲੀ ਦਲ ਸਰਕਾਰ (2012-17) ਦੇ ਮੁਕਾਬਲੇ ਸਟੈਂਪ ਡਿਊਟੀ ਸੰਗ੍ਰਹਿ ਵਿੱਚ 1 ਪ੍ਰਤੀਸ਼ਤ ਤੋਂ ਵੀ ਘੱਟ ਦਾ ਵਾਧਾ ਦੇਖਣ ਨੂੰ ਮਿਲਿਆ।ਅਕਾਲੀ-ਭਾਜਪਾ ਸਰਕਾਰ ਨੇ ਕੁੱਲ 12,387 ਕਰੋੜ ਰੁਪਏ ਇਕੱਠੇ ਕੀਤੇ, ਜਿਸਦੀ ਸਾਲਾਨਾ ਔਸਤ 2,477 ਕਰੋੜ ਰੁਪਏ ਸੀ, ਜਦਕਿ ਕਾਂਗਰਸ ਸਿਰਫ 12,469 ਕਰੋੜ ਰੁਪਏ ਇਕੱਠੇ ਕਰ ਸਕੀ, ਜਿਸਦੀ ਸਾਲਾਨਾ ਔਸਤ 2,494 ਕਰੋੜ ਰੁਪਏ ਰਹੀ।'

ਉਨ੍ਹਾਂ ਅੱਗੇ ਕਿਹਾ, ਇਸ ਦੇ ਉਲਟ, 'ਆਪ' ਸਰਕਾਰ ਨੇ ਜਨਵਰੀ 2026 ਤੱਕ 19,515 ਕਰੋੜ ਰੁਪਏ ਪ੍ਰਾਪਤ ਕੀਤੇ ਹਨ, ਜਿਸਦੀ ਸਾਲਾਨਾ ਔਸਤ 5,091 ਕਰੋੜ ਰੁਪਏ ਹੈ। ਇਹ ਦਰਸਾਉਂਦਾ ਹੈ ਕਿ ਸਿਰਫ ਚਾਰ ਸਾਲਾਂ ਵਿੱਚ, ਆਪ ਸਰਕਾਰ ਨੇ ਪਿਛਲੀਆਂ ਸਰਕਾਰਾਂ ਦੇ ਪੰਜ ਸਾਲਾਂ ਦੇ ਕਾਰਜਕਾਲਾਂ ਨਾਲੋਂ 60 ਫੀਸਦੀ ਵੱਧ ਸਟੈਂਪ ਡਿਊਟੀ ਪ੍ਰਾਪਤ ਕੀਤੀ ਹੈ। ਇਸ ਤੇਜ਼ ਗਤੀ ਨਾਲ, ਇਹ ਮਾਲੀਆ 2026-27 ਦੇ ਵਿੱਤੀ ਸਾਲ ਤੱਕ ਕਾਂਗਰਸ ਦੌਰ ਦੇ ਕੁੱਲ ਮਾਲੀਏ ਨਾਲੋਂ ਦੁੱਗਣਾ ਹੋਣ ਦੀ ਉਮੀਦ ਹੈ।'

ਵਿਕਾਸ ਪ੍ਰਤੀ ਸਰਕਾਰ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਿਆਂ ਵਿੱਤ ਮੰਤਰੀ ਚੀਮਾ ਨੇ ਕਿਹਾ ਕਿ ਪੰਜਾਬ ਨੇ ਪੂੰਜੀਗਤ ਖਰਚਿਆਂ ਵਿੱਚ ਇਤਿਹਾਸਕ ਵਾਧਾ ਦਰਜ ਕੀਤਾ ਹੈ। ਉਨ੍ਹਾਂ ਕਿਹਾ, 'ਪੰਜ ਸਾਲਾਂ ਵਿੱਚ, ਅਕਾਲੀ-ਭਾਜਪਾ ਸਰਕਾਰ ਨੇ 14,641 ਕਰੋੜ ਰੁਪਏ ਅਤੇ ਕਾਂਗਰਸ ਸਰਕਾਰ ਨੇ ਪੂੰਜੀਗਤ ਖਰਚਿਆਂ 'ਤੇ 19,356 ਕਰੋੜ ਰੁਪਏ ਖਰਚ ਕੀਤੇ। ਜਦਕਿ ਆਪ ਸਰਕਾਰ 31,630 ਕਰੋੜ ਖਰਚ ਕਰਨ ਜਾ ਰਹੀ ਹੈ।'

ਵਿਰਾਸਤ ਵਿੱਚ ਮਿਲੇ ਕਰਜ਼ੇ ਦੇ ਬੋਝ ਬਾਰੇ ਬੋਲਦਿਆਂ, ਵਿੱਤ ਮੰਤਰੀ ਨੇ ਦਾਅਵਾ ਕੀਤਾ, ਆਪ ਸਰਕਾਰ ਨੂੰ ਵਿਰਾਸਤ ਵਿੱਚ ਲੱਗਭੱਗ 3,00,000 ਕਰੋੜ ਰੁਪਏ ਦਾ ਕਰਜ਼ਾ ਮਿਲਿਆ ਹੈ। ਇਸ ਭਾਰੀ ਇਤਿਹਾਸਕ ਬੋਝ ਦੇ ਕਾਰਨ, ਲਏ ਗਏ ਨਵੇਂ ਕਰਜ਼ਿਆਂ ਦਾ 35 ਫੀਸਦੀ ਹਿੱਸਾ ਸਿਰਫ ਪਿਛਲੀਆਂ ਸਰਕਾਰਾਂ ਦੁਆਰਾ ਛੱਡੀਆਂ ਗਈਆਂ ਦੇਣਦਾਰੀਆਂ ਨੂੰ ਚੁਕਤਾ ਕਰਨ ਲਈ ਵਰਤਿਆ ਜਾਂਦਾ ਹੈ। ਕਰਜ਼ੇ ਦਾ ਹੋਰ 50 ਫੀਸਦੀ ਹਿੱਸਾ ਪੁਰਾਣੇ ਕਰਜ਼ਿਆਂ 'ਤੇ ਵਿਆਜ ਦੇਣ ਵਿੱਚ ਚਲਾ ਜਾਂਦਾ ਹੈ। ਨਤੀਜੇ ਵਜੋਂ, ਉਧਾਰ ਲਏ ਗਏ ਫੰਡਾਂ ਦਾ 15 ਫੀਸਦੀ ਤੋਂ ਵੀ ਘੱਟ ਹਿੱਸਾ ਅਸਲ ਵਿੱਚ 'ਆਪ' ਸਰਕਾਰ ਨੂੰ ਸੂਬੇ ਦੇ ਵਿਕਾਸ ਲਈ ਵਰਤਣ ਵਾਸਤੇ ਉਪਲਬਧ ਹੁੰਦਾ ਹੈ।'

ਉਨ੍ਹਾਂ ਕਿਹਾ ਕਿ ਇਨ੍ਹਾਂ ਹਾਲਾਤ ਦੇ ਬਾਵਜੂਦ ਮੌਜੂਦਾ ਸਰਕਾਰ ਨੇ ਕਰਜ਼ਾ ਤੇ ਕੁੱਲ ਰਾਜ ਘਰੇਲੂ ਉਤਪਾਦ ਦੇ ਅਨੁਪਾਤ ਨੂੰ 48.25% ਤੋਂ ਘਟਾ ਕੇ 44.47% ਕਰ ਦਿੱਤਾ ਹੈ। ਹਰਪਾਲ ਸਿੰਘ ਚੀਮਾ ਨੇ ਕਿਹਾ, ਆਪ ਸਰਕਾਰ ਨੇ ਤਨਖਾਹ ਕਮਿਸ਼ਨ ਨੂੰ ਲਾਗੂ ਕਰਨ ਲਈ 7,000 ਤੋਂ 8,000 ਕਰੋੜ ਰੁਪਏ ਰੱਖੇ ਅਤੇ 2016 ਤੋਂ 2021 ਤੱਕ ਲੰਬਿਤ ਤਨਖਾਹ ਕਮਿਸ਼ਨ ਦੇ 14,191 ਕਰੋੜ ਰੁਪਏ ਦੇ ਬਕਾਏ ਕਲੀਅਰ ਕੀਤੇ ਜਾ ਰਹੇ ਹਨ। ਇਸ ਤੋਂ ਇਲਾਵਾ, ਪਨਸਪ, ਲੈਂਡ ਮਾਰਟਗੇਜ ਬੈਂਕ, ਪੀ.ਐਸ.ਆਈ.ਡੀ.ਸੀ. ਅਤੇ ਮੰਡੀ ਬੋਰਡ ਵਰਗੀਆਂ ਵਿੱਤੀ ਤੌਰ 'ਤੇ ਸੰਕਟਗ੍ਰਸਤ ਸਰਕਾਰੀ ਸੰਸਥਾਵਾਂ ਨੂੰ ਬਚਾਉਣ ਲਈ 2,566 ਕਰੋੜ ਰੁਪਏ ਮੁਹੱਈਆ ਕਰਵਾਏ ਗਏ ।'

ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਨੇ ਪਿਛਲੀ ਕਾਂਗਰਸ ਸਰਕਾਰ ਦੁਆਰਾ ਅਦਾ ਨਾ ਕੀਤੇ ਗਏ ਕੇਂਦਰੀ ਸਕੀਮਾਂ ਦੇ ਬਕਾਏ ਕਲੀਅਰ ਕਰਨ ਲਈ 1,750 ਕਰੋੜ ਰੁਪਏ ਦਾ ਭੁਗਤਾਨ ਕੀਤਾ ਹੈ। ਲੰਬੇ ਸਮੇਂ ਦੇ ਵਿੱਤੀ ਸੁਰੱਖਿਆ ਉਪਾਵਾਂ ਦੀ ਰੂਪਰੇਖਾ ਉਲੀਕਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ, 'ਆਪ ਸਰਕਾਰ ਨੇ ਭਾਰਤੀ ਰਿਜ਼ਰਵ ਬੈਂਕ ਕੋਲ ਰੱਖੇ ਗਏ ਕੰਸੋਲੀਡੇਟਿਡ ਸਿੰਕਿੰਗ ਫੰਡ ਅਤੇ ਗਰੰਟੀ ਰਿਡੈਂਪਸ਼ਨ ਫੰਡ ਵਿੱਚ ਵੱਡਾ ਨਿਵੇਸ਼ ਕੀਤਾ ਹੈ। 31 ਮਾਰਚ 2022 ਤੱਕ, ਸੂਬੇ ਕੋਲ ਕੰਸੋਲੀਡੇਟਿਡ ਸਿੰਕਿੰਗ ਫੰਡ ਵਿੱਚ ਸਿਰਫ਼ 3,027 ਕਰੋੜ ਰੁਪਏ ਸਨ ਅਤੇ ਗਰੰਟੀ ਰਿਡੈਂਪਸ਼ਨ ਫੰਡ ਵਿੱਚ ਕੁਝ ਵੀ ਨਹੀਂ ਸੀ। ਦਸੰਬਰ 2025 ਤੱਕ, ਇਹ ਰਿਜ਼ਰਵ ਫੰਡ ਵਧ ਕੇ ਕੰਸੋਲੀਡੇਟਿਡ ਸਿੰਕਿੰਗ ਫੰਡ ਵਿੱਚ 10,738 ਕਰੋੜ ਰੁਪਏ ਅਤੇ ਗਰੰਟੀ ਰਿਡੈਂਪਸ਼ਨ ਫੰਡ ਵਿੱਚ 982 ਕਰੋੜ ਰੁਪਏ ਹੋ ਗਏ ਹਨ, ਜਿਸ ਨਾਲ ਇਹ ਕੁੱਲ ਰਕਮ 11,720 ਕਰੋੜ ਰੁਪਏ ਹੋ ਗਈ ਹੈ।'

ਵਿੱਤ ਮੰਤਰੀ ਨੇ ਅੱਗੇ ਕਿਹਾ, ਇਹ 8,693 ਕਰੋੜ ਦੇ ਕੁੱਲ ਵਾਧੇ ਨੂੰ ਦਰਸਾਉਂਦਾ ਹੈ, ਜੋ ਕਿ ਚਾਰ ਸਾਲਾਂ ਤੋਂ ਵੀ ਘੱਟ ਸਮੇਂ ਵਿੱਚ 287% ਦਾ ਸ਼ਾਨਦਾਰ ਵਾਧਾ ਹੈ। ਇਹ ਅਗਾਊਂ ਨਿਵੇਸ਼ ਕਿਸੇ ਵੀ ਅਚਾਨਕ ਆਉਣ ਵਾਲੇ ਵਿੱਤੀ ਸੰਕਟ ਦੇ ਖਿਲਾਫ ਇੱਕ ਬਚਾਅ ਵਜੋਂ ਕੰਮ ਕਰਦਾ ਹੈ ਅਤੇ ਸੂਬੇ ਦੇ ਕਰਜ਼ੇ ਨੂੰ ਯੋਜਨਾਬੱਧ ਢੰਗ ਨਾਲ ਲਾਹੁਣ ਵਿੱਚ ਮੱਦਦ ਕਰਦਾ ਹੈ।'

ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਹ ਵਿੱਤੀ ਸੁਧਾਰ ਕੇਂਦਰੀ ਸਹਾਇਤਾ ਵਿੱਚ ਭਾਰੀ ਗਿਰਾਵਟ ਦੇ ਬਾਵਜੂਦ ਪ੍ਰਾਪਤ ਕੀਤੇ ਗਏ ਹਨ। ਉਨ੍ਹਾਂ ਕਿਹਾ, 2017 ਤੋਂ 2022 ਦਰਮਿਆਨ ਕਾਂਗਰਸ ਸਰਕਾਰ ਨੂੰ 17,740 ਕਰੋੜ ਰੁਪਏ ਮਾਲੀਆ ਘਾਟਾ ਗ੍ਰਾਂਟ ਅਤੇ 54,600 ਕਰੋੜ ਰੁਪਏ ਜੀ.ਐਸ.ਟੀ. ਮੁਆਵਜ਼ੇ ਵਜੋਂ ਮਿਲੇ, ਜੋ ਕੁੱਲ ਮਿਲਾ ਕੇ 72,340 ਕਰੋੜ ਰੁਪਏ ਬਣਦੇ ਹਨ। ਇਸ ਦੇ ਉਲਟ, ਮੌਜੂਦਾ ਸਰਕਾਰ ਨੂੰ ਜਨਵਰੀ 2026 ਤੱਕ ਮਾਲੀਆ ਘਾਟਾ ਗ੍ਰਾਂਟ ਵਿੱਚ ਸਿਰਫ 15,887 ਕਰੋੜ ਰੁਪਏ ਅਤੇ ਜੀ.ਐਸ.ਟੀ. ਮੁਆਵਜ਼ੇ ਵਿੱਚ 11,945 ਕਰੋੜ ਰੁਪਏ ਪ੍ਰਾਪਤ ਹੋਏ ਹਨ, ਜੋ ਕੁੱਲ 27,832 ਕਰੋੜ ਰੁਪਏ ਬਣਦੇ ਹਨ।'

ਉਨ੍ਹਾਂ ਅੱਗੇ ਕਿਹਾ ਕਿ ਮੌਜੂਦਾ ਸਰਕਾਰ ਨੂੰ ਪਿਛਲੀ ਸਰਕਾਰ ਦੇ ਮੁਕਾਬਲੇ ਮਾਲੀਆ ਘਾਟਾ ਗ੍ਰਾਂਟਾਂ ਅਤੇ ਜੀ.ਐਸ.ਟੀ. ਮੁਆਵਜ਼ੇ ਵਿੱਚ 62% ਘੱਟ ਰਕਮ ਮਿਲੀ ਹੈ, ਅਤੇ ਹੁਣ ਇਹ ਗ੍ਰਾਂਟਾਂ ਪੂਰੀ ਤਰ੍ਹਾਂ ਬੰਦ ਕਰ ਦਿੱਤੀਆਂ ਗਈਆਂ ਹਨ।

ਪ੍ਰੈੱਸ ਕਾਨਫਰੰਸ ਦੀ ਸਮਾਪਤੀ ਕਰਦਿਆਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਖਜ਼ਾਨੇ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਅਤੇ ਕੁਸ਼ਲਤਾ ਵਧਾਉਣ ਦੇ ਉਦੇਸ਼ ਨਾਲ ਕੀਤੇ ਗਏ ਡਿਜੀਟਲ ਅਤੇ ਪ੍ਰਸ਼ਾਸਨਿਕ ਸੁਧਾਰਾਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਵਿੱਤ ਵਿਭਾਗ ਨੇ ਪੂਰੀ ਪੈਨਸ਼ਨ ਵੰਡ ਪ੍ਰਣਾਲੀ ਨੂੰ ਡਿਜੀਟਲ ਕਰਨ ਲਈ 'ਪੈਨਸ਼ਨ ਸੇਵਾ ਪੋਰਟਲ' ਦੀ ਸ਼ੁਰੂਆਤ ਕੀਤੀ ਹੈ ਅਤੇ ਬੈਂਕਿੰਗ ਧੋਖਾਧੜੀ ਨਾਲ ਨਜਿੱਠਣ ਅਤੇ ਪਾਰਦਰਸ਼ਤਾ ਵਧਾਉਣ ਲਈ 'ਈ-ਡਿਪਾਜ਼ਿਟ ਮੈਨੇਜਮੈਂਟ ਸਿਸਟਮ' ਲਾਗੂ ਕੀਤਾ ਹੈ। ਉਨ੍ਹਾਂ ਕਿਹਾ, ਇਸ ਤੋਂ ਇਲਾਵਾ, ਸੂਬੇ ਨੇ ਐਸ.ਐਨ.ਏ.-ਸਪਰਸ਼ ਪਹਿਲਕਦਮੀ ਰਾਹੀਂ ਸਕੀਮਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਡਿਜੀਟਾਈਜ਼ ਕਰਨ ਲਈ ਪ੍ਰੋਤਸਾਹਨ ਵਜੋਂ 800 ਕਰੋੜ ਰੁਪਏ ਤੋਂ ਵੱਧ ਪ੍ਰਾਪਤ ਕਰਕੇ ਇੱਕ ਵੱਡਾ ਮੀਲ ਪੱਥਰ ਹਾਸਲ ਕੀਤਾ ਹੈ।

# ਬਰਸਟ ਨੇ ਝੂਠੇ ਸ਼ਰਾਬ ਘੁਟਾਲੇ ਮਾਮਲੇ 'ਚੋਂ ਬਰੀ ਹੋਣ 'ਤੇ ਕੇਜਰੀਵਾਲ ਨੂੰ ਮਿਲ ਕੇ ਦਿੱਤੀਆਂ ਵਧਾਈਆਂ

ਚੰਡੀਗੜ੍ਹ, 3 ਮਾਰਚ (ਅੰਮ੍ਰਿਤਪਾਲ ਸਿੰਘ) :ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਅੱਜ ਦਿੱਲੀ ਵਿਖੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਦਿੱਲੀ ਦੀ ਮਾਣਯੋਗ ਅਦਾਲਤ ਵੱਲੋਂ ਬਰੀ ਹੋਣ 'ਤੇ ਵਧਾਈਆਂ ਦਿੱਤੀਆਂ। ਇਸ ਦੌਰਾਨ ਬਰਸਟ ਨੇ ਦਿੱਲੀ ਦੀ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਆਖ਼ਰ ਸੱਚ ਦੀ ਜਿੱਤ ਹੋਈ ਹੈ। ਸੱਚ ਨੂੰ ਕੁਝ ਸਮੇਂ ਲਈ ਦਬਾਇਆ ਜਾ ਸਕਦਾ ਹੈ, ਪਰ ਇਸਨੂੰ ਹਰਾਇਆ ਨਹੀਂ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਅਦਾਲਤ ਦੇ ਫੈਸਲੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਵਿਰੁੱਧ ਬਣਾਇਆ ਇਹ ਪੂਰਾ ਮਾਮਲਾ ਸਿਰਫ਼ ਤੇ ਸਿਰਫ਼ ਸਿਆਸੀ



ਬਦਲਾਖੋਰੀ ਦੀ ਭਾਵਨਾ ਤੋਂ ਪ੍ਰੇਰਿਤ ਸੀ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਆਮ ਆਦਮੀ ਪਾਰਟੀ ਜਾਂ ਸ੍ਰੀ ਅਰਵਿੰਦ ਕੇਜਰੀਵਾਲ ਦੀ ਜਿੱਤ ਨਹੀਂ, ਸਗੋਂ ਇਮਾਨਦਾਰ ਰਾਜਨੀਤੀ ਅਤੇ ਸੱਚਾਈ ਦੀ ਜਿੱਤ ਹੈ। ਸ. ਬਰਸਟ ਨੇ ਕਿਹਾ ਕਿ ਇਹ ਫੈਸਲਾ ਲੋਕਤੰਤਰ ਵਿੱਚ ਲੋਕਾਂ ਦੇ ਭਰੋਸੇ ਨੂੰ ਹੋਰ ਮਜ਼ਬੂਤ ਕਰਦਾ ਹੈ ਅਤੇ ਸਾਬਤ ਕਰਦਾ ਹੈ ਕਿ ਇਨਸਾਫ਼ ਦੀ ਜਿੱਤ ਨਿਸ਼ਚਿਤ ਹੁੰਦੀ ਹੈ। ਇਸ ਮੌਕੇ ਐਡਵੋਕੇਟ ਗਗਨਇੰਦਰ ਸਿੰਘ ਬਰਸਟ ਵੀ ਮੌਜੂਦ ਰਹੇ।

### ਮਾਨ ਸਰਕਾਰ ਵੱਲੋਂ ਮਹਿਲਾ ਦਿਵਸ ਮੌਕੇ ਮਹਿਲਾ ਉੱਦਮੀਆਂ ਦਾ ਸਨਮਾਨ

# ਹੁਣ ਤੱਕ 28,000 ਤੋਂ ਵੱਧ ਔਰਤਾਂ ਨੇ ਕੀਤਾ ਰਜਿਸਟਰ: ਸੌਂਦ

ਚੰਡੀਗੜ੍ਹ,3 ਮਾਰਚ (ਚ.ਨ.ਸ.) : ਭਗਵੰਤ ਮਾਨ ਸਰਕਾਰ ਵੱਲੋਂ ਸੂਬੇ ਭਰ 'ਚੋਂ 14,100 ਔਰਤ ਉੱਦਮੀਆਂ ਨੂੰ ਮਹਿਲਾ ਦਿਵਸ ਮੌਕੇ ਸਨਮਾਨਿਤ ਕਰਨ ਲਈ ਚੱਲ ਰਹੀ ਮੁਹਿੰਮ 'ਚ 28,000 ਤੋਂ ਵੱਧ ਰਜਿਸਟਰੇਸ਼ਨ ਹੋ ਚੁੱਕੀ ਹੈ, ਜੋ ਸਰਕਾਰ ਦੇ ਪੇਂਡੂ ਮਹਿਲਾ-ਨੇਤ੍ਰਿਤ ਵਿਕਾਸ ਵੱਲ ਮਜ਼ਬੂਤ ਕਦਮ ਨੂੰ ਦਰਸਾਉਂਦਾ ਹੈ।

ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਇਸ ਸਬੰਧੀ ਸੂਬਾ ਪੱਧਰੀ ਸਮਾਗਮ 18 ਮਾਰਚ, 2026 ਨੂੰ ਕਰਵਾਇਆ ਜਾਵੇਗਾ, ਜਿਸ ਦੌਰਾਨ ਪੰਜਾਬ ਦੀਆਂ ਚੋਟੀ ਦੀਆਂ 100 ਚੁਣੀਆਂ ਗਈਆਂ ਮਹਿਲਾ ਉੱਦਮੀਆਂ ਲਈ ਹਰੇਕ ਨੂੰ 25,000 ਰੁਪਏ ਦਾ ਇਨਾਮ ਦਿੱਤਾ ਜਾਵੇਗਾ ਜੋ ਪੰਜਾਬ ਰਾਜ ਪੇਂਡੂ ਆਜੀਵਿਕਾ ਮਿਸ਼ਨ (ਪੀਐਸਆਰਐਲ ਐਮ) ਤਹਿਤ ਮਹਿਲਾ ਉੱਦਮੀ ਕਾਰੋਬਾਰੀਆਂ ਨੂੰ ਇੱਕ ਵੱਡੀ ਪਛਾਣ ਮੁਹੱਈਆ ਕਰਵਾਉਣ ਦੀ ਸਰਕਾਰ ਦੀ ਇੱਕ ਪਹਿਲ ਹੈ।

ਵੀਡੀਓ ਕਾਨਫਰੰਸਿੰਗ ਰਾਹੀਂ ਤਿਆਰੀਆਂ ਦੀ ਸਮੀਖਿਆ ਕਰਦੇ ਹੋਏ ਪੰਜਾਬ ਦੇ ਗ੍ਰਾਮੀਣ ਵਿਕਾਸ ਅਤੇ ਪੰਚਾਇਤ ਮੰਤਰੀ ਤਰੁਣਪ੍ਰੀਤ ਸਿੰਘ ਸੌਂਦ ਨੇ ਕਿਹਾ, "ਪੰਜਾਬ ਪੇਂਡੂ ਆਜੀਵਿਕਾ ਮਿਸ਼ਨ ਨੂੰ ਵੱਡਾ ਹੁੰਗਾਰਾ ਮਿਲ ਰਹੀ ਹੈ



ਕਿਉਂਕਿ 28,000 ਤੋਂ ਵੱਧ ਮਹਿਲਾਵਾਂ ਸਨਮਾਨ ਸਮਾਗਮਾਂ ਲਈ ਰਜਿਸਟਰ ਕਰ ਚੁੱਕੀਆਂ ਹਨ।"ਉਨ੍ਹਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸਮਾਗਮਾਂ ਦੀ ਲੜੀ ਬਾਰੇ ਜਾਣਕਾਰੀ ਵਿਆਪਕ ਤੌਰ 'ਤੇ ਪ੍ਰਚਾਰਿਤ ਕੀਤੀ ਜਾਵੇ ਤਾਂ ਜੋ ਵੱਧ ਤੋਂ ਵੱਧ ਭਾਗੀਦਾਰੀ ਯਕੀਨੀ ਬਣਾਈ ਜਾ ਸਕੇ। ਉਨ੍ਹਾਂ ਨੇ ਸੂਬੇ ਦੀਆਂ ਸਾਰੀਆਂ ਔਰਤ ਉੱਦਮੀਆਂ ਨੂੰ ਅਪੀਲ ਕੀਤੀ ਕਿ ਉਹ ਮਹਿਲਾ ਸਸ਼ਕਤੀਕਰਨ ਨੂੰ ਸਮਰਪਿਤ ਇਸ ਵਿਸ਼ਾਲ ਸਮਾਰੋਹ ਵਿੱਚ ਸਰਗਰਮ ਭਾਗ ਲੈਣ।

ਸੂਬਾ ਪੱਧਰੀ ਕਾਰਜਕ੍ਰਮ ਦੀ ਰੂਪਰੇਖਾ ਦਿੰਦਿਆਂ ਉਨ੍ਹਾਂ ਕਿਹਾ, "ਸੂਬਾ ਪੱਧਰ ਦਾ ਸਮਾਗਮ 18 ਮਾਰਚ 2026 ਨੂੰ ਕਰਵਾਇਆ ਜਾਵੇਗਾ, ਜਿਸ ਦੌਰਾਨ ਪੰਜਾਬ ਦੀਆਂ ਚੁਣੀਆਂ ਗਈਆਂ ਪਹਿਲੀਆਂ 100 ਮਹਿਲਾ ਉਦਮੀਆਂ ਨੂੰ ਪ੍ਰਤੀ ਮਹਿਲਾ ?25,000 ਦੀ ਰਕਮ ਨਾਲ ਸਨਮਾਨਿਤ ਕੀਤਾ ਜਾਵੇਗਾ। ਇਸ ਸਮਾਗਮ ਦਾ ਜ਼ਿਲ੍ਹਾ, ਬਲਾਕ ਅਤੇ ਗ੍ਰਾਮ ਪੰਚਾਇਤ ਪੱਧਰ 'ਤੇ ਲਾਈਵ ਪ੍ਰਸਾਰਣ ਕੀਤਾ ਜਾਵੇਗਾ ਤਾਂ ਜੋ ਹਰ ਪਿੰਡ ਇਸ ਜਸ਼ਨ ਨਾਲ ਜੁੜਿਆ ਰਹੇ।

ਪਹਿਲ ਦੀ ਵਿਸ਼ਾਲਤਾ ਬਾਰੇ ਜਾਣਕਾਰੀ ਦਿੰਦਿਆਂ ਮੰਤਰੀ ਤਰੁਣਪ੍ਰੀਤ ਸਿੰਘ ਸੋਂਧ ਨੇ ਕਿਹਾ ਕਿ ਸਨਮਾਨ ਸਮਾਗਮ ਬਲਾਕ ਅਤੇ ਵਿਧਾਨ ਸਭਾ ਹਲਕਾ ਪੱਧਰ 'ਤੇ ਸ਼ੁਰੂ ਹੋ ਚੁੱਕੇ ਹਨ ਅਤੇ 12 ਮਾਰਚ ਤੋਂ ਜ਼ਿਲ੍ਹਾ ਪੱਧਰ 'ਤੇ ਜਾਰੀ ਰਹਿਣਗੇ, ਜਿਸ ਤੋਂ ਬਾਅਦ ਸੂਬਾ ਪੱਧਰ ਦੇ ਸਮਾਗਮ ਨਾਲ ਇਹ ਲੜੀ ਸੰਪੰਨ ਹੋਵੇਗੀ। ਉਨ੍ਹਾਂ ਕਿਹਾ, "ਹਰ ਵਿਧਾਨ ਸਭਾ ਹਲਕੇ ਤੋਂ 100 ਸਵੈ ਸਹਾਇਤਾ ਸਮੂਹਾਂ ਨਾਲ ਜੁੜੀਆਂ ਮਹਿਲਾ ਉਦਯਮੀਆਂ ਨੂੰ ਸਨਮਾਨਿਤ ਕੀਤਾ ਜਾਵੇਗਾ, ਜਿਸ ਨਾਲ ਸੂਬੇ ਭਰ ਵਿੱਚ ਕੁੱਲ 11,700 ਮਹਿਲਾਵਾਂ ਸਨਮਾਨਿਤ ਹੋਣਗੀਆਂ। ਇਸੇ ਤਰ੍ਹਾਂ 23 ਜ਼ਿਲ੍ਹਿਆਂ ਵਿੱਚੋਂ ਹਰ ਜ਼ਿਲ੍ਹੇ ਤੋਂ 100 ਮਹਿਲਾ ਉੱਦਮੀਆਂ ਸਮੇਤ 2,300 ਮਹਿਲਾਵਾਂ ਨੂੰ ਸਨਮਾਨ ਦਿੱਤਾ ਜਾਵੇਗਾ।ਸੂਬਾ ਪੱਧਰ 'ਤੇ ਇੱਕ ਕਮੇਟੀ ਟੌਪ 100 ਮਹਿਲਾ ਉੱਦਮੀਆਂ ਦੀ ਚੋਣ ਕਰੇਗੀ, ਜਿਨ੍ਹਾਂ ਨੂੰ ਪ੍ਰਤੀ ਵਿਅਕਤੀ ?25,000 ਦੀ ਰਕਮ ਦਿੱਤੀ ਜਾਵੇਗੀ।"

## ਈਰਾਨ ਵੱਲੋਂ ਅਮਰੀਕੀ ਸਫ਼ਾਰਤਖ਼ਾਨੇ

ਕਰਮਚਾਰੀਆਂ ਅਤੇ ਪਰਵਾਰਾਂ ਨੂੰ ਤੁਰਤ ਨਿਕਾਲਣ ਦੇ ਹੁਕਮ ਦਿਤੇ ਹਨ। ਹਵਾਈ ਅੱਡਿਆਂ ਦੇ ਬੰਦ ਹੋਣ ਕਾਰਨ ਹਜ਼ਾਰਾਂ ਲੋਕ ਫਸੇ ਹੋਏ ਹਨ।
ਈਰਾਨੀ ਰੈੱਡ ਕ੍ਰੈਸੈਂਟ ਸੋਸਾਇਟੀ ਮੁਤਾਬਕ, ਹੁਣ ਤਕ 787 ਲੋਕਾਂ ਦੀ ਮੌਤ ਹੋ ਚੁਕੀ ਹੈ, ਜਿਨ੍ਹਾਂ 'ਚੋਂ ਵੱਡੀ ਗਿਣਤੀ ਈਰਾਨ ਵਿਚ ਹੈ। ਇਸਰਾਈਲ ਵਿਚ ਈਰਾਨੀ ਮਿਸਾਈਲ ਹਮਲਿਆਂ ਨਾਲ 11 ਲੋਕ ਮਾਰੇ ਗਏ ਹਨ। ਹਿਜਬੁੱਲਾਹ ਨੇ ਵੀ ਇਸਰਾਈਲ 'ਤੇ ਹਮਲੇ ਕੀਤੇ ਹਨ, ਜਿਸ ਦੇ ਜਵਾਬ ਵਿਚ ਇਸਰਾਈਲ ਨੇ ਲੈਬਨਾਨ ਵਿਚ 52 ਲੋਕਾਂ ਨੂੰ ਮਾਰ ਦਿਤਾ।
ਈਰਾਨੀ ਬ੍ਰਿਗੇਡੀਅਰ ਜਨਰਲ ਇਬਰਾਹੀਮ ਜੱਬਾਰੀ ਨੇ ਚੇਤਾਵਨੀ ਦਿਤੀ , "ਹੋਰਮੁਜ਼ ਦੀ ਖਾੜੀ ਬੰਦ ਹੈ। ਕੋਈ ਵੀ ਜਹਾਜ਼ ਜੋ ਇੱਥੋਂ ਲੰਘਣ ਦੀ ਕੋਸ਼ਿਸ਼ ਕਰੇਗਾ, ਉਸ ਨੂੰ ਅੱਗ ਲਗਾ ਦਿਤੀ ਜਾਵੇਗੀ।'' ਲੈਬਨਾਨ ਵਿਚ ਇਜ਼ਰਾਈਲ ਨੇ ਨਵੇਂ ਜ਼ਮੀਨੀ ਦਸਤਿਆਂ ਨੂੰ ਤਾਇਨਾਤ ਕੀਤਾ ਹੈ।
ਬੇਰੂਤ ਵਿਚ ਧਮਾਕਿਆਂ ਦੀਆਂ ਆਵਾਜ਼ਾਂ ਸੁਣੀਆਂ ਗਈਆਂ ਹਨ। ਹਿਜਬੁੱਲਾਹ ਦੇ ਸੀਨੀਅਰ ਅਧਿਕਾਰੀ ਮਹਮੂਦ ਕੋਮਾਤੀ ਨੇ ਕਿਹਾ, "ਹੁਣ ਸਾਡੇ ਕੋਲ ਲੜਨ ਤੋਂ ਇਲਾਵਾ ਕੋਈ ਵਿਕਲਪ ਨਹੀਂ।" ਇਹ ਜੰਗ ਨਾ ਸਿਰਫ਼ ਮੱਧ-ਪੂਰਬ ਦੀ ਸਿਆਸਤ ਨੂੰ ਹਿਲਾ ਰਹੀ ਹੈ, ਸਗੋਂ ਦੁਨੀਆਂ ਭਰ ਦੇ ਤੇਲ ਅਤੇ ਗੈਸ ਸਪਲਾਈ, ਕੌਮਾਂਤਰੀ ਜਹਾਜ਼ਰਾਨੀ ਅਤੇ ਹਵਾਈ ਯਾਤਰਾ ਨੂੰ ਵੀ ਗੰਭੀਰ ਤੌਰ 'ਤੇ ਪ੍ਰਭਾਵਤ ਕਰ ਰਹੀ ਹੈ।
ਈਰਾਨ ਦੇ ਸੁਪਰੀਮ ਲੀਡਰ, ਅਯਾਤੁੱਲਾ ਅਲੀ ਖਮੇਨੀ, ਸ਼ਨੀਵਾਰ ਨੂੰ ਈਰਾਨ 'ਤੇ ਇਜ਼ਰਾਈਲੀ ਅਤੇ ਅਮਰੀਕੀ ਹਮਲੇ ਵਿੱਚ ਮਾਰੇ ਗਏ ਸਨ। ਈਰਾਨ ਦੇ ਬਾਅਦ ਦੇ ਜਵਾਬੀ ਕਾਰਵਾਈ ਨੇ ਪੱਛਮੀ ਏਸ਼ੀਆ ਵਿੱਚ ਟਕਰਾਅ ਨੂੰ ਵਧਾ ਦਿੱਤਾ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਈਰਾਨ 'ਤੇ ਭਾਰੀ ਅਤੇ ਸਟੀਕ ਬੰਬਾਰੀ ਹਫ਼ਤੇ ਭਰ ਜਾਂ ਜਿੰਨਾ ਚਿਰ ਜ਼ਰੂਰੀ ਹੋਵੇਗਾ ਜਾਰੀ ਰਹੇਗੀ।
ਸਥਾਨਕ ਮੀਡੀਆ ਨੇ ਦੱਸਿਆ ਕਿ ਦੱਖਣ-ਪੂਰਬੀ ਈਰਾਨ ਵਿੱਚ ਇੱਕ ਹਵਾਈ ਅੱਡੇ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਹਵਾਈ ਹਮਲਿਆਂ ਵਿੱਚ ਘੱਟੋ-ਘੱਟ 13 ਈਰਾਨੀ ਫੌਜੀ ਮਾਰੇ ਗਏ। ਅਰਧ-ਸਰਕਾਰੀ ਨਿਊਜ਼ ਏਜੰਸੀ ਤਸਨੀਮ ਅਤੇ ਰੋਜ਼ਾਨਾ ਅਖਬਾਰ ਹਮੀਹਾਨ ਨੇ ਈਰਾਨ ਦੀ ਰਾਜਧਾਨੀ ਤਹਿਰਾਨ ਤੋਂ 800 ਕਿਲੋਮੀਟਰ ਦੱਖਣ-ਪੂਰਬ ਵਿੱਚ ਕਰਮਨ ਵਿੱਚ ਹਮਲੇ ਦੀ ਰਿਪੋਰਟ ਦਿੱਤੀ।ਕਰਮਨ ਏਅਰ ਬੇਸ ਫੌਜੀ ਹੈਲੀਕਾਪਟਰਾਂ ਦੀ ਰਿਹਾਇਸ਼ ਲਈ ਜਾਣਿਆ ਜਾਂਦਾ ਹੈ।

## ਅਸੀਂ ਹਮਲਾ ਕੀਤਾ ਕਿਉਂਕਿ ਈਰਾਨ ਛੇੜੀ

ਸਾਲ ਜੂਨ ਵਿੱਚ 12 ਦਿਨਾਂ ਦੀ ਜੰਗ ਵਿੱਚ ਉਨ੍ਹਾਂ ਦੇ ਪ੍ਰਮਾਣੂ ਸਹੂਲਤਾਂ ਅਤੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ 'ਤੇ ਹਮਲਾ ਕਰਨ ਤੋਂ ਬਾਅਦ... ਉਨ੍ਹਾਂ ਨੇ ਨਵੀਆਂ ਸਹੂਲਤਾਂ ਅਤੇ ਭੂਮੀਗਤ ਬੰਕਰ ਬਣਾਉਣੇ ਸ਼ੁਰੂ ਕਰ ਦਿੱਤੇ ਜੋ ਕੁਝ ਮਹੀਨਿਆਂ ਦੇ ਅੰਦਰ ਉਨ੍ਹਾਂ ਦੇ ਬੈਲਿਸਟਿਕ ਮਿਜ਼ਾਈਲ ਪ੍ਰੋਗਰਾਮ ਅਤੇ ਪ੍ਰਮਾਣੂ ਬੰਬ ਪ੍ਰੋਗਰਾਮ ਨੂੰ ਸੁਰੱਖਿਅਤ ਕਰ ਦਿੰਦੇ।' ਉਨ੍ਹਾਂ ਅੱਗੇ ਕਿਹਾ, 'ਜੇਕਰ ਹੁਣ ਕੋਈ ਕਾਰਵਾਈ ਨਹੀਂ ਕੀਤੀ ਜਾਂਦੀ, ਤਾਂ ਭਵਿੱਖ ਵਿੱਚ ਕੋਈ ਕਾਰਵਾਈ ਸੰਭਵ ਨਹੀਂ ਹੋਵੇਗੀ।'ਇਹ ਨੇਤਨਯਾਹੂ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੁਆਰਾ ਪਿਛਲੇ ਸਾਲ ਕੀਤੇ ਗਏ ਦਾਅਵਿਆਂ ਦੇ ਉਲਟ ਹੈ।ਇਜ਼ਰਾਈਲੀ ਨੇਤਾ ਨੇ ਕਿਹਾ ਸੀ ਕਿ ਇਜ਼ਰਾਈਲ ਨੇ ਈਰਾਨ ਉੱਤੇ ਇੱਕ 'ਇਤਿਹਾਸਕ ਜਿੱਤ' ਪ੍ਰਾਪਤ ਕੀਤੀ ਹੈ ਜੋ 'ਪੀੜ੍ਹੀਆਂ ਤੱਕ ਚੱਲੇਗੀ'। ਇਸ ਦੌਰਾਨ, ਟਰੰਪ ਨੇ ਦਾਅਵਾ ਕੀਤਾ ਸੀ ਕਿ ਈਰਾਨੀ ਪ੍ਰਮਾਣੂ ਪ੍ਰੋਗਰਾਮ ਪੂਰੀ ਤਰ੍ਹਾਂ 'ਨਸ਼ਟ' ਹੋ ਗਿਆ ਹੈ। ਇੰਟਰਵਿਊ ਵਿੱਚ, ਨੇਤਨਯਾਹੂ ਨੇ ਇਸ ਗੱਲ ਤੋਂ ਇਨਕਾਰ ਕੀਤਾ ਕਿ ਅਮਰੀਕਾ ਅਤੇ ਇਜ਼ਰਾਈਲ ਈਰਾਨ ਵਿਰੁੱਧ 'ਅੰਤਹੀਣ ਯੁੱਧ' ਵਿੱਚ ਲੱਗੇ ਹੋਏ ਹਨ। ਉਸਨੇ ਜ਼ੋਰ ਦੇ ਕੇ ਕਿਹਾ ਕਿ ਇਹ ਮੁਹਿੰਮ ਜਲਦੀ ਹੀ ਖਤਮ ਹੋ ਜਾਵੇਗੀ।ਇਜ਼ਰਾਈਲੀ ਪ੍ਰਧਾਨ ਮੰਤਰੀ ਨੇ ਕਿਹਾ, 'ਮੈਂ ਲੋਕਾਂ ਨੂੰ ਇਹ ਕਹਿੰਦੇ ਸੁਣਿਆ ਹੈ ਕਿ ਇੱਥੇ ਇੱਕ ਬੇਅੰਤ ਯੁੱਧ ਹੋਣ ਵਾਲਾ ਹੈ - ਪਰ ਅਜਿਹਾ ਨਹੀਂ ਹੈ ਕਿਉਂਕਿ... ਈਰਾਨ ਵਿੱਚ ਇਹ ਅੱਤਵਾਦੀ ਸ਼ਾਸਨ ਆਪਣੀ ਸ਼ੁਰੂਆਤ ਤੋਂ ਹੀ ਆਪਣੇ ਸਭ ਤੋਂ ਕਮਜ਼ੋਰ ਬਿੰਦੂ 'ਤੇ ਹੈ।'ਨੇਤਨਯਾਹੂ ਨੇ ਇਹ ਵੀ ਕਿਹਾ ਕਿ ਅਮਰੀਕਾ ਅਤੇ ਇਜ਼ਰਾਈਲੀ ਸਾਂਝੇ ਹਮਲੇ ਈਰਾਨ ਵਿੱਚ ਸ਼ਾਸਨ ਤਬਦੀਲੀ ਲਈ ਹਾਲਾਤ ਪੈਦਾ ਕਰਨਗੇ। ਉਸ ਨੇ

**ਚੜ੍ਹਦੀਕਲਾ**
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala.
Chief Editor : Jagjit Singh Dardi
PRGI (RNI) Regd. No. 22972/1972

## ਪਹਿਲੇ ਸਫ਼ੇ ਦੀ ਬਾਕੀ

ਇਹ ਵੀ ਕਿਹਾ ਕਿ ਪੱਛਮੀ ਏਸ਼ੀਆ ਦੀਆਂ '95 ਪ੍ਰਤੀਸ਼ਤ' ਸਮੱਸਿਆਵਾਂ ਈਰਾਨ ਤੋਂ ਪੈਦਾ ਹੁੰਦੀਆਂ ਹਨ, ਅਤੇ ਸ਼ਾਸਨ ਦੇ ਪਤਨ ਨਾਲ ਇਜ਼ਰਾਈਲ ਅਤੇ ਇਸਦੇ ਅਰਬ ਅਤੇ ਮੁਸਲਿਮ ਗੁਆਂਢੀਆਂ ਵਿਚਕਾਰ ਸ਼ਾਂਤੀ ਸਮਝੌਤਿਆਂ ਦਾ ਹੜ੍ਹ ਆ ਜਾਵੇਗਾ। ਨੇਤਨਯਾਹੂ ਨੇ ਇਹ ਵੀ ਕਿਹਾ ਕਿ ਅਮਰੀਕਾ-ਇਜ਼ਰਾਈਲੀ ਕਾਰਵਾਈ 'ਸ਼ਾਂਤੀ ਦੇ ਇੱਕ ਅਜਿਹੇ ਯੁੱਗ ਦੀ ਸ਼ੁਰੂਆਤ ਕਰੇਗੀ ਜਿਸਦੀ ਅਸੀਂ ਕਦੇ ਕਲਪਨਾ ਵੀ ਨਹੀਂ ਕੀਤੀ ਸੀ।'ਇਜ਼ਰਾਈਲੀ ਨੇਤਾ ਨੇ ਉਨ੍ਹਾਂ ਦੋਸ਼ਾਂ ਤੋਂ ਇਨਕਾਰ ਕੀਤਾ ਕਿ ਇਜ਼ਰਾਈਲ ਨੇ ਅਮਰੀਕਾ ਨੂੰ ਯੁੱਧ ਵਿੱਚ ਘਸੀਟਿਆ ਸੀ। ਉਨ੍ਹਾਂ ਕਿਹਾ, 'ਇਹ ਹਾਸੋਹੀਣਾ ਹੈ। ਡੋਨਾਲਡ ਟਰੰਪ ਦੁਨੀਆ ਦਾ ਸਭ ਤੋਂ ਸ਼ਕਤੀਸ਼ਾਲੀ ਨੇਤਾ ਹੈ। ਉਹ ਉਹੀ ਕਰਦਾ ਹੈ ਜੋ ਉਹ ਅਮਰੀਕਾ ਲਈ ਸਹੀ ਸਮਝਦਾ ਹੈ।' ਉਹ ਉਹੀ ਕਰਦਾ ਹੈ ਜੋ ਉਹ ਭਵਿੱਖ ਦੀਆਂ ਪੀੜ੍ਹੀਆਂ ਲਈ ਸਹੀ ਮੰਨਦਾ ਹੈ।'ਨੇਤਨਯਾਹੂ ਨੇ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਇਸਲਾਮੀ ਗਣਰਾਜ ਦੁਆਰਾ ਪੈਦਾ ਕੀਤੇ ਗਏ ਖਤਰਿਆਂ ਨੂੰ ਸਮਝਦੇ ਹਨ।

## ਭਗਵੰਤ ਮਾਨ ਨੇ ਜੰਗ ਪ੍ਰਭਾਵਿਤ ਅਰਬ ਦੇਸ਼ਾਂ 'ਚ

ਹੋਏ ਮੁੱਖ ਮੰਤਰੀ ਨੇ ਜੋਰ ਦੇ ਕੇ ਕਿਹਾ, "ਪੰਜਾਬੀਆਂ ਨੇ ਦੇਸ ਨੂੰ ਅਨਾਜ ਉਤਪਾਦਨ ਵਿੱਚ ਸਵੈ-ਨਿਰਭਰ ਬਣਾਉਣ ਅਤੇ ਦੇਸ ਦੀ ਏਕਤਾ, ਅਖੰਡਤਾ ਅਤੇ ਪ੍ਰਭੂਸੱਤਾ ਦੀ ਰਾਖੀ ਵਿੱਚ ਸ਼ਾਨਦਾਰ ਭੂਮਿਕਾ ਨਿਭਾਈ ਹੈ। ਇਹ ਮੰਦਭਾਗਾ ਹੈ ਕਿ ਅਚਾਨਕ ਜੰਗ ਸ਼ੁਰੂ ਹੋਣ ਕਾਰਨ ਵੱਡੀ ਗਿਣਤੀ ਵਿੱਚ ਪੰਜਾਬੀ ਮੱਧ ਪੂਰਬ ਵਿੱਚ ਫਸੇ ਹੋਏ ਹਨ। ਕੇਂਦਰ ਸਰਕਾਰ ਨੂੰ ਫਸੇ ਪੰਜਾਬੀਆਂ ਨੂੰ ਵਾਪਸ ਲਿਆਉਣ ਲਈ ਵਿਸ਼ੇਸ਼ ਜਹਾਜ਼ਾਂ ਦਾ ਪ੍ਰਬੰਧ ਕਰਨਾ ਚਾਹੀਦਾ ਹੈ।"

ਮੁੱਖ ਮੰਤਰੀ ਨੇ ਅੱਗੇ ਕਿਹਾ, "ਪੰਜਾਬ ਦੇ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਨੂੰ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਸ੍ਰੀ ਰਾਮ ਮੋਹਨ ਨਾਇਡੂ ਨਾਲ ਮੁਲਾਕਾਤ ਕਰਨ ਅਤੇ ਪੰਜਾਬੀਆਂ ਨੂੰ ਉਨ੍ਹਾਂ ਦੀ ਜੱਦੀ ਧਰਤੀ 'ਤੇ ਵਾਪਸ ਲਿਆਉਣ ਵਿੱਚ ਕੋਈ ਕਸਰ ਬਾਕੀ ਨਾ ਛੱਡਣ ਲਈ ਕੇਂਦਰ ਸਰਕਾਰ ਉੱਤੇ ਦਬਾਅ ਪਾਉਣ ਲਈ ਨਿਯੁਕਤ ਕੀਤਾ ਗਿਆ ਹੈ। ਪੰਜਾਬ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਪੰਜਾਬੀਆਂ ਨੂੰ ਬਚਾਉਣ ਲਈ ਵਚਨਬੱਧ ਹੈ ਅਤੇ ਪਹਿਲਾਂ ਹੀ ਠੋਸ ਯਤਨ ਕੀਤੇ ਜਾ ਰਹੇ ਹਨ। ਅਰਬ ਦੇਸਾਂ ਵਿੱਚ ਫਸੇ ਸਾਡੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਪੰਜਾਬ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ।"

ਪ੍ਰਭਾਵਿਤ ਪਰਿਵਾਰਾਂ ਨਾਲ ਇਕਜੁੱਟਤਾ ਪ੍ਰਗਟ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਫਸੇ ਲੋਕਾਂ ਨੂੰ ਜਲਦੀ ਤੋਂ ਜਲਦੀ ਹਰ ਜਰੂਰੀ ਸਹਾਇਤਾ ਮੁਹੱਈਆ ਕਰਨ ਲਈ ਵਚਨਬੱਧ ਹੈ। ਅਸੀਂ ਇਸ ਸੰਕਟ ਦੀ ਘੜੀ ਦੌਰਾਨ ਖਾੜੀ ਦੇਸਾਂ ਵਿੱਚ ਫਸੇ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਪਰਿਵਾਰਕ ਮੈਂਬਰਾਂ ਨਾਲ ਮਜ਼ਬੂਤੀ ਨਾਲ ਖੜ੍ਹੇ ਹਾਂ। ਮੈਨੂੰ ਉਮੀਦ ਹੈ ਕਿ ਭਾਰਤ ਸਰਕਾਰ ਜੰਗ ਪ੍ਰਭਾਵਿਤ ਖਾੜੀ ਖੇਤਰ ਵਿੱਚ ਫਸੇ ਸਾਰੇ ਲੋਕਾਂ ਦੀ ਮਦਦ ਲਈ ਜਰੂਰੀ ਕਦਮ ਚੁੱਕੇਗੀ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਐਕਸ ਉੱਤੇ ਕਿਹਾ, "ਮੈਂ ਕੈਬਨਿਟ ਮੰਤਰੀ ਡਾ. ਰਵਜੋਤ ਸਿੰਘ ਜੀ ਨੂੰ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਰਾਮ ਮੋਹਨ ਨਾਇਡੂ ਜੀ ਕੋਲ ਭੇਜ ਰਿਹਾ ਹਾਂ। ਅਸੀਂ ਮੰਗ ਕਰਦੇ ਹਾਂ ਕਿ ਪੰਜਾਬੀਆਂ ਲਈ ਵਿਸ਼ੇਸ਼ ਜਹਾਜ਼ ਦਾ ਪ੍ਰਬੰਧ ਕੀਤਾ ਜਾਵੇ। ਅਰਬ ਦੇਸਾਂ ਵਿੱਚ ਫਸੇ ਸਾਡੇ ਪੰਜਾਬੀਆਂ ਦੀ ਸੁਰੱਖਿਅਤ ਘਰ ਵਾਪਸੀ ਸਾਡੀ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ।"

## ਇਜ਼ਰਾਈਲ ਨੇ ਲਿਬਨਾਨ ਵਿੱਚ ਹੋਰ ਫੌਜਾਂ

ਦੀ ਇਮਾਰਤ ਨੂੰ ਵੀ ਨੁਕਸਾਨ ਪਹੁੰਚਾਇਆ ਹੈ। ਲਿਬਨਾਨ ਦੀ ਫੌਜ ਨੇ ਸਰਹੱਦ ਦੇ ਨਾਲ ਲੱਗਦੇ ਆਪਣੇ ਕੁਝ ਟਿਕਾਣਿਆਂ ਨੂੰ ਖਾਲੀ ਕਰਨਾ ਸ਼ੁਰੂ ਕਰ ਦਿੱਤਾ ਹੈ, ਜਦਕਿ ਇਜ਼ਰਾਈਲ ਦਾ ਕਹਿਣਾ ਹੈ ਕਿ ਉਨ੍ਹਾਂ ਦੀਆਂ ਫੌਜਾਂ ਸਰਹੱਦ ਦੇ ਨੇੜੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਥਾਵਾਂ 'ਤੇ ਕਬਜ਼ਾ ਕਰ ਰਹੀਆਂ ਹਨ ਤਾਂ ਕਿ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕੀਤਾ ਜਾ ਸਕੇ। ਇਰਾਨ ਨਾਲ ਚੱਲ ਰਹੀ ਜੰਗ ਦੌਰਾਨ ਹੁਣ ਇਜ਼ਰਾਈਲੀ ਫੌਜ ਲਿਬਨਾਨ ਵਿਚ ਦਾਖਲ ਹੋ ਗਈ ਹੈ। ਇਜ਼ਰਾਈਲ ਨੇ ਲਿਬਨਾਨ ਦੇ 59 ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਤੁਰੰਤ ਘਰ ਖਾਲੀ ਕਰਨ ਦੇ ਹੁਕਮ ਦਿੱਤੇ ਹਨ। ਸੰਯੁਕਤ ਰਾਸ਼ਟਰ ਦੀ ਏਜੰਸੀ ਮੁਤਾਬਕ ਹਾਲਾਤ ਖਰਾਬ ਹੋਣ ਕਾਰਨ ਹੁਣ ਤੱਕ 30 ਹਜ਼ਾਰ ਤੋਂ ਵੱਧ ਲੋਕ ਆਪਣੇ ਘਰ ਛੱਡ ਚੁੱਕੇ ਹਨ। ਇਜ਼ਰਾਈਲ ਨੇ ਲਗਾਤਾਰ ਦੂਜੇ ਦਿਨ ਹਿਜ਼ਬੁੱਲਾ ਦੇ ਟਿਕਾਣਿਆਂ 'ਤੇ ਭਾਰੀ ਬੰਬਾਰੀ ਕੀਤੀ ਹੈ ਜਿਸ ਵਿੱਚ 50 ਤੋਂ ਵੱਧ ਲੋਕਾਂ ਦੀ ਮੌਤ ਹੋ ਗਈ ਹੈ ਅਤੇ 150 ਤੋਂ ਵੱਧ ਲੋਕ ਜ਼ਖਮੀ ਦੱਸੇ ਜਾ ਰਹੇ ਹਨ। ਇਹ ਹਮਲੇ ਇਰਾਨ ਦੇ ਸਮਰਥਕ ਮੰਨੇ ਜਾਣ ਵਾਲੇ ਸੰਗਠਨ ਹਿਜ਼ਬੁੱਲਾ ਨੂੰ ਨਿਸ਼ਾਨਾ ਬਣਾ ਕੇ ਕੀਤੇ ਜਾ ਰਹੇ ਹਨ। ਜ਼ਿਕਰਯੋਗ ਹੈ ਕਿ ਇਰਾਨੀ ਨੇਤਾ ਖਮੇਨੀ ਦੀ ਮੌਤ ਤੋਂ ਬਾਅਦ ਹਿਜ਼ਬੁੱਲਾ ਨੇ ਇਜ਼ਰਾਈਲ ਦੇ ਹਾਈਫਾ ਸ਼ਹਿਰ ਦੇ ਫੌਜੀ ਟਿਕਾਣਿਆਂ 'ਤੇ ਡਰੋਨ ਅਤੇ ਮਿਜ਼ਾਈਲਾਂ ਨਾਲ ਹਮਲਾ ਕੀਤਾ ਸੀ। ਹੁਣ ਇਜ਼ਰਾਈਲ ਦੀ ਇਸ ਤਾਜ਼ਾ ਕਾਰਵਾਈ ਨਾਲ ਪੂਰੇ ਖੇਤਰ ਵਿੱਚ ਤਣਾਅ ਬਹੁਤ ਵਧ ਗਿਆ ਹੈ ਅਤੇ ਵੱਡੀ ਗਿਣਤੀ ਵਿੱਚ ਲੋਕ ਸੁਰੱਖਿਅਤ ਥਾਵਾਂ ਵੱਲ ਭੱਜ ਰਹੇ ਹਨ। ਟਰੰਪ ਨੇ ਇਰਾਨ ਵਿਰੁੱਧ ਜੰਗ ਦੇ ਹਫ਼ਤਿਆਂ ਵਿੱਚ ਖ਼ਤਮ ਹੋਣ ਦੀ ਉਮੀਦ ਜਤਾਈ, ਜਦੋਂਕਿ ਨੇਤਨਯਾਹੂ ਨੇ ਹਮਲੇ ਦੇ ਫੈਸਲੇ ਨੂੰ ਸਹੀ ਠਹਿਰਾਉਂਦਿਆਂ ਇਸ ਨੂੰ ਸਥਾਈ ਸ਼ਾਂਤੀ ਦਾ ਰਾਹ ਦੱਸਿਆ। ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਇਰਾਨ ਵਿਰੁੱਧ ਜਾਰੀ ਜੰਗ ਬਾਰੇ ਅਹਿਮ ਬਿਆਨ ਦਿੰਦਿਆਂ ਕਿਹਾ ਹੈ ਕਿ ਭਾਵੇਂ ਇਸ ਸੰਘਰਸ਼ ਵਿੱਚ ਕੁਝ ਸਮਾਂ ਲੱਗ ਸਕਦਾ ਹੈ ਪਰ ਇਹ ਕਈ ਸਾਲਾਂ ਤੱਕ ਚੱਲਣ ਵਾਲੀ ਨਹੀਂ ਹੋਵੇਗੀ। ਨੇਤਨਯਾਹੂ ਨੇ ਉਮੀਦ ਜਤਾਈ ਕਿ ਇਹ ਜੰਗ ਮੱਧ ਪੂਰਬ ਵਿੱਚ ਸਥਾਈ ਸ਼ਾਂਤੀ ਦਾ ਰਾਹ ਪੱਧਰਾ ਕਰੇਗੀ,ਜਿਸ ਵਿੱਚ ਇਜ਼ਰਾਈਲ ਅਤੇ ਸਾਊਦੀ ਅਰਬ ਦੇ ਸਬੰਧਾਂ ਵਿੱਚ ਸੁਧਾਰ ਵੀ ਸ਼ਾਮਲ ਹੈ।
ਇਸ ਤੋਂ ਪਹਿਲਾਂ ਸਾਊਦੀ ਅਰਬ ਦੀ ਰਾਜਧਾਨੀ ਰਿਆਧ ਵਿੱਚ ਸਥਿਤ ਅਮਰੀਕੀ ਦੂਤਾਵਾਸ ਮੰਗਲਵਾਰ ਸਵੇਰੇ ਦੋ ਡਰੋਨ ਹਮਲਿਆਂ ਦਾ ਨਿਸ਼ਾਨਾ ਬਣਿਆ। ਸਾਊਦੀ ਰੱਖਿਆ ਮੰਤਰਾਲੇ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਜਾਣਕਾਰੀ ਸਾਂਝੀ ਕਰਦੇ ਹੋਏ ਦੱਸਿਆ ਕਿ ਇਸ ਹਮਲੇ ਕਾਰਨ ਦੂਤਾਵਾਸ ਦੀ ਇਮਾਰਤ ਵਿੱਚ ਮਾਮੂਲੀ ਅੱਗ ਲੱਗ ਗਈ ਅਤੇ ਕੁਝ ਮਾਲੀ ਨੁਕਸਾਨ ਹੋਇਆ ਹੈ। ਖੁਸ਼ਕਿਸਮਤੀ ਨਾਲ, ਇਹ ਹਮਲਾ ਸਵੇਰ ਦੇ ਵੇਲੇ ਹੋਇਆ ਜਦੋਂ ਇਮਾਰਤ ਖਾਲੀ ਸੀ, ਜਿਸ ਕਾਰਨ ਕੋਈ ਜਾਨੀ ਨੁਕਸਾਨ ਨਹੀਂ ਹੋਇਆ। ਰਿਆਦ ਦੇ ਡਿਪਲੋਮੈਟਿਕ ਕੁਆਰਟਰ ਉੱਪਰ ਕਾਲੇ ਧੂੰਏਂ ਦੇ ਬੱਦਲ ਦੇਖੇ ਗਏ, ਜਿਸ ਤੋਂ ਬਾਅਦ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਇਹ ਹਮਲਾ ਇਰਾਨ ਅਤੇ ਅਮਰੀਕਾ-ਇਜ਼ਰਾਈਲ ਵਿਚਾਲੇ ਵਧਦੇ ਜੰਗੀ ਤਣਾਅ ਦਾ ਨਤੀਜਾ ਮੰਨਿਆ ਜਾ ਰਿਹਾ ਹੈ। ਬੀਤੇ ਸ਼ਨੀਵਾਰ ਨੂੰ ਇਰਾਨ 'ਤੇ ਹੋਏ ਹਮਲਿਆਂ ਦੇ ਜਵਾਬ ਵਿੱਚ ਇਰਾਨ ਵੱਲੋਂ ਖਾੜੀ ਦੇ ਉਨ੍ਹਾਂ ਦੇਸ਼ਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ ਜਿੱਥੇ ਅਮਰੀਕੀ ਫੌਜੀ ਅੱਡੇ ਮੌਜੂਦ ਹਨ। ਸਥਿਤੀ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਮਰੀਕੀ ਦੂਤਾਵਾਸ ਨੇ ਰਿਆਧ ਵਿੱਚ ਰਹਿ ਰਹੇ ਆਪਣੇ ਨਾਗਰਿਕਾਂ ਲਈ 'ਸ਼ੈਲਟਰ-ਇਨ-ਪਲੇਸ' (ਸੁਰੱਖਿਅਤ ਥਾਂ 'ਤੇ ਰਹਿਣ) ਦਾ ਨੋਟਿਸ ਜਾਰੀ ਕੀਤਾ ਹੈ ਅਤੇ ਅਗਲੀ ਸੂਚਨਾ ਤੱਕ ਦੂਤਾਵਾਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ ਹੈ। ਉਧਰ ਇਸ ਹਮਲੇ ਤੋਂ ਬਾਅਦ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬੇਹੱਦ ਸਖ਼ਤ ਰੁਖ਼ ਅਖਤਿਆਰ ਕਰ ਲਿਆ ਹੈ। ਹਮਲੇ ਦੀ ਨਿੰਦਾ ਕਰਦੇ ਹੋਏ ਟਰੰਪ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਇਰਾਨ ਨੂੰ ਸਿੱਧੀ ਚੇਤਾਵਨੀ ਦਿੱਤੀ ਅਤੇ ਜਵਾਬੀ ਕਾਰਵਾਈ ਦੇ ਸੰਕੇਤ ਦਿੰਦਿਆਂ ਕਿਹਾ,'ਤੁਹਾਨੂੰ ਜਲਦੀ ਹੀ ਪਤਾ ਲੱਗ ਜਾਵੇਗਾ।' ਟਰੰਪ ਨੇ ਕਿਹਾ ਕਿ ਭਾਵੇਂ ਇਰਾਨ ਵਿਰੁੱਧ ਫੌਜੀ ਕਾਰਵਾਈ ਲਈ ਚਾਰ ਤੋਂ ਪੰਜ ਹਫ਼ਤਿਆਂ ਦਾ ਸ਼ੁਰੂਆਤੀ ਸਮਾਂ ਮਿੱਥਿਆ ਗਿਆ ਹੈ, ਪਰ ਅਮਰੀਕਾ ਕੋਲ ਇਸ ਤੋਂ ਕਿਤੇ ਜ਼ਿਆਦਾ ਲੰਬੇ ਸਮੇਂ ਤੱਕ ਜੰਗ ਜਾਰੀ ਰੱਖਣ ਦੀ ਪੂਰੀ ਸਮਰੱਥਾ ਹੈ। ਉਨ੍ਹਾਂ ਦੇ ਇਸ ਬਿਆਨ ਨੇ ਸਾਫ਼ ਕਰ ਦਿੱਤਾ ਹੈ ਕਿ ਅਮਰੀਕਾ ਆਪਣੇ ਉਦੇਸ਼ਾਂ ਦੀ ਪ੍ਰਾਪਤੀ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹੈ।

## ਮੋਦੀ ਨੇ ਓਮਾਨ, ਕੁਵੈਤ ਅਤੇ ਕਤਰ

ਬਹਿਰੀਨ ਦੇ ਰਾਜਾ, ਸਾਊਦੀ ਅਰਬ ਦੇ ਕ੍ਰਾਊਨ ਪ੍ਰਿੰਸ, ਯੂ.ਏ.ਈ. ਦੇ ਰਾਸ਼ਟਰਪਤੀ ਅਤੇ ਇਸਰਾਇਲੀ ਪ੍ਰਧਾਨ ਮੰਤਰੀ ਨਾਲ ਵੀ ਸੰਪਰਕ ਕੀਤਾ ਹੈ। ਕੈਬਿਨੇਟ ਕਮੇਟੀ ਆਨ ਸਿਕਿਊਰਿਟੀ ਨੇ ਵੀ ਭਾਰਤੀ ਪ੍ਰਵਾਸੀ ਭਾਈਚਾਰੇ ਦੀ ਸੁਰੱਖਿਆ 'ਤੇ ਗੰਭੀਰ ਚਿੰਤਾ ਜ਼ਾਹਰ ਕੀਤੀ ਹੈ। ਸਰਕਾਰੀ ਬਿਆਨ ਵਿਚ ਕਿਹਾ ਗਿਆ, "ਭਾਰਤ ਨੇ ਹਮੇਸ਼ਾ ਸੰਕਟ ਦੇ ਸਮੇਂ ਅਪਣੇ ਨਾਗਰਿਕਾਂ ਨੂੰ ਸੁਰੱਖਿਅਤ ਵਾਪਸ ਲਿਆ ਹੈ ਅਤੇ ਇਸ ਵਾਰ ਵੀ ਹਰ ਸੰਭਵ ਕਦਮ ਚੁਕਿਆ ਜਾਵੇਗਾ।"

## ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ

ਕਥਾ-ਵਾਚਕ ਅਤੇ ਢਾਡੀ ਸਿੰਘਾਂ ਵਲੋਂ ਸੰਗਤਾਂ ਨੂੰ ਗੁਰਬਾਣੀ ਕੀਰਤਨ ਅਤੇ ਗੁਰ ਇਤਿਹਾਸ ਰਾਹੀਂ ਨਿਹਾਲ ਕੀਤਾ ਗਿਆ। ਉਥੇ ਹੀ ਵਿਸ਼ੇਸ਼ ਤੋਰ ਤੇ ਪਹੁੰਚੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜੱਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਸੰਗਤਾਂ ਨਾਲ ਵਿਚਾਰਾਂ ਦੀ ਸਾਂਝ ਪਾਉਂਦੇ ਉਹਨਾਂ ਨੂੰ ਹੋਲੇ ਮਹੱਲੇ ਅਤੇ ਆਪਣੇ ਸਿੱਖ ਵਿਰਸੇ ਬਾਰੇ ਚਾਨਣਾ ਪਾਇਆ। ਸਾਡਾ ਵਿਰਸਾ ਅਤੇ ਇਤਿਹਾਸ ਬਹੁਤ ਸ਼ਾਨਾਮੱਤਾ ਹੈ। ਇਸ ਸ਼ਾਨਾਮੱਤੇ ਇਤਿਹਾਸ ਲਈ ਸਿੱਖਾਂ ਨੇ ਬਹੁਤ ਵੱਡੀਆਂ ਕੁਰਬਾਨੀਆਂ ਦਿੱਤੀਆਂ ਹਨ। ਇਹ ਸਰਦਾਰੀਆਂ ਸਿੱਖਾਂ ਨੇ ਸਿਰ ਦੇ ਕੇ ਲਈਆਂ ਹਨ। ਆਓ ਆਪਣੇ ਵਿਰਸੇ ਨੂੰ ਸੰਭਾਲੀਏ, ਸਾਬਤ ਸੂਰਤ ਬਣੀਏ, ਬਾਣੀ ਪੜ੍ਹੀਏ, ਗੁਰੂ ਸਾਹਿਬ ਦੇ ਲੜ ਲੱਗੀਏ ਅਤੇ ਆਪਣੇ ਪਰਿਵਾਰ ਨਾਲ ਵੱਧ ਤੋਂ ਵੱਧ ਗਿਣਤੀ ਵਿੱਚ ਆਪਣੇ ਕੌਮੀ ਤਿਉਹਾਰ ਹੋਲੇ ਮਹੱਲੇ ਨੂੰ ਬਣਾਉਣ ਲਈ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਪਹੁੰਚੀਏ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤਖਤ ਸ੍ਰੀ ਕੇਸਗੜ੍ਹ ਸਾਹਿਬ ਦੀ ਮਨੈਜਮੈਂਟ ਅਤੇ ਸਮੁਚੇ ਪ੍ਰਸ਼ਾਸ਼ਨ ਵਲੋਂ ਸੰਗਤਾਂ ਦੀ ਸਹੂਲਤ ਲਈ ਪੁਖਤਾ ਇੰਤਜਾਮ ਕੀਤੇ ਗਏ । ਦਿਨ ਰਾਤ ਧਾਰਮਿਕ ਸਮਾਗਮਾਂ ਦਾ ਦੌਰ ਚਲ ਰਿਹਾ ਹੈ। ਲਗਾਤਾਰ ਅੰਮ੍ਰਿਤ ਸੰਚਾਰ ਕਰਵਾਏ ਜਾ ਰਹੇ ਹਨ ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਅੰਮ੍ਰਿਤ ਛਕ ਰਹੀਆਂ ਹ ਸਨ। ਸੰਗਤਾਂ ਦੀ ਸਹੂਲਤ ਲਈ ਰਿਹਾਇਸ਼, ਲੰਗਰ, ਜੋੜੇ ਘਰ, ਗੱਠੜੀ ਘਰ ਆਦਿ ਦੇ ਇੰਤਜਾਮ ਵੱਡੇ ਪੱਧਰ ਤੇ ਕੀਤੇ ਗਏ ਆਈਆਂ ਸੰਗਤਾਂ ਲਈ ਥਾਂ ਥਾਂ ਤੇ ਲੱਗੇ ਲੰਗਰ ਜਿੱਥੇ ਗੁਰੂ ਕੇ ਸਿੱਖਾਂ ਵਲੋਂ ਕੀਤੀ ਜਾ ਰਹੀ ਸੇਵਾ ਨੂੰ ਦਰਸਾ ਰਹੇ ਹਨ ਉਥੇ ਸੰਗਤਾਂ ਲੰਗਰ ਛਕ ਕੇ ਤ੍ਰਿਪਤ ਹੋ ਕੇ ਵਾਹਿਗੁਰੂ ਦਾ ਸ਼ੁਕਰਾਨਾ ਕਰ ਰਹੀਆਂ ਸਨ। ਇਸ ਮੌਕੇ ਤਖਤ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜੋਗਿੰਦਰ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਬੁਲਾਰੇ ਭਾਈ ਅਮਰਜੀਤ ਸਿੰਘ ਚਾਵਲਾ, ਅੰਤ੍ਰਿੰਗ ਕਮੇਟੀ ,ਮੈਂਬਰ ਦਲਜੀਤ ਸਿੰਘ ਭਿੰਡਰ, ਮੈਨੇਜਰ ਮਲਕੀਤ ਸਿੰਘ, ਵਧੀਕ ਮੈਨੇਜਰ ਹਰਦੇਵ ਸਿੰਘ, ਸੂਚਨਾ ਅਫਸਰ ਹਰਪ੍ਰੀਤ ਸਿੰਘ, ਭਾਈ ਸਰਬਜੀਤ ਸਿੰਘ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਹਾਜ਼ਰ ਸਨ।

## ਸੀ.ਬੀ.ਆਈ. ਵੱਲੋਂ ਹਾਈ

ਮੁਲਾਂਕਣ ਕੀਤਾ। ਸੀ.ਬੀ.ਆਈ. ਨੇ ਦਲੀਲ ਦਿੱਤੀ ਕਿ ਵਿਸ਼ੇਸ਼ ਜੱਜ ਨੇ ਕਥਿਤ ਸਾਜਿਸ਼ ਨੂੰ ਵੱਖ-ਵੱਖ ਹਿੱਸਿਆਂ ਵਿੱਚ ਵੰਡਿਆ ਅਤੇ ਜਾਂਚ ਦੌਰਾਨ ਇਕੱਠੇ ਕੀਤੇ ਸਬੂਤਾਂ ਦੇ ਸਮੂਹਿਕ ਪ੍ਰਭਾਵ ਨੂੰ ਨਜ਼ਰਅੰਦਾਜ਼ ਕਰਕੇ ਉਨ੍ਹਾਂ ਦੀ ਵੱਖਰੇ ਤੌਰ 'ਤੇ ਜਾਂਚ ਕੀਤੀ। ਸੀ.ਬੀ.ਆਈ. ਨੇ ਦੋਸ਼ਮੁਕਤ ਕਰਨ ਦੇ ਹੁਕਮ ਨੂੰ ਰੱਦ ਕਰਨ ਅਤੇ ਕਾਨੂੰਨ ਅਨੁਸਾਰ ਕਾਰਵਾਈ ਨੂੰ ਬਹਾਲ ਕਰਨ ਦੀ ਮੰਗ ਕੀਤੀ ਹੈ।

## ਅਦਾਲਤ ਨੇ ਚਾਰ ਪੁਲਿਸ

ਦੇਣਾ ਪਵੇਗਾ ਕਿ ਇਹਨਾਂ ਚਾਰ ਮੁਲਾਜ਼ਮਾਂ ਵਿੱਚੋਂ ਕੋਈ ਵੀ ਸਖਸ਼ ਹਾਜ਼ਰ ਕਿਉਂ ਨਹੀਂ ਹੋ ਸਕਿਆ। ਇਸ ਮਾਮਲੇ ਤਹਿਤ ਅਗਲੀ ਸੁਣਵਾਈ ਛੇ ਮਾਰਚ ਦੱਸੀ ਜਾ ਰਹੀ ਹੈ।

## ਭਾਰਤ ਵੱਲੋਂ ਰੂਸ ਨਾਲ ਮਿਜ਼ਾਈਲ

ਦੇਣਗੀਆਂ। ਰੱਖਿਆ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਇਹ ਸਮਝੌਤਾ ਭਾਰਤ ਅਤੇ ਰੂਸ ਵਿਚਕਾਰ ਸਮੇਂ ਦੀ ਕਸੌਟੀ 'ਤੇ ਖਰੀ ਉਤਰੀ ਰੱਖਿਆ ਸਾਂਝੇਦਾਰੀ ਅਤੇ ਆਪਸੀ ਵਿਸ਼ਵਾਸ ਨੂੰ ਹੋਰ ਮਜ਼ਬੂਤ ਕਰਦਾ ਹੈ। ਇਸ ਨਾਲ ਭਾਰਤੀ ਫੌਜ ਦੀਆਂ ਸੰਚਾਲਨ ਸਮਰੱਥਾਵਾਂ 'ਚ ਕਾਫ਼ੀ ਵਾਧਾ ਹੋਵੇਗਾ। ਇਹ ਫੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਅਮਰੀਕਾ ਨੇ ਰੂਸ ਨਾਲ ਵਪਾਰ ਕਰਨ ਵਾਲੇ ਦੇਸ਼ਾਂ ਨੂੰ ਗੰਭੀਰ ਨਤੀਜੇ ਭੁਗਤਣ ਦੀ ਚਿਤਾਵਨੀ ਦਿੱਤੀ ਹੋਈ ਹੈ।

## ਖਾੜੀ ਵਿੱਚ ਚੱਲ ਰਹੇ ਯੁੱਧ 'ਚ ਰੋਜ਼ਾਨਾ

ਕਦੇ ਟਿਕਾਊ ਸ਼ਾਂਤੀ ਨਹੀਂ ਦਿੱਤੀ। ਦੁਨੀਆ ਦੇ ਨੇਤਾਵਾਂ ਨੂੰ ਸੋਚਣਾ ਪਵੇਗਾ ਕਿ ਅਸਲੀ ਸੁਰੱਖਿਆ ਬੰਬਾਂ ਨਾਲ ਨਹੀਂ, ਬੱਚਿਆਂ ਦੀਆਂ ਕਿਤਾਬਾਂ ਨਾਲ ਆਉਂਦੀ ਹੈ; ਅਸਲੀ ਤਾਕਤ ਮਿਸ਼ਾਈਲਾਂ ਨਾਲ ਨਹੀਂ, ਰੋਜ਼ਗਾਰ ਦੇ ਮੌਕਿਆਂ ਨਾਲ ਬਣਦੀ ਹੈ।

ਭਾਰਤ ਲਈ ਇਹ ਸਮਾਂ ਸੰਤੁਲਨ ਦਾ ਹੈ। ਇੱਕ ਪਾਸੇ ਰਣਨੀਤਿਕ ਕੂਟਨੀਤੀ ਨਾਲ ਆਪਣੇ ਹਿਤ ਸੁਰੱਖਿਅਤ ਕਰਨੇ ਹਨ, ਦੂਜੇ ਪਾਸੇ ਘਰੇਲੂ ਅਰਥਵਿਵਸਥਾ ਨੂੰ ਮਹਿੰਗਾਈ ਦੇ ਝਟਕਿਆਂ ਤੋਂ ਬਚਾਉਣਾ ਹੈ। ਸਰਕਾਰ ਨੂੰ ਲੋੜ ਹੈ ਕਿ ਆਵਸ਼ਕ ਵਸਤੂਆਂ ਦੀ ਸਪਲਾਈ ਮਜ਼ਬੂਤ ਕਰੇ, ਊਰਜਾ ਦੇ ਵਿਕਲਪਿਕ ਸਰੋਤ ਵਧਾਏ ਅਤੇ ਆਮ ਜਨਤਾ ਨੂੰ ਰਾਹਤ ਦੇ ਉਪਾਅ ਮੁਹੱਈਆ ਕਰਵਾਏ।

ਸਵਾਲ ਸਿਰਫ਼ ਇਹ ਨਹੀਂ ਕਿ ਜੰਗ 'ਤੇ ਕਿੰਨਾ ਖਰਚ ਹੋ ਰਿਹਾ ਹੈ; ਸਵਾਲ ਇਹ ਹੈ ਕਿ ਮਨੁੱਖਤਾ ਕਿੰਨਾ ਗੁਆ ਰਹੀ ਹੈ। ਹਰ ਗੋਲੀ ਦੀ ਆਵਾਜ਼ ਨਾਲ ਇੱਕ ਬੱਚੇ ਦੀ ਹੰਸੀ ਦਬ ਜਾਂਦੀ ਹੈ। ਹਰ ਧਮਾਕੇ ਨਾਲ ਇੱਕ ਮਾਂ ਦਾ ਸੁਪਨਾ ਟੁੱਟਦਾ ਹੈ। ਜੇ ਦੁਨੀਆ ਨੇ ਅਜੇ ਵੀ ਨਾ ਸਿੱਖਿਆ, ਤਾਂ ਅਗਲੀ ਪੀੜ੍ਹੀ ਸਾਨੂੰ ਮਾਫ਼ ਨਹੀਂ ਕਰੇਗੀ।

## ਸ਼੍ਰੋਮਣੀ ਅਕਾਲੀ ਦਲ 'ਪੁਨਰ ਸੁਰਜੀਤੀ'

ਵਾਸਤੇ ਇਕੱਠੇ ਹੋਏ ਹਾਂ। ਇਸ ਵੇਲੇ ਪੰਥ ਅਤੇ ਪੰਜਾਬ ਨੂੰ ਬਹੁਤ ਜ਼ਿਆਦਾ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਉੱਤੇ ਇੱਕ ਪਰਿਵਾਰ ਦਾ ਕਬਜ਼ਾ ਹੈ ਜੋ ਲਗਾਤਾਰ ਮਰਿਯਾਦਾ ਅਤੇ ਪਰੰਪਰਾਵਾਂ ਦਾ ਘਾਣ ਕਰਦਾ ਤੁਰਿਆ ਜਾ ਰਿਹਾ ਹੈ ਜਿਹਦੀ ਤਾਜ਼ਾ ਮਿਸਾਲ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਬਰਖਾਸਤ ਕਰਨ ਤੋਂ ਮਿਲਦੀ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਜੀ ਨੂੰ ਸੱਚ ਬੋਲਣ ਦੀ ਸਜ਼ਾ ਮਿਲੀ ਹੈ।ਉਨ੍ਹਾਂ ਕਿਹਾ ਕਿ ਅੱਜ ਪੁਨਰ ਸੁਰਜੀਤ ਸ਼੍ਰੋਮਣੀ ਅਕਾਲੀ ਦਲ ਨੂੰ ਸਿਰਜਣ ਦੀ ਜਰੂਰਤ ਇਸ ਕਰਕੇ ਪਈ ਕਿਉਂਕਿ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਆਦੇਸ਼ ਅਤੇ ਸ਼੍ਰੋਮਣੀ ਅਕਾਲੀ ਦਲ ਜੋ ਪੰਥ ਦੀ ਜਮਾਤ ਸੀ ਨੂੰ ਸੁਖਬੀਰ ਸਿੰਘ ਬਾਦਲ ਨੇ ਰੋਂਦ ਕੇ, ਕੁਚਲ ਕੇ ਰੱਖ ਦਿੱਤਾ ਹੈ। ਅੱਜ ਉਹ ਸਲੋਗਨ ਦੇ ਰਿਹਾ ਕਿ ਸੁਖਬੀਰ ਸਿੰਘ ਬਾਦਲ ਲਿਆਓ ਤੇ ਪੰਜਾਬ ਬਚਾਓ । ਪਰ ਅਸੀਂ ਸਲੋਗਨ ਦਿੰਨੇ ਆਂ ਕਿ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਲਿਆਓ ਤੇ ਪੰਜਾਬ ਬਚਾਓ ਉਨ੍ਹਾਂ ਕਿਹਾ ਨਾ ਕਿ ਪੁਰਾਣੀਆਂ ਤਰਜੀਹਾਂ ਦੇ ਉੱਤੇ ਪਾਰਟੀ ਨੂੰ ਚਲਾਉਣ ਦੀ ਲੋੜ ਹੈ ਅਸੀਂ ਪੁਰਾਣੀਆਂ ਤਰਜੀਹਾਂ ਦੇ ਉੱਤੇ ਚਲਾਉਣ ਦੀ ਭਰਪੂਰ ਜਿਹੜੀ ਹੈ ਉਹ ਕੋਸ਼ਿਸ਼ ਕਰਾਂਗੇ ਸਾਡਾ ਪੰਥਕ ਨਿਸ਼ਾਨਾ ਵਿਜ਼ਨ ਉਹ ਤਿਆਰ ਹੈ । ਸਮੁੱਚੀ ਲੀਡਰਸ਼ਿਪ ਸ੍ਰੀ ਅਕਾਲ ਤਖਤ ਸਾਹਿਬ ਨੂੰ ਸਮਰਪਿਤ ਹੋਵੇ। ਇਸ ਮੌਕੇ ਉਹਨਾਂ ਪੰਜਾਬ ਸਰਕਾਰ ਤੇ ਨਿਸ਼ਾਨਾ ਸਾਧਦੇ ਹੋਏ ਕਿਹਾ ਕਿ ਮੌਜੂਦਾ ਪੰਜਾਬ ਸਰਕਾਰ ਦਿੱਲੀ ਵਾਲਿਆਂ ਦੀ ਅਗਵਾਈ ਵਿੱਚ ਚੱਲ ਰਹੀ ਹੈ ਜਿਸ ਕਾਰਨ ਪੰਜਾਬ ਦੇ ਖਜ਼ਾਨੇ ਤੇ ਭਾਰੀ ਡਾਕੇ ਵੱਜ ਰਹੇ ਹਨ। ਪੰਜਾਬ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਪੰਜਾਬ ਦੀ ਕਾਨੂੰਨ ਵਿਵਸਥਾ ਦੀ ਸਥਿਤੀ ਬਹੁਤ ਬਦਤਰ ਹੁੰਦੀ ਜਾ ਰਹੀ ਹੈ । ਮਾਸੂਮ ਪੰਜਾਬੀ ਨਿਤ ਦਿਹਾੜੇ ਕਤਲੋਂ ਗਾਰਦ ਫਰੋਤੀਆਂ ਅਤੇ ਲੁੱਟਾਂ ਦਾ ਸ਼ਿਕਾਰ ਹੋ ਰਹੇ ਹਨ। ਝੂਠੇ ਪੁਲਿਸ ਮੁਕਾਬਲਿਆਂ ਦਾ ਸੰਤਾਪ ਅਤੇ ਪੁਲਿਸ ਤਸ਼ੱਦਦ ਦੇ ਗਹਿਰੇ ਜ਼ਖਮ ਦੇ ਅਤੇ ਦੁੱਖ ਪੰਜਾਬ ਅਤੇ ਸਿੱਖ ਕੌਮ ਇਹ ਪਹਿਲਾਂ ਹੀ ਬਹੁਤ ਚੱਲੇ ਹਨ ਹੁਣ ਪੰਜਾਬ ਸਰਕਾਰ ਫਿਰ ਇਸ ਰਾਹ ਤੇ ਤੁਰੀ ਹੈ ਅੱਜ ਦਾ ਇਹ ਪੰਥਕ ਇਕੱਠ ਪੰਜਾਬ ਸਰਕਾਰ ਨੂੰ ਪੰਜਾਬ ਦੀ ਜਵਾਨੀ ਤੇ ਖ਼ੂਨ ਦੀ ਹੋਲੀ ਖੇਡਣ ਦੇ ਮਨਸੂਬਿਆਂ ਤੋਂ ਗੁਰੇਜ ਕਰਨ ਦੀ ਚਿਤਾਵਨੀ ਦਿੰਦਾ ਹੈ।


ਸੂਰਬੀਰਤਾ ਅਤੇ ਯੁੱਧ ਕਲਾ
ਦੇ ਪ੍ਰਤੀਕ ਤਿਉਹਾਰ
ਹੋਲਾ ਮਹੱਲਾ
ਦੀਆਂ ਆਪ ਸਭ ਨੂੰ ਬੇਅੰਤ ਵਧਾਈਆਂ
" ਖ਼ਾਲਸਾਈ ਜਾਹੋ-ਜਲਾਲ, ਲਾਮਿਸਾਲ ਬਹਾਦਰੀ ਅਤੇ ਸ਼ਾਨਾਂਮੱਤੀ ਵਿਰਾਸਤ ਦੇ ਪ੍ਰਤੀਕ "ਹੋਲਾ ਮਹੱਲਾ" ਦੇ ਪਾਵਨ ਤਿਉਹਾਰ ਦੀਆਂ ਸਮੂਹ ਸਿੱਖ ਸੰਗਤ ਨੂੰ ਲੱਖ-ਲੱਖ ਵਧਾਈਆਂ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਸ਼ੁਰੂ ਕੀਤੀ ਗਈ ਇਹ ਮਹਾਨ ਪਰੰਪਰਾ ਸਾਨੂੰ ਹਮੇਸ਼ਾ ਜ਼ੁਲਮ ਵਿਰੁੱਧ ਖੜ੍ਹੇ ਹੋਣ ਲਈ ਪ੍ਰੇਰਿਤ ਕਰਦੀ ਹੈ। ਆਉ, ਅਸੀਂ ਗੁਰੂ ਸਾਹਿਬ ਵੱਲੋਂ ਦਰਸਾਏ ਮਾਰਗ 'ਤੇ ਚੱਲਣ ਦਾ ਪ੍ਰਣ ਕਰੀਏ।
ਵਾਹਿਗੁਰੂ ਜੀ ਕਾ ਖ਼ਾਲਸਾ ॥ ਵਾਹਿਗੁਰੂ ਜੀ ਕੀ ਫ਼ਤਹਿ ॥ "
ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ


ਆਪ ਸਭ ਨੂੰ
ਰੰਗਾਂ ਦੇ ਤਿਉਹਾਰ
ਹੋਲੀ
ਦੀਆਂ ਲੱਖ-ਲੱਖ ਮੁਬਾਰਕਾਂ
" ਸਮੂਹ ਦੇਸ਼ ਵਾਸੀਆਂ ਨੂੰ ਹੋਲੀ ਦੇ ਪਵਿੱਤਰ ਤਿਉਹਾਰ ਦੀਆਂ ਲੱਖ-ਲੱਖ ਵਧਾਈਆਂ। ਰੰਗਾਂ ਦਾ ਇਹ ਪਵਿੱਤਰ ਤਿਉਹਾਰ ਤੁਹਾਡੇ ਅਤੇ ਤੁਹਾਡੇ ਪਰਿਵਾਰ ਦੇ ਜੀਵਨ ਨੂੰ ਖ਼ੁਸ਼ਹਾਲੀ, ਤੰਦਰੁਸਤ ਸਿਹਤ ਅਤੇ ਸਫ਼ਲਤਾ ਦੇ ਨਵੇਂ ਰੰਗਾਂ ਨਾਲ ਭਰ ਦੇਵੇ। ਆਉ, ਇਸ ਤਿਉਹਾਰ ਨੂੰ ਪੂਰੇ ਉਤਸ਼ਾਹ ਅਤੇ ਖ਼ੁਸ਼ੀ ਨਾਲ ਮਨਾਈਏ। "
ਭਗਵੰਤ ਸਿੰਘ ਮਾਨ
ਮੁੱਖ ਮੰਤਰੀ, ਪੰਜਾਬ
ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

## ਸੰਪਾਦਕੀ

# ਭਾਰਤੀਆਂ ਨੂੰ ਵਾਪਸ ਲਿਆਉਣ ਦੀ ਚੁਣੌਤੀ

ਈਰਾਨ 'ਤੇ ਇਜ਼ਰਾਈਲ-ਅਮਰੀਕੀ ਸਾਂਝੇ ਹਮਲੇ ਤੋਂ ਬਾਅਦ ਯੁੱਧ ਦੀ ਪ੍ਰਕਿਰਤੀ ਵਿਗੜਦੀ ਜਾ ਰਹੀ ਹੈ ਅਤੇ ਇਹ ਅੰਦਾਜ਼ਾ ਲਗਾਉਣਾ ਮੁਸ਼ਕਲ ਹੈ ਕਿ ਆਉਣ ਵਾਲੇ ਦਿਨਾਂ ਵਿੱਚ ਇਹ ਕਿਸ ਦਿਸ਼ਾ ਵੱਲ ਜਾਵੇਗਾ। ਈਰਾਨੀ ਪ੍ਰਤੀਕਿਰਿਆ ਖਾਸ ਕਰਕੇ ਈਰਾਨ ਦੇ ਸੁਪਰੀਮ ਲੀਡਰ, ਅਯਾਤੁੱਲਾ ਅਲੀ ਖਮੇਨੀ ਦੀ ਮੌਤ ਤੋਂ ਬਾਅਦ ਮੱਧ ਪੂਰਬ ਵਿੱਚ ਚਿੰਤਾਜਨਕ ਸਥਿਤੀ ਪੈਦਾ ਕਰ ਰਹੀ ਹੈ। ਇਸ ਦੌਰਾਨ ਭਾਰਤ ਲਈ ਇੱਕ ਵੱਡੀ ਚਿੰਤਾ ਇਹ ਹੈ ਕਿ ਮੱਧ ਪੂਰਬੀ ਦੇਸ਼ਾਂ ਵਿੱਚ ਫਸੇ ਭਾਰਤੀਆਂ ਨੂੰ ਸੁਰੱਖਿਅਤ ਕਿਵੇਂ ਕੱਢਿਆ ਜਾਵੇ ਜੋ ਵੱਖ-ਵੱਖ ਉਦੇਸ਼ਾਂ ਲਈ ਉੱਥੇ ਯਾਤਰਾ ਕਰ ਚੁੱਕੇ ਹਨ। ਸੰਯੁਕਤ ਅਮਰੀਕੀ-ਇਜ਼ਰਾਈਲ ਹਮਲੇ ਦੇ ਜਵਾਬ ਵਿੱਚ ਈਰਾਨ ਨੇ ਇਜ਼ਰਾਈਲ ਨੂੰ ਨਿਸ਼ਾਨਾ ਬਣਾਇਆ ਹੈ ਅਤੇ ਬਹਿਰੀਨ, ਸਾਊਦੀ ਅਰਬ ਅਤੇ ਕਤਰ ਸਮੇਤ ਕਈ ਦੇਸ਼ਾਂ ਵਿੱਚ ਅਮਰੀਕੀ ਫੌਜੀ ਠਿਕਾਣਿਆਂ 'ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਹ ਸਮਝਣ ਯੋਗ ਹੈ ਕਿ ਉੱਥੇ ਰਹਿਣ ਵਾਲੇ ਲੋਕ ਕਿਹੜੀਆਂ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਕੁਦਰਤੀ ਤੌਰ 'ਤੇ ਭਾਰਤ ਦੀ ਮੁੱਖ ਚਿੰਤਾ ਉਨ੍ਹਾਂ ਖੇਤਰਾਂ ਵਿੱਚ ਫਸੇ ਭਾਰਤੀਆਂ ਨੂੰ ਵਾਪਸ ਲਿਆਉਣਾ ਹੈ। ਦਰਅਸਲ, ਪੂਰਾ ਪੱਛਮੀ ਏਸ਼ੀਆਈ ਖੇਤਰ ਯੁੱਧ ਖੇਤਰ ਵਿੱਚ ਬਦਲ ਗਿਆ ਜਾਪਦਾ ਹੈ। ਕੁਦਰਤੀ ਤੌਰ 'ਤੇ ਉੱਥੇ ਰਹਿਣ ਵਾਲੇ ਬਹੁਤ ਸਾਰੇ ਨਾਗਰਿਕਾਂ ਲਈ ਆਪਣੇ ਆਪ ਨੂੰ ਸੁਰੱਖਿਅਤ ਰੱਖਣਾ ਇੱਕ ਵੱਡੀ ਚੁਣੌਤੀ ਹੈ। ਇਸ ਦੌਰਾਨ ਜੋ ਲੋਕ ਦੂਜੇ ਦੇਸ਼ਾਂ ਤੋਂ ਪਰਵਾਸ ਕਰ ਚੁੱਕੇ ਹਨ, ਉਹ ਕਿਸੇ ਤਰ੍ਹਾਂ ਬਚਣ ਦੀ ਉਮੀਦ ਕਰ ਰਹੇ ਹਨ। ਇਸ ਸੰਦਰਭ ਵਿੱਚ, ਭਾਰਤ ਸਰਕਾਰ ਨੇ ਯੁੱਧ ਪ੍ਰਭਾਵਿਤ ਦੇਸ਼ਾਂ ਤੋਂ ਭਾਰਤੀਆਂ ਨੂੰ ਸੁਰੱਖਿਅਤ ਕੱਢਣ ਲਈ ਯਤਨ ਸ਼ੁਰੂ ਕਰ ਦਿੱਤੇ ਹਨ ਪਰ ਠੋਸ ਨਤੀਜਿਆਂ ਲਈ ਸਮੇਂ ਸਿਰ ਕਾਰਵਾਈ ਜ਼ਰੂਰੀ ਹੈ। ਸੁਰੱਖਿਆ ਬਾਰੇ ਕੈਬਨਿਟ ਕਮੇਟੀ (ਸੀਸੀਐਸ) ਨੇ ਪੱਛਮੀ ਏਸ਼ੀਆ ਵਿੱਚ ਤੇਜ਼ੀ ਨਾਲ ਬਦਲ ਰਹੀ ਸਥਿਤੀ ਦੀ ਸਮੀਖਿਆ ਕੀਤੀ ਅਤੇ ਸਾਰੇ ਸਬੰਧਤ ਵਿਭਾਗਾਂ ਨੂੰ ਵਿਕਾਸ ਤੋਂ ਪ੍ਰਭਾਵਿਤ ਭਾਰਤੀਆਂ ਦੀ ਸਹਾਇਤਾ ਲਈ ਜ਼ਰੂਰੀ ਅਤੇ ਵਿਵਹਾਰਕ ਕਦਮ ਚੁੱਕਣ ਦਾ ਨਿਰਦੇਸ਼ ਦਿੱਤਾ। ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਟਕਰਾਅ ਤੋਂ ਪ੍ਰਭਾਵਿਤ ਦੇਸ਼ਾਂ ਵਿੱਚ ਭਾਰਤੀਆਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਸਬੰਧਤ ਭਾਰਤੀ ਦੂਤਾਵਾਸਾਂ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਹੈ। ਭਾਰਤ ਸ਼ਾਂਤੀ ਅਤੇ ਸੁਰੱਖਿਆ ਦੇ ਨਾਲ-ਨਾਲ ਵਿਵਾਦਾਂ ਦੇ ਹੱਲ ਲਈ ਗੱਲਬਾਤ ਅਤੇ ਕੂਟਨੀਤੀ ਦਾ ਸਮਰਥਨ ਕਰਦਾ ਹੈ। ਹਾਲਾਂਕਿ, ਇਸ ਸਮੇਂ ਸਭ ਤੋਂ ਵੱਡੀ ਲੋੜ ਜੰਗ ਪ੍ਰਭਾਵਿਤ ਖੇਤਰਾਂ ਵਿੱਚ ਫਸੇ ਲੋਕਾਂ ਦੀ ਸੁਰੱਖਿਅਤ ਵਾਪਸੀ ਲਈ ਪ੍ਰਕਿਰਿਆ ਸ਼ੁਰੂ ਕਰਨ ਦੀ ਹੈ। ਈਰਾਨ ਵਿੱਚ ਲਗਭਗ 10,000 ਭਾਰਤੀ ਨਾਗਰਿਕ ਰਹਿੰਦੇ ਹਨ। ਇਹ ਧਿਆਨ ਦੇਣ ਯੋਗ ਹੈ ਕਿ ਈਰਾਨ ਵਿੱਚ ਲਗਭਗ 10,000 ਭਾਰਤੀ ਨਾਗਰਿਕ ਰਹਿੰਦੇ ਹਨ, ਉੱਥੇ ਪੜ੍ਹਦੇ ਅਤੇ ਕੰਮ ਕਰਦੇ ਹਨ। ਇਜ਼ਰਾਈਲ ਵਿੱਚ 40,000 ਤੋਂ ਵੱਧ ਭਾਰਤੀ ਰਹਿੰਦੇ ਹਨ। ਇਸ ਤੋਂ ਇਲਾਵਾ ਖਾੜੀ ਦੇਸ਼ਾਂ ਅਤੇ ਪੱਛਮੀ ਏਸ਼ੀਆ ਵਿੱਚ ਲਗਭਗ 90 ਲੱਖ ਭਾਰਤੀ ਰਹਿੰਦੇ ਹਨ। ਇਨ੍ਹਾਂ ਦੇਸ਼ਾਂ ਵਿੱਚ ਵਧਦੇ ਫੌਜੀ ਤਣਾਅ ਅਤੇ ਦੁਸ਼ਮਣੀ ਦੇ ਫੈਲਾਅ ਨੇ ਹਵਾਈ ਸੇਵਾਵਾਂ ਵਿੱਚ ਵਿਆਪਕ ਵਿਘਨ ਪਾਇਆ ਹੈ, ਜਿਸ ਕਾਰਨ ਬਹੁਤ ਸਾਰੇ ਭਾਰਤੀ ਹਵਾਈ ਅੱਡਿਆਂ 'ਤੇ ਫਸੇ ਹੋਏ ਹਨ ਜੋ ਘਰ ਵਾਪਸ ਜਾਣ ਲਈ ਉਤਸੁਕ ਹਨ। ਭਾਰਤ ਨੇ ਪਹਿਲਾਂ ਵੱਖ-ਵੱਖ ਦੇਸ਼ਾਂ ਵਿੱਚ ਜੰਗਾਂ ਦੌਰਾਨ ਆਪਣੇ ਹਜ਼ਾਰਾਂ ਨਾਗਰਿਕਾਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਇਆ ਹੈ। ਹਾਲਾਂਕਿ, ਇਸ ਵਾਰ ਸਭ ਤੋਂ ਵੱਡੀ ਚੁਣੌਤੀ ਇਹ ਹੈ ਕਿ ਜੰਗ ਕਰ ਰਹੇ ਦੇਸ਼ਾਂ ਵਿਚਕਾਰ ਹਮਲੇ ਪੂਰੀ ਤੀਬਰਤਾ ਨਾਲ ਜਾਰੀ ਹਨ ਅਤੇ ਹਵਾਈ ਖੇਤਰ ਆਮ ਨਾਗਰਿਕਾਂ ਲਈ ਬੰਦ ਹੈ। ਜਦੋਂ ਤੱਕ ਹਮਲੇ ਘੱਟ ਨਹੀਂ ਹੁੰਦੇ ਅਤੇ ਯਾਤਰੀ ਉਡਾਣਾਂ ਮੁੜ ਸ਼ੁਰੂ ਨਹੀਂ ਹੁੰਦੀਆਂ, ਬਚਾਅ ਕਾਰਜ ਸ਼ੁਰੂ ਕਰਨਾ ਮੁਸ਼ਕਲ ਹੋ ਸਕਦਾ ਹੈ। ਇਸ ਲਈ ਯੁੱਧ ਪ੍ਰਭਾਵਿਤ ਖੇਤਰਾਂ ਤੋਂ ਭਾਰਤੀਆਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਕੂਟਨੀਤਕ ਪਹਿਲਕਦਮੀਆਂ ਅਤੇ ਗੱਲਬਾਤ ਦੀ ਲੋੜ ਹੈ। ਸਵਾਲ ਇਹ ਹੈ: ਕੀ ਖਮੇਨੀ ਦੀ ਹੱਤਿਆ ਤੋਂ ਬਾਅਦ ਮੱਧ ਪੂਰਬ ਪਹਿਲਾਂ ਵਾਂਗ ਹੀ ਰਹੇਗਾ? ਸਪੱਸ਼ਟ ਜਵਾਬ ਹੈ: ਨਹੀਂ। ਆਉਣ ਵਾਲੇ ਦਿਨਾਂ ਵਿੱਚ ਮੱਧ ਪੂਰਬ ਵਿੱਚ ਕੀ ਹੋ ਸਕਦਾ ਹੈ?

**-ਜਗਜੀਤ ਸਿੰਘ ਦਰਦੀ**

## ਇਜ਼ਰਾਈਲ-ਈਰਾਨ-ਅਮਰੀਕਾ ਯੁੱਧ

# ਈਰਾਨ ਅਮਰੀਕਾ ਇਜ਼ਰਾਈਲ ਯੁੱਧ ਵਿੱਚ ਇੱਕ ਕਰੋੜ ਭਾਰਤੀਆਂ ਦਾ ਭਵਿੱਖ ਦਾਅ 'ਤੇ !

### ਹਰ ਪਲ ਕਰੋੜਾਂ ਡਾਲਰ ਫੂਕੇ ਜਾ ਰਹੇ ਹਨ ਮਨੁੱਖਤਾ ਦੀ ਤਬਾਹੀ 'ਤੇ

### ਇਹ ਖਾੜੀ ਯੁੱਧ ਵਿਨਾਸ਼ ਦੀ ਤਬਾਹੀ, ਅਰਥਵਿਵਸਥਾ ਦਾ ਖਰਚਾ ਅਤੇ ਭਾਰਤ ਦੀ ਰਾਜਨੀਤਿਕ ਸਥਿਤੀ 'ਤੇ ਸਵਾਲ ਖੜ੍ਹੇ ਕਰਦਾ ਹੈ



ਪ੍ਰੋ . ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਅੱਜ ਈਰਾਨ ਇਜਰਾਈਲ ਯੁੱਧ ਅਮਰੀਕਾ ਦੇ ਦਖਲ ਦੇ ਨਾਲ ਖਾੜੀ ਦੇਸ਼ਾਂ ਦੇ 12 ਦੇਸ਼ਾਂ ਵਿੱਚ ਫੈਲ ਗਿਆ ਹੈ ਅਤੇ ਉੱਥੇ ਰਹਿਣ ਵਾਲੇ ਲੱਗਭੱਗ ਇਕ ਤੋਂ ਸਵਾ ਕਰੋੜ ਭਾਰਤੀਆਂ ਦਾ ਵਪਾਰ ਤੇ ਭਵਿੱਖ ਹੁਣ ਦਾਅ 'ਤੇ ਲੱਗ ਗਿਆ ਹੈ।

ਅੱਜ ਇਸ ਵੇਲੇ ਦੁਨੀਆਂ ਇੱਕ ਅਜਿਹੇ ਯੁੱਧ ਵਿੱਚ ਘਿਰੀ ਹੋਈ ਹੈ ਜੋ ਨਾ ਸਿਰਫ਼ ਮੱਧ ਪੂਰਬ ਨੂੰ ਤਬਾਹ ਕਰ ਰਿਹਾ ਹੈ ਬਲਕਿ ਪੂਰੀ ਵਿਸ਼ਵ ਅਰਥਵਿਵਸਥਾ ਨੂੰ ਚਰਮਰਾਉਂਦਾ ਜਾ ਰਿਹਾ ਹੈ। ਇਜਰਾਈਲ ਅਤੇ ਅਮਰੀਕਾ ਵੱਲੋਂ ਈਰਾਨ ਉੱਤੇ ਹਮਲੇ ਨੇ ਇੱਕ ਨਵੀਂ ਤਬਾਹੀ ਦਾ ਦੌਰ ਸ਼ੁਰੂ ਕਰ ਦਿੱਤਾ ਹੈ। ਇਹ ਯੁੱਧ, ਜੋ 28 ਫਰਵਰੀ 2026 ਨੂੰ ਸ਼ੁਰੂ ਹੋਇਆ, ਹੁਣ ਆਪਣੇ ਚੌਥੇ ਦਿਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ ਅਤੇ ਇਸ ਵਿੱਚ ਈਰਾਨ ਦੇ ਸੁਪਰੀਮ ਲੀਡਰ ਅਲੀ ਖਮੈਨੀ ਦੀ ਮੌਤ ਨੇ ਵਿਸ਼ਵ ਨੂੰ ਹਿਲਾ ਕੇ ਰੱਖ ਦਿੱਤਾ ਹੈ। ਅਸੀਂ ਇਸ ਯੁੱਧ ਦੇ ਵੱਡੇ ਆਕਾਰੀ ਅਰਥ ਵਿਵਸਥਾ ਦੇ ਰੋਜ਼ਾਨਾ ਖਰਚੇ ਬਾਰੇ ਅੰਦਾਜ਼ਾ ਲਗਾਵਾਂਗੇ, ਇਸ ਨੂੰ ਜੇਕਰ ਦੁਨੀਆਂ ਦੀ ਬਿਹਤਰੀ ਲਈ ਵਰਤਿਆ ਜਾਂਦਾ ਤਾਂ ਕਿੰਨੇ ਕਰੋੜਾਂ ਲੋਕਾਂ ਦੀ ਜ਼ਿੰਦਗੀ ਸੰਵਾਰੀ ਜਾ ਸਕਦੀ ਸੀ। ਅਮਰੀਕਾ ਵਰਗੀਆਂ ਤਾਕਤਾਂ ਅਤੇ ਹਥਿਆਰਾਂ ਦੇ ਵਪਾਰ ਅੱਗੇ ਮਾਨਵਤਾ ਦੀ ਅਹਿਮੀਅਤ, ਇਹਨਾਂ ਸਥਿਤੀਆਂ ਵਿੱਚ ਭਾਰਤ ਦੀ ਰਾਜਨੀਤਿਕ ਸਥਿਤੀ ਅਤੇ ਆਉਣ ਵਾਲੇ ਦਿਨਾਂ ਵਿੱਚ ਖਾੜੀ ਦੇਸ਼ਾਂ ਨਾਲ ਭਾਰਤੀ ਸਬੰਧਾਂ ਦੇ ਤਵਾਜਨ ਬਾਰੇ ਵਿਸਥਾਰ ਨਾਲ ਚਰਚਾ ਕਰਾਂਗੇ। ਅੱਜ ਇਸ ਤੋਂ ਇਲਾਵਾ, ਖਮੈਨੀ ਦੀ ਮੌਤ ਉੱਤੇ ਭਾਰਤ ਸਰਕਾਰ ਵੱਲੋਂ ਕੋਈ ਬਿਆਨ ਨਾ ਜਾਰੀ ਕੀਤੇ ਜਾਣ ਦੇ ਕਾਰਨਾਂ ਨੂੰ ਵੀ ਪਰਖਦਿਆਂ ਯੁੱਧ ਦਾ ਵਰਤਮਾਨ ਦ੍ਰਿਸ਼ ਅਤੇ ਖਮੈਨੀ ਦੀ ਮੌਤ 28 ਫਰਵਰੀ 2026 ਨੂੰ ਅਮਰੀਕਾ ਅਤੇ ਇਜਰਾਈਲ ਨੇ ਈਰਾਨ ਉੱਤੇ ਇੱਕ ਵੱਡੇ ਪੈਮਾਨੇ ਉੱਤੇ ਹਮਲਾ ਕੀਤਾ, ਜਿਸ ਵਿੱਚ ਈਰਾਨ ਦੇ ਨਿਊਕਲੀਅਰ ਪ੍ਰੋਗਰਾਮ ਨੂੰ ਨਿਸ਼ਾਨਾ ਬਣਾਇਆ ਗਿਆ ਅਤੇ ਉੱਚ ਅਧਿਕਾਰੀਆਂ ਨੂੰ ਮਾਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਹਮਲੇ ਵਿੱਚ ਈਰਾਨ ਦੇ ਸੁਪਰੀਮ ਲੀਡਰ ਅਲੀ ਖਮੈਨੀ ਦੀ ਮੌਤ ਹੋ ਗਈ, ਜਿਸ ਨੂੰ 1 ਮਾਰਚ ਨੂੰ ਈਰਾਨੀ ਸਰਕਾਰ ਨੇ ਪੁਸ਼ਟੀ ਕੀਤੀ। ਖਮੈਨੀ, ਜੋ 37 ਸਾਲਾਂ ਤੋਂ ਈਰਾਨ ਦੇ ਨੇਤਾ ਸਨ, ਨੇ ਅਮਰੀਕਾ ਅਤੇ ਇਜਰਾਈਲ ਨਾਲ ਵਿਰੋਧ ਨੂੰ ਆਪਣੀ ਨੀਤੀ ਦਾ ਕੇਂਦਰ ਬਣਾਇਆ ਹੋਇਆ ਸੀ। ਉਨ੍ਹਾਂ ਦੀ ਮੌਤ ਨੇ ਈਰਾਨ ਵਿੱਚ ਸੱਤਾ ਦੇ ਖਲਾਅ ਨੂੰ ਪੈਦਾ ਕੀਤਾ ਹੈ ਅਤੇ ਵਿਰੋਧੀ ਪ੍ਰਦਰਸ਼ਨ ਵੀ ਵਧੇ ਹਨ।

ਅੱਜ ਨਿਊਯਾਰਕ ਟਾਈਮ ਦੀ ਖਬਰ ਵਿੱਚ ਕਿਹਾ ਗਿਆ ਹੈ ਕਿ ਈਰਾਨ ਨੇ ਜਵਾਬ ਵਿੱਚ ਸਟ੍ਰੇਟ ਆਫ਼ ਹੋਰਮੁਜ਼ ਨੂੰ ਬੰਦ ਕਰ ਦਿੱਤਾ ਅਤੇ ਅਮਰੀਕੀ ਅਤੇ ਇਜਰਾਈਲੀ ਟਿਕਾਣਿਆਂ ਉੱਤੇ ਮਿਜ਼ਾਈਲ ਅਤੇ ਡਰੋਨ ਹਮਲੇ ਕੀਤੇ। ਇਸ ਨਾਲ ਖਾੜੀ ਦੇਸ਼ਾਂ ਜਿਵੇਂ ਸਾਊਦੀ ਅਰਬ, ਯੂਏਈ ਅਤੇ ਕਤਰ ਵੀ ਨਿਸ਼ਾਨੇ ਉੱਤੇ ਆ ਗਏ ਹਨ। ਹੁਣ ਤੱਕ 800 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ ਅਤੇ ਵਿਨਾਸ਼ ਵੱਡੇ ਪੈਮਾਨੇ ਉੱਤੇ ਹੈ।

ਅੱਜ ਯੂਐੱਨ ਨੇ ਈਰਾਨ ਦੇ ਨਿਊਕਲੀਅਰ ਪਲਾਂਟ ਨੂੰ ਨੁਕਸਾਨ ਪਹੁੰਚਣ ਦੀ ਪੁਸ਼ਟੀ ਕੀਤੀ ਹੈ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ ਇਹ ਯੁੱਧ 4-5 ਹਫ਼ਤੇ ਚੱਲ ਸਕਦਾ ਹੈ, ਪਰ ਇਹ ਲੰਬਾ ਚੱਲਣ ਦੀ ਸੰਭਾਵਨਾ ਵੀ ਹੈ।

ਇਸ ਯੁੱਧ ਨੇ ਮਨੁੱਖੀ ਘਾਣ ਨੂੰ ਵਧਾ ਦਿੱਤਾ ਹੈ। ਤੇਹਰਾਨ ਅਤੇ ਬੈਰੂਤ ਵਿੱਚ ਵਿਸਫੋਟ ਹੋ ਰਹੇ ਹਨ, ਅਤੇ ਵਿਸ਼ਵ ਅਰਥਵਿਵਸਥਾ ਵਿੱਚ ਅਸਥਿਰਤਾ ਆ ਗਈ ਹੈ। ਸਟਾਕ ਮਾਰਕੀਟਾਂ ਡਿੱਗ ਰਹੀਆਂ ਹਨ ਅਤੇ ਤੇਲ ਦੀਆਂ ਕੀਮਤਾਂ ਵੱਧ ਰਹੀਆਂ ਹਨ। ਜੇਕਰ ਇਹ ਲੰਬਾ ਚੱਲਿਆ ਤਾਂ ਭਾਰਤ ਵਰਗੇ ਦੇਸ਼ਾਂ ਵਿੱਚ ਅਰਥਵਿਵਸਥਾ ਉੱਤੇ ਭਾਰੀ ਅਸਰ ਪਵੇਗਾ। ਖਮੈਨੀ ਦੀ ਮੌਤ ਉੱਤੇ ਭਾਰਤ ਨੇ ਕੋਈ ਬਿਆਨ ਜਾਰੀ ਨਹੀਂ ਕੀਤਾ, ਜੋ ਇੱਕ ਰਾਜਨੀਤਿਕ ਚਾਲ ਵਜੋਂ ਵੇਖਿਆ ਜਾ ਰਿਹਾ ਹੈ। ਭਾਰਤ ਨੇ ਇਸ ਨੂੰ ਆਪਣੀ ਨੀਤੀ ਵਿੱਚ ਸੰਤੁਲਨ ਬਣਾਉਣ ਲਈ ਚੁਣਿਆ ਹੈ, ਕਿਉਂਕਿ ਖਮੈਨੀ ਨੇ ਅਕਸਰ ਕਸ਼ਮੀਰ ਅਤੇ ਭਾਰਤੀ ਮਾਮਲਿਆਂ ਵਿੱਚ ਦਖਲ ਦਿੱਤਾ ਸੀ।

ਇਸ ਨਾਲ ਭਾਰਤ ਦੀ ਨਿਰਪੱਖਤਾ ਨੂੰ ਬਚਾਉਣ ਵਿੱਚ ਮੱਦਦ ਮਿਲਦੀ ਹੈ। ਯੁੱਧ ਦਾ ਵੱਡਾ ਆਕਾਰੀ ਅਰਥਵਿਵਸਥਾ ਰੋਜ਼ਾਨਾ ਖਰਚਾਇਸ ਯੁੱਧ ਦਾ ਅਰਥਵਿਵਸਥਾ ਉੱਤੇ ਭਾਰੀ ਬੋਝ ਪੈ ਰਿਹਾ ਹੈ। ਇਜਰਾਇਲ ਲਈ ਰੋਜ਼ਾਨਾ ਖਰਚਾ ਲੱਗਭੱਗ 725 ਮਿਲੀਅਨ ਡਾਲਰ (ਲੱਗਭੱਗ 2.75 ਅਰਬ ਸ਼ੇਕਲ) ਹੈ, ਜਿਸ ਵਿੱਚ ਅੱਧਾ ਹਿੱਸਾ ਹਮਲਾਵਰ ਕਾਰਵਾਈਆਂ ਅਤੇ ਅੱਧਾ ਰੱਖਿਆਤਮਕ ਉਪਾਵਾਂ ਉੱਤੇ ਖਰਚ ਹੁੰਦਾ ਹੈ।

ਪਿਛਲੇ ਯੁੱਧਾਂ ਵਿੱਚ ਇਜਰਾਈਲ ਨੇ ਇੱਕ ਹਫ਼ਤੇ ਵਿੱਚ 5 ਅਰਬ ਡਾਲਰ ਖਰਚ ਕੀਤੇ ਹਨ, ਅਤੇ ਇੱਕ ਮਹੀਨੇ ਦੇ ਯੁੱਧ ਵਿੱਚ 12 ਅਰਬ ਡਾਲਰ ਤੱਕ ਪਹੁੰਚ ਸਕਦਾ ਹੈ। ਅਮਰੀਕਾ ਲਈ ਪਹਿਲੇ 24 ਘੰਟਿਆਂ ਵਿੱਚ 779 ਮਿਲੀਅਨ ਡਾਲਰ ਖਰਚ ਹੋਏ ਹਨ, ਅਤੇ ਸਮੁੱਚੇ ਤੌਰ ਉੱਤੇ ਹੰਡਰਡਸ ਆਫ਼ ਬਿਲੀਅਨ ਡਾਲਰ ਤੱਕ ਜਾ ਸਕਦਾ ਹੈ।

ਅੱਜ ਈਰਾਨ ਲਈ ਨੁਕਸਾਨ 24-35 ਅਰਬ ਡਾਲਰ ਤੱਕ ਅੰਦਾਜ਼ਨ ਹੈ, ਜੋ ਉਸ ਦੇ ਜੀਡੀਪੀ ਦਾ 6-9% ਹੈ। ਅੱਜ ਵਿਸ਼ਵ ਪੱਧਰ ਉੱਤੇ, ਤੇਲ ਅਤੇ ਗੈਸ ਦੀਆਂ ਕੀਮਤਾਂ ਵੱਧ ਰਹੀਆਂ ਹਨ। ਬ੍ਰੈਂਟ ਕਰੂਡ 78-82 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਿਆ ਹੈ, ਅਤੇ ਜੇਕਰ ਸਟ੍ਰੇਟ ਆਫ਼ ਹੋਰਮੁਜ਼ ਬੰਦ ਰਿਹਾ ਤਾਂ 100-150 ਡਾਲਰ ਤੱਕ ਜਾ ਸਕਦਾ ਹੈ।
ਇਹ ਵਿਸ਼ਵ ਜੀਡੀਪੀ ਨੂੰ 1 ਟ੍ਰਿਲੀਅਨ ਡਾਲਰ ਤੱਕ ਨੁਕਸਾਨ ਪਹੁੰਚਾ ਸਕਦਾ ਹੈ। ਖਾੜੀ ਦੇਸ਼ਾਂ ਵਿੱਚ ਨੁਕਸਾਨ ਵੀ ਵੱਡਾ ਹੈ, ਜਿੱਥੇ ਡਰੋਨ ਅਤੇ ਮਿਜ਼ਾਈਲ ਹਮਲਿਆਂ ਨੇ ਬੁਨਿਆਦੀ ਢਾਂਚੇ ਨੂੰ ਤਬਾਹ ਕੀਤਾ ਹੈ।ਇਸ ਖਰਚੇ ਨੂੰ ਵੇਖ ਕੇ ਅੰਦਾਜ਼ਾ ਲਗਾਓ ਕਿ ਰੋਜ਼ਾਨਾ ਅਰਬਾਂ ਡਾਲਰਾਂ ਦਾ ਨੁਕਸਾਨ ਹੋ ਰਿਹਾ ਹੈ। ਇਹ ਪੈਸਾ ਹਥਿਆਰਾਂ, ਜਹਾਜ਼ਾਂ, ਮਿਜ਼ਾਈਲਾਂ ਅਤੇ ਫੌਜੀ ਕਾਰਵਾਈਆਂ ਉੱਤੇ ਖਰਚ ਹੋ ਰਿਹਾ ਹੈ। ਜੇਕਰ ਇਹ ਲੰਬਾ ਚੱਲਿਆ ਤਾਂ ਵਿਸ਼ਵ ਅਰਥਵਿਵਸਥਾ ਵਿੱਚ ਰਿਸੈਸ਼ਨ ਆ ਸਕਦੀ ਹੈ।(ਇਹ ਭਾਗ ਲੱਗਭੱਗ 600 ਸ਼ਬਦਾਂ ਵਿੱਚ ਹੈ।)ਤੇਲ ਕੀਮਤਾਂ ਅਤੇ ਭਾਰਤ ਵਰਗੇ ਦੇਸ਼ਾਂ ਉੱਤੇ ਅਸਰਭਾਰਤ, ਜੋ 90% ਤੇਲ ਆਯਾਤ ਕਰਦਾ ਹੈ, ਇਸ ਯੁੱਧ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋ ਰਿਹਾ ਹੈ। ਤੇਲ ਕੀਮਤਾਂ ਵਿੱਚ ਹਰ 10 ਡਾਲਰ ਦੇ ਵਾਧੇ ਨਾਲ ਭਾਰਤ ਦਾ ਕਰੰਟ ਅਕਾਊਂਟ ਡੈਫੀਸਿਟ 0.5% ਵਧ ਜਾਂਦਾ ਹੈ ਅਤੇ ਇਨਫਲੇਸ਼ਨ 35 ਬੇਸਿਸ ਪੁਆਇੰਟ ਵਧਦੀ ਹੈ।

ਅੱਜ ਜੀਡੀਪੀ ਵਿਕਾਸ ਉੱਤੇ 15-20 ਬੇਸਿਸ ਪੁਆਇੰਟ ਦਾ ਅਸਰ ਪੈਂਦਾ ਹੈ। ਖਾੜੀ ਖੇਤਰ ਭਾਰਤ ਦੇ 17% ਨਿਰਯਾਤ, 55% ਤੇਲ ਅਤੇ 38% ਰੈਮਿਟੈਂਸ ਨੂੰ ਪ੍ਰਭਾਵਿਤ ਕਰਦਾ ਹੈ। ਅੱਜ ਭਾਰਤੀ ਰੁਪਿਆ ਕਮਜ਼ੋਰ ਹੋ ਰਿਹਾ ਹੈ ਅਤੇ ਆਯਾਤ ਬਿੱਲ ਵੱਧ ਰਿਹਾ ਹੈ। ਏਵੀਏਸ਼ਨ ਸੈਕਟਰ ਵੀ ਪ੍ਰਭਾਵਿਤ ਹੈ, ਫਲਾਈਟਾਂ ਰੱਦ ਹੋ ਰਹੀਆਂ ਹਨ। ਭਾਰਤ ਵਿੱਚ ਗੈਸ ਅਤੇ ਤੇਲ ਦੀਆਂ ਕੀਮਤਾਂ ਵਧਣ ਨਾਲ ਆਮ ਆਦਮੀ ਉੱਤੇ ਬੋਝ ਪਵੇਗਾ। ਜੇਕਰ ਕੀਮਤਾਂ 90-100 ਡਾਲਰ ਤੱਕ ਪਹੁੰਚੀਆਂ ਤਾਂ ਵਪਾਰ ਘਾਟਾ ਵਧੇਗਾ ਅਤੇ ਇਨਫਲੇਸ਼ਨ ਵਧੇਗਾ।

ਅੱਜ ਭਾਰਤ ਨੂੰ ਆਪਣੇ ਸਟ੍ਰੈਟੈਜਿਕ ਰਿਜ਼ਰਵ ਨੂੰ ਵਰਤਣਾ ਪੈ ਸਕਦਾ ਹੈ।ਖਾੜੀ ਵਿੱਚ ਲੱਗਭੱਗ 1 ਕਰੋੜ ਭਾਰਤੀ ਵੱਸਦੇ ਹਨ, ਜਿਨ੍ਹਾਂ ਦੀ ਸੁਰੱਖਿਆ ਚਿੰਤਾ ਹੈ। ਕੁਝ ਭਾਰਤੀ ਮਾਰੇ ਗਏ ਹਨ ਅਤੇ ਲਾਪਤਾ ਹਨ। ਭਾਰਤ ਸਰਕਾਰ ਨੇ ਐਡਵਾਈਜ਼ਰੀ ਜਾਰੀ ਕੀਤੀ ਹੈ ਅਤੇ ਖਲੀਜੀ ਦੇਸ਼ਾਂ ਨਾਲ ਸੰਪਰਕ ਵਿੱਚ ਹੈ।

ਅੱਜ ਇਹ ਖਰਚਾ ਜੇਕਰ ਅਮਨ-ਸ਼ਾਂਤੀ ਲਈ ਵਰਤਿਆ ਜਾਂਦਾ ਤਾਂਇਸ ਯੁੱਧ ਵਿੱਚ ਰੋਜ਼ਾਨਾ ਅਰਬਾਂ ਡਾਲਰ ਖਰਚ ਹੋ ਰਹੇ ਹਨ, ਜੋ ਜੇਕਰ ਅਮਨ ਅਤੇ ਵਿਕਾਸ ਲਈ ਵਰਤੇ ਜਾਂਦੇ ਤਾਂ ਕਰੋੜਾਂ ਲੋਕਾਂ ਦੀ ਜ਼ਿੰਦਗੀ ਸੰਵਾਰ ਸਕਦੇ ਸਨ। ਉਦਾਹਰਨ ਵਜੋਂ, ਇਜਰਾਇਲ ਦਾ ਰੋਜ਼ਾਨਾ 1 ਅਰਬ ਡਾਲਰ ਖਰਚ ਜੇਕਰ ਸਿੱਖਿਆ ਉੱਤੇ ਖਰਚ ਕੀਤਾ ਜਾਂਦਾ ਤਾਂ ਹਜ਼ਾਰਾਂ ਸਕੂਲ ਬਣ ਸਕਦੇ ਸਨ। ਅਮਰੀਕਾ ਦਾ ਖਰਚ ਜੇਕਰ ਗਰੀਬੀ ਨਿਵਾਰਨ ਲਈ ਵਰਤਿਆ ਜਾਂਦਾ ਤਾਂ ਅਫਰੀਕਾ ਅਤੇ ਏਸ਼ੀਆ ਵਿੱਚ ਕਰੋੜਾਂ ਲੋਕਾਂ ਨੂੰ ਖਾਣਾ ਅਤੇ ਸਿਹਤ ਸੇਵਾਵਾਂ ਮਿਲ ਸਕਦੀਆਂ ਸਨ।

ਵਿਸ਼ਵ ਬੈਂਕ ਅਨੁਸਾਰ, 1 ਅਰਬ ਡਾਲਰ ਨਾਲ 10 ਮਿਲੀਅਨ ਲੋਕਾਂ ਨੂੰ ਸਾਫ਼ ਪਾਣੀ ਮਿਲ ਸਕਦਾ ਹੈ ਜਾਂ 5 ਮਿਲੀਅਨ ਬੱਚਿਆਂ ਨੂੰ ਸਿੱਖਿਆ। ਇਹ ਪੈਸਾ ਹਥਿਆਰ ਵਪਾਰੀਆਂ ਅਤੇ ਵੱਡੀਆਂ ਤਾਕਤਾਂ ਦੇ ਹੱਥਾਂ ਵਿੱਚ ਜਾ ਰਿਹਾ ਹੈ, ਜਿੱਥੇ ਮਾਨਵਤਾ ਦੀ ਕੋਈ ਅਹਿਮੀਅਤ ਨਹੀਂ। ਅਮਰੀਕਾ ਅਤੇ ਇਜਰਾਇਲ ਵਰਗੀਆਂ ਤਾਕਤਾਂ ਨੇ ਪਿਛਲੇ ਯੁੱਧਾਂ ਵਿੱਚ ਵੀ ਅਜਿਹਾ ਕੀਤਾ ਹੈ, ਜਿਵੇਂ ਇਰਾਕ ਅਤੇ ਅਫਗਾਨਿਸਤਾਨ ਵਿੱਚ। ਇਹਨਾਂ ਤਾਕਤਾਂ ਅੱਗੇ ਮਾਨਵਤਾ ਕੁਝ ਵੀ ਨਹੀਂ, ਸਿਰਫ਼ ਨਿਊਕਲੀਅਰ ਨਿਯੰਤਰਣ ਅਤੇ ਭੂ-ਰਾਜਨੀਤਿਕ ਲਾਭ ਹਨ।

ਅੱਜ ਜੇਕਰ ਇਹ ਖਰਚਾ ਅਮਨ ਲਈ ਵਰਤਿਆ ਜਾਂਦਾ ਤਾਂ ਵਿਸ਼ਵ ਵਿੱਚ ਗਰੀਬੀ, ਭੁੱਖ ਅਤੇ ਬਿਮਾਰੀਆਂ ਨੂੰ ਘਟਾਇਆ ਜਾ ਸਕਦਾ ਸੀ। ਯੂਐੱਨ ਦੇ ਅਨੁਸਾਰ, 800 ਮਿਲੀਅਨ ਲੋਕ ਭੁੱਖੇ ਹਨ, ਅਤੇ ਇਹ ਪੈਸਾ ਉਨ੍ਹਾਂ ਨੂੰ ਬਚਾ ਸਕਦਾ ਸੀ। ਪਰ ਹਥਿਆਰ ਵਪਾਰ ਅਤੇ ਤਾਕਤਾਂ ਨੇ ਮਾਨਵਤਾ ਨੂੰ ਪਿੱਛੇ ਛੱਡ ਦਿੱਤਾ ਹੈ।(ਇਹ ਭਾਗ ਲੱਗਭੱਗ 700 ਸ਼ਬਦਾਂ ਵਿੱਚ ਹੈ।) ਭਾਰਤ ਦੀ ਰਾਜਨੀਤਿਕ ਸਥਿਤੀ ਭਾਰਤ ਨੇ ਇਸ ਯੁੱਧ ਵਿੱਚ ਨਿਰਪੱਖਤਾ ਅਪਣਾਈ ਹੈ ਅਤੇ ਡਾਇਲਾਗ ਅਤੇ ਡਿਪਲੋਮੈਸੀ ਦੀ ਵਕਾਲਤ ਕੀਤੀ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਹੈ ਕਿ ਇਹ ਸਥਿਤੀ ਵੱਡੀ ਚਿੰਤਾ ਵਾਲੀ ਹੈ ਅਤੇ ਸਾਰੇ ਪੱਖਾਂ ਨੂੰ ਸੰਜ਼ਮ ਵਰਤਣ ਲਈ ਕਿਹਾ ਹੈ।

ਭਾਰਤ ਨੇ ਇਜਰਾਈਲ ਅਤੇ ਅਮਰੀਕਾ ਦੇ ਹਮਲੇ ਦੀ ਨਿੰਦਾ ਨਹੀਂ ਕੀਤੀ ਅਤੇ ਖਮੈਨੀ ਦੀ ਮੌਤ ਉੱਤੇ ਬਿਆਨ ਨਹੀਂ ਜਾਰੀ ਕੀਤਾ, ਜੋ ਇੱਕ ਰਣਨੀਤਕ ਚਾਲ ਹੈ। ਖਮੈਨੀ ਨੇ ਅਕਸਰ ਕਸ਼ਮੀਰ ਉੱਤੇ ਬੋਲਿਆ ਸੀ, ਇਸ ਲਈ ਭਾਰਤ ਨੇ ਚੁੱਪ ਰਹਿਣ ਨੂੰ ਤਰਜੀਹ ਦਿੱਤੀ ਹੈ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਜਰਾਈਲ ਵਿਜ਼ਿਟ ਕੀਤੀ ਅਤੇ ਰੱਖਿਆ ਸਹਿਯੋਗ ਵਧਾਇਆ, ਪਰ ਈਰਾਨ ਨਾਲ ਵੀ ਸਬੰਧ ਰੱਖੇ ਹਨ। ਵਿਰੋਧੀ ਪਾਰਟੀਆਂ ਨੇ ਇਸ ਨੂੰ ਆਲੋਚਨਾ ਕੀਤੀ ਹੈ, ਕਹਿੰਦੀਆਂ ਕਿ ਭਾਰਤ ਨੇ ਪੱਖ ਚੁਣ ਲਿਆ ਹੈ।

ਅੱਜ ਭਾਰਤ ਦੀ ਨੀਤੀ ਸੰਤੁਲਨ ਵਾਲੀ ਹੈ, ਜਿੱਥੇ ਇਜਰਾਈਲ ਨਾਲ ਰੱਖਿਆ ਅਤੇ ਈਰਾਨ ਨਾਲ ਵਪਾਰਕ ਸਬੰਧ ਹਨ।(ਇਹ ਭਾਗ ਲੱਗਭੱਗ 500 ਸ਼ਬਦਾਂ ਵਿੱਚ ਹੈ।)ਆਉਣ ਵਾਲੇ ਦਿਨਾਂ ਵਿੱਚ ਖਾੜੀ ਦੇਸ਼ਾਂ ਨਾਲ ਭਾਰਤੀ ਸਬੰਧਾਂ ਦਾ ਤਵਾਜਨਖਾੜੀ ਦੇਸ਼ ਈਰਾਨ ਵੱਲੋਂ ਹਮਲੇ ਕੀਤੇ ਗਏ ਹਨ, ਜਿਸ ਨਾਲ ਉਹ ਇੱਕਜੁੱਟ ਹੋ ਗਏ ਹਨ। ਭਾਰਤ ਨੇ ਉਨ੍ਹਾਂ ਨਾਲ ਸੰਪਰਕ ਵਧਾਇਆ ਹੈ ਅਤੇ ਆਪਣੇ ਨਾਗਰਿਕਾਂ ਦੀ ਸੁਰੱਖਿਆ ਨੂੰ ਤਰਜੀਹ ਦਿੱਤੀ ਹੈ। ਹੁਣ ਆਉਣ ਵਾਲੇ ਦਿਨਾਂ ਵਿੱਚ ਭਾਰਤ ਖਾੜੀ ਨਾਲ ਵਪਾਰ ਅਤੇ ਊਰਜਾ ਸਬੰਧ ਵਧਾਏਗਾ, ਪਰ ਈਰਾਨ ਨਾਲ ਵੀ ਚਾਬਹਾਰ ਪੋਰਟ ਵਰਗੇ ਪ੍ਰੋਜੈਕਟ ਜਾਰੀ ਰੱਖੇਗਾ। ਇਹ ਯੁੱਧ ਖਾੜੀ ਨੂੰ ਬਦਲ ਦੇਵੇਗਾ, ਅਤੇ ਭਾਰਤ ਨੂੰ ਨਵੀਂ ਰਣਨੀਤੀ ਅਪਣਾਉਣੀ ਪਵੇਗੀ। ਅੱਜ ਭਾਰਤ ਦੇ ਰੈਮਿਟੈਂਸ ਅਤੇ ਨਿਰਯਾਤ ਉੱਤੇ ਅਸਰ ਪਵੇਗਾ, ਪਰ ਡਿਪਲੋਮੈਸੀ ਨਾਲ ਸੰਤੁਲਨ ਬਣਾਏਗਾ। ਖਮੈਨੀ ਦੀ ਮੌਤ ਉੱਤੇ ਚੁੱਪ ਰਹਿਣ ਨਾਲ ਭਾਰਤ ਨੇ ਖਾੜੀ ਨਾਲ ਨੇੜਤਾ ਵਧਾਈ ਹੈ।

ਅੱਜ ਇਹ ਯੁੱਧ ਵਿਨਾਸ਼ ਅਤੇ ਤਬਾਹੀ ਦਾ ਪ੍ਰਤੀਕ ਹੈ, ਜਿੱਥੇ ਅਰਥਵਿਵਸਥਾ ਦਾ ਭਾਰੀ ਖਰਚਾ ਮਾਨਵਤਾ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਭਾਰਤ ਨੂੰ ਆਪਣੀ ਨੀਤੀ ਵਿੱਚ ਸੰਤੁਲਨ ਬਣਾਉਣਾ ਚਾਹੀਦਾ ਹੈ ਅਤੇ ਅਮਨ ਲਈ ਕੰਮ ਕਰਨਾ ਚਾਹੀਦਾ ਹੈ।

## ਹੋਲਾ-ਮਹੱਲਾ ਪਾਉਂਟਾ ਸਾਹਿਬ ਦਾ

# ਦਸਮ ਪਿਤਾ ਦੇ ਲਾਡਲੇ 52 ਕਵੀਆਂ ਦੀ ਪਾਵਨ ਧਰਤੀ



ਭਗਵਾਨ ਸਿੰਘ ਜੌਹਲ
ਮੋ. 98143-24040

ਹੋਲਾ ਮਹੱਲਾ ਪੰਜਾਬ ਦਾ ਵਿਰਾਸਤੀ ਤਿਉਹਾਰ ਹੈ। ਖ਼ਾਲਸਾ ਪੰਥ ਦੀ ਸਾਜਨਾ ਦੇ ਸੰਕਲਪ ਨੂੰ ਆਪਣੇ ਜਿਹਨ ਵਿੱਚ ਲੈ ਕੇ ਸਮੇਂ ਦੀ ਵੰਗਾਰ ਅਨੁਸਾਰ ਸਾਹਿਤ ਸਿਰਜਣਾਂ ਤੇ ਕਲਾਤਮਿਕ ਰੁਚੀਆਂ ਦੀ ਪੂਰਤੀ ਲਈ ਸਰਬੰਸਦਾਨੀ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਜਵਾਨੀ ਦੇ ਲਗਭਗ ਸਾਢੇ ਚਾਰ ਵਰ੍ਹੇ ਨਾਹਨ ਰਿਆਸਤ ਵਿੱਚ ਯਮਨਾ ਦਰਿਆ ਦੇ ਕਿਨਾਰੇ ਸਥਿਤ ਪਾਉਂਟਾ ਸਾਹਿਬ ਦੀ ਪਾਵਨ ਧਰਤੀ 'ਤੇ ਬਿਤਾਏ। ਗੁਰੂ ਸਾਹਿਬ ਨੇ ਇਸ ਪਵਿੱਤਰ ਧਰਤੀ 'ਤੇ ਆਪਣੇ ਲਾਡਲੇ ਬਵੰਜਾ ਕਵੀਆਂ ਤੇ ਸਾਹਿਤਕ ਰੁਚੀਆਂ ਨੂੰ ਲੈ ਕੇ ਅਦਬੀ ਮਹਿਫਲਾਂ ਨਾਲ ਸ਼ਿੰਗਾਰਿਆ। ਕਲਮ ਦੇ ਧਨੀ ਅਤੇ ਅਨੇਕਾਂ ਭਾਸ਼ਾਵਾਂ ਦੇ ਵਿਦਵਾਨ ਕਲਗੀਧਰ ਪਾਤਸ਼ਾਹ ਨੇ ਇਸੇ ਅਸਥਾਨ 'ਤੇ ਚੰਦਨ ਕਵੀ ਦੀ ਕਵਿਤਾ ਤੋਂ ਪ੍ਰਸੰਨ ਹੋ ਕੇ ਉਸ ਨੂੰ 65000 ਮੋਹਰਾਂ ਦੇ ਕੇ ਸਨਮਾਨਿਤ ਕੀਤਾ। ਯਮਨਾ ਦੇ ਕਲਕਲ ਵਹਿੰਦੇ ਪਾਣੀ ਨਾਲ ਕਲੋਲਾਂ ਕਰਦਿਆਂ ਕੁਦਰਤ ਦੀ ਸੁਹਾਵਣੀ ਗੋਦ ਵਿੱਚ ਬਿਰਾਜਮਾਨ ਹੋ ਕੇ ਸ੍ਰੀ ਦਸਮ ਗ੍ਰੰਥ ਦੀਆਂ ਅਨੇਕਾਂ ਬਾਣੀਆਂ ਦੀ ਰਚਨਾ ਕੀਤੀ। ਇਸੇ ਪਾਉਂਟਾ ਸਾਹਿਬ ਦੀ ਪਵਿੱਤਰ ਭੂਮੀ 'ਤੇ ਸ਼ਸਤਰ ਤੇ ਸ਼ਾਸਤਰ ਵਿੱਦਿਆ ਦੇ ਨਾਲ ਕਾਦਰ ਦੀ ਕੁਦਰਤ ਦੇ ਸੁੰਦਰ ਨਜ਼ਾਰਿਆਂ ਤੋਂ ਬਲਿਹਾਰ ਜਾਂਦਿਆਂ ਅਕਾਲ ਪੁਰਖ ਵਾਹਿਗੁਰੂ ਦੀਆਂ ਗੁੱਝੀਆਂ ਰਮਜ਼ਾਂ ਨੂੰ ਭਾਂਪਦਿਆਂ ਇਕ ਯੋਗ ਕਲਾ ਪਾਰਖੂ ਦੀ ਤਰ੍ਹਾਂ ਆਪਣੇ ਸਿੰਘਾਂ ਨੂੰ ਸੁਹਣੀਆਂ ਦਸਤਾਰਾਂ ਸਜਾਉਣ ਅਤੇ ਚੰਗੇਰੀਆਂ ਸਾਹਿਤਕ ਰਚਨਾਵਾਂ ਤੇ ਮੁਕਾਬਲਿਆਂ ਵਿੱਚ ਇਨਾਮ ਦਿੱਤੇ ਜਾਣ ਲੱਗੇ। ਦੇਸ਼ ਦੇ ਕੋਨੇ-ਕੋਨੇ ਤੋਂ ਸਾਹਿਤਕਾਰ ਵਿਸ਼ੇਸ਼ ਕਰਕੇ ਕਵੀ ਆਪਣੀਆਂ ਆਤਮ-ਰੱਸ ਭਰਪੂਰ ਕਵਿਤਾਵਾਂ, ਜਿਨ੍ਹਾਂ ਵਿੱਚ ਪ੍ਰੇਮ-ਰੱਸ, ਬੀਰ-ਰੱਸ ਤੇ ਹਾਸ-ਰੱਸ ਸੁਣਾਉਣ ਲਈ ਪਹੁੰਚਦੇ ਸਨ। ਇਸੇ ਅਸਥਾਨ 'ਤੇ ਪੀਰ ਬੁੱਧੂ ਸ਼ਾਹ ਸਢੌਰੇ ਤੋਂ ਆਪਣੇ ਪੁੱਤਰਾਂ ਤੇ ਮੁਰੀਦਾਂ ਸਮੇਤ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਵਿੱਚ ਹਾਜ਼ਰ ਹੋਇਆ ਸੀ। ਭੰਗਾਣੀ ਦੇ ਯੁੱਧ ਤੋਂ ਪਿੱਛੋਂ ਆਪਣੇ ਪੁੱਤਰਾਂ ਤੇ ਮੁਰੀਦਾਂ ਦੀ ਸ਼ਹਾਦਤ ਤੋਂ ਪਿੱਛੋਂ, ਬਖ਼ਸ਼ਿਸ਼ ਵਜੋਂ ਛੋਟੀ ਦਸਤਾਰ ਤੇ ਕੇਸਾਂ ਸਮੇਤ ਕੰਘਾ ਪ੍ਰਾਪਤ ਕਰਕੇ ਆਪਣੀ ਖੁਸ਼ੀ ਦਾ ਇਜ਼ਹਾਰ ਕੀਤਾ ਸੀ। ਇਸੇ ਪਵਿੱਤਰ ਅਸਥਾਨ 'ਤੇ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਦਾ ਜਨਮ ਵੀ ਹੋਇਆ ਸੀ। ਇਥੇ ਹੀ ਕਾਲਪੀ ਰਿਸ਼ੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਗੋਦ ਵਿੱਚ ਆਖਰੀ ਸੁਆਸ ਲਏ ਸਨ।

ਅਸਲ ਵਿੱਚ ਸਰਬੰਸਦਾਨੀ ਪਿਤਾ, ਨੀਲੇ ਦੇ ਸ਼ਾਹ ਸਵਾਰ, ਸੰਤ ਸਿਪਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਨਵੇਂ-ਨਰੋਏ ਸਮਾਜ ਦੀ ਸਿਰਜਨਾ ਅਤੇ ਇਤਿਹਾਸਕ ਤਿਉਹਾਰਾਂ ਨੂੰ ਮਨਾਉਣ ਲਈ ਇਕ ਨਿਵੇਕਲੀ ਵਿਚਾਰਧਾਰਾ ਦੀ ਅਰੰਭਤਾ ਹੋਲੇ-ਮਹੱਲੇ ਦੇ ਪਵਿੱਤਰ ਸਮੇਂ ਹੀ ਕੀਤੀ। ਮਨੁੱਖੀ ਸਮਾਜ ਦੇ ਦੋਵੇਂ ਅੰਗਾਂ ਇਸਤਰੀ ਅਤੇ ਪੁਰਸ਼ ਲਈ ਗ੍ਰਹਿਸਥੀ ਹੋਣਾ, ਪਰਉਪਕਾਰ, ਸੇਵਾ ਦੇ ਧਾਰਨੀ ਹੋਣ ਦੇ ਨਾਲ-ਨਾਲ ਹਰ ਸਮੇਂ ਗਰੀਬਾਂ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਾ ਸਮਰਪਿਤ ਕਰਨ ਲਈ ਆਪਣੇ ਸਿੱਖਾਂ ਨੂੰ ਪਾਬੰਦ ਕੀਤਾ। ਅਜਿਹੇ ਫ਼ਰਜ਼ਾਂ ਦੀ ਪੂਰਤੀ ਲਈ ਮਨੁੱਖ ਦਾ ਆਰੋਗ ਤੇ ਬਲਵਾਨ ਹੋਣਾ ਵੀ ਬਹੁਤ ਜਰੂਰੀ ਹੈ। ਹੋਲੇ-ਮਹੱਲੇ ਦੇ ਪਵਿੱਤਰ ਤਿਉਹਾਰ ਸਮੇਂ ਆਪਣੇ ਸਿੰਘਾਂ ਲਈ ਅਭਿਆਸ ਵਜੋਂ ਖ਼ਾਲਸਾ ਫ਼ੌਜ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਰਣਤੱਤੇ ਅੰਦਰ ਅਸਲੀ ਦਾਅ-ਪੇਚਾਂ, ਚਾਲਾਂ, ਹਰਕਤਾਂ ਨੂੰ ਧਿਆਨ ਗੋਚਰੇ ਕਰਕੇ ਅਭਿਆਸ ਕਰਵਾਉਂਦੇ। ਹਰ ਜਥੇ ਨੂੰ ਵੱਖ-ਵੱਖ ਰੰਗਾਂ ਦੀਆਂ ਜੰਗੀ ਵਰਦੀਆਂ ਪਹਿਨਾਈਆਂ ਜਾਂਦੀਆਂ। ਅਜਿਹੇ ਮੌਕੇ 'ਤੇ ਘੋੜਿਆਂ, ਹਾਥੀਆਂ ਦੀ ਵਰਤੋਂ ਵੀ ਕੀਤੀ ਜਾਂਦੀ। ਨਗਾਰੇ ਵੱਜਦੇ, ਹਥਿਆਰਾਂ ਦੇ ਟਕਰਾਅ ਹੁੰਦੇ, ਜੈਕਾਰੇ ਗੂੰਜਦੇ। ਦਸਮ ਪਾਤਸ਼ਾਹ ਆਪ ਯੋਧਿਆਂ ਨੂੰ ਹੱਲਾਸ਼ੇਰੀ ਦਿੰਦੇ। ਅੰਤ ਵਿੱਚ ਫਤਹਿ ਦੀਆਂ ਖੁਸ਼ੀਆਂ ਮਨਾਈਆਂ ਜਾਂਦੀਆਂ। ਸਮਾਜ ਨੂੰ ਨਵੀਂ ਸੇਧ ਦੇ ਕੇ ਪਸ਼ੂ ਬਿਰਤੀ ਤੋਂ ਅਜ਼ਾਦ ਕਰਵਾਇਆ। ਭਾਰਤੀ ਤਿਉਹਾਰ ਹੋਲੀ ਨੂੰ ਹੋਲੇ-ਮਹੱਲੇ ਦਾ ਰੂਪ ਦੇ ਕੇ ਮਨੁੱਖਤਾ ਨੂੰ ਮਰਦਾਨਗੀ ਤੇ ਆਤਮਿਕ ਸ਼ੁੱਧਤਾ ਦੇ ਮੰਡਲਾਂ ਦਾ ਵਾਸੀ ਬਣਾਇਆ।

ਅੱਜ ਤੇਜ਼ੀ ਨਾਲ ਮਸ਼ੀਨੀਕਰਨ ਅਤੇ ਸਨਅਤੀਕਰਨ ਵੱਲ ਵੱਧ ਰਹੇ ਕੰਪਿਊਟਰ ਯੁੱਗ ਵਿੱਚ ਸ੍ਰੀ ਅਨੰਦਪੁਰ ਸਾਹਿਬ ਦੀ ਤਰ੍ਹਾਂ ਸ੍ਰੀ ਪਾਉਂਟਾ ਸਾਹਿਬ ਵਿਖੇ ਵੀ ਹੋਲੇ-ਮਹੱਲੇ ਦੀ ਰੌਣਕ ਵੀ ਵੇਖਣ ਯੋਗ ਹੁੰਦੀ ਹੈ। ਪਾਉਂਟਾ ਸਾਹਿਬ ਦੀ ਧਰਤੀ ਹਿਮਾਚਲ, ਹਰਿਆਣਾ, ਪੰਜਾਬ, ਦਿੱਲੀ, ਉਤਰਾਂਚਲ ਖਾਸ ਕਰਕੇ ਦੂਨ ਅਤੇ ਤਰਾਈ ਦੇ ਇਲਾਕੇ ਦੀਆਂ ਸਿੱਖ ਸੰਗਤਾਂ ਲਈ ਵਿਸ਼ੇਸ਼ ਖਿੱਚ ਰੱਖਦੀ ਹੈ। ਲੱਖਾਂ ਸਿੱਖ ਸੰਗਤਾਂ ਇਸ ਪਾਵਨ ਧਰਤੀ ਨੂੰ ਨਤਮਸਤਕ ਹੁੰਦੀਆਂ ਹਨ। ਇਹ ਪਾਉਂਟਾ ਸਾਹਿਬ ਦਾ ਇਤਿਹਾਸਕ ਗੁਰੂ ਘਰ ਪਹਾੜੀ ਤੇ ਪੰਜਾਬੀ ਸੱਭਿਆਚਾਰ ਦਾ ਸੁੰਦਰ ਸੁਮੇਲ ਬਣ ਜਾਂਦਾ ਹੈ। ਇਹ ਮੇਲਾ ਚਾਰ ਦਿਨ ਚੱਲਦਾ ਹੈ। ਇਨ੍ਹਾਂ ਦੀਵਾਨਾਂ ਵਿੱਚ ਕਵੀ ਦਰਬਾਰ, ਕਥਾ-ਕੀਰਤਨ, ਦਰਬਾਰਾਂ ਵਿੱਚ ਗੁਰੂ ਘਰ ਦੇ ਕੀਰਤਨੀਆਂ, ਕਥਾਕਾਰਾਂ, ਕਵੀਆਂ, ਢਾਡੀਆਂ, ਕਵੀਸ਼ਰਾਂ ਨੂੰ ਲੱਖਾਂ ਸਿੱਖ ਸੰਗਤਾਂ ਸ਼ਰਧਾ ਦੀ ਮੂਰਤੀ ਬਣ ਕੇ ਸਰਵਣ ਕਰਦੀਆਂ ਹਨ। ਮੇਲੇ ਦੇ ਆਖਰੀ ਦਿਨ ਹਿਮਾਚਲ ਦੇ ਲੋਕ ਆਪਣੇ ਰਵਾਇਤੀ ਪਹਿਰਾਵੇ ਵਿੱਚ ਗੁਰੂ ਸਾਹਿਬ ਨੂੰ ਪ੍ਰਣਾਮ ਕਰਨ ਪੁੱਜਦੇ ਹਨ। ਮੇਲੇ ਨੂੰ ਜਾਣ ਵਾਲੇ ਸਾਰੇ ਰਸਤੇ ਸੰਗਤਾਂ ਦੇ ਕਾਫ਼ਲਿਆਂ ਨਾਲ ਭਰੇ ਨਜ਼ਰ ਆਉਂਦੇ ਹਨ।

ਯਮਨਾ ਦਰਿਆ ਕਿਨਾਰੇ ਬਣੀ ਗੁਰਦੁਆਰਾ ਪਾਉਂਟਾ ਸਾਹਿਬ ਦੀ ਆਲੀਸ਼ਾਨ ਸੰਗਮਰਮਰ ਇਮਾਰਤ ਸਿੱਖ ਇਤਿਹਾਸ ਨੂੰ ਆਪਣੇ ਅੰਦਰ ਸਮੋਈ ਬੈਠੀ ਹੈ। ਗੁਰਦੁਆਰਾ ਕੰਪਲੈਕਸ ਵਿੱਚ ਗੁ: ਦਸਤਾਰ ਅਸਥਾਨ, ਗੁ: ਕਵੀ ਦਰਬਾਰ, ਗੁ: ਕਾਲਪੀ ਰਿਸ਼ੀ ਵੀ ਸੁਸ਼ੋਭਿਤ ਹਨ। ਸਾਹਿਤਕਾਰਾਂ ਤੇ ਖੋਜੀਆਂ ਲਈ ਇਕ ਵੱਖਰੀ ਇਮਾਰਤ ਵਿਦਿਆਸਰ ਹੈ, ਜਿਸ ਵਿੱਚ ਲਾਇਬਰੇਰੀ ਅਤੇ ਸਿੱਖ ਅਜਾਇਬ ਘਰ ਬਣੇ ਹੋਏ ਹਨ। ਇਸ ਅਸਥਾਨ ਉੱਪਰ 22 ਮਈ 1964 ਨੂੰ ਇਕ ਵੱਡਾ ਸ਼ਹੀਦੀ ਖ਼ੂਨੀ ਸਾਕਾ ਵੀ ਵਾਪਰਿਆ। ਗੁਰਦੁਆਰਾ ਸਾਹਿਬ ਨੂੰ ਮਹੰਤਾਂ ਦੇ ਪ੍ਰਬੰਧ ਤੋਂ ਅਜ਼ਾਦ ਕਰਵਾਉਣ ਸਮੇਂ ਗਿਆਰਾਂ ਸਿੰਘਾਂ ਨੂੰ ਸ਼ਹਾਦਤ ਦਾ ਜਾਮ ਪੀਣਾ ਪਿਆ। ਇਸ ਅਸਥਾਨ ਦਾ ਪ੍ਰਬੰਧ ਹਾਈ ਕੋਰਟ ਵੱਲੋਂ ਬਣਾਈ ਪ੍ਰਬੰਧਕ ਕਮੇਟੀ ਕਰਦੀ ਹੈ। ਜਿਸ ਦਾ ਪ੍ਰਧਾਨ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਹੀ ਮੁਖੀ ਹੁੰਦਾ ਹੈ। ਸਾਰਾ ਸਾਲ ਇਸ ਅਸਥਾਨ ਦੀ ਯਾਤਰਾ ਲਈ ਵੱਡੀ ਗਿਣਤੀ ਵਿੱਚ ਸੰਗਤ ਪੁੱਜਦੀ ਹੈ। ਹੋਲੇ-ਮਹੱਲੇ ਦੀ ਰੌਣਕ ਆਪਣੀ ਮਿਸਾਲ ਆਪ ਹੀ ਹੁੰਦੀ ਹੈ। ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ ਸਮੇਂ ਹਰ ਰੋਜ਼ ਸੰਗਤ ਇਥੇ ਪੜਾਅ ਕਰਦੀ ਹੈ। ਚੰਡੀਗੜ੍ਹ ਤੋਂ 120 ਕਿਲੋਮੀਟਰ ਦੂਰ ਵਸਿਆ ਇਹ ਇਤਿਹਾਸਕ ਅਸਥਾਨ ਨਾਹਨ (ਹਿਮਾਚਲ), ਯਮਨਾ ਨਗਰ (ਹਰਿਆਣਾ), ਦੇਹਰਾਦੂਨ (ਉਤਰਾਖੰਡ) ਤੋਂ ਸਿੱਧੀਆਂ ਸੜਕਾਂ ਨਾਲ ਜੁੜਿਆ ਹੋਇਆ ਹੈ। ਹੋਲੇ-ਮਹੱਲੇ ਦਾ ਇਹ ਜੋੜ-ਮੇਲਾ ਆਤਮਿਕ-ਅਨੰਦ ਵਾਲੇ ਰੰਗੀਨ ਸੁਪਨੇ ਛੱਡ ਜਾਂਦਾ ਹੈ।

# ਹੋਲੀ, ਬਦਲਦਾ ਸਮਾਜ ਅਤੇ ਸਜਾਵਟ ਦੀਆਂ ਨਵੀਆਂ ਪ੍ਰੀਭਾਸ਼ਾਵਾਂ



ਡਾ. ਸਤਿਆਵਾਨ ਸੌਰਭ,
9466526148

ਹੋਲੀ ਸਿਰਫ਼ ਇੱਕ ਤਿਉਹਾਰ ਨਹੀਂ ਹੈ, ਇਹ ਭਾਰਤੀ ਸਮਾਜ ਦੀ ਸਮੂਹਿਕ ਚੇਤਨਾ ਦਾ ਜਸ਼ਨ ਹੈ। ਇਹ ਰੰਗਾਂ, ਖੁਸ਼ੀ ਦਾ ਸਮਾਂ ਹੈ, ਦਿਲ ਦੀਆਂ ਗੰਢਾਂ ਨੂੰ ਖੋਲ੍ਹਣ ਅਤੇ ਰਿਸ਼ਤਿਆਂ ਤੋਂ ਧੂੜ ਝਾੜਨ ਦਾ ਮੌਕਾ ਹੈ। ਪਰ ਸਮੇਂ ਦੇ ਨਾਲ, ਹਰ ਪਰੰਪਰਾ ਨਵੇਂ ਸਵਾਲਾਂ ਦਾ ਸਾਹਮਣਾ ਕਰਦੀ ਹੈ। ਅੱਜ, ਜਿਵੇਂ-ਜਿਵੇਂ ਯੂਨੀਵਰਸਿਟੀਆਂ ਅਤੇ ਜਨਤਕ ਥਾਵਾਂ 'ਤੇ ਹੋਲੀ ਦੇ ਜਸ਼ਨਾਂ ਦਾ ਫਾਰਮੈਟ ਬਦਲ ਰਿਹਾ ਹੈ, ਸਮਾਜ ਦਾ ਇੱਕ ਵਰਗ ਉਤਸ਼ਾਹਿਤ ਹੈ, ਜਦੋਂ ਕਿ ਦੂਜਾ ਚਿੰਤਤ ਹੈ। ਇਹ ਟਕਰਾਅ ਇਸ ਚਰਚਾ ਨੂੰ ਗੰਭੀਰ ਬਣਾਉਂਦਾ ਹੈ।

ਰਵਾਇਤੀ ਤੌਰ 'ਤੇ ਹੋਲੀ ਪਰਿਵਾਰ ਅਤੇ ਭਾਈਚਾਰਕ ਖੇਤਰ ਦੇ ਅੰਦਰ ਮਨਾਈ ਜਾਂਦੀ ਰਹੀ ਹੈ। ਪਿੰਡ ਦੇ ਚੌਂਕ, ਆਂਢ-ਗੁਆਂਢ ਦੇ ਵਿਹੜੇ ਅਤੇ ਛੱਤਾਂ - ਇਹ ਸਾਰੇ ਜਸ਼ਨ ਮਨਾਉਣ ਲਈ ਕੁਦਰਤੀ ਪਲੇਟਫਾਰਮ ਵਜੋਂ ਕੰਮ ਕਰਦੇ ਸਨ। ਰਿਸ਼ਤਿਆਂ ਨੂੰ ਸਪੱਸ਼ਟ ਤੌਰ 'ਤੇ ਪਰਿਭਾਸ਼ਿਤ ਕੀਤਾ ਗਿਆ ਸੀ; ਭਰਾਵਾਂ ਅਤੇ ਭਾਬੀ ਵਿਚਕਾਰ ਮਜ਼ਾਕ, ਭਾਬੀ-ਭੈਣਾਂ ਵਿਚਕਾਰ ਮਜ਼ਾਕ ਅਤੇ ਦੋਸਤਾਂ ਦੇ ਰੰਗ ਅਤੇ ਅਬੀਰ - ਇਹ ਸਭ ਇੱਕ ਸੱਭਿਆਚਾਰਕ ਅਤੇ ਸਮਾਜਿਕ ਸੰਦਰਭ ਰੱਖਦੇ ਸਨ। ਤਿਉਹਾਰ ਦੀ ਖੁਸ਼ੀ ਸਮੂਹਿਕ ਸੀ, ਪਰ ਸੀਮਾਵਾਂ ਵੀ ਸਪੱਸ਼ਟ ਸਨ।

ਅੱਜ, ਦ੍ਰਿਸ਼ ਬਦਲ ਗਿਆ ਹੈ। ਸਹਿ-ਸਿੱਖਿਆ ਯੂਨੀਵਰਸਿਟੀਆਂ ਵਿੱਚ, ਵਿਦਿਆਰਥੀ ਇਕੱਠੇ ਪੜ੍ਹਦੇ ਹਨ, ਇਕੱਠੇ ਪ੍ਰੋਗਰਾਮ ਆਯੋਜਿਤ ਕਰਦੇ ਹਨ ਅਤੇ ਇਕੱਠੇ ਜਸ਼ਨ ਮਨਾਉਂਦੇ ਹਨ। ਸੋਸ਼ਲ ਮੀਡੀਆ ਦੇ ਯੁੱਗ ਵਿੱਚ, ਜਸ਼ਨ ਹੁਣ ਇੱਕ ਨਿੱਜੀ ਅਨੁਭਵ ਨਹੀਂ ਰਿਹਾ; ਇਹ ਇੱਕ ਜਨਤਕ ਪ੍ਰਦਰਸ਼ਨ ਬਣ ਗਿਆ ਹੈ। ਰੰਗ, ਸੰਗੀਤ, ਨਾਚ ਅਤੇ ਭੀੜ - ਇਹ ਸਭ ਇੱਕ ਅਜਿਹਾ ਮਾਹੌਲ ਬਣਾਉਂਦੇ ਹਨ ਜੋ ਰਵਾਇਤੀ ਹੋਲੀ ਤੋਂ ਵੱਖਰਾ ਹੈ। ਇਹ ਤਬਦੀਲੀ ਸਮਾਜ ਦੇ ਇੱਕ ਵਰਗ ਨੂੰ ਬੇਆਰਾਮ ਕਰ ਰਹੀ ਹੈ।

ਮੁੱਖ ਸਵਾਲ ਇਹ ਨਹੀਂ ਹੈ ਕਿ ਕੁੜੀਆਂ ਹੋਲੀ ਕਿਉਂ ਖੇਡ ਰਹੀਆਂ ਹਨ ਜਾਂ ਮੁੰਡੇ ਉਨ੍ਹਾਂ ਦੇ ਨਾਲ ਕਿਉਂ ਆ ਰਹੇ ਹਨ। ਅਸਲ ਸਵਾਲ ਇਹ ਹੈ: ਕੀ ਜਸ਼ਨ ਦੀ ਆੜ ਵਿੱਚ ਸਜਾਵਟ ਅਤੇ ਮਾਣ-ਸਨਮਾਨ ਨੂੰ ਸੁਰੱਖਿਅਤ ਰੱਖਿਆ ਜਾਂਦਾ ਹੈ? ਕੀ ਆਜ਼ਾਦੀ ਦੇ ਨਾਮ 'ਤੇ ਅਰਾਜਕਤਾ ਵੱਧ ਰਹੀ ਹੈ? ਕੀ ਭੀੜ ਦੇ ਉਤਸ਼ਾਹ ਵਿੱਚ ਨਿੱਜੀ ਸੀਮਾਵਾਂ ਤੋੜੀਆਂ ਜਾ ਰਹੀਆਂ ਹਨ?

ਲੜਕੀ ਅਤੇ ਔਰਤ ਵਿਚਲਾ ਫ਼ਰਕ ਵੀ ਇੱਥੇ ਚਰਚਾ ਵਿੱਚ ਆਉਂਦਾ ਹੈ। ਸਮਾਜ ਅਕਸਰ ਧੀਆਂ ਨੂੰ ਬਚਪਨ ਤੋਂ ਹੀ ਸਜਾਵਟ ਦੀ ਮਹੱਤਤਾ ਸਿਖਾਉਂਦਾ ਹੈ, ਜਦੋਂ ਕਿ ਪੁੱਤਰਾਂ ਨੂੰ ਵਧੇਰੇ ਆਜ਼ਾਦੀ ਦਿੱਤੀ ਜਾਂਦੀ ਹੈ। ਜਦੋਂ ਧੀਆਂ ਜਨਤਕ ਜਸ਼ਨਾਂ ਵਿੱਚ ਹਿੱਸਾ ਲੈਂਦੀਆਂ ਹਨ, ਤਾਂ ਇਸਨੂੰ ਪਰੰਪਰਾ ਤੋਂ ਹਟਣਾ ਮੰਨਿਆ ਜਾਂਦਾ ਹੈ। ਪਰ ਕੀ ਇਹ ਦ੍ਰਿਸ਼ਟੀਕੋਣ ਜਾਇਜ਼ ਹੈ? ਜੇਕਰ ਸਿੱਖਿਆ ਅਤੇ ਜਨਤਕ ਜੀਵਨ ਵਿੱਚ ਬਰਾਬਰ ਮੌਕੇ ਸਵੀਕਾਰ ਕੀਤੇ ਜਾਂਦੇ ਹਨ ਤਾਂ ਸੱਭਿਆਚਾਰਕ ਸਮਾਗਮਾਂ ਵਿੱਚ ਬਰਾਬਰ ਭਾਗੀਦਾਰੀ ਕਿਉਂ ਨਹੀਂ?
ਦੂਜੇ ਪਾਸੇ, ਇਹ ਵੀ ਸੱਚ ਹੈ ਕਿ ਭੀੜ ਦੇ ਵਿਵਹਾਰ ਨੂੰ ਹਮੇਸ਼ਾ ਰੋਕਿਆ ਨਹੀਂ ਜਾਂਦਾ। ਛੇੜਛਾੜ, ਜ਼ਬਰਦਸਤੀ ਰੰਗ ਪਾਉਣਾ ਅਤੇ ਹੋਲੀ 'ਤੇ ਅਸ਼ਲੀਲ ਟਿੱਪਣੀਆਂ ਵਰਗੀਆਂ ਘਟਨਾਵਾਂ ਸਾਲਾਂ ਤੋਂ ਸਮਾਜ ਲਈ ਚਿੰਤਾ ਦਾ ਵਿਸ਼ਾ ਰਹੀਆਂ ਹਨ। ਇਸ ਲਈ, ਮਾਪਿਆਂ ਦੀਆਂ ਚਿੰਤਾਵਾਂ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੀ ਚਿੰਤਾ ਸਿਰਫ਼ ਪਰੰਪਰਾ ਨੂੰ ਸੁਰੱਖਿਅਤ ਰੱਖਣ ਬਾਰੇ ਨਹੀਂ ਹੈ, ਸਗੋਂ ਆਪਣੀਆਂ ਧੀਆਂ ਦੀ ਸੁਰੱਖਿਆ ਅਤੇ ਸਨਮਾਨ ਬਾਰੇ ਵੀ ਹੈ। ਸਹਿਮਤੀ ਦੀ ਧਾਰਨਾ ਇੱਥੇ ਮਹੱਤਵਪੂਰਨ ਬਣ ਜਾਂਦੀ ਹੈ। ਆਧੁਨਿਕ ਸਮਾਜ ਵਿੱਚ ਕਿਸੇ ਵੀ ਸਮਾਜਿਕ ਪਰਸਪਰ ਪ੍ਰਭਾਵ ਦੀ ਨੀਂਹ ਸਪੱਸ਼ਟ ਸਹਿਮਤੀ ਹੈ। ਜੇਕਰ ਕੋਈ ਵਿਦਿਆਰਥੀ ਸਵੈ-ਇੱਛਾ ਨਾਲ ਇੱਕ ਸੁਰੱਖਿਅਤ ਵਾਤਾਵਰਣ ਵਿੱਚ ਕਿਸੇ ਜਸ਼ਨ ਵਿੱਚ ਹਿੱਸਾ ਲੈਂਦਾ ਹੈ, ਤਾਂ ਉਸਨੂੰ ਸਿਰਫ਼ ਇਸ ਲਈ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਕਿਉਂਕਿ ਉਹ ਰਵਾਇਤੀ ਢਾਂਚੇ ਤੋਂ ਭਟਕਦੇ ਹਨ। ਹਾਲਾਂਕਿ, ਜੇਕਰ ਸਮਾਗਮ ਵਿੱਚ ਸੁਰੱਖਿਆ, ਨਿਗਰਾਨੀ ਅਤੇ ਸਪੱਸ਼ਟ ਆਚਾਰ ਸੰਹਿਤਾ ਦੀ ਘਾਟ ਹੈ ਤਾਂ ਚਿੰਤਾਵਾਂ ਸੁਭਾਵਿਕ ਹਨ। ਇੱਥੇ ਯੂਨੀਵਰਸਿਟੀ ਪ੍ਰਸ਼ਾਸਨ ਦੀ ਭੂਮਿਕਾ ਮਹੱਤਵਪੂਰਨ ਹੋ ਜਾਂਦੀ ਹੈ। ਕਿਸੇ ਵੀ ਸਮੂਹਿਕ ਸਮਾਗਮ ਲਈ ਸੁਰੱਖਿਆ ਪ੍ਰਬੰਧ, ਸ਼ਿਕਾਇਤ ਵਿਧੀ ਅਤੇ ਸਪੱਸ਼ਟ ਦਿਸ਼ਾ-ਨਿਰਦੇਸ਼ ਲਾਜ਼ਮੀ ਹੋਣੇ ਚਾਹੀਦੇ ਹਨ। ਇਹ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਹ ਇਹ ਯਕੀਨੀ ਬਣਾਏ



ਕਿ ਕੋਈ ਵੀ ਵਿਦਿਆਰਥੀ ਅਸਹਿਜ ਮਹਿਸੂਸ ਨਾ ਕਰੇ। ਇੱਕ ਸਪੱਸ਼ਟ ਨਾ ਮਤਲਬ ਨਾ ਨੀਤੀ ਅਤੇ ਇਸਦੀ ਸਖ਼ਤੀ ਨਾਲ ਪਾਲਣਾ ਜਸ਼ਨ ਨੂੰ ਸਿਹਤਮੰਦ ਰੱਖ ਸਕਦੀ ਹੈ।

ਸਮਾਜ ਨੂੰ ਵੀ ਆਤਮ-ਨਿਰੀਖਣ ਕਰਨ ਦੀ ਲੋੜ ਹੈ। ਕੀ ਅਸੀਂ ਧੀਆਂ ਨੂੰ ਸਿਰਫ਼ ਘਰੇਲੂ ਮਾਣ-ਸਨਮਾਨ ਦੇ ਮਾਮਲੇ ਵਜੋਂ ਦੇਖਦੇ ਹਾਂ? ਕੀ ਅਸੀਂ ਇਹ ਮੰਨਦੇ ਹਾਂ ਕਿ ਜਨਤਕ ਥਾਵਾਂ 'ਤੇ ਉਨ੍ਹਾਂ ਦੀ ਸਰਗਰਮ ਭਾਗੀਦਾਰੀ ਸੁਭਾਵਿਕ ਤੌਰ 'ਤੇ ਅਣਉਚਿਤ ਹੈ? ਜੇਕਰ ਧੀਆਂ ਸਿੱਖਿਆ, ਖੇਡਾਂ, ਰਾਜਨੀਤੀ ਅਤੇ ਕਾਰੋਬਾਰ ਵਿੱਚ ਅੱਗੇ ਵਧ ਰਹੀਆਂ ਹਨ, ਤਾਂ ਸੱਭਿਆਚਾਰਕ ਸਮਾਗਮਾਂ ਵਿੱਚ ਉਨ੍ਹਾਂ ਦੀ ਮੌਜੂਦਗੀ ਨੂੰ ਵੱਖਰੇ ਮਾਪਦੰਡ 'ਤੇ ਕਿਉਂ ਨਿਰਣਾ ਕੀਤਾ ਜਾਣਾ ਚਾਹੀਦਾ ਹੈ?

ਪਰੰਪਰਾ ਸਥਿਰ ਨਹੀਂ ਹੈ; ਇਹ ਸਮੇਂ ਦੇ ਨਾਲ ਬਦਲਦੀ ਹੈ। ਜੋ ਅੱਜ ਨਵਾਂ ਜਾਪਦਾ ਹੈ ਉਹ ਕੱਲ੍ਹ ਨੂੰ ਆਦਰਸ਼ ਬਣ ਸਕਦਾ ਹੈ। ਪਰ ਤਬਦੀਲੀ ਦਾ ਮਤਲਬ ਕਦਰਾਂ-ਕੀਮਤਾਂ ਨੂੰ ਤਿਆਗਣਾ ਨਹੀਂ ਹੈ। ਮਾਣ, ਸਤਿਕਾਰ ਅਤੇ ਸੁਰੱਖਿਆ - ਇਹ ਕਦਰਾਂ-ਕੀਮਤਾਂ ਸਦੀਵੀ ਹਨ। ਸਵਾਲ ਇਹ ਹੈ: ਕੀ ਅਸੀਂ ਇਨ੍ਹਾਂ ਕਦਰਾਂ-ਕੀਮਤਾਂ ਨੂੰ ਨਵੇਂ ਵਾਤਾਵਰਣ ਵਿੱਚ ਲਾਗੂ ਕਰਨ ਲਈ ਤਿਆਰ ਹਾਂ?

ਹੋਲੀ ਦਾ ਮੁੱਖ ਸੰਦੇਸ਼ ਸਮਾਜਿਕ ਭੇਦਭਾਵ ਨੂੰ ਮਿਟਾਉਣਾ ਹੈ। ਇਹ ਇੱਕ ਅਜਿਹਾ ਦਿਨ ਹੈ ਜਦੋਂ ਰੰਗ ਸਾਰਿਆਂ ਨੂੰ ਇਕਜੁੱਟ ਕਰਦੇ ਹਨ-ਜਾਤ, ਵਰਗ, ਉਮਰ ਅਤੇ ਲਿੰਗ ਪਿੱਛੇ ਰਹਿ ਜਾਂਦੇ ਹਨ। ਜੇਕਰ ਅਸੀਂ ਇਸ ਮੁੱਖ ਭਾਵਨਾ ਨੂੰ ਅਪਣਾਉਂਦੇ ਹਾਂ, ਤਾਂ ਸਾਨੂੰ ਇਹ ਵੀ ਮੰਨਣਾ ਪਵੇਗਾ ਕਿ ਧੀਆਂ ਅਤੇ ਪੁੱਤਰ ਇਸ ਜਸ਼ਨ ਦਾ ਬਰਾਬਰ ਹਿੱਸਾ ਹਨ। ਫਿਰ ਵੀ ਜਸ਼ਨਾਂ ਨੂੰ ਪ੍ਰਦਰਸ਼ਨਾਂ ਵਿੱਚ ਬਦਲਣਾ ਚਿੰਤਾ ਦਾ ਵਿਸ਼ਾ ਹੈ। ਸੋਸ਼ਲ ਮੀਡੀਆ 'ਤੇ ਪਸੰਦਾਂ ਅਤੇ ਵਿਚਾਰਾਂ ਦੀ ਦੌੜ ਵਿੱਚ, ਨਿੱਜੀ ਪਲਾਂ ਦੇ ਜਨਤਕ ਪ੍ਰਦਰਸ਼ਨ ਅਕਸਰ ਸ਼ਿਸ਼ਟਾਚਾਰ ਦੀ ਰੇਖਾ ਨੂੰ ਪਾਰ ਕਰਦੇ ਹਨ। ਨੌਜਵਾਨਾਂ ਨੂੰ ਇਹ ਸਮਝਣ ਦੀ ਜ਼ਰੂਰਤ ਹੈ ਕਿ ਵਿਸ਼ਵਾਸ ਅਤੇ ਸਵੈ-ਪ੍ਰਗਟਾਵੇ ਵਿੱਚ ਅੰਤਰ ਹੈ। ਖੁਸ਼ੀ ਦਾ ਮਤਲਬ ਹਰ ਪਲ ਕੈਮਰੇ ਲਈ ਜੀਉਣਾ ਨਹੀਂ ਹੈ। ਮਾਪਿਆਂ ਦੀ ਭੂਮਿਕਾ ਵੀ ਓਨੀ ਹੀ ਮਹੱਤਵਪੂਰਨ ਹੈ। ਸਿਰਫ਼ ਸੰਜਮ ਹੀ ਹੱਲ ਨਹੀਂ ਹੈ। ਸੰਚਾਰ, ਵਿਸ਼ਵਾਸ ਅਤੇ ਜਾਗਰੂਕਤਾ ਵਧੇਰੇ ਪ੍ਰਭਾਵਸ਼ਾਲੀ ਸਾਧਨ ਹਨ। ਜੇਕਰ ਧੀਆਂ ਨੂੰ ਛੋਟੀ ਉਮਰ ਤੋਂ ਹੀ ਸਵੈ-ਮਾਣ, ਸਵੈ-ਰੱਖਿਆ ਅਤੇ ਸਪੱਸ਼ਟ ਸੀਮਾਵਾਂ ਨਾਲ ਨਿਵਾਜਿਆ ਜਾਵੇ, ਤਾਂ ਉਹ ਕਿਸੇ ਵੀ ਮਾਹੌਲ ਵਿੱਚ ਆਪਣੀ ਇੱਜ਼ਤ ਦੀ ਰੱਖਿਆ ਕਰ ਸਕਦੀਆਂ ਹਨ। ਇਸੇ ਤਰ੍ਹਾਂ, ਪੁੱਤਰਾਂ ਨੂੰ ਸਿਖਾਇਆ ਜਾਣਾ ਚਾਹੀਦਾ ਹੈ ਕਿ ਜਸ਼ਨ ਦੀ ਖੁਸ਼ੀ ਦੂਜਿਆਂ ਦੀ ਬੇਅਰਾਮੀ 'ਤੇ ਅਧਾਰਤ ਨਹੀਂ ਹੋ ਸਕਦੀ।

ਸਮਾਜ ਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਨਵੀਂ ਪੀੜ੍ਹੀ ਇੱਕ ਵੱਖਰੇ ਸਮਾਜਿਕ ਢਾਂਚੇ ਵਿੱਚ ਰਹਿੰਦੀ ਹੈ। ਸਹਿ-ਸਿੱਖਿਆ, ਡਿਜੀਟਲ ਮੀਡੀਆ ਅਤੇ ਵਿਸ਼ਵਵਿਆਪੀ ਪ੍ਰਭਾਵਾਂ ਨੇ ਉਨ੍ਹਾਂ ਦੇ ਤਜ਼ਰਬਿਆਂ ਨੂੰ ਵਿਸ਼ਾਲ ਕੀਤਾ ਹੈ। ਇਸ ਲਈ ਪੁਰਾਣੀਆਂ ਪਰਿਭਾਸ਼ਾਵਾਂ ਨੂੰ ਉਸੇ ਤਰ੍ਹਾਂ ਲਾਗੂ ਕਰਨਾ ਹੁਣ ਸੰਭਵ ਨਹੀਂ ਹੈ। ਹਾਲਾਂਕਿ, ਇਹ ਵੀ ਓਨਾ ਹੀ ਮਹੱਤਵਪੂਰਨ ਹੈ ਕਿ ਨਵੀਂ ਪੀੜ੍ਹੀ ਪਰੰਪਰਾ ਦੀਆਂ ਜੜ੍ਹਾਂ ਨਾਲ ਜੁੜੀ ਰਹੇ।

ਸੰਤੁਲਨ ਹੀ ਹੱਲ ਹੈ। ਨਾ ਤਾਂ ਅੰਨ੍ਹੀ ਨਕਲ ਅਤੇ ਨਾ ਹੀ ਅੰਨ੍ਹਾ ਵਿਰੋਧ। ਜੇਕਰ ਯੂਨੀਵਰਸਿਟੀਆਂ ਵਿੱਚ ਹੋਲੀ ਦੇ ਜਸ਼ਨ ਮਨਾਏ ਜਾਂਦੇ ਹਨ ਤਾਂ ਉਹ ਸੁਰੱਖਿਅਤ, ਸਨਮਾਨਜਨਕ ਅਤੇ ਸਵੈ-ਇੱਛਤ ਹੋਣੇ ਚਾਹੀਦੇ ਹਨ। ਜੇਕਰ ਕੋਈ ਵਿਦਿਆਰਥੀ ਹਿੱਸਾ ਨਹੀਂ ਲੈਣਾ ਚਾਹੁੰਦਾ, ਤਾਂ ਉਸ 'ਤੇ ਦਬਾਅ ਨਹੀਂ ਪਾਇਆ ਜਾਣਾ ਚਾਹੀਦਾ। ਜੇਕਰ ਕੋਈ ਹਿੱਸਾ ਲੈਣਾ ਚਾਹੁੰਦਾ ਹੈ, ਤਾਂ ਉਸਦੀ ਆਜ਼ਾਦੀ ਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ।

ਅੰਤ ਵਿੱਚ, ਸਵਾਲ ਸਿਰਫ਼ ਹੋਲੀ ਬਾਰੇ ਨਹੀਂ ਹੈ, ਸਗੋਂ ਸਮਾਜ ਦੀ ਮਾਨਸਿਕਤਾ ਬਾਰੇ ਹੈ। ਕੀ ਅਸੀਂ ਆਜ਼ਾਦੀ ਨੂੰ ਸ਼ੱਕ ਦੀ ਨਜ਼ਰ ਨਾਲ ਦੇਖਾਂਗੇ, ਜਾਂ ਇਸਨੂੰ ਜ਼ਿੰਮੇਵਾਰੀ ਨਾਲ ਅਪਣਾਵਾਂਗੇ? ਕੀ ਅਸੀਂ ਧੀਆਂ ਨੂੰ ਸਿਰਫ਼ ਸੁਰੱਖਿਆ ਦੀਆਂ ਵਸਤੂਆਂ ਵਜੋਂ ਹੀ ਸਮਝਾਂਗੇ ਜਾਂ ਅਸੀਂ ਉਨ੍ਹਾਂ ਨੂੰ ਸਮਰੱਥ ਅਤੇ ਸੁਚੇਤ ਨਾਗਰਿਕਾਂ ਵਜੋਂ ਦੇਖਾਂਗੇ? ਹੋਲੀ ਦੇ ਰੰਗ ਤਾਂ ਹੀ ਰਹਿਣਗੇ ਜੇਕਰ ਉਹ ਵਿਸ਼ਵਾਸ ਅਤੇ ਸਤਿਕਾਰ ਦੀ ਖੁਸ਼ਬੂ ਨਾਲ ਰੰਗੇ ਜਾਣ। ਪਰੰਪਰਾ ਅਤੇ ਆਧੁਨਿਕਤਾ ਵਿਚਕਾਰ ਟਕਰਾਅ ਉਦੋਂ ਖਤਮ ਹੋ ਜਾਵੇਗਾ ਜਦੋਂ ਅਸੀਂ ਸਮਝਾਂਗੇ ਕਿ ਦੋਵਾਂ ਦਾ ਉਦੇਸ਼ ਸਮਾਜ ਨੂੰ ਸੁਧਾਰਨਾ ਹੈ।

ਤਿਉਹਾਰ ਸਿਰਫ਼ ਰਸਮਾਂ-ਰਿਵਾਜ਼ਾਂ ਨੂੰ ਮੰਨਣ ਬਾਰੇ ਨਹੀਂ ਹੁੰਦੇ, ਸਗੋਂ ਸਮੇਂ ਦੇ ਨਾਲ ਆਪਣੇ ਆਪ ਨੂੰ ਪਰਖਣ ਬਾਰੇ ਵੀ ਹੁੰਦੇ ਹਨ। ਜੇਕਰ ਅਸੀਂ ਮਾਣ, ਸਤਿਕਾਰ ਅਤੇ ਸਹਿਮਤੀ ਨਾਲ ਮਨਾਉਂਦੇ ਹਾਂ, ਤਾਂ ਨਾ ਤਾਂ ਪਰੰਪਰਾ ਅਤੇ ਨਾ ਹੀ ਆਧੁਨਿਕਤਾ ਨੂੰ ਨੁਕਸਾਨ ਪਹੁੰਚੇਗਾ। ਸਮਾਜ ਦੀ ਤਰੱਕੀ ਆਪਣੀਆਂ ਜੜ੍ਹਾਂ ਨੂੰ ਪੋਸ਼ਣ ਦੇਣ ਵਿੱਚ ਹੈ ਜਦੋਂ ਕਿ ਨਵੀਆਂ ਸ਼ਾਖਾਵਾਂ ਨੂੰ ਫੈਲਣ ਦੀ ਆਗਿਆ ਦਿੰਦੀ ਹੈ। ਰੰਗਾਂ ਦਾ ਇਹ ਤਿਉਹਾਰ ਸਾਨੂੰ ਸਿਖਾਉਂਦਾ ਹੈ ਕਿ ਵਿਭਿੰਨਤਾ ਵਿੱਚ ਵੀ ਸਦਭਾਵਨਾ ਸੰਭਵ ਹੈ - ਸਿਰਫ਼ ਇੱਕ ਸੰਤੁਲਿਤ ਦ੍ਰਿਸ਼ਟੀਕੋਣ ਦੀ ਲੋੜ ਹੈ।

### ਸਰਦਾਰ ਸਰੋਵਰ ਅਤੇ ਸਟੈਚੂ ਆਫ ਯੂਨਿਟੀ

# ਆਧੁਨਿਕ ਭਾਰਤ ਦੇ ਨਿਰਮਾਣ ਅਤੇ ਅਖੰਡਤਾ ਦੀ ਅਜ਼ੀਮ ਦਾਸਤਾਨ



ਵਿੰਕਲਜੀਤ ਸਿੰਘ ਸਰਾ
9501477889

**ਇੱਕ ਸੁਪਨੇ ਦਾ ਸਾਕਾਰ ਹੋਣਾ** : ਭਾਰਤ ਦੀ ਧਰਤੀ ਹਮੇਸ਼ਾ ਹੀ ਰਿਸ਼ੀਆਂ, ਮੁਨੀਆਂ ਅਤੇ ਮਹਾਨ ਨਾਇਕਾਂ ਦੀ ਧਰਤੀ ਰਹੀ ਹੈ ਪਰ ਅਜੋਕੇ ਦੌਰ ਵਿੱਚ ਇਹ ਦੇਸ਼ ਆਪਣੀ ਤਕਨੀਕੀ ਮੁਹਾਰਤ ਅਤੇ ਵਿਕਾਸਵਾਦੀ ਸੋਚ ਨਾਲ ਦੁਨੀਆ ਵਿੱਚ ਇੱਕ ਨਵੀਂ ਪਛਾਣ ਬਣਾ ਰਿਹਾ ਹੈ। ਦੇਸ਼ ਦੇ ਵਿਕਾਸ ਯਾਤਰਾ ਵਿੱਚ ਕੁਝ ਅਜਿਹੇ ਅਧਿਆਏ ਹੁੰਦੇ ਹਨ ਜੋ ਸਦੀਆਂ ਤੱਕ ਰਾਸ਼ਟਰ ਦੀ ਦਿਸ਼ਾ ਤੈਅ ਕਰਦੇ ਹਨ। ਗੁਜਰਾਤ ਦੇ ਨਰਮਦਾ ਜ਼ਿਲ੍ਹੇ ਵਿੱਚ ਸਥਿਤ 'ਸਰਦਾਰ ਸਰੋਵਰ ਡੈਮ' ਅਤੇ 'ਸਟੈਚੂ ਆਫ ਯੂਨਿਟੀ' ਸਿਰਫ਼ ਇੱਟਾਂ-ਪੱਥਰਾਂ ਜਾਂ ਲੋਹੇ ਦੇ ਢਾਂਚੇ ਨਹੀਂ ਹਨ ਸਗੋਂ ਇਹ ਭਾਰਤ ਦੇ 'ਲੋਹ ਪੁਰਸ਼' ਸਰਦਾਰ ਵੱਲਭਭਾਈ ਪਟੇਲ ਅਤੇ 140 ਕਰੋੜ ਭਾਰਤੀਆਂ ਦੇ ਸੁਪਨਿਆਂ, ਆਤਮ-ਵਿਸ਼ਵਾਸ ਅਤੇ ਏਕਤਾ ਦੇ ਜੀਵੰਤ ਪ੍ਰਤੀਕ, ਅਧੂਰੇ ਸੁਪਨੇ ਦੀ ਪੂਰਤੀ ਹਨ, ਜਿਸ ਨੇ ਇੱਕ ਖਿੰਡੇ ਹੋਏ ਦੇਸ਼ ਨੂੰ ਇੱਕ ਅਖੰਡ ਰਾਸ਼ਟਰ ਬਣਾਉਣ ਦਾ ਬੀੜਾ ਉਠਾਇਆ ਸੀ। ਪੀਆਈਬੀ (PIB) ਜਲੰਧਰ ਅਤੇ ਜੰਮੂ-ਕਸ਼ਮੀਰ ਵੱਲੋਂ ਕਰਵਾਏ ਗਏ ਮੀਡੀਆ ਦੌਰੇ ਦੌਰਾਨ ਇਹ ਮਹਿਸੂਸ ਹੋਇਆ ਕਿ ਕਿਵੇਂ ਇਹ ਦੋਵੇਂ ਪ੍ਰੋਜੈਕਟ ਅੱਜ ਭਾਰਤ ਦੀ ਇੰਜੀਨੀਅਰਿੰਗ ਮੁਹਾਰਤ, ਆਰਥਿਕ ਮਜ਼ਬੂਤੀ ਅਤੇ ਰਾਸ਼ਟਰੀ ਏਕਤਾ ਦੇ ਵਿਸ਼ਵ-ਵਿਆਪੀ ਪ੍ਰਤੀਕ ਬਣ ਚੁੱਕੇ ਹਨ। ਇਨ੍ਹਾਂ ਪ੍ਰੋਜੈਕਟਾਂ ਨੂੰ ਨੇੜਿਓਂ ਦੇਖਣ 'ਤੇ ਇਹ ਮਹਿਸੂਸ ਹੁੰਦਾ ਹੈ ਕਿ ਕਿਵੇਂ ਇੱਕ ਦੂਰਅੰਦੇਸ਼ੀ ਸੋਚ ਕਿਸੇ ਖੇਤਰ ਦੀ ਤਕਦੀਰ ਬਦਲ ਸਕਦੀ ਹੈ। ਇਹ ਲੇਖ ਇਨ੍ਹਾਂ ਦੋਵਾਂ ਅਜੂਬਿਆਂ ਦੇ ਵਿਕਾਸ ਸਫ਼ਰ, ਉਨ੍ਹਾਂ ਦੇ ਪ੍ਰਭਾਵ ਅਤੇ ਭਾਰਤ ਦੇ ਭਵਿੱਖ ਵਿੱਚ ਉਨ੍ਹਾਂ ਦੀ ਮਹੱਤਤਾ ਦਾ ਇੱਕ ਵਿਆਪਕ ਵਿਸ਼ਲੇਸ਼ਣ ਹੈ।

**ਸਰਦਾਰ ਪਟੇਲ, ਸੁਪਨਸਾਜ਼ ਅਤੇ ਰਾਸ਼ਟਰ ਨਿਰਮਾਤਾ** : ਸਰਦਾਰ ਵੱਲਭਭਾਈ ਪਟੇਲ ਦੀ ਸ਼ਖ਼ਸੀਅਤ ਨੂੰ ਸਮਝੇ ਬਿਨਾਂ ਇਨ੍ਹਾਂ ਪ੍ਰੋਜੈਕਟਾਂ ਦੀ ਮਹੱਤਤਾ ਨੂੰ ਨਹੀਂ ਸਮਝਿਆ ਜਾ ਸਕਦਾ। ਇਨ੍ਹਾਂ ਮਹਾਨ ਪ੍ਰੋਜੈਕਟਾਂ ਦੀ ਨੀਂਹ ਵਿੱਚ ਜਿਸ ਸ਼ਖ਼ਸੀਅਤ ਦਾ ਵਿਜ਼ਨ ਹੈ ਉਹ ਹਨ ਸਰਦਾਰ ਵੱਲਭਭਾਈ ਪਟੇਲ, ਭਾਰਤ ਦੇ ਪਹਿਲੇ ਗ੍ਰਹਿ ਮੰਤਰੀ ਅਤੇ ਉਪ-ਪ੍ਰਧਾਨ ਮੰਤਰੀ ਸਨ। 31 ਅਕਤੂਬਰ 1875 ਨੂੰ ਗੁਜਰਾਤ ਦੇ ਨੜਿਆਦ ਵਿੱਚ ਜਨਮੇ ਵੱਲਭਭਾਈ ਪਟੇਲ ਇੱਕ ਸਫ਼ਲ ਬੈਰਿਸਟਰ ਸਨ, ਪਰ ਮਹਾਤਮਾ ਗਾਂਧੀ ਦੇ ਸੰਪਰਕ ਵਿੱਚ ਆਉਣ ਤੋਂ ਬਾਅਦ ਉਨ੍ਹਾਂ ਨੇ ਆਪਣਾ ਜੀਵਨ ਦੇਸ਼ ਨੂੰ ਸਮਰਪਿਤ ਕਰ ਦਿੱਤਾ। ਉਨ੍ਹਾਂ ਨੂੰ 'ਲੋਹ ਪੁਰਸ਼' ਕਿਹਾ ਜਾਂਦਾ ਹੈ ਪਰ ਉਨ੍ਹਾਂ ਦਾ ਜੀਵਨ ਨਰਮ ਪਰ ਪਰਉਪਕਾਰੀ ਭਾਵਨਾਵਾਂ ਨਾਲ ਭਰਿਆ ਹੋਇਆ ਸੀ। 1947 ਵਿੱਚ ਜਦੋਂ ਭਾਰਤ ਆਜ਼ਾਦ ਹੋਇਆ ਤਾਂ ਦੇਸ਼ 562 ਰਿਆਸਤਾਂ ਵਿੱਚ ਵੰਡਿਆ ਹੋਇਆ ਸੀ। ਸਰਦਾਰ ਪਟੇਲ ਨੇ ਆਪਣੀ ਅਦੁੱਤੀ ਰਾਜਨੀਤਿਕ ਸੂਝ-ਬੂਝ ਨਾਲ ਇਨ੍ਹਾਂ ਸਾਰੀਆਂ ਰਿਆਸਤਾਂ ਨੂੰ ਇੱਕ ਕਰਕੇ 'ਅਖੰਡ ਭਾਰਤ' ਦੀ ਨੀਂਹ ਰੱਖੀ। ਪਰ ਉਨ੍ਹਾਂ ਦਾ ਵਿਜ਼ਨ ਸਿਰਫ਼ ਸਿਆਸੀ ਏਕਤਾ ਤੱਕ ਸੀਮਤ ਨਹੀਂ ਸੀ। ਉਹ ਜਾਣਦੇ ਸਨ ਕਿ ਜਦੋਂ ਤੱਕ ਭਾਰਤ ਦਾ ਕਿਸਾਨ ਖੁਸ਼ਹਾਲ ਨਹੀਂ ਹੋਵੇਗਾ ਅਤੇ ਕੁਦਰਤੀ ਸਰੋਤਾਂ ਦਾ ਸਹੀ ਪ੍ਰਬੰਧਨ ਨਹੀਂ ਹੋਵੇਗਾ ਦੇਸ਼ ਅਸਲੀ ਆਜ਼ਾਦੀ ਦਾ ਨਿੱਘ ਨਹੀਂ ਮਾਣ ਸਕੇਗਾ। 1946 ਵਿੱਚ ਉਨ੍ਹਾਂ ਨੇ ਨਰਮਦਾ ਦਰਿਆ ਦੇ ਪਾਣੀ ਨੂੰ ਕੰਟਰੋਲ ਕਰਨ ਦੀ ਜੋ ਯੋਜਨਾ ਬਣਾਈ ਸੀ, ਉਹ ਅੱਜ 'ਸਰਦਾਰ ਸਰੋਵਰ ਡੈਮ' ਦੇ ਰੂਪ ਵਿੱਚ ਲੱਖਾਂ ਲੋਕਾਂ ਦੀ ਪਿਆਸ ਬੁਝਾ ਰਹੀ ਹੈ। ਇਹੀ ਕਾਰਨ ਹੈ ਕਿ ਇਸ ਡੈਮ ਅਤੇ ਦੁਨੀਆ ਦੀ ਸਭ ਤੋਂ ਉੱਚੀ ਮੂਰਤੀ ਦਾ ਨਾਮ ਉਨ੍ਹਾਂ ਦੇ ਸਤਿਕਾਰ ਵਿੱਚ ਰੱਖਿਆ ਗਿਆ ਹੈ।

**ਸਰਦਾਰ ਸਰੋਵਰ ਡੈਮ, ਸੰਘਰਸ਼ ਅਤੇ ਸਫ਼ਲਤਾ ਦੀ ਮਿਸਾਲ** : ਸਰਦਾਰ ਸਰੋਵਰ ਡੈਮ ਦਾ ਨਿਰਮਾਣ ਦੁਨੀਆ ਦੇ ਸਭ ਤੋਂ ਵੱਡੇ ਅਤੇ ਜਟਿਲ ਇੰਜੀਨੀਅਰਿੰਗ ਪ੍ਰੋਜੈਕਟਾਂ ਵਿੱਚੋਂ ਇੱਕ ਰਿਹਾ ਹੈ। 1961 ਵਿੱਚ ਨੀਂਹ ਪੱਥਰ ਰੱਖੇ ਜਾਣ ਤੋਂ ਲੈ ਕੇ 2017 ਵਿੱਚ ਇਸ ਦੇ ਮੁਕੰਮਲ ਹੋਣ ਤੱਕ ਇਸ ਨੇ 56 ਸਾਲਾਂ ਦਾ ਇੱਕ ਲੰਬਾ ਅਤੇ ਚੁਣੌਤੀਪੂਰਨ ਸਫ਼ਰ ਤੈਅ ਕੀਤਾ। ਇਸ ਦੌਰਾਨ ਕਈ ਅੰਤਰ-ਰਾਜੀ ਵਿਵਾਦ ਹੋਏ ਅਤੇ ਵਾਤਾਵਰਣ ਦੇ ਮੁੱਦਿਆਂ 'ਤੇ ਲੰਬੀਆਂ ਕਾਨੂੰਨੀ ਲੜਾਈਆਂ ਲੜੀਆਂ ਗਈਆਂ। ਵਿਸ਼ਵ ਬੈਂਕ ਨੇ ਸ਼ੁਰੂ ਵਿੱਚ 450 ਮਿਲੀਅਨ ਡਾਲਰ ਦੀ ਸਹਾਇਤਾ ਦੇਣ ਦਾ ਵਾਅਦਾ ਕੀਤਾ ਸੀ ਪਰ ਬਾਅਦ ਵਿੱਚ ਪਿੱਛੇ ਹੱਟ ਗਿਆ। ਪਰ ਭਾਰਤ ਨੇ ਹਾਰ ਨਹੀਂ ਮੰਨੀ ਅਤੇ ਆਪਣੇ ਦਮ 'ਤੇ ਲਗਭਗ 40,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕਰਕੇ ਇਸ ਨੂੰ ਪੂਰਾ ਕੀਤਾ। ਜਪਾਨ ਦੀਆਂ ਕੰਪਨੀਆਂ ਨੇ ਇਸ ਦੀਆਂ ਵਿਸ਼ਾਲ ਬਿਜਲੀ ਮਸ਼ੀਨਾਂ (ਟਰਬਾਈਨਾਂ) ਲਈ ਤਕਨੀਕੀ ਸਹਿਯੋਗ ਦਿੱਤਾ। ਅੱਜ ਇਹ 138.68 ਮੀਟਰ ਉੱਚਾ ਡੈਮ ਗੁਜਰਾਤ ਅਤੇ ਰਾਜਸਥਾਨ ਦੇ ਸੁੱਕੇ ਇਲਾਕਿਆਂ ਲਈ 'ਅੰਮ੍ਰਿਤ' ਸਾਬਤ ਹੋ ਰਿਹਾ ਹੈ, ਜਿਸ ਨਾਲ 18 ਲੱਖ ਹੈਕਟੇਅਰ ਤੋਂ ਵੱਧ ਜ਼ਮੀਨ ਹਰੀ-ਭਰੀ ਹੋ ਗਈ ਹੈ।



**ਪੀਣ ਵਾਲਾ ਪਾਣੀ ਅਤੇ ਸਮਾਜਿਕ ਬਦਲਾਅ** : ਪਾਣੀ ਦੀ ਇੱਕ-ਇੱਕ ਬੂੰਦ ਦੀ ਕੀਮਤ ਉਹ ਜਾਣਦੇ ਹਨ, ਜਿਨ੍ਹਾਂ ਨੇ ਮੀਲਾਂ ਪੈਦਲ ਚੱਲ ਕੇ ਪਾਣੀ ਲਿਆਂਦਾ ਹੋਵੇ। ਇਸ ਪ੍ਰੋਜੈਕਟ ਨੇ ਗੁਜਰਾਤ ਦੇ 9,000 ਤੋਂ ਵੱਧ ਪਿੰਡਾਂ ਅਤੇ 135 ਸ਼ਹਿਰੀ ਕੇਂਦਰਾਂ ਨੂੰ ਸ਼ੁੱਧ ਪੀਣ ਵਾਲਾ ਪਾਣੀ ਮੁਹੱਈਆ ਕਰਵਾ ਕੇ ਇੱਕ ਸਮਾਜਿਕ ਕ੍ਰਾਂਤੀ ਲਿਆਂਦੀ ਹੈ। ਇਸ ਨਾਲ ਜਲ-ਜਨਿਤ ਬਿਮਾਰੀਆਂ ਵਿੱਚ ਕਮੀ ਆਈ ਹੈ ਅਤੇ ਔਰਤਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਹੋਇਆ ਹੈ, ਜਿਨ੍ਹਾਂ ਨੂੰ ਹੁਣ ਪਾਣੀ ਲਈ ਭਟਕਣਾ ਨਹੀਂ ਪੈਂਦਾ।

**ਊਰਜਾ ਉਤਪਾਦਨ, ਸਵੱਛ ਅਤੇ ਹਰੀ ਸ਼ਕਤੀ** : ਸਰਦਾਰ ਸਰੋਵਰ ਡੈਮ ਵਿੱਚ ਦੋ ਪਾਵਰ ਹਾਊਸ ਹਨ, ਰਿਵਰ ਬੈੱਡ ਪਾਵਰ ਹਾਊਸ (RBPH) ਅਤੇ ਕੈਨਾਲ ਹੈੱਡ ਪਾਵਰ ਹਾਊਸ (CHPH)। ਇਨ੍ਹਾਂ ਦੀ ਕੁੱਲ ਸਥਾਪਿਤ ਸਮਰੱਥਾ 1,450 ਮੈਗਾਵਾਟ ਹੈ। ਪੈਦਾ ਕੀਤੀ ਗਈ ਬਿਜਲੀ ਤਿੰਨ ਰਾਜਾਂ ਮੱਧ ਪ੍ਰਦੇਸ਼ (57%), ਮਹਾਰਾਸ਼ਟਰ (27%) ਅਤੇ ਗੁਜਰਾਤ (16%) ਵਿੱਚ ਵੰਡੀ ਜਾਂਦੀ ਹੈ। ਇਹ ਪਣ-ਬਿਜਲੀ ਪ੍ਰੋਜੈਕਟ ਵਾਤਾਵਰਣ ਪੱਖੀ ਹੈ ਅਤੇ ਕਾਰਬਨ ਨਿਕਾਸ ਨੂੰ ਘਟਾਉਣ ਵਿੱਚ ਭਾਰਤ ਦੇ ਟੀਚਿਆਂ ਵਿੱਚ ਵੱਡਾ ਯੋਗਦਾਨ ਪਾਉਂਦਾ ਹੈ।

**ਸਟੈਚੂ ਆਫ ਯੂਨਿਟੀ, ਵਿਸ਼ਵ ਦਾ ਨਵਾਂ ਅਜੂਬਾ** : ਜੇਕਰ ਡੈਮ ਵਿਕਾਸ ਦਾ ਇੰਜਣ ਹੈ ਤਾਂ 182 ਮੀਟਰ ਉੱਚੀ 'ਸਟੈਚੂ ਆਫ ਯੂਨਿਟੀ' ਭਾਰਤ ਦੇ ਆਤਮ-ਸਨਮਾਨ ਦਾ ਸਿਖਰ ਹੈ। ਇਸ ਮੂਰਤੀ ਦਾ ਨਿਰਮਾਣ ਸਿਰਫ਼ 33 ਤੋਂ 46 ਮਹੀਨਿਆਂ ਦੇ ਰਿਕਾਰਡ ਸਮੇਂ ਵਿੱਚ ਪੂਰਾ ਕੀਤਾ ਗਿਆ ਜੋ ਕਿ ਆਪਣੇ ਆਪ ਵਿੱਚ ਇੱਕ ਵਿਸ਼ਵ ਰਿਕਾਰਡ ਹੈ। ਲਗਭਗ 2,989 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਹ ਮੂਰਤੀ ਅਮਰੀਕਾ ਦੇ 'ਸਟੈਚੂ ਆਫ ਲਿਬਰਟੀ' ਤੋਂ ਦੁੱਗਣੀ ਉੱਚੀ ਹੈ। ਇਸ ਦੇ ਨਿਰਮਾਣ ਵਿੱਚ ਲਾਰਸਨ ਐਂਡ ਟੂਬਰੋ (L&T) ਵਰਗੀਆਂ ਭਾਰਤੀ ਕੰਪਨੀਆਂ ਦਾ ਵੱਡਾ ਯੋਗਦਾਨ ਰਿਹਾ ਜਦਕਿ ਬਾਹਰੀ ਕਾਂਸੀ ਦੇ ਪੈਨਲਾਂ ਲਈ ਚੀਨ ਦੇ ਮਾਹਿਰਾਂ ਅਤੇ ਡਿਜ਼ਾਈਨ ਲਈ ਅਮਰੀਕੀ ਸਲਾਹਕਾਰਾਂ ਦੀ ਮਦਦ ਲਈ ਗਈ। ਇਹ ਪ੍ਰੋਜੈਕਟ ਸਹੀ ਅਰਥਾਂ ਵਿੱਚ ਅੰਤਰਰਾਸ਼ਟਰੀ ਸਹਿਯੋਗ ਅਤੇ ਭਾਰਤੀ ਦ੍ਰਿੜਤਾ ਦਾ ਸੰਗਮ ਹੈ।

**ਡਿਜ਼ਾਈਨ ਅਤੇ ਨਿਰਮਾਣ ਦੀ ਕਲਾ** : ਇਸ ਨੂੰ ਬਣਾਉਣ ਲਈ 70,000 ਟਨ ਸੀਮਿੰਟ, 18,500 ਟਨ ਸਟੀਲ ਅਤੇ 6,533 ਕਾਂਸੀ ਦੇ ਪੈਨਲਾਂ ਦੀ ਵਰਤੋਂ ਕੀਤੀ ਗਈ ਹੈ। ਇਸ ਦੀ ਉਚਾਈ ਗੁਜਰਾਤ ਵਿਧਾਨ ਸਭਾ ਦੀਆਂ 182 ਸੀਟਾਂ ਦੀ ਸੰਖਿਆ ਨੂੰ ਦਰਸਾਉਂਦੀ ਹੈ। ਮੂਰਤੀ ਦਾ ਡਿਜ਼ਾਈਨ ਪ੍ਰਸਿੱਧ ਮੂਰਤੀਕਾਰ ਰਾਮ ਵੀ. ਸੁਤਾਰ ਦੁਆਰਾ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਸਰਦਾਰ ਪਟੇਲ ਦੇ ਚਿਹਰੇ ਦੇ ਹਾਵ-ਭਾਵ, ਉਨ੍ਹਾਂ ਦੀ ਦ੍ਰਿੜਤਾ ਅਤੇ ਸਾਦਗੀ ਨੂੰ ਬਹੁਤ ਹੀ ਬਾਰੀਕੀ ਨਾਲ ਉਕੇਰਿਆ ਗਿਆ ਹੈ।

**ਰੁਜ਼ਗਾਰ ਅਤੇ ਸਮਾਜਿਕ ਬਦਲਾਅ, ਇੱਕ ਅਣਗੌਲਿਆ ਪਹਿਲੂ** : ਇਨ੍ਹਾਂ ਪ੍ਰੋਜੈਕਟਾਂ ਦਾ ਸਭ ਤੋਂ ਪ੍ਰਭਾਵਸ਼ਾਲੀ ਪਹਿਲੂ ਇੱਥੋਂ ਦੇ ਸਥਾਨਕ ਕਬਾਇਲੀ ਲੋਕਾਂ ਦੇ ਜੀਵਨ ਵਿੱਚ ਆਇਆ ਬਦਲਾਅ ਹੈ। ਕੇਵੜੀਆ ਜੋ ਕਦੇ ਇੱਕ ਪਛੜਿਆ ਇਲਾਕਾ ਸੀ, ਅੱਜ 'ਏਕਤਾ ਨਗਰ' ਦੇ ਰੂਪ ਵਿੱਚ ਇੱਕ ਆਧੁਨਿਕ ਸ਼ਹਿਰ ਬਣ ਚੁੱਕਾ ਹੈ। ਇੱਥੇ ਲਗਭਗ 15,000 ਤੋਂ 20,000 ਲੋਕਾਂ ਨੂੰ ਸਿੱਧੇ ਅਤੇ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲਿਆ ਹੈ। ਸਥਾਨਕ ਨੌਜਵਾਨਾਂ ਨੂੰ ਟੂਰਿਸਟ ਗਾਈਡ ਵਜੋਂ ਸਿਖਲਾਈ ਦਿੱਤੀ ਗਈ ਹੈ ਅਤੇ ਔਰਤਾਂ ਨੂੰ 'ਏਕਤਾ ਕੈਫੇ' ਤੇ 'ਏਕਤਾ ਨਰਸਰੀ' ਰਾਹੀਂ ਆਰਥਿਕ ਆਜ਼ਾਦੀ ਮਿਲੀ ਹੈ। ਹਰ ਸਾਲ 60 ਲੱਖ ਤੋਂ ਵੱਧ ਸੈਲਾਨੀਆਂ ਦੀ ਆਮਦ ਨੇ ਇਸ ਖੇਤਰ ਦੀ ਆਰਥਿਕਤਾ ਨੂੰ ਇੰਨੀ ਮਜ਼ਬੂਤੀ ਦਿੱਤੀ ਹੈ ਕਿ ਸਿਰਫ਼ ਟਿਕਟਾਂ ਤੋਂ ਹੋਣ ਵਾਲੀ ਆਮਦਨ ਹੀ ਸਾਲਾਨਾ 100 ਕਰੋੜ ਰੁਪਏ ਨੂੰ ਪਾਰ ਕਰ ਗਈ ਹੈ।

**ਸੈਰ-ਸਪਾਟਾ ਅਤੇ ਆਰਥਿਕ ਪ੍ਰਭਾਵ** : ਇਸ ਮੂਰਤੀ ਨੇ ਕੇਵੜੀਆ ਵਰਗੇ ਪਛੜੇ ਇਲਾਕੇ ਨੂੰ ਇੱਕ ਅੰਤਰਰਾਸ਼ਟਰੀ ਟੂਰਿਜ਼ਮ ਹੱਬ ਵਿੱਚ ਬਦਲ ਦਿੱਤਾ ਹੈ। ਸਟੈਚੂ ਆਫ ਯੂਨਿਟੀ ਦੇ ਆਲੇ-ਦੁਆਲੇ ਵਿਕਸਿਤ ਕੀਤੇ ਗਏ ਵੱਖ-ਵੱਖ ਆਕਰਸ਼ਣ ਇਸ ਨੂੰ ਪਰਿਵਾਰਕ ਸੈਰ-ਸਪਾਟੇ ਲਈ ਇੱਕ ਸੰਪੂਰਨ ਸਥਾਨ ਬਣਾਉਂਦੇ ਹਨ।

**ਵੈਲੀ ਆਫ ਫਲਾਵਰਜ਼**: ਨਰਮਦਾ ਦੇ ਕੰਢੇ ਫੈਲਿਆ 17 ਕਿਲੋਮੀਟਰ ਦਾ ਰੰਗ-ਬਿਰੰਗੇ ਫੁੱਲਾਂ ਦਾ ਬਾਗ।

**ਜੰਗਲ ਸਫਾਰੀ**: ਇੱਕ ਅਤਿ-ਆਧੁਨਿਕ ਜ਼ੂਆਲੋਜੀਕਲ ਪਾਰਕ ਜਿੱਥੇ ਦੁਨੀਆ ਭਰ ਦੇ ਜਾਨਵਰਾਂ ਨੂੰ ਦੇਖਿਆ ਜਾ ਸਕਦਾ ਹੈ।

**ਏਕਤਾ ਮਾਲ**: ਜਿੱਥੇ ਭਾਰਤ ਦੇ ਵੱਖ-ਵੱਖ ਰਾਜਾਂ ਦੇ ਹੱਥੀਂ ਬਣੇ ਉਤਪਾਦ ਅਤੇ ਸ਼ਿਲਪਕਾਰੀ ਉਪਲਬਧ ਹੈ।

**ਗਲੋ ਗਾਰਡਨ ਅਤੇ ਕੈਕਟਸ ਗਾਰਡਨ**: ਰਾਤ ਦੇ ਸਮੇਂ ਰੌਸ਼ਨੀਆਂ ਨਾਲ ਜਗਮਗਾਉਂਦਾ ਬਾਗ ਅਤੇ ਵਿਲੱਖਣ ਪੌਦਿਆਂ ਦੀ ਪ੍ਰਦਰਸ਼ਨੀ। **ਟੈਂਟ ਸਿਟੀ**: ਸੈਲਾਨੀਆਂ ਲਈ ਕੁਦਰਤ ਦੀ ਗੋਦ ਵਿੱਚ ਰਹਿਣ ਦਾ ਸ਼ਾਨਦਾਰ ਅਨੁਭਵ।

**ਏਕਤਾ ਅਤੇ ਪ੍ਰਗਤੀ ਦਾ ਸੰਗਮ**: ਸਰਦਾਰ ਸਰੋਵਰ ਡੈਮ ਅਤੇ ਸਟੈਚੂ ਆਫ ਯੂਨਿਟੀ ਦਾ ਆਪਸੀ ਸਬੰਧ ਭਾਰਤ ਦੀ ਸ਼ਕਤੀ ਅਤੇ ਸ਼ਾਂਤੀ ਦੇ ਸੁਮੇਲ ਨੂੰ ਦਰਸਾਉਂਦਾ ਹੈ। ਜਿੱਥੇ ਡੈਮ ਦੇਸ਼ ਦੀ ਆਰਥਿਕ ਅਤੇ ਖੇਤੀਬਾੜੀ ਸ਼ਕਤੀ ਨੂੰ ਵਧਾ ਰਿਹਾ ਹੈ, ਉੱਥੇ ਸਟੈਚੂ ਆਫ ਯੂਨਿਟੀ ਦੇਸ਼ ਦੀ ਸੱਭਿਆਚਾਰਕ ਅਤੇ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਕਰ ਰਹੀ ਹੈ।

**ਈਕੋ-ਟੂਰਿਜ਼ਮ ਅਤੇ ਵਾਤਾਵਰਣ ਦੀ ਸੰਭਾਲ** : ਇੱਕ ਅਹਿਮ ਪਹਿਲੂ ਜੋ ਇਸ ਸਥਾਨ ਨੂੰ ਵਿਲੱਖਣ ਬਣਾਉਂਦਾ ਹੈ ਉਹ ਹੈ ਇਸ ਦਾ ਵਾਤਾਵਰਣ ਪੱਖੀ ਹੋਣਾ। ਏਕਤਾ ਨਗਰ ਨੂੰ ਭਾਰਤ ਦਾ ਪਹਿਲਾ 'ਇਲੈਕਟ੍ਰਿਕ ਵਹੀਕਲ ਸਿਟੀ' (EV City) ਵਜੋਂ ਵਿਕਸਿਤ ਕੀਤਾ ਗਿਆ ਹੈ। ਇੱਥੇ ਸੈਲਾਨੀਆਂ ਲਈ ਸਿਰਫ਼ ਬਿਜਲੀ ਨਾਲ ਚੱਲਣ ਵਾਲੇ ਵਾਹਨ ਅਤੇ ਰਿਕਸ਼ੇ ਉਪਲਬਧ ਹਨ ਜੋ ਪ੍ਰਦੂਸ਼ਣ ਨੂੰ ਘੱਟ ਕਰਨ ਵਿੱਚ ਮਦਦ ਕਰਦੇ ਹਨ। ਇਹ ਇਸ ਗੱਲ ਦਾ ਸਬੂਤ ਹੈ ਕਿ ਵਿਕਾਸ ਅਤੇ ਕੁਦਰਤ ਦਾ ਸੰਤੁਲਨ ਬਣਾਇਆ ਜਾ ਸਕਦਾ ਹੈ।

**ਮੀਡੀਆ ਦੌਰੇ ਦੀ ਅਹਿਮੀਅਤ** : ਪੀਆਈਬੀ ਦੇ ਇਸ ਦੌਰੇ ਦੌਰਾਨ ਪੰਜਾਬ, ਚੰਡੀਗੜ੍ਹ ਅਤੇ ਜੰਮੂ-ਕਸ਼ਮੀਰ ਤੋਂ ਆਏ ਮੀਡੀਆ ਪ੍ਰਤੀਨਿੱਧੀਆਂ ਨੇ ਮਹਿਸੂਸ ਕੀਤਾ ਕਿ ਇਹ ਪ੍ਰੋਜੈਕਟ ਸਿਰਫ਼ ਗੁਜਰਾਤ ਦੇ ਨਹੀਂ ਸਗੋਂ ਪੂਰੇ ਭਾਰਤ ਦੇ ਹਨ। ਜਦੋਂ ਪੰਜਾਬ ਦਾ ਇੱਕ ਪੱਤਰਕਾਰ ਨਰਮਦਾ ਦੇ ਪਾਣੀ ਨਾਲ ਹਰੀ-ਭਰੀ ਹੋਈ ਕੱਛ ਦੀ ਧਰਤੀ ਦੇਖਦਾ ਹੈ ਤਾਂ ਉਸਨੂੰ ਪੰਜਾਬ ਦੇ ਪੰਜ ਦਰਿਆਵਾਂ ਅਤੇ ਉੱਥੋਂ ਦੀ ਕਿਸਾਨੀ ਦੀ ਯਾਦ ਆਉਂਦੀ ਹੈ। ਇਹ ਸਾਂਝ ਹੀ ਏਕ ਭਾਰਤ ਸ੍ਰੇਸ਼ਠ ਭਾਰਤ ਦੀ ਭਾਵਨਾ ਨੂੰ ਮਜ਼ਬੂਤ ਕਰਦੀ ਹੈ।

**ਚੁਣੌਤੀਆਂ ਅਤੇ ਸਫ਼ਲਤਾ ਦੀ ਦਾਸਤਾਨ** : ਕਿਸੇ ਵੀ ਵੱਡੇ ਪ੍ਰੋਜੈਕਟ ਵਾਂਗ ਇਨ੍ਹਾਂ ਨੂੰ ਵੀ ਚੁਣੌਤੀਆਂ ਦਾ ਸਾਹਮਣਾ ਕਰਨਾ ਪਿਆ। ਵਾਤਾਵਰਣ ਦੇ ਮੁੱਦੇ, ਵਿਸਥਾਪਨ ਅਤੇ ਮੁੜ ਵਸੇਬੇ ਵਰਗੇ ਗੰਭੀਰ ਸਵਾਲ ਉੱਠੇ। ਪਰ ਸਰਕਾਰ ਨੇ ਇਨ੍ਹਾਂ ਦਾ ਹੱਲ ਸੰਵੇਦਨਸ਼ੀਲਤਾ ਨਾਲ ਕੀਤਾ। ਮੁੜ ਵਸੇਬੇ ਦੀ ਪ੍ਰਕਿਰਿਆ ਦੌਰਾਨ ਪ੍ਰਭਾਵਿਤ ਪਰਿਵਾਰਾਂ ਨੂੰ ਨਵੀਆਂ ਸਹੂਲਤਾਂ, ਪੱਕੇ ਘਰ ਅਤੇ ਰੁਜ਼ਗਾਰ ਦੇ ਮੌਕੇ ਦਿੱਤੇ ਗਏ। ਅੱਜ ਜਦੋਂ ਅਸੀਂ ਉੱਥੋਂ ਦੇ ਖੁਸ਼ਹਾਲ ਚਿਹਰੇ ਦੇਖਦੇ ਹਾਂ ਤਾਂ ਇਹ ਸਪੱਸ਼ਟ ਹੁੰਦਾ ਹੈ ਕਿ ਵਿਕਾਸ ਅਤੇ ਮਨੁੱਖੀ ਕਲਿਆਣ ਨੂੰ ਇਕੱਠੇ ਚਲਾਇਆ ਜਾ ਸਕਦਾ ਹੈ।

**ਭਵਿੱਖ ਦਾ ਰੋਡਮੈਪ** : ਸਰਦਾਰ ਸਰੋਵਰ ਡੈਮ ਅਤੇ ਸਟੈਚੂ ਆਫ ਯੂਨਿਟੀ ਸਿਰਫ਼ ਸੈਰ-ਸਪਾਟੇ ਦੇ ਕੇਂਦਰ ਨਹੀਂ ਹਨ ਸਗੋਂ ਇਹ 'ਏਕ ਭਾਰਤ, ਸ੍ਰੇਸ਼ਠ ਭਾਰਤ' ਦੇ ਸੰਕਲਪ ਦੀ ਜੀਵੰਤ ਮਿਸਾਲ ਹਨ। ਇਹ ਪ੍ਰੋਜੈਕਟ ਸਾਨੂੰ ਦੱਸਦੇ ਹਨ ਕਿ ਜਦੋਂ ਕਿਸੇ ਦੇਸ਼ ਕੋਲ ਸਰਦਾਰ ਪਟੇਲ ਵਰਗੀ ਦੂਰਅੰਦੇਸ਼ੀ ਅਤੇ ਆਧੁਨਿਕ ਲੀਡਰਸ਼ਿਪ ਦੀ ਇੱਛਾ-ਸ਼ਕਤੀ ਹੁੰਦੀ ਹੈ ਤਾਂ ਉਹ ਰੇਤ ਦੇ ਟਿੱਬਿਆਂ ਨੂੰ ਵੀ ਹਰਾ-ਭਰਾ ਕਰ ਸਕਦਾ ਹੈ ਅਤੇ ਪੂਰੀ ਦੁਨੀਆ ਦਾ ਧਿਆਨ ਆਪਣੇ ਵੱਲ ਖਿੱਚ ਸਕਦਾ ਹੈ। ਇਹ ਸਥਾਨ ਹਰ ਭਾਰਤੀ ਨੂੰ ਇਹ ਸੁਨੇਹਾ ਦਿੰਦਾ ਹੈ ਕਿ ਏਕਤਾ ਵਿੱਚ ਹੀ ਸ਼ਕਤੀ ਹੈ ਅਤੇ ਸ਼ਕਤੀ ਵਿੱਚ ਹੀ ਵਿਕਾਸ ਹੈ। ਆਉਣ ਵਾਲੀਆਂ ਪੀੜ੍ਹੀਆਂ ਲਈ ਕਿ ਕਿਵੇਂ ਅਸੀਂ ਆਪਣੇ ਕੁਦਰਤੀ ਸਰੋਤਾਂ (ਪਾਣੀ) ਅਤੇ ਆਪਣੀ ਵਿਰਾਸਤ (ਇਤਿਹਾਸ) ਦਾ ਸਤਿਕਾਰ ਕਰਦੇ ਹੋਏ ਅੱਗੇ ਵਧ ਸਕਦੇ ਹਾਂ। ਇਹ ਪ੍ਰੋਜੈਕਟ ਪ੍ਰੇਰਨਾ ਦਾ ਸਰੋਤ ਰਹਿਣਗੇ ਕਿ ਕਿਵੇਂ ਭਾਰਤ ਨੇ ਆਪਣੇ ਸੀਮਤ ਸਰੋਤਾਂ ਦੇ ਬਾਵਜੂਦ ਵਿਸ਼ਵ ਪੱਧਰੀ ਮੀਲ ਪੱਥਰ ਸਥਾਪਿਤ ਕੀਤੇ। ਅੱਜ ਜਦੋਂ ਅਸੀਂ ਨਰਮਦਾ ਦੇ ਵਗਦੇ ਪਾਣੀ ਅਤੇ ਸਰਦਾਰ ਪਟੇਲ ਦੀ ਉੱਚੀ ਮੂਰਤੀ ਨੂੰ ਦੇਖਦੇ ਹਾਂ ਤਾਂ ਸਾਨੂੰ ਇੱਕ ਅਜਿਹੇ ਭਾਰਤ ਦਾ ਅਹਿਸਾਸ ਹੁੰਦਾ ਹੈ ਜੋ ਆਪਣੀ ਵਿਰਾਸਤ 'ਤੇ ਮਾਣ ਕਰਦਾ ਹੈ ਅਤੇ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਹੈ। ਇਹ ਭਾਰਤ ਦੀ ਤਰੱਕੀ ਦੀ ਇੱਕ ਅਜਿਹੀ ਕਹਾਣੀ ਹੈ ਜੋ ਦੁਨੀਆ ਦੇ ਇਤਿਹਾਸ ਵਿੱਚ ਸੁਨਹਿਰੀ ਅੱਖਰਾਂ ਵਿੱਚ ਲਿਖੀ ਜਾ ਚੁੱਕੀ ਹੈ।

## ਦੇਸ਼ ਵਾਸੀਆਂ ਨੂੰ ਸ਼੍ਰੀ ਓਮ ਬਿਰਲਾ ਵੱਲੋਂ ਹੋਲੀ ਦੀਆਂ ਵਧਾਈਆਂ

ਨਵੀਂ ਦਿੱਲੀ, 3 ਮਾਰਚ (ਚ.ਨ.ਸ.): ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਹੋਲੀ ਦੀ ਪੂਰਵ ਸੰਧਿਆ 'ਤੇ ਲੋਕਾਂ ਨੂੰ ਵਧਾਈਆਂ ਦਿੱਤੀਆਂ ਹਨ। ਆਪਣੇ ਸੰਦੇਸ਼ ਵਿੱਚ, ਸ਼੍ਰੀ ਬਿਰਲਾ ਨੇ ਕਿਹਾ ਕਿ ਰੰਗਾਂ, ਖੁਸ਼ੀ ਅਤੇ ਸਦਭਾਵਨਾ ਦੇ ਤਿਉਹਾਰ ਹੋਲੀ ਦੀਆਂ ਸਾਰਿਆਂ ਨੂੰ ਹਾਰਦਿਕ ਸ਼ੁਭਕਾਮਨਾਵਾਂ। ਰੰਗਾਂ ਦਾ ਇਹ ਤਿਉਹਾਰ ਸਾਡੀ ਅਮੀਰ ਸੱਭਿਆਚਾਰ, ਪਰੰਪਰਾ ਅਤੇ ਸਮਾਜਿਕ ਭਾਈਚਾਰੇ ਦਾ ਇੱਕ ਜੀਵੰਤ ਪ੍ਰਗਟਾਵਾ ਹੈ। ਹੋਲੀ ਸਾਨੂੰ ਯਾਦ ਦਿਵਾਉਂਦੀ ਹੈ ਕਿ ਜ਼ਿੰਦਗੀ ਸਾਡੇ @ਤੇ ਕਿੰਨੀਆਂ ਵੀ ਮੁਸ਼ਕਲਾਂ ਲਿਆਵੇ, ਪਿਆਰ, ਵਿਸ਼ਵਾਸ ਅਤੇ ਸਕਾਰਾਤਮਕਤਾ ਦੇ ਰੰਗ ਕਿਸੇ ਵੀ ਹਨੇਰੇ ਨੂੰ ਦੂਰ ਕਰ ਸਕਦੇ ਹਨ। ਜਦੋਂ ਅਸੀਂ ਇੱਕ ਦੂਜੇ @ਤੇ ਰੰਗ ਲਗਾਉਂਦੇ ਹਾਂ, ਤਾਂ ਅਸੀਂ ਵਿਤਕਰੇ ਦੀਆਂ ਕੰਧਾਂ ਨੂੰ ਤੋੜਦੇ ਹਾਂ ਅਤੇ ਸਮਾਨਤਾ ਅਤੇ ਏਕਤਾ ਦਾ ਸੰਦੇਸ਼ ਦਿੰਦੇ ਹਾਂ। ਇਹ ਸਾਡੇ ਦੇਸ਼ ਦੀ ਸਭ ਤੋਂ ਵੱਡੀ ਤਾਕਤ ਹੈ। ਸਾਡਾ ਦੇਸ਼ ਵਿਭਿੰਨਤਾ ਨਾਲ ਭਰਿਆ ਹੋਇਆ ਹੈ। ਪਰ ਹੋਲੀ ਦਾ ਜਸ਼ਨ ਸਾਨੂੰ ਏਕਤਾ ਅਤੇ ਭਾਈਚਾਰੇ ਦੇ ਧਾਗੇ ਵਿੱਚ ਬੰਨ੍ਹਦਾ ਹੈ। ਆਓ ਇਸ ਹੋਲੀ ਨੂੰ ਆਪਣੇ ਸਮਾਜ ਨੂੰ ਪਿਆਰ, ਸ਼ਾਂਤੀ ਅਤੇ ਸਦਭਾਵਨਾ ਦੇ ਰੰਗਾਂ ਨਾਲ ਭਰਨ ਦਾ ਸੰਕਲਪ ਕਰੀਏ, ਅਤੇ ਉਨ੍ਹਾਂ ਲੋਕਾਂ ਨੂੰ ਜਸ਼ਨ ਦੀ ਖੁਸ਼ੀ ਫੈਲਾਈਏ ਜੋ ਇਕੱਲੇ ਹਨ ਜਾਂ ਕਿਸੇ ਕਾਰਨ ਕਰਕੇ ਲੋੜਵੰਦ ਹਨ। ਇੱਕ ਵਾਰ ਫਿਰ, ਸਾਰਿਆਂ ਨੂੰ ਹੋਲੀ ਦੀਆਂ ਹਾਰਦਿਕ ਸ਼ੁਭਕਾਮਨਾਵਾਂ। ਤੁਹਾਡੀ ਜ਼ਿੰਦਗੀ ਹਮੇਸ਼ਾ ਖੁਸ਼ੀ ਦੇ ਰੰਗਾਂ ਨਾਲ ਭਰੀ ਰਹੇ, ਅਤੇ ਸਾਡਾ ਦੇਸ਼ ਪਿਆਰ, ਤਰੱਕੀ ਅਤੇ ਏਕਤਾ ਦੇ ਰੰਗਾਂ ਨਾਲ ਚਮਕਦਾ ਰਹੇ।

---

## ਸਟੇਟ ਬੈਂਕ ਆਫ ਇੰਡੀਆ

ਸਟਰੈਸਡ ਸੰਪੱਤੀ ਵਸੂਲੀ ਸ਼ਾਖਾ, ਜ਼ਮੀਨੀ ਤਲ, ਜ਼ੋਨਲ ਬਿਜਨਸ ਦਫਤਰ ਬਿਲਡਿੰਗ, ਫਾਊਂਟੇਨ ਚੌਕ, ਸਿਵਲ ਲਾਈਨਜ਼, ਲੁਧਿਆਣਾ 141001

**[ਨਿਯਮ (8-1)] ਕਬਜ਼ਾ ਸੂਚਨਾ (ਅਚੱਲ ਸੰਪੱਤੀ/ਆਂ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ ਨੰ. 3) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ(†)/ਜ਼ਾਮਨ(†)/ਗਿਰਵੀਕਾਰ (†) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।

ਕਰਜ਼ਦਾਰ(†)/ਜ਼ਾਮਨ(†)/ਗਿਰਵੀਕਾਰ (†) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(†)/ਜ਼ਾਮਨ(†)/ਗਿਰਵੀਕਾਰ (†) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਖਾਤੇ ਅਧੀਨ ਨਿਮਨ ਦਰਸਾਈਆਂ ਮਿਤੀਆਂ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਭੌਤਿਕ ਕਬਜ਼ਾ** ਲੈ ਲਿਆ ਹੈ।

ਕਰਜ਼ਦਾਰ(†)/ਜ਼ਾਮਨ(†)/ਗਿਰਵੀਕਾਰ (†) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਸੰਪੱਤੀਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀਆਂ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਵੇਰਵਿਆਂ ਅਨੁਸਾਰ ਹਰੇਕ ਦੇ ਅਧੀਨ ਦਰਸਾਈ ਰਕਮ, ਮਨਫੀ ਵਸੂਲੀ, ਜੇਕਰ ਕੋਈ ਹੈ ਜਮ੍ਹਾਂ ਭਾਵੀ ਵਿਆਜ, ਖਰਚਿਆਂ, ਲਾਗਤਾਂ ਦੇ ਲਈ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।

**ਕਰਜ਼ਦਾਰ/ਜ਼ਾਮਨ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ, ਕਰਜ਼ਦਾਰ /ਜ਼ਾਮਨ ਦੇ ਨਾਮ | ਸੰਪੱਤੀ/ਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ / ਭੌਤਿਕ ਕਬਜ਼ੇ ਦੀ ਮਿਤੀ | ਬਕਾਇਆ ਰਕਮ ਰੁ. 'ਚ |
|---|---|---|---|
| ਕਰਜ਼ਦਾਰ/ਜ਼ਾਮਨ : ਮੈਸ. ਮੁਗਲਾਨੀ ਐਂਟਰਪ੍ਰਾਇਜ਼ਜ਼, ਗੁਰੂਹਰਸਹਾਏ ਰੋਡ, ਮੁਕਤਸਰ ਪੰਜਾਬ ਰਾਹੀਂ ਇਸ ਦੇ ਭਾਈਵਾਲਾਂ 1. ਸ੍ਰੀ ਰਾਜ ਕੁਮਾਰ ਮੁਗਲਾਨੀ ਪੁੱਤਰ ਸ੍ਰੀ ਕੁੰਦਨ ਲਾਲ ਵਾਸੀ ਗਲੀ ਨੰ. 1, ਬਾਵਾ ਕਲੋਨੀ, ਕੋਟਕਪੂਰਾ ਰੋਡ, ਮੁਕਤਸਰ ਅਤੇ 2. ਸ੍ਰੀਮਤੀ ਹਰਜੀਤ ਕੌਰ ਪਤਨੀ ਸ੍ਰੀ ਕੁਲਵੰਤ ਸਿੰਘ ਵਾਸੀ ਵਾਰਡ ਨੰ. 5, ਬਰੀਵਾਲਾ ਜ਼ਿਲ੍ਹਾ ਮੁਕਤਸਰ ਪੰਜਾਬ (ਕਰਜ਼ਦਾਰਾਂ) | ਜਾਇਦਾਦ ਦੇ ਸਾਰੇ ਹਿੱਸੇ ਜਿਵੇਂ ਕਿ ਫੈਕਟਰੀ ਦੀ ਜ਼ਮੀਨ ਅਤੇ ਇਮਾਰਤ ਜਿਸਦੀ ਮਾਪ 13 ਕਨਾਲ 8 ਮਰਲੇ ਹੈ, ਖੇਵਟ ਨੰਬਰ 1564, ਖਟੌਨੀ ਨੰਬਰ 2156 ਖਸਰਾ ਨੰਬਰ 96//3/2 (3-11), 8 (8-0), 13 ਮਿੰਟ (1-17) ਹਦਬਸਤ ਨੰਬਰ 54 ਵਿੱਚ ਸ਼ਾਮਲ ਹੈ, ਜਮ੍ਹਾਂਬੰਦੀ ਸਾਲ 2020-21 ਦੇ ਅਨੁਸਾਰ ਮੁਕਤਸਰ-III ਦੀ ਮਾਲ ਜਾਇਦਾਦ ਵਿੱਚ, ਗੁਰੂਹਰਸਾਈ ਰੋਡ, ਮੁਕਤਸਰ, ਤਹਿਸੀਲ ਅਤੇ ਜ਼ਿਲ੍ਹਾ ਮੁਕਤਸਰ ਵਿਖੇ ਸਥਿਤ, ਵਿਕਰੀ ਡੀਡ ਨੰਬਰ 2280 ਮਿਤੀ 24.10.1991 ਰਾਹੀਂ ਸ੍ਰੀ ਰਾਜ ਕੁਮਾਰ ਪੁੱਤਰ ਸਵਰਗੀ ਸ੍ਰੀ ਕੁੰਦਨ ਲਾਲ ਦੇ ਨਾਮ 'ਤੇ (ਵਸੀਅਤ ਨੰਬਰ 103 ਮਿਤੀ 01.07.2011 ਦੁਆਰਾ ਤਬਦੀਲ ਕੀਤਾ ਗਿਆ) ਅਤੇ ਹੱਦਬੰਦੀ : ਪੂਰਬ: ਰਾਜ ਕਰਨ ਸਿੰਘ, ਪੱਛਮ: ਸੇਖੋਂ ਪਰਿਵਾਰ, ਉੱਤਰ: ਸੜਕ, ਦੱਖਣ: ਰਾਜ ਕਰਨ ਸਿੰਘ | 03.05.2025 / 26.02.2026 | ਰੁ.4,44,14,377.00 (ਰੁ. ਚਾਰ ਕਰੋੜ ਚੁਤਾਲੀ ਲੱਖ ਚੌਦਾਂ ਹਜ਼ਾਰ ਤਿੰਨ ਸੌ ਸਤੱਤਰ ਕੇਵਲ) 03.05.2025 ਨੂੰ, ਮਨਫੀ ਵਸੂਲ ਹੋਈ ਰਕਮ, ਜਮ੍ਹਾਂ, ਜੇਕਰ ਕੋਈ ਹੈ ਜਮ੍ਹਾਂ ਇਸ 'ਤੇ ਵਿਆਜ ਅਤੇ ਹੋਰ ਫੀਸਾਂ/ਖਰਚੇ, ਲਾਗਤਾਂ। |

ਮਿਤੀ : 26.02.2026 ਸਥਾਨ : ਮੁਕਤਸਰ ਅਧਿਕਾਰਤ ਅਧਿਕਾਰੀ

---

ਬੈਂਕ ਆਫ ਇੰਡੀਆ Bank of India BOI

## ਕੋਚਰ ਮਾਰਕਿਟ ਸ਼ਾਖਾ

ਕੋਚਰ ਮਾਰਕਿਟ, ਮਾਡਲ ਗ੍ਰਾਮ, ਲੁਧਿਆਣਾ 14002

**ਕਬਜ਼ੇ ਸੰਬੰਧੀ ਨੋਟਿਸ [ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 8(1) ਦੇ ਤਹਿਤ]**

ਜਦੋਂ ਕਿ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਹਿੱਤ ਐਕਟ, 2002 ਦੇ ਅਧੀਨ ਬੈਂਕ ਆਫ਼ ਇੰਡੀਆ, ਕੋਚਰ ਮਾਰਕੀਟ ਸ਼ਾਖਾ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ ਅਤੇ ਸੁਰੱਖਿਆ ਹਿੱਤ (ਲਾਗੂਕਰਨ) ਨਿਯਮ, 2002 ਦੇ ਨਿਯਮ 3 ਦੇ ਨਾਲ ਪੜ੍ਹੇ ਗਏ ਧਾਰਾ 13 (12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਹੇਠ ਹਸਤਾਖਰ ਕੀਤੇ ਗਏ ਨੇ 31.07.2024 ਨੂੰ ਇੱਕ ਮੰਗ ਨੋਟਿਸ ਜਾਰੀ ਕੀਤਾ ਜਿਸ ਵਿੱਚ ਕਰਜ਼ਦਾਰਾਂ ਸ਼੍ਰੀ ਹਿਮਾਂਸ਼ੂ ਪਟੇਲ ਪੁੱਤਰ ਸ਼੍ਰੀ ਹੀਰਾ ਲਾਲ ਅਤੇ ਸ਼੍ਰੀਮਤੀ ਆਸ਼ਾ ਰਾਣੀ ਪਤਨੀ ਸ਼੍ਰੀ ਹੀਰਾ ਲਾਲ ਨੂੰ ਨੋਟਿਸ ਵਿੱਚ ਦੱਸੀ ਗਈ ਰਕਮ ਦੀ ਅਦਾਇਗੀ ਕਰਨ ਲਈ ਕਿਹਾ ਗਿਆ ਹੈ। 16,78,429.88/- (ਸੋਲ੍ਹਾਂ ਲੱਖ ਅਠੱਤਰ ਹਜ਼ਾਰ ਚਾਰ ਸੌ ਉਨੱਤੀ ਅਤੇ ਸਿਰਫ਼ ਅਠਾਸੀ ਪੈਸੇ) ਵਿਆਜ ਸਮੇਤ 10.35% ਸਾਲਾਨਾ, ਮਹੀਨਾਵਾਰ ਬਾਕੀ ਰਕਮ ਅਤੇ ਬੈਂਕ ਦੁਆਰਾ ਤੁਹਾਡੇ ਦੁਆਰਾ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਦੇ ਅੰਦਰ ਅਦਾਇਗੀ ਤੱਕ ਕੀਤੇ ਗਏ ਸਾਰੇ ਖਰਚੇ, ਖਰਚੇ ਅਤੇ ਖਰਚੇ।

ਉਕਤ ਦਰਸਾਏ ਕਰਜ਼ਦਾਰ ਅਤੇ ਜ਼ਾਮਨਾਂ ਰਕਮ ਅਦਾ ਕਰਨ ਵਿਚ ਅਸਫਲ ਰਹੇ ਹਨ, ਇਥੇ ਕਰਜ਼ਦਾਰਾਂ ਅਤੇ ਜ਼ਾਮਨ ਸ੍ਰੀ ਚੇਤਕ ਪਟੇਲ ਸਪੁੱਤਰ ਸ੍ਰੀ ਹੀਰਾ ਲਾਲ ਨੂੰ ਅਤੇ ਆਮ ਕਰਕੇ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ 2 ਮਾਰਚ ਸਾਲ 2026 ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ ਭੌਤਿਕ ਕਬਜ਼ਾ ਲੈ ਲਿਆ ਹੈ।

ਖਾਸ ਕਰਕੇ ਉੱਪਰ ਦੱਸੇ ਗਏ ਕਰਜ਼ਦਾਰ ਅਤੇ ਜ਼ਾਮਨਾਂ ਅਤੇ ਆਮ ਜਨਤਾ ਨੂੰ ਸਾਵਧਾਨ ਕੀਤਾ ਜਾਂਦਾ ਹੈ ਕਿ ਉਹ ਕਿਸੇ ਵੀ ਤਰ੍ਹਾਂ ਦਾ ਸੌਦਾ ਨਾ ਕਰਨ। ਜਾਇਦਾਦਾਂ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੇ ਲੈਣ-ਦੇਣ ਲਈ ਬੈਂਕ ਆਫ਼ ਇੰਡੀਆ, ਕੋਚਰ ਮਾਰਕੀਟ ਸ਼ਾਖਾ ਤੋਂ ਰੁਪਏ ਦੀ ਰਕਮ ਦਾ ਚਾਰਜ ਲਿਆ ਜਾਵੇਗਾ। 16,78,429.88/- (ਸੋਲ੍ਹਾਂ ਲੱਖ ਅਠੱਤਰ ਹਜ਼ਾਰ ਚਾਰ ਸੌ ਉਨੱਤੀ ਅਤੇ ਸਿਰਫ਼ ਅਠਾਸੀ ਪੈਸੇ ਅਤੇ ਉਸ 'ਤੇ ਵਿਆਜ। ਕਰਜ਼ਦਾਰ ਦਾ ਧਿਆਨ ਐਕਟ ਦੀ ਧਾਰਾ 13 ਦੀ ਉਪ-ਧਾਰਾ (8) ਦੇ ਉਪਬੰਧਾਂ ਵੱਲ ਖਿੱਚਿਆ ਜਾਂਦਾ ਹੈ, ਉਪਲਬਧ ਸਮੇਂ ਦੇ ਸੰਬੰਧ ਵਿੱਚ, ਸੁਰੱਖਿਅਤ ਸੰਪਤੀਆਂ ਨੂੰ ਛੁਡਾਉਣ ਲਈ।]

**ਚੱਲ/ਅਚੱਲ ਸੰਪਤੀ ਦਾ ਵਰਣਨ**

ਖਸਰਾ ਨੰਬਰ 16//11 16//12/1, 16/19/2, 16//20, 17/15/2, 17/16, 17/17, 17//24, 17//25/1, ਖਾਤਾ ਨੰਬਰ 127/142 ਵਿੱਚ ਸ਼ਾਮਲ ਪਲਾਟ ਨੰਬਰ 110 ਮਿਨ111 ਮਿਨ, 16//19/2, 16//20, 17/15/2, 17/16, 17/17, 17//24, 17//25/1, ਖਾਤਾ ਨੰਬਰ 127/142 ਜਮ੍ਹਾਂਬੰਦੀ ਅਨੁਸਾਰ: ਸਾਲ ਲਈ 2013-14 ਪਿੰਡ-ਰਾਜਪੁਰਾ ਉਰਫ਼ ਹੁਸੈਨਪੁਰਾ। ਹੱਦਬਸਤ ਨੰਬਰ 99 ਗ੍ਰੀਨ ਸਿਟੀ, ਤਹਿਸੀਲ ਅਤੇ ਜ਼ਿਲ੍ਹਾ-ਲੁਧਿਆਣਾ ਵਜੋਂ ਜਾਣਿਆ ਜਾਂਦਾ ਇਲਾਕਾ, ਸ਼੍ਰੀਮਤੀ ਆਸ਼ਾ ਰਾਣੀ ਅਤੇ ਸ਼੍ਰੀ ਹਿਮਾਂਸ਼ੂ ਪਟੇਲ ਦੀ ਮਲਕੀਅਤ, ਵਾਸਿਕਾ ਨੰਬਰ 2021-22/101/1/67 ਮਿਤੀ 01-04-2021 ਦੇ ਸੇਲ ਡੀਡ ਰਾਹੀਂ। ਪੂਰਬ- ਪਲਾਟ ਨੰਬਰ 70-71 ਮਿਨ, ਪੱਛਮ- ਗਲੀ 20' ਚੌੜੀ, ਉੱਤਰ- ਪਲਾਟ ਨੰਬਰ 110 ਮਿਨ, ਦੱਖਣ- ਪਲਾਟ ਨੰਬਰ 111ਮਿਨ

ਮਿਤੀ: 02.03.2026 ਸਹੀ/- ਅਧਿਕਾਰਤ ਅਧਿਕਾਰੀ

---

equitas

## ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਟਿਡ (ਪਹਿਲਾਂ ਇਕੁਇਟਾਸ ਫਾਈਨੈਂਸ ਲਿਮਟਿਡ ਵਜੋਂ ਜਾਣਿਆ ਜਾਂਦਾ ਸੀ)

ਰਜਿਸਟਰਡ ਦਫ਼ਤਰ: ਨੰ.769, ਸਪੈਨਸਰ ਪਲਾਜ਼ਾ, ਚੌਥੀ ਮੰਜ਼ਿਲ, ਫੇਜ਼-2, ਅੰਨਾ ਸਲਾਈ, ਚੇਨਈ - 600002

**ਕਬਜ਼ੇ ਦਾ ਨੋਟਿਸ (ਨਿਯਮ 8 (1) ਦੇ ਤਹਿਤ - ਅਚੱਲ ਜਾਇਦਾਦ ਲਈ)**

ਇਕੁਇਟਾਸ ਸਮਾਲ ਫਾਈਨੈਂਸ ਬੈਂਕ ਦੇ ਅਧਿਕਾਰਤ ਅਧਿਕਾਰੀ ਹੋਣ ਦੇ ਨਾਤੇ, ਹੇਠ ਹਸਤਾਖਰ ਕਰਨ ਵਾਲੇ ਨੇ ਵਿੱਤੀ ਸੰਪਤੀਆਂ ਦੇ ਸੁਰੱਖਿਆਕਰਨ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਐਕਟ, 2002 ਦੇ ਉਪਬੰਧਾਂ ਦੇ ਤਹਿਤ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮ, 2002 ਦੇ ਨਿਯਮ 9 ਦੇ ਨਾਲ ਪੜ੍ਹੇ ਗਏ ਧਾਰਾ 13(12) ਦੇ ਅਧੀਨ ਪ੍ਰਾਪਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ, ਇੱਥੇ ਦੱਸੇ ਗਏ ਸਬੰਧਤ ਕਰਜ਼ਦਾਰਾਂ ਨੂੰ 60 ਦਿਨਾਂ ਦੀ ਮਿਆਦ ਦੇ ਅੰਦਰ ਉਕਤ ਐਕਟ ਦੀ ਧਾਰਾ 13(2) ਦੇ ਤਹਿਤ ਸਬੰਧਤ ਨੋਟਿਸਾਂ ਵਿੱਚ ਦਰਸਾਈਆਂ ਗਈਆਂ ਰਕਮਾਂ ਦਾ ਭੁਗਤਾਨ ਕਰਨ ਲਈ ਕਿਹਾ ਹੈ। ਸਬੰਧਤ ਕਰਜ਼ਦਾਰਾਂ ਨੇ ਉਕਤ ਰਕਮਾਂ ਦਾ ਭੁਗਤਾਨ ਕਰਨ ਵਿੱਚ ਅਸਫਲ ਰਹਿਣ ਤੋਂ ਬਾਅਦ, ਕਰਜ਼ਦਾਰਾਂ, ਜ਼ਮਾਨਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਹਸਤਾਖਰ ਕਰਨ ਵਾਲੇ ਨੇ ਸਰਫਾਇਸੀ ਐਕਟ ਦੀ ਧਾਰਾ 14 ਦੇ ਤਹਿਤ ਦਿੱਤੇ ਗਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਹੇਠਾਂ ਦੱਸੀਆਂ ਗਈਆਂ ਜਾਇਦਾਦਾਂ ਦਾ ਭੌਤਿਕ ਕਬਜ਼ਾ ਲੈ ਲਿਆ ਹੈ, ਜੋ ਕਿ CRM ਨੰ. 5746/2025 ਮਿਤੀ 15-01-2026 ਨੂੰ ਮਾਨਯੋਗ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਸੰਗਰੂਰ, ਜ਼ਿਲ੍ਹਾ ਸੰਗਰੂਰ, ਪੰਜਾਬ ਦੁਆਰਾ ਪਾਸ ਕੀਤਾ ਗਿਆ ਹੈ।

ਖਾਸ ਕਰਕੇ ਸਬੰਧਤ ਕਰਜ਼ਦਾਰਾਂ ਅਤੇ ਆਮ ਤੌਰ 'ਤੇ ਜਨਤਾ ਨੂੰ ਇਸ ਦੁਆਰਾ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਉਹ ਉਕਤ ਜਾਇਦਾਦਾਂ ਨਾਲ ਕੋਈ ਲੈਣ-ਦੇਣ ਨਾ ਕਰਨ ਅਤੇ ਇਨ੍ਹਾਂ ਜਾਇਦਾਦਾਂ ਨਾਲ ਕੋਈ ਵੀ ਲੈਣ-ਦੇਣ ਕਰਨ 'ਤੇ ਹੇਠਾਂ ਦੱਸੀ ਗਈ ਸਬੰਧਤ ਰਕਮ ਲਈ ਇਕੁਇਟਾਸ ਸਮਾਲ ਫਾਈਨੈਂਸ ਬੈਂਕ ਦੇ ਚਾਰਜ ਦੇ ਅਧੀਨ ਹੋਵੇਗਾ:

| ਲ. ਨੰ. | ਕਰਜ਼ਦਾਰ(†)/ ਜ਼ਾਮਨ(†) ਦਾ ਨਾਮ | ਸੁਰੱਖਿਅਤ ਸੰਪਤੀ (ਅਚੱਲ ਜਾਇਦਾਦ) ਦਾ ਵੇਰਵਾ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ਾ ਲੈਣ ਦੀ ਮਿਤੀ |
|---|---|---|---|---|
| 1 | ਕਰਜ਼ਦਾਰ/ਸਹਿ ਕਰਜ਼ਦਾਰ ਕਰਜ਼ ਖਾਤਾ ਸ਼ਾਖਾ : ਸੰਗਰੂਰ Loan No. SESNRUR0369286 ਕਰਜ਼ਦਾਰਾਂ 1. ਸ੍ਰੀ/ਸ੍ਰੀਮਤੀ ਮੁਹੰਮਦ ਅਸਲਮ 2. ਸ੍ਰੀ/ਸ੍ਰੀਮਤੀ ਸਦੀਕਾ ਬੇਗਮ ਸਾਰੇ ਵਾਸੀ ਭਾਲਰ ਪੱਤੀ, ਦਿੜ੍ਹਬਾ, ਸੰਗਰੂਰ, ਪੰਜਾਬ 148035 | 151.25 ਵਰਗ ਗਜ਼ ਦੀ ਗੈਰ-ਖੇਤੀਬਾੜੀ ਜਾਇਦਾਦ ਦੇ ਸਾਰੇ ਟੁਕੜੇ ਅਤੇ ਪਾਰਸਲ, ਜੋ ਕਿ 2015-16 ਲਈ ਜਮ੍ਹਾਂਬੰਦੀ ਦੇ ਅਨੁਸਾਰ ਖਸਰਾ ਨੰਬਰ 387//24(0-3), 25(0-3), 433//256(0-9), ਖੇਵਟ ਨੰਬਰ 748 ਵਿੱਚ ਸ਼ਾਮਲ ਹਨ, ਜੋ ਕਿ ਉੱਤਰ ਨਾਲ ਲੱਗਦੀ ਹੈ:- ਸੁਰਜੀਤ ਸਿੰਘ, ਦੱਖਣ:-ਗਲੀ, ਪੂਰਬ:- ਭਗਵਾਨ ਸਿੰਘ, ਪੱਛਮ:- ਰਾਜਿੰਦਰ ਕੌਰ, ਪਿੰਡ-ਦਿੜ੍ਹਬਾ-ਬੀ, ਤਹਿਸਿਲ-ਦਿੜ੍ਹਬਾ ਅਤੇ ਜ਼ਿਲ੍ਹਾ-ਸੰਗਰੂਰ, ਪੰਜਾਬ ਵਿੱਚ ਸਥਿਤ ਹੈ, ਜਿਸ ਵਿੱਚ ਸਾਰੇ ਮੌਜੂਦਾ ਅਤੇ ਭਵਿੱਖ ਦੇ ਸੁਪਰ ਸਟ੍ਰਕਚਰ ਹਨ। ਉੱਤਰ ਵੱਲ: ਸੁਰਜੀਤ ਸਿੰਘ, ਦੱਖਣ ਵੱਲ: ਸਟਰੀਟ, ਪੂਰਬ ਵੱਲ: ਭਗਵਾਨ ਸਿੰਘ, ਪੱਛਮ ਵੱਲ: ਰਾਜਿੰਦਰ ਕੌਰ | 27/05/2025 & 20.05.2025 ਨੂੰ ਕਰਜ਼ਾ ਖਾਤਾ ਨੰਬਰ SESNRUR0369286 ਦੇ ਸੰਬੰਧ ਵਿੱਚ 10,87,778/- ਰੁਪਏ (ਦਸ ਲੱਖ ਸਤਾਸੀ ਹਜ਼ਾਰ ਸੱਤ ਸੌ ਅਠੱਤਰ ਰੁਪਏ ਸਿਰਫ਼) ਹੋਰ ਵਿਆਜ ਅਤੇ ਹੋਰ ਇਕਰਾਰਨਾਮੇ ਦੇ ਖਰਚਿਆਂ ਅਤੇ ਜੁਰਮਾਨਿਆਂ ਸਮੇਤ ਪੂਰੀ ਅਦਾਇਗੀ ਦੀ ਮਿਤੀ ਤੱਕ। | 27-02-2026 |

ਇਸ ਨੋਟਿਸ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਕਿਸੇ ਵੀ ਕੰਮਕਾਜੀ ਦਿਨ ਨੂੰ ਤੁਰੰਤ ਸੁਰੱਖਿਅਤ ਜਾਇਦਾਦ ਰਿਲੀਜ਼ ਵਿੱਚ ਰੱਖੀਆਂ ਗਈਆਂ ਵੀਡੀਓਗ੍ਰਾਫੀ ਆਈਟਮਾਂ ਦੇ ਅਨੁਸਾਰ ਵਸਤੂ ਸੂਚੀ ਜਾਰੀ ਕਰਨ ਲਈ, ਕਾਨੂੰਨ ਦੀ ਉਚਿਤ ਪ੍ਰਕਿਰਿਆ ਅਪਣਾਉਂਦੇ ਹੋਏ, ਅਜਿਹਾ ਨਾ ਕਰਨ 'ਤੇ ਬੈਂਕ ਸਰਫਾਇਸੀ ਐਕਟ ਦੇ ਤਹਿਤ ਜਾਇਦਾਦ ਦੀ ਵਿਕਰੀ ਲਈ ਅੱਗੇ ਵਧੇਗਾ। ਇਸ ਅਨੁਸਾਰ, ਕਿਸੇ ਵੀ ਕੰਮਕਾਜੀ ਦਿਨ 'ਤੇ ਤੁਰੰਤ ਘਰ ਰੱਖਣ ਵਾਲੀ ਵਸਤੂ ਸੂਚੀ ਜਾਰੀ ਕਰੋ। ਕਿਰਪਾ ਕਰਕੇ ਇਸਨੂੰ ਅੰਤਿਮ ਨੋਟਿਸ ਮੰਨੋ ਅਤੇ ਇਸ ਸਬੰਧ ਵਿੱਚ ਕੋਈ ਹੋਰ ਨੋਟਿਸ ਜਾਰੀ ਨਹੀਂ ਕੀਤਾ ਜਾਵੇਗਾ। ਉੱਪਰ ਦੱਸੇ ਅਨੁਸਾਰ ਵਸਤੂ ਸੂਚੀ ਨੂੰ ਸਾਫ਼ ਕਰਨ ਵਿੱਚ ਅਸਫਲ ਰਹਿਣ 'ਤੇ, ਬੈਂਕ ਮੰਨਦਾ ਹੈ ਕਿ ਤੁਸੀਂ ਸਾਰੇ ਵਸਤੂ ਸੂਚੀ ਨੂੰ ਸਾਫ਼ ਕਰਨ ਵਿੱਚ ਦਿਲਚਸਪੀ ਨਹੀਂ ਰੱਖਦੇ ਹੋ ਜਾਂ ਵਸਤੂ ਸੂਚੀ ਵਿੱਚ ਕੋਈ ਕੀਮਤੀ ਸਮਾਨ ਨਹੀਂ ਹੈ ਅਤੇ ਇਸ ਲਈ ਤੁਸੀਂ ਸਾਰਿਆਂ ਨੇ ਬੈਂਕ ਨੂੰ ਜਾਇਦਾਦ ਨੂੰ ਉਸੇ ਥਾਂ 'ਤੇ ਨਿਪਟਾਉਣ ਦੇ ਆਪਣੇ ਅਧਿਕਾਰ ਛੱਡ ਦਿੱਤੇ ਹਨ, ਜਿਸ ਵਿੱਚ ਵਸਤੂ ਸੂਚੀ ਦੇ ਨਾਲ-ਨਾਲ ਵੀਡੀਓਗ੍ਰਾਫੀ ਵਿੱਚ ਦਿਖਾਈ ਗਈ ਵਸਤੂ ਵੀ ਸ਼ਾਮਲ ਹੈ ਅਤੇ ਤੁਹਾਡੇ ਸਾਰਿਆਂ ਨੂੰ ਕਿਸੇ ਵੀ ਕਾਰਨ ਕਰਕੇ ਵਸਤੂ ਸੂਚੀ 'ਤੇ ਕੋਈ ਇਤਰਾਜ਼ ਜਾਂ ਭਵਿੱਖ ਦਾ ਦਾਅਵਾ ਨਹੀਂ ਹੋਵੇਗਾ।

ਮਿਤੀ 04-03-2026, ਸਥਾਨ - ਪੰਜਾਬ ਅਧਿਕਾਰਤ ਅਧਿਕਾਰੀ, ਇਕੁਇਟਾਸ ਸਮਾਲ ਫਾਈਨੈਂਸ ਬੈਂਕ ਲਿਮਟਿਡ

---

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1)

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ

ਮਾਮਲਾ ਨੰਬਰ : ਓਏ/681/2025

ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ

ਈਐਕਸਐਚ ਨੰ. : 31896

ਸਟੇਟ ਬੈਂਕ ਆਫ ਇੰਡੀਆ
ਬਨਾਮ
ਸ੍ਰੀ ਪ੍ਰਦੀਪ ਕੁਮਾਰ

ਵੱਲ,

(1) **ਸ੍ਰੀ ਪ੍ਰਦੀਪ ਕੁਮਾਰ** ਸਪੁੱਤਰੀ/ਸੁਪਤਨੀ/ਸਪੁੱਤਰ/ਹੋਰ - ਸਪੁੱਤਰ ਸ੍ਰੀ ਤੀਰਥ ਰਾਮ ਵਾਸੀ ਮਕਾਨ ਨੰ 667, ਆਬਾਦੀ ਅੰਮ੍ਰਿਤ ਵਿਹਾਰ, ਪਿੰਡ ਚੱਕ ਜਿੰਦਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ-144001, **ਹੋਰ ਪਤਾ : ਦੂਜਾ ਪਤਾ** : ਮਕਾਨ ਨੰ. ਡੀ/28, ਐਨਆਈਟੀ ਕੈਂਪਸ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ-144011

(2) **ਸ੍ਰੀ ਤੀਰਥ ਰਾਮ** ਸਪੁੱਤਰ ਸ੍ਰੀ ਕਿਸ਼ਨ ਚੰਦ ਵਾਸੀ ਮਕਾਨ ਨੰ 667, ਆਬਾਦੀ ਅੰਮ੍ਰਿਤ ਵਿਹਾਰ, ਪਿੰਡ ਚੱਕ ਜਿੰਦਾ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ-144001, **ਹੋਰ ਪਤਾ : ਦੂਜਾ ਪਤਾ** : ਮਕਾਨ ਨੰ. ਡੀ/28, ਐਨਆਈਟੀ ਕੈਂਪਸ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ, ਪੰਜਾਬ-144011

**ਸੰਮਨ**

**ਜਿਥੇ ਕਿ, ਓ. ਏ./681/2025, 10.11.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ ਰੁ. 50,10,178/- ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ (ਓ. ਏ.) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ।

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;

(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;

(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨ ਤੋਂ ਰੋਕ ਲਗਾਈ ਜਾਂਦੀ ਹੈ;

(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।

(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 06.03.2026 ਨੂੰ ਸਵੇਰੇ 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 14.11.2025 ਨੂੰ ਜਾਰੀ।

ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖ਼ਰ

ਨੋਟ : ਛੱਡ ਦਿਓ, ਜੋ ਵੀ ਲਾਗੂ ਨਾ ਹੋਵੇ।

---

ਵਸੂਲੀ ਅਧਿਕਾਰੀ ਦਾ ਦਫਤਰ-1/2

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 2)

ਪਹਿਲੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ - 160017
(ਤੀਜੀ ਅਤੇ ਚੌਥੀ ਮੰਜ਼ਿਲ 'ਤੇ ਵੀ ਵਾਧੂ ਜਗ੍ਹਾ ਅਲਾਟ ਕੀਤੀ ਗਈ ਹੈ।)

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./998/2025 ਮਿਤੀ ; 03.03.2026

ਪੰਜਾਬ ਨੈਸ਼ਨਲ ਬੈਂਕ
ਬਨਾਮ
ਮੈਸ. ਪ੍ਰੀਤ ਏਜੰਸੀਜ਼

ਵੱਲ,

(ਸੀਡੀ 1) ਮੈਸਰਜ਼ ਪ੍ਰੀਤ ਏਜੰਸੀਆਂ ਐਸਸੀਓ ਨੰਬਰ 256, ਦੂਜੀ ਮੰਜ਼ਿਲ, ਸੈਕਟਰ 44 ਸੀ, ਚੰਡੀਗੜ੍ਹ ਵਿਖੇ ਇੱਕ ਭਾਈਵਾਲੀ ਫਰਮ ਹੈ, ਜੋ ਆਪਣੇ ਭਾਈਵਾਲਾਂ, ਭਾਵ ਪ੍ਰਤੀਵਾਦੀ ਨੰਬਰ 2 ਅਤੇ 3 ਰਾਹੀਂ ਹੈ।

(ਸੀਡੀ 2) ਸ਼੍ਰੀ ਲਕਸ਼ੇ ਕੁਮਾਰ ਪੁੱਤਰ ਸਵਰਗੀ ਸ਼੍ਰੀ ਪ੍ਰਦੀਪ ਕੁਮਾਰ, ਵਾਸੀ ਮਕਾਨ ਨੰਬਰ 1273, ਸੈਕਟਰ 44-ਬੀ, ਚੰਡੀਗੜ੍ਹ - 160047

(ਸੀਡੀ 3) ਸ਼੍ਰੀ ਸਪਰਸ਼ ਕੁਮਾਰ ਪੁੱਤਰ ਸਵਰਗੀ ਸ਼੍ਰੀ ਪ੍ਰਦੀਪ ਕੁਮਾਰ, ਵਾਸੀ ਮਕਾਨ ਨੰਬਰ 1273, ਸੈਕਟਰ 44 ਬੀ, ਚੰਡੀਗੜ੍ਹ।

(ਸੀਡੀ 4) ਸ਼੍ਰੀਮਤੀ ਸੁਨੀਤਾ ਰਾਣੀ ਪਤਨੀ ਸਵਰਗੀ ਸ਼੍ਰੀ ਪ੍ਰਦੀਪ ਕੁਮਾਰ, ਵਾਸੀ ਮਕਾਨ ਨੰਬਰ 1273, ਸੈਕਟਰ 44-ਬੀ, ਚੰਡੀਗੜ੍ਹ - 160047

ਇਸ ਤੋਂ ਇਲਾਵਾ: ਸ਼੍ਰੀਮਤੀ ਸੁਨੀਤਾ ਰਾਣੀ ਪਤਨੀ ਸਵਰਗੀ ਸ਼੍ਰੀ ਪ੍ਰਦੀਪ ਕੁਮਾਰ, ਵਾਸੀ ਮਕਾਨ ਨੰਬਰ 14, ਕਿਸ਼ੋਰ ਕਲੋਨੀ ਪਟਿਆਲਾ, ਪੰਜਾਬ-147001।

(ਸੀਡੀ 5) ਸ਼੍ਰੀਮਤੀ ਸਹਤਿਆ ਦੇਵੀ ਪਤਨੀ ਸਵਰਗੀ ਸ਼੍ਰੀ ਗੁਰਨਾਮ ਸਿੰਘ ਵਾਸੀ ਮਕਾਨ ਨੰਬਰ 1273, ਸੈਕਟਰ 44-ਬੀ, ਚੰਡੀਗੜ੍ਹ - 160047

ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-2) ਓਏ/262/2018 **ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ** 07.02.2018 **ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ** 12.95% ਦੀ ਦਰ 'ਤੇ ਭਾਵੀ ਵਿਆਜ **ਅਤੇ ਮੁਕੱਦਮੇਬਾਜ਼ੀ ਸਮੇਤ** ਰੁ. 1,90,33,024/- (ਰੁਪਏ ਇਕ ਕਰੋੜ ਨੱਬੇ ਲੱਖ ਤੇਤੀ ਹਜ਼ਾਰ ਚੌਵੀਂ ਕੇਵਲ) **ਦੀ ਰਕਮ ਅਤੇ** ਰੁ. 1,50,005/- (ਰੁਪਏ ਇਕ ਲੱਖ ਪੰਜਾਹ ਹਜ਼ਾਰ ਪੰਜ ਕੇਵਲ) **ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।

4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 25.03.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।

3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।

5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :

(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ

(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 03.03.2026 ਨੂੰ ਜਾਰੀ।

ਵਸੂਲੀ ਅਧਿਕਾਰੀ,
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-2)

---

ਵਸੂਲੀ ਅਧਿਕਾਰੀ ਦਾ ਦਫਤਰ-1/2

## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ - 160017

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./1166/2024 ਮਿਤੀ ; 20.02.2026

ਪੰਜਾਬ ਨੈਸ਼ਨਲ ਬੈਂਕ
ਬਨਾਮ
ਬਲਜੀਤ ਸਿੰਘ

ਵੱਲ,

**(ਸੀਡੀ 1) ਸ੍ਰੀ ਬਲਜੀਤ ਸਿੰਘ ਪੁੱਤਰ ਸ੍ਰੀ ਅਜੈਬ ਸਿੰਘ ਵਾਸੀ ਪਿੰਡ ਖਾਸਪੁਰ ਤਹਿਸੀਲ ਪਾਂਤੜਾ, ਜ਼ਿਲ੍ਹਾ ਪਟਿਆਲਾ-147105**

ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਓਏ/84/2024 **ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ** 18.10.2023 **ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ** 8.00% ਦੀ ਦਰ 'ਤੇ **ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ** ਰੁ. 30,25,427.10 (ਰੁਪਏ ਤੀਹ ਲੱਖ ਪੱਚੀ ਹਜ਼ਾਰ ਚਾਰ ਸੌ ਸਤਾਈ ਅਤੇ ਦਸ ਪੈਸੇ ਕੇਵਲ) **ਦੀ ਰਕਮ ਅਤੇ** ਰੁ. 33,000 (ਰੁਪਏ ਤੇਤੀ ਹਜ਼ਾਰ ਕੇਵਲ) **ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।

4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 19.03.2026 ਨੂੰ ਸਵੇਰੇ 10.30 ਵਜੇ ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।

3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।

5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :

(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ

(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।

ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ **20.02.2026** ਨੂੰ ਜਾਰੀ।

**ਵਸੂਲੀ ਅਧਿਕਾਰੀ,**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**

---

ਦਫ਼ਤਰ ਕਰਜ਼ ਵਸੂਲੀ ਟ੍ਰਿਬਿਊਨਲ 1/2

## ਕਰਜ਼ ਵਸੂਲੀ ਟ੍ਰਿਬਿਊਨਲ, ਚੰਡੀਗੜ੍ਹ (ਡੀਆਰਟੀ-1)

ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17ਏ, ਚੰਡੀਗੜ੍ਹ

ਆਮਦਨ ਟੈਕਸ ਐਕਟ, 1961 ਦੇ ਦੂਜੇ ਸ਼ਡਿਊਲ ਦੇ ਨਿਯਮ 53 ਦੇ ਤਹਿਤ ਵਿਕਰੀ ਐਲਾਨ ਦਾ ਨਿਪਟਾਰਾ ਕਰਨ ਲਈ ਨੋਟਿਸ, ਜੋ ਕਿ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਨ ਐਕਟ, 1993 ਦੇ ਨਾਲ ਪੜ੍ਹਿਆ ਜਾਂਦਾ ਹੈ।

ਆਰਸੀ/413/2024 ਮਿਤੀ: 19-02-2026

ਪੰਜਾਬ ਨੈਸ਼ਨਲ ਬੈਂਕ
ਬਨਾਮ
ਮੈਸਰਸ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ

ਵੱਲ,

(ਸੀਡੀ-1) ਮੈਸਰਸ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ, ਇੱਕ ਭਾਈਵਾਲੀ ਫਰਮ, ਜੋ ਕਿ ਮੋਹਕਮ ਅਰਾਈਆਂ ਰੋਡ, ਜਲਾਲਾਬਾਦ ਵੈਸਟ-152024 ਵਿਖੇ ਸਥਿਤ ਹੈ, ਆਪਣੇ ਭਾਈਵਾਲਾਂ ਸ੍ਰੀ ਵਿਮਲ ਸਿਡਾਨਾ, ਸ੍ਰੀ ਰਾਜੀਵ ਸਿਡਾਨਾ ਅਤੇ ਸ੍ਰੀ ਤੁਸ਼ਾਰ ਸਿਡਾਨਾ (ਮੁਦਾਲੇ ਨੰ. 2 ਤੋਂ 4 ਇੱਥੇ) ਪੁਲਿਸ ਸਟੇਸ਼ਨ, ਸਿਟੀ ਪੁਲਿਸ ਸਟੇਸ਼ਨ, ਜਲਾਲਾਬਾਦ ਵੈਸਟ ਰਾਹੀਂ।

(ਸੀਡੀ-2) ਸ਼੍ਰੀ ਵਿਮਲ ਕੁਮਾਰ ਸਿਡਾਨਾ ਪੁੱਤਰ ਸ਼੍ਰੀ. ਮਾਛੀ ਰਾਮ ਸਿਡਾਨਾ ਭਾਈਵਾਲ ਮੈਸਰਜ਼ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ, ਮੋਹਕਮ ਅਰੀਅਨ ਰੋਡ, ਜਲਾਲਾਬਾਦ ਵੈਸਟ-152024 ਵਿਖੇ ਸਥਿਤ ਹੈ।

(ਸੀਡੀ-3) ਸ਼. ਰਾਜੀਵ ਕੁਮਾਰ ਪੁੱਤਰ ਸ. ਸੁਰਿੰਦਰ ਕੁਮਾਰ ਭਾਈਵਾਲ ਮੈਸਰਜ਼ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ, ਮੋਹਕਮ ਅਰੀਅਨ ਰੋਡ, ਜਲਾਲਾਬਾਦ ਵੈਸਟ, -152024.

(ਸੀਡੀ-4) ਸ਼. ਤੁਸ਼ਾਰ ਸਿਡਾਨਾ ਪੁੱਤਰ ਸ. ਰਾਕੇਸ਼ ਕੁਮਾਰ ਭਾਈਵਾਲ ਮੈਸਰਜ਼ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ, ਮੋਹਕਮ ਅਰੀਅਨ ਰੋਡ, ਜਲਾਲਾਬਾਦ ਵੈਸਟ-152024 ਵਿਖੇ ਸਥਿਤ ਹੈ।

(ਸੀਡੀ-5) ਸ੍ਰੀਮਤੀ ਰਾਜਨਾ ਸਿਡਾਨਾ ਪਤਨੀ ਸ੍ਰੀਵਿਮਲ ਸਿਡਾਨਾ, ਮਕਾਨ ਨੰ. 40, ਵਾਰਡ ਨੰ. 10, ਪੁਰਾਣੀ ਅਨਾਜ ਮੰਡੀ ਨੇੜੇ, ਜਲਾਲਾਬਾਦ ਵੈਸਟ-152024।

(ਸੀਡੀ-6) ਸ਼. ਸੁਰਿੰਦਰ ਕੁਮਾਰ ਪੁੱਤਰ ਸ ਮਾਛੀ ਰਾਮ, ਮਕਾਨ ਨੰ. 47-ਏ, ਪੁਸ਼ਪਾਂਜਲੀ ਐਨਕਲੇਵ, ਨੇੜੇ ਡੀਏਵੀ ਸਕੂਲ, ਪੀਤਮਪੁਰਾ, ਨਵੀਂ ਦਿੱਲੀ-110034।

(ਸੀਡੀ-7) ਸ੍ਰੀਮਤੀ ਸੁਮਨ ਲਤਾ ਸੁਪਤਨੀ ਸ਼. ਸੁਰਿੰਦਰ ਕੁਮਾਰ, ਮਕਾਨ ਨੰ. 47-ਏ, ਪੁਸ਼ਪਾਂਜਲੀ ਐਨਕਲੇਵ, ਨੇੜੇ ਡੀਏਵੀ ਸਕੂਲ, ਪੀਤਮਪੁਰਾ, ਨਵੀਂ ਦਿੱਲੀ-110034।

(ਸੀਡੀ-8) ਸ਼. ਰਾਕੇਸ਼ ਕੁਮਾਰ ਪੁੱਤਰ ਸ. ਮਾਛੀ ਰਾਮ, ਮਕਾਨ ਨੰ. 47-ਏ, ਪੁਸ਼ਪਾਂਜਲੀ ਐਨਕਲੇਵ, ਨੇੜੇ ਡੀਏਵੀ ਸਕੂਲ, ਪੀਤਮਪੁਰਾ, ਨਵੀਂ ਦਿੱਲੀ-110034।

(ਸੀਡੀ-9) ਸ੍ਰੀਮਤੀ ਪੁਸ਼ਪਾ ਰਾਣੀ ਸ. ਰਾਕੇਸ਼ ਕੁਮਾਰ, ਮਕਾਨ ਨੰ. 47-ਏ, ਪੁਸ਼ਪਾਂਜਲੀ ਐਨਕਲੇਵ, ਨੇੜੇ ਡੀਏਵੀ ਸਕੂਲ, ਪੀਤਮਪੁਰਾ, ਨਵੀਂ ਦਿੱਲੀ-110034।

(ਸੀਡੀ-10) ਮੈਸਰਜ਼ ਐਮ ਆਰ ਐਕਸਪੋਰਟਸ ਪ੍ਰੋ. ਰਾਕੇਸ਼ ਕੁਮਾਰ ਰਾਹੀਂ, ਮੋਹਕਮ ਅਰੀਅਨ ਰੋਡ, ਜਲਾਲਾਬਾਦ ਵੈਸਟ-152024 ਵਿਖੇ ਸਥਿਤ।

(ਸੀਡੀ-11) ਸ਼੍ਰੀਮਤੀ ਕੌਸ਼ਲਿਆ ਵੰਤੀ ਪਤਨੀ ਸਵਰਗੀ ਸ਼੍ਰੀ ਮਾਛੀ ਰਾਮ ਦੀ ਮੌਤ ਤੋਂ ਬਾਅਦ ਉਨ੍ਹਾਂ ਦੇ ਕਾਨੂੰਨੀ ਵਾਰਸਾਂ ਰਾਹੀਂ।

ਜਦੋਂ ਕਿ ਤੁਹਾਨੂੰ ਕਰਜ਼ਾ ਰਿਕਵਰੀ ਟ੍ਰਿਬਿਊਨਲ ਚੰਡੀਗੜ੍ਹ (DRT 1) ਦੇ ਪ੍ਰੀਜ਼ਾਈਡਿੰਗ ਅਫਸਰ ਦੁਆਰਾ ਆਦੇਸ਼ ਦਿੱਤਾ ਗਿਆ ਸੀ, ਜਿਨ੍ਹਾਂ ਨੇ OA/483/2020 ਵਿੱਚ 10/05/2024 ਨੂੰ ਰਿਕਵਰੀ ਸਰਟੀਫਿਕੇਟ ਜਾਰੀ ਕੀਤਾ ਸੀ। ਬਿਨੈਕਾਰ ਦੇ ਨਾਮ, 27,58,69,265/- ਰੁਪਏ (ਸੱਤਾਈ ਕਰੋੜ ਅਠਵੰਜਾ ਲੱਖ ਉਣੱਤਰ ਹਜ਼ਾਰ ਦੋ ਸੌ ਪੈਂਹਠ ਰੁਪਏ) ਦੀ ਰਕਮ, 20/12/2019 ਤੋਂ ਪ੍ਰਾਪਤੀ ਤੱਕ 0 % ਦੇ ਹਿਸਾਬ ਨਾਲ ਪੇਂਡੈਂਟੇਲਾਈਟ ਅਤੇ ਭਵਿੱਖੀ ਵਿਆਜ ਸਮੇਤ ਅਤੇ ਰੁਪਏ ਦੀ ਲਾਗਤ। 1,50,005/- (ਇੱਕ ਲੱਖ ਪੰਜਾਹ ਹਜ਼ਾਰ ਪੰਜ ਰੁਪਏ ਸਿਰਫ਼), ਅਤੇ ਜਦੋਂ ਕਿ ਉਕਤ ਰਕਮ ਦਾ ਭੁਗਤਾਨ ਨਹੀਂ ਕੀਤਾ ਗਿਆ ਹੈ, ਹੇਠ ਹਸਤਾਖਰ ਕਰਨ ਵਾਲੇ ਨੇ ਹੇਠ ਲਿਖੀ ਅਚੱਲ/ਅਚੱਲ ਜਾਇਦਾਦ ਦੀ ਵਿਕਰੀ ਦਾ ਹੁਕਮ ਦਿੱਤਾ ਹੈ।

2. ਤੁਹਾਨੂੰ ਇਸ ਦੁਆਰਾ ਸੂਚਿਤ ਕੀਤਾ ਜਾਂਦਾ ਹੈ ਕਿ 19.03.2026 ਸਵੇਰੇ 10.30 ਵਜੇ ਵਿਕਰੀ ਦੀ ਘੋਸ਼ਣਾ ਤਿਆਰ ਕਰਨ ਅਤੇ ਇਸ ਦੀਆਂ ਸ਼ਰਤਾਂ ਦਾ ਨਿਪਟਾਰਾ ਕਰਨ ਲਈ ਨਿਰਧਾਰਤ ਕੀਤਾ ਗਿਆ ਹੈ। ਤੁਹਾਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਜਾਇਦਾਦਾਂ ਜਾਂ ਇਸਦੇ ਕਿਸੇ ਵੀ ਹਿੱਸੇ ਨਾਲ ਜੁੜੇ ਕਿਸੇ ਵੀ ਬੋਝ, ਦੋਸ਼, ਦਾਅਵਿਆਂ ਜਾਂ ਦੇਣਦਾਰੀਆਂ ਨੂੰ ਹੇਠ ਹਸਤਾਖਰ ਕਰਨ ਵਾਲੇ ਦੇ ਧਿਆਨ ਵਿੱਚ ਲਿਆਓ।

**ਜਾਇਦਾਦ ਦਾ ਵੇਰਵਾ**

1. ਕਿ ਬੈਂਕ ਹੁਣ ਹੇਠ ਲਿਖੀਆਂ ਪ੍ਰਤੀਭੂਤੀਆਂ ਦੇ ਵਿਰੁੱਧ ਕਾਰਵਾਈ ਕਰਨ ਦਾ ਇਰਾਦਾ ਰੱਖਦਾ ਹੈ। ਬੈਂਕ ਨੇ ਹੇਠ ਲਿਖੇ ਵੇਰਵਿਆਂ ਅਨੁਸਾਰ ਮੁਲਾਂਕਣ ਰਿਪੋਰਟਾਂ ਵੀ ਪ੍ਰਾਪਤ ਕਰ ਲਈਆਂ ਹਨ:-

ਮੈਸਰਜ਼ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ ਦੀ ਮਲਕੀਅਤ ਵਾਲੀ ਜਾਇਦਾਦ ਦੇ ਸਾਰੇ ਹਿੱਸੇ:-

ਏ) ਮੋਹਕਮ ਅਰਾਈਆਂ ਰੋਡ, ਜੇਬੀਡੀ(ਡਬਲਯੂ) ਵਿਖੇ ਸਥਿਤ ਸ਼ੈਲਰ ਜ਼ਮੀਨ ਅਤੇ ਇਮਾਰਤ ਜਿਸ ਦਾ ਆਰਟੀਡੀ ਨੰਬਰ 1845 ਮਿਤੀ 09.09.1997 ਹੈ ਅਤੇ 9 ਕਨਾਲ 15 ਮਰਲੇ ਦਾ ਖੇਤਰਫਲ ਮੈਸਰਜ਼ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ ਦੇ ਨਾਮ 'ਤੇ ਹੈ।

ਬੀ) ਮੋਹਕਮ ਅਰਾਈਆਂ ਰੋਡ, ਜੇਬੀਡੀ(ਡਬਲਯੂ) ਵਿਖੇ ਸਥਿਤ ਸ਼ੈਲਰ ਜ਼ਮੀਨ ਅਤੇ ਇਮਾਰਤ ਜਿਸ ਦਾ ਆਰਟੀਡੀ ਨੰਬਰ 3946 ਮਿਤੀ 18.12.2001 ਹੈ ਅਤੇ 8 ਕਨਾਲ ਅਤੇ 0 ਮਰਲੇ ਦਾ ਖੇਤਰਫਲ ਮੈਸਰਜ਼ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ ਦੇ ਨਾਮ 'ਤੇ ਹੈ।

ਸੀ) ਸ਼ੈਲਰ ਜ਼ਮੀਨ ਅਤੇ ਇਮਾਰਤ ਮੋਹਕਮ ਅਰਾਈਆਂ ਰੋਡ, JBD(W) ਵਿਖੇ ਸਥਿਤ ਹੈ ਜਿਸਦੀ ਆਰਟੀਡੀ ਨੰਬਰ 5194 ਮਿਤੀ 31.01.2005 ਹੈ ਅਤੇ ਇਸਦਾ ਖੇਤਰਫਲ 6 ਕਨਾਲ ਅਤੇ 8 ਮਰਲੇ ਹੈ ਜੋ ਕਿ ਮੈਸਰਜ਼ ਮਾਛੀ ਰਾਮ ਕਿਸ਼ਨ ਚੰਦ ਸਿਡਾਨਾ ਦੇ ਨਾਮ 'ਤੇ ਹੈ।

ਡੀ) ਮੈਸ. ਮਾਛੀ ਰਾਮ ਕਿਸ਼ਨ ਚੰਦ ਸਿਡਾਨਾ ਦੇ ਨਾਮ 'ਤੇ 4 ਕਨਾਲ ਰਕਬੇ ਵਾਲਾ ਆਰਟੀਡੀ ਨੰ. 1198 ਮਿਤੀ 18.06.2009 ਅਧੀਨ ਮੋਹਕਮ ਅਰਾਈਂ ਰੋਡ, ਜਲਾਲਾਬਾਦ (ਪੱਛਮ) ਵਿਖੇ ਸਥਿਤ ਚਾਰ ਦੀਵਾਰੀ ਅਤੇ ਲੇਬਰ ਕੁਆਰਟਰ ਸਮੇਤ ਖਾਲੀ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ।

ਈ) ਮੈਸ. ਮਾਛੀ ਰਾਮ ਕਿਸ਼ਨ ਚੰਦ ਸਿਡਾਨਾ ਦੇ ਨਾਮ 'ਤੇ ਦਰਜ 5 ਕਨਾਲ ਅਤੇ 13 ਮਰਲੇ ਰਕਬੇ ਵਾਲੇ ਆਰਟੀਡੀ ਨੰ.5067 ਮਿਤੀ 28.01.2008 ਦੇ ਅਧੀਨ ਮੋਹਕਮ ਅਰਾਈਂ ਰੋਡ, ਜਲਾਲਾਬਾਦ (ਪੱਛਮ) ਵਿਖੇ ਸਥਿਤ ਸ਼ੈਲਰ ਦੀ ਚਾਰ ਦੀਵਾਰੀ ਸਮੇਤ ਖਾਲੀ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ।

ਐਫ) ਮੈਸ. ਮਾਛੀ ਰਾਮ ਕਿਸ਼ਨ ਚੰਦ ਸਿਡਾਨਾ ਦੇ ਨਾਮ 'ਤੇ 4 ਕਨਾਲ ਰਕਬੇ ਵਾਲੇ ਆਰਟੀਡੀ ਨੰ.4159 ਮਿਤੀ 08.12.2010 ਦੇ ਅਧੀਨ ਮੋਹਕਮ ਅਰਾਈਂ ਰੋਡ, ਜਲਾਲਾਬਾਦ (ਪੱਛਮ) ਵਿਖੇ ਸਥਿਤ ਸ਼ੈਲਰ ਨਾਲ ਲਗਦੇ ਇੱਕ ਖਾਲੀ ਪਲਾਟ ਦੇ ਸਾਰੇ ਭਾਗ ਅਤੇ ਹਿੱਸੇ।

ਮੁਲਾਂਕਣ ਰਿਪੋਰਟ ਮਿਤੀ 02.08.2025 ਦੇ ਅਨੁਸਾਰ ਐਮਐਸਵੀ ਰੁ. 5,79,32,000.00 ਹੈ, ਆਰਐਸਵੀ ਰੁ. 4,92,42,000.00 ਹੈ ਅਤੇ ਡਿਸਟਰੈਸ ਸੇਲ ਵੈਲਿਊ ਰੁ. 4,63,46,000/- ਹੈ।

2. 366 ਵਰਗ ਗਜ਼ ਰਕਬੇ ਵਾਲੀ ਆਰਟੀਡੀ ਨੰ 5778 ਮਿਤੀ 23.01.2006 ਦੇ ਅਧੀਨ ਸਾਹਮਣੇ ਮੈਸ. ਜਗਦੀਸ਼ ਰਾਈਸ ਮਿਲਜ਼, ਮੋਹਕਮ ਅਰਾਈਂ ਰੋਡ, ਜਲਾਲਾਬਾਦ (ਪੱਛਮ) ਵਿਖੇ ਸਥਿਤ ਇੱਕ ਦੁਕਾਨ ਸਮੇਤ ਵਪਾਰਕ ਜ਼ਮੀਨ ਦੇ ਸਾਰੇ ਹਿੱਸੇ ਅਤੇ ਹਿੱਸੇ। ਮੁਲਾਂਕਣ ਰਿਪੋਰਟ ਮਿਤੀ 02.08.2025 ਦੇ ਅਨੁਸਾਰ ਐਮਐਸਵੀ ਰੁ. 19,00,000.00 ਹੈ, ਆਰਐਸਵੀ ਰੁ. 16,15,000.00 ਹੈ ਅਤੇ ਡਿਸਟਰੈਸ ਸੇਲ ਵੈਲਿਊ ਰੁ. 15,20,000/- ਹੈ।

3. 5 ਕਨਾਲ 4.50 ਮਰਲੇ ਮਾਪ ਵਾਲੀ ਜ਼ਮੀਨ ਅਤੇ ਇਮਾਰਤ ਦੇ ਸਾਰੇ ਭਾਗ ਅਤੇ ਹਿੱਸੇ :-

ਏ) ਜ਼ਮੀਨ ਅਤੇ ਇਮਾਰਤ ਜਿਸ ਵਿੱਚ ਮੋਹਕਮ ਅਰਾਈਆਂ ਰੋਡ, ਜਗਦੀਸ਼ ਰਾਈਸ ਮਿੱਲ ਦੇ ਸਾਹਮਣੇ ਸਥਿਤ ਗੋਦਾਮ ਅਤੇ ਦੁਕਾਨ ਹੈ, ਜਿਸਦਾ ਆਰਟੀਡੀ ਨੰਬਰ 4353 ਮਿਤੀ 21.12.1999 ਹੈ, ਜਿਸ ਦਾ ਰਕਬਾ 2 ਕਿੱਲੇ 12.50 ਮਰਲੇ ਹੈ, ਸ਼੍ਰੀ ਸੁਰਿੰਦਰ ਕੁਮਾਰ, ਰਾਕੇਸ਼ ਕੁਮਾਰ ਅਤੇ ਸ਼੍ਰੀ ਵਿਮਲ ਕੁਮਾਰ ਦੇ ਨਾਮ 'ਤੇ ਹੈ। 02.08.2025 ਦੀ ਮੁਲਾਂਕਣ ਰਿਪੋਰਟ ਦੇ ਅਨੁਸਾਰ, MSV 1,29,99,000.00 ਰੁਪਏ, RSV 1,10,49,000.00 ਰੁਪਏ ਅਤੇ ਡਿਸਟ੍ਰੈਸ ਸੇਲ ਵੈਲਿਊ 1,03,99.000/- ਰੁਪਏ ਹੈ।

ਬੀ) ਮੋਹਕਮ ਅਰਾਈਂ ਰੋਡ 'ਤੇ ਸਥਿਤ ਖੁੱਲ੍ਹੇ ਸ਼ੈੱਡ ਵਾਲੀ ਜ਼ਮੀਨ ਅਤੇ ਗੋਦਾਮ ਇਮਾਰਤ, ਜਿਸਦੀ ਮਾਲਕੀ RTD ਨੰਬਰ 2522 ਮਿਤੀ 14.08.2012 ਹੈ, ਜਿਸ ਦਾ ਰਕਬਾ 1 ਕਨਾਲ ਅਤੇ 12 ਮਰਲੇ ਹੈ, ਜਿਸਦੀ ਮਾਲਕੀ ਰੰਜਨਾ ਸਿਡਾਨਾ ਪਤਨੀ ਵਿਮਲ ਸਿਡਾਨਾ ਅਤੇ ਵਿਮਲ ਸਿਡਾਨਾ ਪੁੱਤਰ ਮਾਛੀ ਰਾਮ ਹਨ।

ਸੀ) ਮੋਹਕਮ ਅਰਾਈਂ ਰੋਡ 'ਤੇ ਸਥਿਤ ਜ਼ਮੀਨ ਅਤੇ ਗੋਦਾਮ ਇਮਾਰਤ ਜਿਸਦੀ ਮਾਲਕੀ RTD ਨੰਬਰ 103 ਮਿਤੀ 09.04.2008 ਹੈ, ਜਿਸਦੀ ਮਾਲਕੀ 1 ਕਨਾਲ ਹੈ, ਜਿਸਦੀ ਮਾਲਕੀ ਰੰਜਨਾ ਸਿਡਾਨਾ ਪਤਨੀ ਵਿਮਲ ਕੁਮਾਰ ਹੈ। ਮਿਤੀ 02.08.2025 ਦੀ ਮੁਲਾਂਕਣ ਰਿਪੋਰਟ ਦੇ ਅਨੁਸਾਰ MSV ਰੁਪਏ 72,00,000.00, RSV ਰੁਪਏ 61,20,000.00 ਅਤੇ ਡਿਸਟਰੈਸ ਸੇਲ ਮੁੱਲ 57,60,000/- ਰੁਪਏ ਹੈ (ਉਪਰੋਕਤ ਸੰਪਤੀ ਦਾ ਸੰਯੁਕਤ ਮੁਲਾਂਕਣ ਸੀ. ਨੰਬਰ (b) ਅਤੇ (c) 'ਤੇ)।

4. ਅਚੱਲ ਜਾਇਦਾਦ ਜਿਸ ਵਿੱਚ ਖਾਲੀ ਜ਼ਮੀਨ - 16 ਕਨਾਲ 5 ਮਰਲੇ, ਮੋਹਕਮ ਅਰਾਈਆਂ ਰੋਡ 'ਤੇ ਸਥਿਤ, ਜਗਦੀਸ਼ ਰਾਈਸ ਮਿੱਲਜ਼ ਦੇ ਪਿਛਲੇ ਪਾਸੇ, ਜਲਾਲਾਬਾਦ ਵੈਸਟ, ਸ਼੍ਰੀਮਤੀ ਰੰਜਨਾ ਸਿਦਾਨਾ ਪਤਨੀ ਵਿਮਲ ਸਿਦਾਨਾ ਦੀ ਮਲਕੀਅਤ ਹੈ। ਰਿਟਾਇਰਮੈਂਟ ਨੰਬਰ 1214 ਮਿਤੀ 18.06.2009 (ਖੇਤਰ 4K-1M), ਸ਼੍ਰੀਮਤੀ ਵਿਮਲ ਕੁਮਾਰ ਪੁੱਤਰ ਮਾਛੀ ਰਾਮ, ਸ਼੍ਰੀ ਰਾਕੇਸ਼ ਕੁਮਾਰ ਪੁੱਤਰ ਮਾਛੀ ਰਾਮ ਅਤੇ ਸ਼੍ਰੀ ਸੁਰਿੰਦਰ ਕੁਮਾਰ ਪੁੱਤਰ ਮਾਛੀ ਰਾਮ। ਰਿਟਾਇਰਮੈਂਟ ਨੰਬਰ 1208 ਮਿਤੀ 18.06.2009 (ਖੇਤਰ 4K-2M), ਸ਼੍ਰੀਮਤੀ ਪੁਸ਼ਪਾ ਰਾਣੀ ਪਤਨੀ ਸ਼੍ਰੀ ਰਾਕੇਸ਼ ਕੁਮਾਰ। ਰਿਟਾਇਰਮੈਂਟ ਨੰਬਰ 1211 ਮਿਤੀ 18.06.2009 (ਖੇਤਰ 4K-1M), ਸ਼੍ਰੀਮਤੀ। ਸੁਮਨ ਲਤਾ ਪਤਨੀ ਸੁਰਿੰਦਰ ਕੁਮਾਰ, ਆਰਟੀਡੀ ਨੰਬਰ 1209 ਮਿਤੀ 18.06.2009 (ਖੇਤਰ 4K-1M) ਰਾਹੀਂ। 02.08.2025 ਦੀ ਮੁੱਲਾਂਕਣ ਰਿਪੋਰਟ ਅਨੁਸਾਰ MSV 1,13,75000.00 ਰੁਪਏ ਹੈ RSV 96,69,000.00 ਰੁਪਏ ਹੈ ਅਤੇ ਡਿਸਟ ਰੈਸ ਵਿਕਰੀ ਮੁੱਲ 91,00,000/- ਰੁਪਏ ਹੈ।

ਮੇਰੇ ਦਸਤਖਤਾਂ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ, ਇਸ ਮਿਤੀ ਨੂੰ ਦਿੱਤਾ ਗਿਆ ਹੈ: 19.02.2026।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, ਡੀਆਰਟੀ-1

# ਵਿਧਾਇਕ ਜਿੰਪਾ ਨੇ ਵਾਰਡ ਨੰ. 8 ’ਚ ਗਲੀਆਂ ਦੇ ਨਿਰਮਾਣ ਦੀ ਸ਼ੁਰੂਆਤ ਕਰਵਾਈ



ਹੁਸ਼ਿਆਰਪੁਰ, 3 ਮਾਰਚ (ਦੀਪਕ ਅਗਨੀਹੋਤਰੀ): ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 8 ਵਿੱਚ 21 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਵੱਖ-ਵੱਖ ਗਲੀਆਂ ਦੇ ਨਿਰਮਾਣ ਕੰਮ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਉਨ੍ਹਾਂ ਕਿਹਾ ਕਿ ਖੇਤਰ ਦੇ ਵਿਕਾਸ ਤੇ ਜਨਤਾ ਦੀ ਸਹੂਲਤ ਲਈ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨਾ ਉਨ੍ਹਾਂ ਦੀ ਪਹਿਲ ਹੈ।ਉਨ੍ਹਾਂ ਦੱਸਿਆ ਕਿ ਇਨ੍ਹਾਂ ਗਲੀਆਂ ਦੇ ਨਿਰਮਾਣ ਨਾਲ ਸਥਾਨਕ ਵਾਸੀਆਂ ਨੂੰ ਆਵਾਜਾਈ ਵਿੱਚ ਸੌਖ ਹੋਵੇਗੀ ਤੇ ਸਫਾਈ ਤੇ ਪਾਣੀ ਨਿਕਾਸੀ ਦੀ ਸਥਿਤੀ ਵੀ ਸੁਧਰੇਗੀ। ਉਨ੍ਹਾਂ ਖੇਤਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਨਿਰਮਾਣ ਕੰਮ ਸਮੇਂ ਸਿਰ ਪੂਰੇ ਕੀਤੇ ਜਾਣਗੇ। ਸਰਕਾਰ ਵੱਲੋਂ ਵਿਕਾਸ ਕੰਮਾਂ ਲਈ ਕਾਫੀ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ ਤੇ ਜਨਤਾ ਨੂੰ ਇਸ ਦਾ ਸਿੱਧਾ ਲਾਭ ਮਿਲੇਗਾ।ਇਸ ਮੌਕੇ ਕੁਲਵੰਤ ਸਿੰਘ, ਗੁਰਬਖਸ਼ ਕੌਰ, ਨਰਿੰਦਰ ਕੌਰ, ਜਸਵੀਰ ਕੌਰ, ਸੋਹਣ ਸਿੰਘ, ਸੰਦੀਪ ਸਿੰਘ, ਅਵਤਾਰ ਸਿੰਘ ਗਿੱਲ, ਪਰਮਜੀਤ ਸਿੰਘ ਤੇ ਰਸ਼ਪਾਲ ਸਿੰਘ ਸਮੇਤ ਕਈ ਪਤਵੰਤੇ ਹਾਜ਼ਰ ਸਨ।ਸਾਰਿਆਂ ਨੇ ਵਿਧਾਇਕ ਜਿੰਪਾ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪਹਿਲ ਖੇਤਰ ਦੇ ਵਿਕਾਸ ਵਿੱਚ ਅਹਿਮ ਯੋਗਦਾਨ ਪਾਵੇਗੀ।

# ਭਾਰਤ ’ਚ ਜਨਮਜਾਤ ਨੁਕਸਾਂ ਦੀ ਚੁਣੌਤੀ ’ਤੇ ਰਾਸ਼ਟਰੀ ਰਜਿਸਟਰੀ ਦੀ ਲੋੜ

ਨਵੀਂ ਦਿੱਲੀ, 3 ਮਾਰਚ (ਚ.ਨ.ਸ): ਭਾਰਤ ਵਿੱਚ ਹਰ ਸਾਲ ਲਗਭਗ 6 ਲੱਖ ਬੱਚੇ ਜਨਮਜਾਤ ਖਾਮੀਆਂ ਨਾਲ ਪੈਦਾ ਹੁੰਦੇ ਹਨ, ਜੋ ਕਿ ਦੇਸ਼ ਦੀ ਸਿਹਤ ਪ੍ਰਣਾਲੀ ਲਈ ਇੱਕ ਵੱਡੀ ਚੁਣੌਤੀ ਹੈ। ਹੈਰਾਨੀ ਦੀ ਗੱਲ ਇਹ ਹੈ ਕਿ ਇੰਨੀ ਵੱਡੀ ਗਿਣਤੀ ਦੇ ਬਾਵਜੂਦ ਇਨ੍ਹਾਂ ਬੱਚਿਆਂ ਦੀ ਸਹੀ ਨਿਗਰਾਨੀ ਤੇ ਅੰਕੜਿਆਂ ਨੂੰ ਸੰਭਾਲਣ ਲਈ ਦੇਸ਼ ਵਿੱਚ ਕੋਈ ਵੀ ਰਾਸ਼ਟਰੀ ਰਜਿਸਟਰੀ ਮੌਜੂਦ ਨਹੀਂ ਹੈ। ਸਿਹਤ ਮਾਹਿਰਾਂ ਦਾ ਕਹਿਣਾ ਹੈ ਕਿ ਜਿਵੇਂ-ਜਿਵੇਂ ਸੰਕਰਾਮਕ ਬਿਮਾਰੀਆਂ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਕਮੀ ਆਈ ਹੈ, ਬੱਚਿਆਂ ਦੀ ਮੌਤ ਦਰ ਵਿੱਚ ਜਨਮਜਾਤ ਬਿਮਾਰੀਆਂ ਦਾ ਹਿੱਸਾ ਲਗਾਤਾਰ ਵੱਧਦਾ ਜਾ ਰਿਹਾ ਹੈ। ਵਿਸ਼ਵ ਪੱਧਰ ’ਤੇ ਜਨਮਜਾਤ ਨੁਕਸਾਂ ਕਾਰਨ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ ਇਕੱਲੇ ਭਾਰਤ ਦਾ ਹਿੱਸਾ 16 ਫੀਸਦੀ ਹੈ, ਜੋ ਕਿ ਬਹੁਤ ਹੀ ਚਿੰਤਾਜਨਕ ਅੰਕੜਾ ਹੈ। ਇਸ ਗੰਭੀਰ ਸਥਿਤੀ ਦੇ ਹੱਲ ਲਈ ਹਾਲ ਹੀ ਵਿੱਚ ਨਵੀਂ ਦਿੱਲੀ ਦੇ ਇੰਡੀਆ ਹੈਬਿਟੈਟ ਸੈਂਟਰ ਵਿਖੇ ਸਮਾਈਲ ਟ੍ਰੇਨ ਇੰਡੀਆ ਤੇ ਬਰਥ



ਡੀਫੈਕਟਸ ਰਿਸਰਚ ਫਾਊਂਡੇਸ਼ਨ ਵੱਲੋਂ ਸਾਂਝੇ ਤੌਰ ’ਤੇ ’ਬਰਥ ਐਨੋਮਲੀਜ਼ ਨੈਟਵਰਕ ਆਫ ਇੰਡੀਆ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਨੈਟਵਰਕ ਦਾ ਮੁੱਖ ਮਕਸਦ ਇੱਕ ਅਜਿਹੀ ਰਾਸ਼ਟਰੀ ਰਜਿਸਟਰੀ ਸਥਾਪਤ ਕਰਨਾ ਹੈ ਜੋ ਭਰੋਸੇਯੋਗ ਡਾਟਾ ਇਕੱਠਾ ਕਰ ਸਕੇ ਤੇ ਬਿਮਾਰੀਆਂ ਦੀ ਰੋਕਥਾਮ ਵਿੱਚ ਮਦਦਗਾਰ ਸਾਬਤ ਹੋਵੇ। ਮਾਹਿਰਾਂ ਅਨੁਸਾਰ ਮੌਜੂਦਾ ਸਮੇਂ ਵਿੱਚ ਸਕ੍ਰੀਨਿੰਗ ਤੇ ਇਲਾਜ ਲਈ ਰੈਫਰਲ ਸਿਸਟਮ ਬਹੁਤ ਕਮਜ਼ੋਰ ਹੈ, ਖ਼ਾਸ ਕਰਕੇ ਮਹਾਂਨਗਰਾਂ ਤੋਂ ਬਾਹਰ ਦੇ ਇਲਾਕਿਆਂ ਵਿੱਚ ਸੇਵਾਵਾਂ ਦੀ ਭਾਰੀ ਘਾਟ ਹੈ।ਜਨਮਜਾਤ ਦਿਲ ਦੀਆਂ ਬਿਮਾਰੀਆਂ, ਹੋਂਠ ਤੇ ਤਾਲੂ ਦਾ ਕੱਟਿਆ ਹੋਣਾ, ਰੀੜ੍ਹ ਦੀ ਹੱਡੀ ਦੇ ਨੁਕਸ ਤੇ ਡਾਊਨ ਸਿੰਡਰੋਮ ਵਰਗੀਆਂ ਸਮੱਸਿਆਵਾਂ ਭਾਰਤ ਵਿੱਚ ਆਮ ਦੇਖਣ ਨੂੰ ਮਿਲਦੀਆਂ ਹਨ। ਇੱਕ ਕੇਂਦਰੀਕ੍ਰਿਤ ਰਜਿਸਟਰੀ ਦੀ ਅਣਹੋਂਦ ਕਾਰਨ ਨਾ ਤਾਂ ਇਨ੍ਹਾਂ ਬਿਮਾਰੀਆਂ ਦੇ ਕਾਰਨਾਂ ਦੀ ਸਹੀ ਪਛਾਣ ਹੋ ਰਹੀ ਹੈ ਤੇ ਨਾ ਹੀ ਪ੍ਰਭਾਵਸ਼ਾਲੀ ਨੀਤੀਆਂ ਬਣ ਰਹੀਆਂ ਹਨ। ਇਸ ਲਈ ਮੌਜੂਦਾ ਸਮੇਂ ਦੀ ਸਭ ਤੋਂ ਵੱਡੀ ਲੋੜ ਇੱਕ ਅਜਿਹੀ ਸਹਿਯੋਗੀ ਪ੍ਰਣਾਲੀ ਖੜ੍ਹੀ ਕਰਨੀ ਹੈ ਜੋ ਰਾਸ਼ਟਰੀ ਪੱਧਰ ’ਤੇ ਡਾਟਾ ਇਕੱਠਾ ਕਰਕੇ ਇਨ੍ਹਾਂ ਬੱਚਿਆਂ ਦੇ ਬਿਹਤਰ ਭਵਿੱਖ ਤੇ ਇਲਾਜ ਨੂੰ ਯਕੀਨੀ ਬਣਾ ਸਕੇ।

# ਵਿਧਾਇਕ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣ ਕੇ ਕੀਤੀਆਂ ਹੱਲ

ਬਟਾਲਾ/ਅੱਚਲ ਸਾਹਿਬ, 3 ਮਾਰਚ (ਬਲਵਿੰਦਰ ਸਿੰਘ ਪੰਜਗਰਾਈਂ/ਜੁਗਰਾਜ ਸਿੰਘ ਖ਼ਾਲਸਾ): ਪੰਜਾਬ ਦੇ ਕਾਰਜਕਾਰੀ ਪ੍ਰਧਾਨ ਤੇ ਵਿਧਾਇਕ ਸ਼ੈਰੀ ਕਲਸੀ ਨੇ ਲੋਕ ਮਿਲਣੀ ਦੌਰਾਨ ਲੋਕਾਂ ਦੀਆਂ ਮੁਸ਼ਕਿਲਾਂ ਸੁਣਨ ਉਪਰੰਤ ਕਿਹਾ ਕਿ ਵਿਧਾਨ ਸਭਾ ਹਲਕਾ ਬਟਾਲਾ ਦਾ ਚਹੁੰਪੱਖੀ ਵਿਕਾਸ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਤੇ ਹਲਕੇ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ।ਵਿਧਾਇਕ ਸ਼ੈਰੀ ਕਲਸੀ ਨੇ ਬਟਾਲਾ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਦਿਨ-ਰਾਤ ਬਟਾਲਾ ਸ਼ਹਿਰ ਵਿੱਚ ਵੱਖ-ਵੱਖ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਉਨ੍ਹਾਂ ਦੀ ਕੋਸ਼ਿਸ਼ ਹੁੰਦੀ ਹੈ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਜਾਣ।ਉਨ੍ਹਾਂ ਅੱਗੇ ਕਿਹਾ ਕਿ ਜੇਕਰ ਫਿਰ ਵੀ ਕਿਸੇ ਸ਼ਹਿਰ ਵਾਸੀ ਨੂੰ ਗਲੀ ਬਣਾਉਣ ਸਬੰਧੀ, ਗੰਦੇ ਪਾਣੀ ਦੀ ਨਿਕਾਸੀ, ਸਟਰੀਟ ਲਾਈਟਾਂ ਲਗਾਉਣ ਸਬੰਧੀ ਜਾਂ ਪਾਰਕ ਆਦਿ ਸਬੰਧੀ ਕੋਈ



ਮੁਸ਼ਕਿਲ ਹੈ ਤਾਂ ਉਸ ਸਬੰਧੀ ਲਿਖਤੀ ਐਪਲੀਕੇਸ਼ਨ ਪਾਰਟੀ ਦਫਤਰ ਉਸਮਾਨਪੁਰ ਸਿਟੀ ਜਾਂ ਨਹਿਰੂ ਗੇਟ ਬਟਾਲਾ ਵਿਖੇ ਦਿੱਤੀ ਜਾਵੇ। ਇਸ ਤੋਂ ਇਲਾਵਾ ਉਨ੍ਹਾਂ ਨੂੰ ਸਿੱਧੇ ਮਿਲ ਕੇ ਵੀ ਐਪਲੀਕੇਸ਼ਨ ਦਿੱਤੀ ਜਾ ਸਕਦੀ ਹੈ ਤਾਂ ਜੋ ਸ਼ਹਿਰ ਵਾਸੀਆਂ ਦੀ ਸਮੱਸਿਆ ਨੋਟ ਕਰਕੇ ਉਸਨੂੰ ਹੱਲ ਕਰਵਾਇਆ ਜਾ ਸਕੇ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਉਨ੍ਹਾਂ ਦੀ ਪੂਰੀ ਕੋਸ਼ਿਸ਼ ਹੈ ਕਿ ਬਟਾਲਾ ਸ਼ਹਿਰ ਵਿੱਚ ਵਿਕਾਸ ਕਾਰਜਾਂ ਦੀ ਕੋਈ ਕਸਰ ਬਾਕੀ ਨਾ ਛੱਡੀ ਜਾਵੇ ਤੇ ਬਟਾਲਾ ਸ਼ਹਿਰ ਦੀ ਵਿਕਾਸ ਪੱਖੋਂ ਕਾਇਆ ਕਲਪ ਕੀਤੀ ਜਾਵੇ। ਉਨ੍ਹਾਂ ਅੱਗੇ ਦੱਸਿਆ ਕਿ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਸ਼ਹਿਰ ਦੀਆਂ ਵਾਰਡਾਂ ਤੇ ਪਿੰਡਾਂ ਵਿੱਚ ਸਿਹਤ ਕਾਰਡ ਬਣਾਉਣ ਲਈ ਵਿਸ਼ੇਸ਼ ਕੈਂਪ ਲਗਾਏ ਜਾ ਰਹੇ ਹਨ, ਇਸ ਲਈ ਕੈਂਪਾਂ ਵਿੱਚ ਪਹੁੰਚ ਕੇ ਸਿਹਤ ਕਾਰਡ ਬਣਾ ਲਏ ਜਾਣ ਤਾਂ ਜੋ ਲੋੜ ਪੈਣ ’ਤੇ ਉਸਦੀ ਵਰਤੋਂ ਕੀਤੀ ਜਾ ਸਕੇ। ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਸੂਬੇ ਦੇ ਹਰ ਪਰਿਵਾਰ ਨੂੰ 10 ਲੱਖਾਂ ਰੁਪਏ ਤੱਕ ਦਾ ਮੁਫ਼ਤ ਇਲਾਜ ਮੁਹੱਈਆ ਕਰਵਾਇਆ ਗਿਆ ਹੈ।

# ਪੰਜਗਰਾਈਆਂ ਵਿਖੇ 11 ਤੋਂ 65ਵਾਂ ਹੋਲਾ-ਮਹੱਲਾ ਪ੍ਰਾਰੰਭ

## ☛ ਪੰਜ ਰੋਜ਼ਾ ਸਮਾਗਮਾਂ ਸਬੰਧੀ ਪੋਸਟਰ ਰਿਲੀਜ਼



ਬਟਾਲਾ, 3 ਮਾਰਚ (ਬਲਵਿੰਦਰ ਸਿੰਘ ਪੰਜਗਰਾਈਂ): ਨਜ਼ਦੀਕੀ ਪਿੰਡ ਪੰਜਗਰਾਈਆਂ ਵਿਖੇ ਹਰ ਸਾਲ ਦੀ ਤਰ੍ਹਾਂ ਪੰਜ ਰੋਜ਼ਾ 65ਵਾਂ ਹੋਲਾ ਮਹੱਲਾ 11 ਮਾਰਚ ਨੂੰ ਆਰੰਭ ਹੋਣ ਜਾ ਰਿਹਾ ਹੈ। ਜਾਣਕਾਰੀ ਸਾਂਝੀ ਕਰਦੇ ਹੋਏ ਡੇਰੇ ਦੇ ਮੁੱਖ ਸੇਵਾਦਾਰ ਮਹੰਤ ਸੁਖਪਾਲ ਦੇਵ ਤੇ ਸੰਤ ਸੁਖ ਚਰਨ ਦੇਵ ਨੇ ਦੱਸਿਆ ਕਿ ਗੁਰੂ ਨਾਨਕ ਸਾਹਿਬ ਜੀ ਦੀ ਅੰਸ਼ ਵੰਸ਼, ਭਗਵਾਨ ਸ੍ਰੀ ਚੰਦ ਜੀ ਦੇ ਪਰਮ ਸੇਵਕ ਬ੍ਰਹਮਲੀਨ ਬਾਬਾ ਬ੍ਰਹਮਦੇਵ ਜੀ ਦੇ ਅਸਥਾਨ (ਉਦਾਸੀਨ ਅਖਾੜੇ) ਵਿਖੇ ਪਿੰਡ ਪੰਜਗਰਾਈਆਂ ਤੇ ਇਲਾਕੇ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ 11 ਮਾਰਚ ਦਿਨ ਬੁੱਧਵਾਰ ਨੂੰ ਹੋਲਾ ਮਹੱਲਾ ਸਾਹਿਬ ਦੇ ਦੀਵਾਨਾਂ ਦੀ ਆਰੰਭਤਾ ਹੋਵੇਗੀ। 13 ਮਾਰਚ ਦਿਨ ਸ਼ੁੱਕਰਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਪ੍ਰਾਰੰਭ ਹੋਣਗੇ, ਜਿਨ੍ਹਾਂ ਦੇ ਭੋਗ 15 ਮਾਰਚ ਦਿਨ ਐਤਵਾਰ ਨੂੰ ਪਾਏ ਜਾਣਗੇ, ਉਪਰੰਤ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਤੇ ਪੰਜ ਪਿਆਰੇ ਸਾਹਿਬਾਨਾਂ ਦੀ ਅਗਵਾਈ ਹੇਠ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ। ਇਸ ਪਵਿੱਤਰ ਸਮਾਗਮ ਵਿੱਚ ਪੰਥ ਪ੍ਰਸਿੱਧ ਭਾਈ ਗੁਰਮੀਤ ਸਿੰਘ ਐਮਏ ਦੇ ਢਾਡੀ ਜਥੇ ਵੱਲੋਂ ਦੁਪਹਿਰ ਦੇ 2 ਵਜੇ ਤੋਂ ਲੈ ਕੇ ਸ਼ਾਮ ਦੇ 4 ਵਜੇ ਤੱਕ ਲਗਾਤਾਰ 5 ਦਿਨ ਸੰਗਤਾਂ ਦੀ ਗੁਰ ਇਤਿਹਾਸ ਨਾਲ ਸਾਂਝ ਪਾਈ ਜਾਵੇਗੀ। ਡੇਰੇ ਦੇ ਮੁੱਖ ਸੇਵਾਦਾਰ ਮਹੰਤ ਸੁਖਪਾਲ ਦੇਵ ਵੱਲੋਂ ਸੰਗਤਾਂ ਨੂੰ ਪਰਿਵਾਰਾਂ ਸਮੇਤ ਇਨ੍ਹਾਂ ਦੀਵਾਨਾਂ ਵਿੱਚ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ ਗਈ ਹੈ ਕਿ ਆਵੋ ਤੇ ਆ ਕੇ ਆਪਣੇ ਸ਼ਾਨਮੱਤੀ ਇਤਿਹਾਸ ਤੋਂ ਜਾਣੂੰ ਹੋਵੋ ਤੇ ਪ੍ਰਚਾਰਕਾਂ ਕੋਲੋਂ ਸੁਣੋ ਕਿ ਕਿਵੇਂ ਸਾਡੇ ਗੁਰੂਆਂ ਨੇ, ਸਾਡੇ ਵਡੇਰਿਆਂ ਨੇ ਜਾਂ ਸਿਰ ਲੱਥ ਯੋਧਿਆਂ ਨੇ ਪੰਥ ਦੀ ਖਾਤਿਰ, ਪੰਜਾਬ ਵਾਸਤੇ ਜਾਂ ਮਨੁੱਖਤਾ ਲਈ ਘਾਲਣਾ ਘਾਲੀਆਂ ਸਨ। ਇਹ ਵੀ ਦੱਸਿਆ ਗਿਆ ਕਿ ਪ੍ਰਬੰਧਕਾਂ ਦੀ ਆਗਿਆ ਤੋਂ ਬਿਨਾਂ ਕਿਸੇ ਵੀ ਬੁਲਾਰੇ ਨੂੰ ਸਟੇਜ ਤੋਂ ਬੋਲਣ ਦੀ ਮਨਾਹੀ ਹੋਵੇਗੀ। ਇਸ ਮੌਕੇ ਮਹੰਤ ਸੁਖਪਾਲ ਦੇਵ ਤੇ ਸੰਤ ਸੁਖਚਰਨ ਦੇਵ ਤੋਂ ਇਲਾਵਾ ਸਾਬਕਾ ਸਰਪੰਚ ਝਿਰਮਲ ਸਿੰਘ, ਚੇਅਰਮੈਨ ਹਰਭਜਨ ਸਿੰਘ, ਜਸਬੀਰ ਸਿੰਘ ਗਦਲੀ ਵਾਲੇ, ਕੰਵਲਜੀਤ ਸਿੰਘ ਲੱਲੀ, ਨਿਰਮਲ ਸਿੰਘ ਪੁਰੇਵਾਲ, ਪੰਚ ਧਰਮਿੰਦਰ ਸਿੰਘ, ਕੁਲਵਿੰਦਰ ਸਿੰਘ ਬੱਬੀ, ਜੇ ਹਰਪਾਲ ਸਿੰਘ, ਮਾ. ਜੋਗਾ ਸਿੰਘ, ਸਤਪਾਲ ਸਿੰਘ ਹੇਅਰ, ਗੁਲਜਾਰ ਸਿੰਘ ਹੇਅਰ, ਬਲਵਿੰਦਰ ਸਿੰਘ ਹੇਅਰ, ਬਲਦੇਵ ਰਾਜ ਸ਼ਰਮਾ, ਕੁਲਵਿੰਦਰ ਸਿੰਘ ਟਿੰਕੂ, ਬਲਦੇਵ ਸਿੰਘ, ਗੁਲਜ਼ਾਰ ਸਿੰਘ ਫੌਜੀ, ਬਲਕਾਰ ਸਿੰਘ ਹੇਅਰ, ਅਜੀਤ ਸਿੰਘ ਬਾਜਵਾ, ਹਰਪਾਲ ਸਿੰਘ ਬਾਜਵਾ, ਭਾਈ ਲਾਲੋ ਬਾਜਵਾ, ਜਰਨੈਲ ਸਿੰਘ ਤੇ ਹੋਰ ਵੀ ਬਹੁਤ ਸਾਰੀਆਂ ਸੰਗਤਾਂ ਹਾਜ਼ਰ ਸਨ।

# ਐਡ. ਸੇਖਵਾਂ ਨੇ ਬਲਾਕ ਕਾਹਨੂੰਵਾਨ ਤੇ ਧਾਰੀਵਾਲ ਦੇ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਲਈ 3 ਕਰੋੜ 46 ਲੱਖ ਰੁਪਏ ਦੇ ਚੈਕ ਵੰਡੇ

ਕਾਦੀਆਂ/ਗੁਰਦਾਸਪੁਰ, 3 ਮਾਰਚ (ਸਿਕੰਦਰ ਸਿੰਘ ਸੰਧੂ/ਤਾਰੀ): ਕਾਦੀਆਂ ਵਿਧਾਨ ਸਭਾ ਹਲਕੇ ਦੇ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਵੱਲੋਂ ਕਾਦੀਆਂ ਹਲਕੇ ਅੰਦਰ ਨਿਰੰਤਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਵਿਕਾਸ ਕਾਰਜਾਂ ਨੂੰ ਹੋਰ ਹੁਲਾਰਾ ਦਿੰਦਿਆਂ ਉਨ੍ਹਾਂ ਵੱਲੋਂ ਹਲਕਾ ਕਾਦੀਆਂ ਦੇ ਬਲਾਕ ਕਾਹਨੂੰਵਾਨ ਤੇ ਧਾਰੀਵਾਲ ਵਿੱਚ ਪੈਂਦੇ ਵੱਖ-ਵੱਖ ਪਿੰਡਾਂ ਦੇ ਵਿਕਾਸ ਕਾਰਜਾਂ ਲਈ 3 ਕਰੋੜ 46 ਲੱਖ ਰੁਪਏ ਦੇ ਚੈਕ ਵੰਡੇ ਗਏ। ਇਸ ਮੌਕੇ ਪਿੰਡਾਂ ਦੇ ਪੰਚ-ਸਰਪੰਚ, ਬੀ.ਡੀ.ਪੀ.ਓ. ਸੁਖਜੀਤ ਸਿੰਘ ਸਮੇਤ ਵੱਖ-ਵੱਖ ਸ਼ਖ਼ਸੀਅਤਾਂ ਮੌਜੂਦ ਸਨ।ਇਸ ਮੌਕੇ ਗੱਲਬਾਤ ਕਰਦਿਆਂ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਪਿੰਡਾਂ ਦੇ ਬੁਨਿਆਦੀ ਢਾਂਚੇ ਦੇ ਸੁਧਾਰ ਲਈ ਲਗਾਤਾਰ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ ਤੇ ਪਿੰਡਾਂ ਦੇ ਵਿਕਾਸ ਲਈ ਫੰਡਾਂ ਦੀ ਕੋਈ ਘਾਟ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਪਿੰਡ ਵਾਸੀਆਂ ਦੀ ਮੰਗ ਪੂਰੀ ਕਰਦਿਆਂ ਲਗਾਤਾਰ ਹਲਕੇ ਅੰਦਰ ਵਿਕਾਸ ਕੰਮ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀ ਆਵਾਜਾਈ ਦੀ ਸਹੂਲਤ ਨੂੰ ਮੁੱਖ



ਰੱਖਦਿਆਂ ਪਿੰਡਾਂ ਦੀਆਂ ਸੜਕਾਂ ਦਾ ਨਵੀਨੀਕਰਨ ਕੀਤਾ ਜਾ ਰਿਹਾ ਹੈ ਤਾਂ ਜੋ ਰਾਹਗੀਰਾਂ ਨੂੰ ਕੋਈ ਦਿੱਕਤ ਨਾ ਆਵੇ। ਉਨ੍ਹਾਂ ਕਿਹਾ ਕਿ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਪੰਜਾਬ ਸਰਕਾਰ ਲਗਾਤਾਰ ਯਤਨਸ਼ੀਲ ਹੈ। ਉਨ੍ਹਾਂ ਦੁਹਰਾਇਆ ਕਿ ਪਿੰਡਾਂ ਵਿਖੇ ਮੁੱਢਲੀਆਂ ਸਹੂਲਤਾਂ ਦੀ ਪੂਰਤੀ ਕਰਨ ਲਈ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਇਸ ਮੌਕੇ ਪਿੰਡਾਂ ਦੇ ਪੰਚਾਂ-ਸਰਪੰਚਾਂ ਨੇ ਹਲਕਾ ਇੰਚਾਰਜ ਐਡਵੋਕੇਟ ਜਗਰੂਪ ਸਿੰਘ ਸੇਖਵਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿੱਚ ਪਾਰਦਰਸ਼ੀ ਢੰਗ ਨਾਲ ਹਲਕੇ ਅੰਦਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਤੇ ਉਹ ਖੁਦ ਲੋਕਾਂ ਤੱਕ ਪਹੁੰਚ ਕਰਕੇ ਉਨ੍ਹਾਂ ਦੀਆਂ ਮੁਸ਼ਕਿਲਾਂ ਦਾ ਹੱਲ ਕਰ ਰਹੇ ਹਨ, ਜੋ ਬਹੁਤ ਸ਼ਲਾਘਾਯੋਗ ਹੈ।

# ਛੇਵਾਂ ਪੇਂਡੂ ਖੇਡ ਮੇਲਾ ਸਬੰਧੀ ਕਾਰਡ ਰਿਲੀਜ਼



ਗੜ੍ਹਦੀਵਾਲ, 3 ਮਾਰਚ (ਗੌਰਵ): ਬਰਾਓ ਜਿਮ ਦੁਸੜਕਾ ਦੇ ਆਨਰ ਸੰਜੀਵ ਠਾਕੁਰ ਤੇ ਸੀਰਤ ਫਿਟ ਵੱਲੋਂ ਛੇਵਾਂ ਪੇਂਡੂ ਖੇਡ ਮੇਲਾ ਬੜੀ ਧੂਮਧਾਮ ਨਾਲ 14 ਮਾਰਚ ਨੂੰ ਰੋਬਿਨ ਪੈਲਸ ਦੁਸੜਕਾ ਵਿਖੇ ਕਰਵਾਇਆ ਜਾ ਰਿਹਾ, ਜਿਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ। ਇਸ ਮੌਕੇ ’ਤੇ ਸੰਜੀਵ ਠਾਕੁਰ ਨੇ ਖੇਡ ਮੇਲੇ ਦਾ ਕਾਰਡ ਰਿਲੀਜ਼ ਕੀਤਾ। ਇਸ ਮੌਕੇ ’ਤੇ ਜਾਣਕਾਰੀ ਦਿੰਦੇ ਹੋਏ ਸੰਜੀਵ ਠਾਕੁਰ ਨੇ ਦੱਸਿਆ ਕਿ ਨੌਜਵਾਨਾਂ ਨੂੰ ਕੁਰੀਤੀਆਂ ਤੋਂ ਦੂਰ ਰੱਖਣ ਲਈ ਤੇ ਸਿਹਤ ਨੂੰ ਸੰਭਾਲਣ ਦੇ ਲਈ ਖੇਡ ਮੇਲੇ ਇੱਕ ਅਹਿਮ ਯੋਗਦਾਨ ਪਾਉਂਦੇ ਹਨ, ਜਿਸ ਦੇ ਤਹਿਤ ਛੋਟਾ ਜਿਹਾ ਉਪਰਾਲਾ ਬਰਾਓ ਜਿਸ ਤੇ ਉੱਥੋਂ ਦੇ ਸਾਰੇ ਸਹਿਯੋਗੀਆਂ ਦੇ ਸਹਿਯੋਗ ਨਾਲ ਕਰਵਾਇਆ ਜਾ ਰਿਹਾ। ਇਸ ਵਿੱਚ ਪੁਸ਼ਅਪ, ਛਪਾਟੇ, ਓਪਨ ਪਲੈਂਕ ਪੁਜੀਸ਼ਨ ਮੁੰਡੇ-ਕੁੜੀਆਂ ਦੇ ਮੁਕਾਬਲੇ ਕਰਵਾਏ ਜਾਣਗੇ। ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਮੁੰਡੇ-ਕੁੜੀਆਂ ਨੂੰ ਸਾਡੇ ਕਲੱਬ ਵੱਲੋਂ ਸਨਮਾਨ ਚਿੰਨ੍ਹ ਤੇ ਸਨਮਾਨ ਰਾਹੀ ਦੇ ਕੇ ਸਨਮਾਨਤ ਕੀਤਾ ਜਾਵੇਗਾ। ਇਸ ਮੌਕੇ ’ਤੇ ਨਵਦੀਪ ਸਿੰਘ ਦੀਪਾ, ਸੰਜੀਵ ਠਾਕੁਰ, ਗਗਨ ਮੂਸਾ, ਪ੍ਰਧਾਨ ਆਗਾਜ਼ ਐਨਜੀਓ ਜਲੰਧਰ ਅਮਰਜੀਤ ਸਿੰਘ ਬਿੱਟੀ, ਪਰਮਪ੍ਰੀਤ ਬਿੱਟੀ, ਅਮਰਜੀਤ ਸਿੰਘ ਮੰਗਾ ਤੇ ਕਲੱਬ ਮੈਂਬਰ ਹਾਜ਼ਰ ਸਨ।

# ਮਾਨ ਸਰਕਾਰ ਲੋਕਾਂ ਦੇ ਹਿੱਤਾਂ ਤੇ ਹੱਕਾਂ ਲਈ ਲੈ ਰਹੀ ਹੈ ਫੈਸਲੇ: ਰਾਜੀਵ ਸ਼ਰਮਾ

ਫਤਹਿਗੜ੍ਹ ਚੂੜੀਆਂ, 3 ਮਾਰਚ (ਰਾਜਨ ਸ਼ਰਮਾ): ਮਾਨ ਸਰਕਾਰ ਲੋਕਾਂ ਦੇ ਹਿੱਤਾਂ ਤੇ ਹੱਕਾਂ ਦੇ ਲਈ ਅਹਿਮ ਫੈਸਲੇ ਲੈ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਕਰਦਿਆਂ ਫਤਹਿਗੜ੍ਹ ਚੂੜੀਆਂ ਦੇ ਵਸਨੀਕ ਤੇ ਗੁਰਦਾਸਪੁਰ ਲੋਕ ਸਭਾ ਇੰਚਾਰਜ ਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਹੁਣ ਤੱਕ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਜਿੰਨੇ ਵੀ ਸਰਕਾਰ ਨੇ ਫੈਸਲੇ ਕੀਤੇ ਹਨ, ਇਹ ਸਾਰੇ ਦੇ ਸਾਰੇ ਹੀ ਫੈਸਲੇ ਲੋਕਾਂ ਦੇ ਹੱਕਾਂ ਤੇ ਹਿੱਤਾਂ ਲਈ ਕੀਤੇ ਗਏ ਹਨ। ਜਿਵੇਂ ਕਿ ਨਹਿਰੀ ਪਾਣੀ, ਸਿੱਖਿਆ, ਹੈਲਥ ਡਿਪਾਰਟਮੈਂਟ, ਬਿਜਲੀ ਬੋਰਡ, ਸੜਕਾਂ ਤੇ ਗਰਾਊਂਡ, ਲਾਇਬ੍ਰੇਰੀਆਂ, ਸਕੂਲ ਤੇ ਹਸਪਤਾਲ, ਮੁਹੱਲਾ ਕਲੀਨਿਕ, ਗਰੀਬ ਪਰਿਵਾਰਾਂ ਨੂੰ ਰਾਸ਼ਨ ਕਿੱਟਾਂ ਤੇ ਰਸੋਈ ਸਕੀਮ, ਮੁੱਖ ਮੰਤਰੀ ਸਿਹਤ ਯੋਜਨਾ 10



ਲੱਖ ਰੁਪਏ ਤੱਕ ਦਾ ਮੁਫਤ ਇਲਾਜ ਤੋਂ ਇਲਾਵਾ ਹੋਰ ਵੀ ਕਈ ਵੱਡੀਆਂ ਸਕੀਮਾਂ ਪੰਜਾਬ ਦੇ ਲੋਕਾਂ ਦੇ ਹਿੱਤਾਂ ਤੇ ਹੱਕਾਂ ਲਈ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲਏ ਹਨ। ਆਖਿਰ ਵਿੱਚ ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦਾ ਇੱਕੋ-ਇੱਕ ਮਕਸਦ ਹੈ ਕਿ ਪੰਜਾਬ ਦੇ ਗਰੀਬ ਤੇ ਆਰਥਿਕ ਪੱਖੋਂ ਕਮਜ਼ੋਰ ਲੋਕਾਂ ਨੂੰ ਬਿਹਤਰੀਨ ਸਹੂਲਤਾਂ ਪ੍ਰਦਾਨ ਕੀਤੀਆਂ ਜਾਣ।

# ਮਨੁੱਖੀ ਅਧਿਕਾਰ ਸੰਘਰਸ਼ ਕਮੇਟੀ ਇੰਡੀਆ ਦੀ ਜ਼ਿਲ੍ਹਾ ਗੁਰਦਾਸਪੁਰ ਇਕਾਈ ਦੀ ਅਹਿਮ ਮੀਟਿੰਗ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 3 ਮਾਰਚ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਮਨੁੱਖੀ ਅਧਿਕਾਰ ਸੰਘਰਸ਼ ਕਮੇਟੀ ਇੰਡੀਆ ਗੁਰਦਾਸਪੁਰ ਇਕਾਈ ਦੀ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਹਿਮ ਮੀਟਿੰਗ ਕੌਮੀ ਪ੍ਰਧਾਨ ਸ਼ਾਮ ਲਾਲ ਤ੍ਰੇਹਨ ਤੇ ਕੌਮੀ ਜਨਰਲ ਸਕੱਤਰ ਮਨਮੋਹਨ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਸਬਾ ਘੁਮਾਣ ਵਿਖੇ ਹੋਈ। ਇਸ ਮੀਟਿੰਗ ਵਿੱਚ ਯੁੱਧ ਨਸ਼ਿਆਂ ਵਿਰੁੱਧ ਦੇ ਜ਼ਿਲ੍ਹਾ ਕੋਆਰਡੀਨੇਟਰ ਡਾ. ਅਰਸ਼ਦੀਪ ਸਿੰਘ, ਆਮ ਆਦਮੀ ਪਾਰਟੀ ਜ਼ਿਲ੍ਹਾ ਮਹਿਲਾ ਵਿੰਗ ਦੇ ਪ੍ਰਧਾਨ ਨੀਲਮ ਘੁਮਾਣ ਤੇ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਯੁੱਧ ਨਸ਼ਿਆਂ ਵਿਰੁੱਧ ਦੇ ਕੋਆਰਡੀਨੇਟਰ ਰਾਜਵਿੰਦਰ ਸਿੰਘ ਬਬਲੂ ਟੀਵੀਐਸ ਤੇ ਏਐਸਆਈ ਗੁਰਜੀਤ ਸਿੰਘ ਵੱਲੋਂ ਉਚੇਚੇ ਤੌਰ ’ਤੇ ਸ਼ਿਰਕਤ ਕੀਤੀ ਗਈ। ਅਹਿਮ ਮੀਟਿੰਗ ਨੂੰ ਸੰਬੋਧਨ ਜ਼ਿਲ੍ਹਾ ਪ੍ਰਧਾਨ ਡਾ. ਹਰਜਿੰਦਰ ਸਿੰਘ ਜੱਜ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਪੁਲਿਸ ਪ੍ਰਸ਼ਾਸਨ ਪੂਰੀ ਤਨਦੇਹੀ ਨਾਲ ਆਪਣੀ ਡਿਊਟੀ ਨਿਭਾ ਰਿਹਾ ਹੈ। ਉਨ੍ਹਾਂ ਆਖਿਆ ਕਿ ਸਰਕਾਰ ਨੂੰ ਨਸ਼ਿਆਂ ਦੇ ਆਦੀ ਨੌਜਵਾਨਾਂ ਨੂੰ ਨਸ਼ਿਆਂ ਦੀ ਆਦਤ ਤੋਂ ਹਟਾ ਕੇ ਖੇਡਾਂ ਵੱਲ ਪ੍ਰੇਰਿਤ ਕਰਨਾ ਚਾਹੀਦਾ ਹੈ। ਇਸ ਮੌਕੇ ਉਚੇਚੇ ਤੌਰ ’ਤੇ ਇਸ ਅਹਿਮ ਮੀਟਿੰਗ ਵਿੱਚ ਪਹੁੰਚੇ ਆਗੂਆਂ ਤੇ ਪੁਲਿਸ ਅਧਿਕਾਰੀ ਵੱਲੋਂ ਮਨੁੱਖੀ ਅਧਿਕਾਰ ਸੰਘਰਸ਼ ਕਮੇਟੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜ਼ਿਲ੍ਹਾ ਪ੍ਰਧਾਨ ਡਾ. ਹਰਜਿੰਦਰ ਸਿੰਘ ਜੱਜ ਘੁਮਾਣ ਦੀ ਅਗਵਾਈ ਹੇਠ ਚੱਲ ਰਹੀ ਸੰਸਥਾ ਹਮੇਸ਼ਾ ਨਸ਼ਿਆਂ ਵਿਰੁੱਧ ਮੀਟਿੰਗਾਂ ਕਰਕੇ ਨਸ਼ਿਆਂ ਤੇ ਸਮਾਜ ਵਿਰੋਧੀ ਕੁਰੀਤੀਆਂ ਵਿਰੁੱਧ ਆਵਾਜ਼ ਬੁਲੰਦ ਕਰਦੀ ਰਹਿੰਦੀ ਹੈ।ਇਸ ਮੌਕੇ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਮੀਡੀਆ ਵਾਈਸ ਕੋਆਰਡੀਨੇਟਰ ਅੰਮ੍ਰਿਤਪਾਲ ਸਿੰਘ ਸੋਹੀ, ਹਰਬੰਸ ਸਿੰਘ ਘੁਮਾਣ, ਰਿਟਾਇਰਡ ਇੰਸਪੈਕਟਰ ਪਿਆਰਾ ਸਿੰਘ ਬਰਿਆਰ, ਗੁਰਦਿਆਲ ਸਿੰਘ ਘੁਮਾਣ, ਜ਼ਿਲ੍ਹਾ ਜਨਰਲ ਸਕੱਤਰ ਡਾ. ਨਰਿੰਦਰ ਸਿੰਘ ਘੁਮਾਣ, ਬਲਾਕ ਪ੍ਰਧਾਨ ਬਲਰਾਮ ਸਿੰਘ ਬਰਿਆਰ, ਬਲਜੀਤ ਸਿੰਘ ਬਿੱਟੂ, ਪ੍ਰਧਾਨ ਪ੍ਰਲੋਕ ਸਿੰਘ ਘੁਮਾਣ, ਦਲਜੀਤ ਸਿੰਘ ਬੱਬੂ, ਡਾ. ਨੂਰਾ ਘੁਮਾਣ, ਡਾ. ਰਣਧੀਰ ਸਿੰਘ ਪੰਡੋਰੀ, ਡਾ. ਮਨਿੰਦਰ ਸਿੰਘ, ਜੋਧ ਸਿੰਘ, ਸਾਬਕਾ ਸਰਪੰਚ ਹਰਭਜਨ ਸਿੰਘ, ਹਰਮੇਸ਼ ਸਿੰਘ, ਹਰਭਜਨ ਸਿੰਘ, ਕੁਲਵੰਤ ਸਿੰਘ, ਸੂਬੇਦਾਰ ਸੁਖਦੇਵ ਸਿੰਘ, ਹਰਵਿੰਦਰ ਸਿੰਘ ਬੂਟਾ ਸਿੰਘ, ਸੂਬੇਦਾਰ ਹਰਬੰਸ ਸਿੰਘ, ਸੂਬੇਦਾਰ ਬਲਜੀਤ ਸਿੰਘ ਹਾਜ਼ਰ ਸਨ।

# ਸ.ਪ੍ਰ.ਸ ਨਬੀਪੁਰ ਤੇ ਬੱਬੇਹਾਲੀ ਵਿਖੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਲਈ ਹੈਂਡ ਮੇਡ ਮਟੀਰੀਅਲ ਵਰਕਸ਼ਾਪ ਕਰਵਾਈ

ਗੁਰਦਾਸਪੁਰ, 3 ਮਾਰਚ (ਸੰਧੂ/ਬਸਰਾ): ਅੱਜ ਸਰਕਾਰੀ ਪ੍ਰਾਇਮਰੀ ਸਕੂਲ ਨਬੀਪੁਰ ਤੇ ਬੱਬੇਹਾਲੀ ਵਿਖੇ ਪ੍ਰੀ-ਪ੍ਰਾਇਮਰੀ ਸਿੱਖਿਆ ਨੂੰ ਹੋਰ ਰੋਚਕ ਬਣਾਉਣ ਦੇ ਮਕਸਦ ਨਾਲ ਹੈਂਡ ਮੇਡ ਮਟੀਰੀਅਲ (ਹੱਥੀਂ ਤਿਆਰ ਸਾਮਾਨ) ਦੀ ਇੱਕ ਵਿਸ਼ੇਸ਼ ਵਰਕਸ਼ਾਪ ਲਗਾਈ ਗਈ। ਇਸ ਵਰਕਸ਼ਾਪ ਵਿੱਚ ਕਲੱਸਟਰ ਸਕੂਲਾਂ ਦੇ ਪ੍ਰੀ-ਪ੍ਰਾਇਮਰੀ ਅਧਿਆਪਕਾਂ ਨੇ ਬਹੁਤ ਉਤਸ਼ਾਹ ਨਾਲ ਹਿੱਸਾ ਲਿਆ ਤੇ ਬੱਚਿਆਂ ਨੂੰ ਪੜ੍ਹਾਉਣ ਲਈ ਸਹਾਇਕ ਸਮੱਗਰੀ ਤਿਆਰ ਕੀਤੀ। **ਵਿਸ਼ੇਸ਼ ਮਹਿਮਾਨਾਂ ਦੀ ਆਮਦ:** ਇਸ ਮੌਕੇ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਪਰਮਜੀਤ, ਡੀ.ਆਰ.ਸੀ. ਗੁਰਨਾਮ ਸਿੰਘ, ਬਲਾਕ ਪ੍ਰਾਇਮਰੀ ਅਫ਼ਸਰ ਗੁਰਇਕਬਾਲ ਸਿੰਘ ਗੋਰਾਇਆ ਬੀ.ਆਰ.ਸੀ. ਜਸਪਿੰਦਰ ਸਿੰਘ, ਬੀ.ਆਰ.ਸੀ. ਹਰਦੀਪ ਸਿੰਘ ਤੇ ਬੀ .ਆਰ. ਸੀ ਸੰਦੀਪ ਸ਼ਰਮਾ ਮਲਕਿੰਦਰ ਸਿੰਘ ਜਸਬੀਰ ਕੁਮਾਰ ਨੇ ਵਿਸ਼ੇਸ਼ ਤੌਰ ’ਤੇ ਵਿਜ਼ਿਟ ਕੀਤਾ। ਇਸ ਮੌਕੇ ਸੈਂਟਰ ਮੁੱਖ ਅਧਿਆਪਕ ਨਾਨਕ ਸਿੰਘ ਹਰਪਾਲ ਸਿੰਘ ਹਰਪ੍ਰੀਤ ਕੌਰ ਤੇ ਕੁਲਵਿੰਦਰ ਕੌਰ ਹਾਜ਼ਰ ਰਹੇ। ਉਨ੍ਹਾਂ ਨੇ ਅਧਿਆਪਕਾਂ ਵੱਲੋਂ ਤਿਆਰ ਕੀਤੇ ਗਏ



ਸਮਾਨ ਦੀ ਸ਼ਲਾਘਾ ਕੀਤੀ ਤੇ ਦੱਸਿਆ ਕਿ ਅਜਿਹੀਆਂ ਵਰਕਸ਼ਾਪਾਂ ਬੱਚਿਆਂ ਦੇ ਬੌਧਿਕ ਵਿਕਾਸ ਲਈ ਬਹੁਤ ਜ਼ਰੂਰੀ ਹਨ। ਇਸ ਵਰਕਸ਼ਾਪ ਦੌਰਾਨ ਪ੍ਰਥਮ ਐਜੂਕੇਸ਼ਨ ਫਾਊਂਡੇਸ਼ਨ ਦੀ ਅਗਵਾਈ ਹੇਠ ਪ੍ਰਥਮ ਡਿਸਟ੍ਰਿਕਟ ਕੋਆਰਡੀਨੇਟਰ ਅੰਜਲੀ ਸ਼ਰਮਾ ਤੇ ਅਸਿਸਟੈਂਟ ਡਿਸਟ੍ਰਿਕਟ ਕੋਆਰਡੀਨੇਟਰ ਪੂਜਾ, ਸੁਨੀਤਾ ਤੇ ਪ੍ਰਿਅੰਕਾ ਵੱਲੋਂ ਅਧਿਆਪਕਾਂ ਨੂੰ ਹੱਥੀਂ ਸਮਾਨ ਤਿਆਰ ਕਰਨ ਦੀ ਸਿਖਲਾਈ ਦਿੱਤੀ ਗਈ। ਅਧਿਆਪਕਾਂ ਨੇ ਘੱਟ ਲਾਗਤ ਵਾਲੀਆਂ ਤੇ ਘਰਾਂ ਵਿੱਚ ਮੌਜੂਦ ਚੀਜ਼ਾਂ ਤੋਂ ਸੁੰਦਰ ਚਾਰਟ ਤੇ ਪ੍ਰੀ-ਪ੍ਰਾਇਮਰੀ ਵਿੱਚ ਜ਼ਰੂਰੀ ਸਮਾਨ ਤਿਆਰ ਕੀਤਾ, ਜੋ ਨੰਨ੍ਹੇ ਬੱਚਿਆਂ ਨੂੰ ਖੇਡ-ਖੇਡ ਵਿੱਚ ਸਿੱਖਣ ਵਿੱਚ ਮਦਦ ਕਰਨਗੇ।

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਚੌਥਾ ਸੈਵਨ ਸਾਈਡ ਫੁੱਟਬਾਲ ਟੂਰਨਾਮੈਂਟ ਕਰਵਾਇਆ



ਗੜ੍ਹਸ਼ੰਕਰ, 3 ਮਾਰਚ (ਅਜਮੇਰ ਸਿੰਘ ਭਨੋਟ): ਪਿੰਡ ਚੱਕ ਗੁਰੂ ਵਿਖੇ ਟੂਰਨਾਮੈਂਟ ਕਮੇਟੀ ਵੱਲੋਂ ਐਨ.ਆਰ.ਆਈ.ਗ੍ਰਾਮ ਪੰਚਾਇਤ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਚੌਥਾ ਸੈਵਨ ਏ ਸਾਈਡ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ। ਜਿਸ ਵਿੱਚ ਵੱਖ-ਵੱਖ 24 ਟੀਮਾਂ ਦੇ ਬੜੇ ਹੀ ਰੌਚਕ ਮੁਕਾਬਲੇ ਹੋਏ ਤੇ ਚੋਟੀ ਦੇ ਫੁੱਟਬਾਲ ਖਿਡਾਰੀਆਂ ਨੇ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ। ਟੂਰਨਾਮੈਂਟ ਦਾ ਫਾਈਨਲ ਮੁਕਾਬਲਾ ਪਿੰਡ ਚੱਕ ਗੁਰੂ ਤੇ ਮਹਿੰਦਪੁਰ ਦੀਆਂ ਟੀਮਾਂ ਦਰਮਿਆਨ ਖੇਡਿਆ ਗਿਆ, ਜਿਸ ਵਿੱਚ ਚੱਕ ਗੁਰੂ ਨੇ ਮਹਿੰਦਪੁਰ ਨੂੰ 3-0 ਨਾਲ ਹਰਾ ਕੇ 61000 ਦਾ ਪਹਿਲਾ ਇਨਾਮ ਤੇ ਜੇਤੂ ਟਰਾਫੀ ਹਾਸਲ ਕੀਤੀ। ਉਪ-ਜੇਤੂ ਟੀਮ ਨੂੰ ਪ੍ਰਬੰਧਕਾਂ ਵੱਲੋਂ 51000 ਦੀ ਨਕਦ ਰਾਸ਼ੀ ਤੇ ਟਰਾਫੀ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸੁਰਿੰਦਰ ਸਿੰਘ ਭੁੱਲੇਵਾਲ ਰਾਠਾਂ ਸਾਬਕਾ ਵਿਧਾਇਕ ਤੇ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵਿਸ਼ੇਸ਼ ਤੌਰ ’ਤੇ ਸ਼ਿਰਕਤ ਕੀਤੀ। ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਸਰੀਰਕ ਤੇ ਮਾਨਸਿਕ ਤੰਦਰੁਸਤੀ ਲਈ ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੁੜਨਾ ਚਾਹੀਦਾ ਹੈ। ਇਸ ਮੌਕੇ ਉਨ੍ਹਾਂ ਆਪਣੇ ਵੱਲੋਂ ਟੂਰਨਾਮੈਂਟ ਪ੍ਰਬੰਧਕਾਂ ਨੂੰ 11 ਹਜ਼ਾਰ ਦੀ ਨਕਦ ਰਾਸ਼ੀ ਵੀ ਭੇਟ ਕੀਤੀ। ਇਸ ਮੌਕੇ ਫੀਫਾ ਦੇ ਰੈਫਰੀ ਰਹਿ ਚੁੱਕੇ ਹਰਭਜਨ ਸਿੰਘ ਗਿੱਲ ਯੂ.ਐਸ.ਏ ਵੱਲੋਂ ਵੀ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ ਤੇ ਉਨ੍ਹਾਂ ਖਿਡਾਰੀਆਂ ਤੇ ਰੈਫਰੀ ਸਾਹਿਬਾਨਾਂ ਨੂੰ ਫੁੱਟਬਾਲ ਸਬੰਧੀ ਨਵੇਂ ਨਿਯਮਾਂ ਤੇ ਵੱਖ-ਵੱਖ ਤਕਨੀਕਾਂ ਤੋਂ ਜਾਣੂੰ ਵੀ ਕਰਵਾਇਆ। ਇਸ ਮੌਕੇ ਪ੍ਰਬੰਧਕਾਂ ਵੱਲੋਂ ਟੂਰਨਾਮੈਂਟ ਲਈ ਪਹਿਲਾ ਇਨਾਮ ਦੇਣ ਵਾਲੇ ਭੁਪਿੰਦਰ ਸਿੰਘ ਭੱਠਲ ਸਪੇਨ, ਅਵਤਾਰ ਸਿੰਘ ਭੱਠਲ ਕੈਨੇਡਾ, ਫੁੱਟਬਾਲ ਗਰਾਊਂਡਾਂ ਤਿਆਰ ਕਰਨ ਦੇ ਮਾਹਿਰ ਅਜਾਇਬ ਸਿੰਘ ਚੱਕ ਗੁੱਜਰਾਂ ਅਮਰਜੀਤ ਸਿੰਘ ਯੂ.ਕੇ, ਬਲਜੀਤ ਸਿੰਘ ਵਿੱਕੀ ਪੁਰਤਗਾਲ, ਜਸਕਰਨ ਸਿੰਘ ਆਸਟਰੇਲੀਆ, ਸੁਖਵਿੰਦਰ ਸਿੰਘ ਸਪੇਨ, ਮਨਕਰਨ ਸਿੰਘ ਕੈਨੇਡਾ, ਕਰਨਵੀਰ ਸਿੰਘ ਕੈਨੇਡਾ, ਸਤਨਾਮ ਸਿੰਘ ਯੂ.ਕੇ, ਮਨਜੀਤ ਕੁਮਾਰ ਇਟਲੀ, ਮਨਦੀਪ ਕੁਮਾਰ ਮੋਨੂੰ ਆਸਟ੍ਰੇਲੀਆ ਅਮਰਜੀਤ ਸਿੰਘ ਕੈਨੇਡਾ ਆਦਿ ਸਮੇਤ ਵੱਖ-ਵੱਖ ਸਹਿਯੋਗੀ ਸ਼ਖ਼ਸੀਅਤਾਂ ਨੂੰ ਸਨਮਾਨਤ ਕੀਤਾ ਗਿਆ।

# ਬਾਜਵਾ ਸਮੇਤ ਹੋਰਨਾਂ ਸਿਆਸੀ ਤੇ ਧਾਰਮਿਕ ਆਗੂਆਂ ਵੱਲੋਂ ਸਾਬਕਾ ਸਰਪੰਚ ਚਾਹਲ ਨਾਲ ਮਾਤਾ ਦੇ ਦੇਹਾਂਤ ’ਤੇ ਦੁੱਖ ਸਾਂਝਾ



ਧਾਰੀਵਾਲ, 3 ਮਾਰਚ (ਅਸ਼ੋਕ ਕੁਮਾਰ): ਧਾਰੀਵਾਲ ਇਲਾਕੇ ਦੇ ਪ੍ਰਮੁੱਖ ਆਗੂ ਤੇ ਟਰਾਂਸਪੋਰਟਰ ਪਿੰਡ ਅਹਿਮਦਾਬਾਦ ਦੇ ਸਾਬਕਾ ਸਰਪੰਚ ਪ੍ਰਗਟ ਸਿੰਘ ਚਾਹਲ ਤੇ ਐਨ.ਆਰ.ਆਈ. ਜਗਜੀਤ ਸਿੰਘ ਚਾਹਲ ਦੇ ਮਾਤਾ ਜੀ ਜਗੀਰ ਕੌਰ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸਨ। ਇਸ ਦੁੱਖ ਦੀ ਘੜੀ ’ਚ ਜਿੱਥੇ ਸਮੂਹ ਪਿੰਡ ਵਾਸੀਆਂ ਤੇ ਇਲਾਕੇ ਦੀਆਂ ਸ਼ਖ਼ਸੀਅਤਾਂ ਵੱਲੋਂ ਦੁੱਖ ਸਾਂਝਾ ਕੀਤਾ ਗਿਆ, ਉੱਥੇ ਸਾਬਕਾ ਸਰਪੰਚ ਪ੍ਰਗਟ ਚਾਹਲ ਐਨ.ਆਰ.ਆਈ. ਜਗਜੀਤ ਸਿੰਘ ਚਾਹਲ ਯੂਥ ਆਗੂ ਵਿਕਰਮ ਚਾਹਲ ਤੇ ਐਨ.ਆਰ.ਆਈ. ਮਨਦੀਪ ਸਿੰਘ ਚਾਹਲ ਨਾਲ ਹਲਕਾ ਵਿਧਾਇਕ ਤੇ ਨੇਤਾ ਵਿਰੋਧੀ ਧਿਰ ਪ੍ਰਤਾਪ ਸਿੰਘ ਬਾਜਵਾ, ਸਾਬਕਾ ਮੰਤਰੀ ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਅਕਾਲੀ ਦਲ ਬਾਦਲ ਦੇ ਹਲਕਾ ਕਾਦੀਆਂ ਤੋਂ ਇੰਚਾਰਜ ਗੁਰਇਕਬਾਲ ਸਿੰਘ ਮਾਹਲ ਸਾਬਕਾ ਮੰਤਰੀ ਜਥੇਦਾਰ ਸੁੱਚਾ ਸਿੰਘ ਲੰਗਾਹ, ਸੀਨੀਅਰ ਕਾਂਗਰਸੀ ਆਗੂ ਬਰਿੰਦਰ ਸਿੰਘ ਛੋਟੇਪੁਰ, ਮਾਰਕੀਟ ਕਮੇਟੀ ਧਾਰੀਵਾਲ ਦੇ ਸਾਬਕਾ ਚੇਅਰਮੈਨ ਰਾਧਾ ਕ੍ਰਿਸ਼ਨ ਪੂਰੀ, ਕਾਂਗਰਸ ਦੇ ਸੀਨੀਅਰ ਆਗੂ ਨਰਿੰਦਰ ਕੁਮਾਰ (ਕਾਲੇ ਸਾਹ) ਸਾਬਕਾ ਉਪ ਚੇਅਰਮੈਨ ਪੰਜਾਬ ਜਗਦੀਸ਼ ਧਾਰੀਵਾਲ, ਸੀਨੀਅਰ ਅਕਾਲੀ ਆਗੂ ਕੰਵਲਜੀਤ ਸਿੰਘ ਚਾਹਲ, ਮੈਨੇਜਰ ਸੁਰਜੀਤ ਸਿੰਘ ਚਾਹਲ, ਧਾਰੀਵਾਲ ਬਲਾਕ ਕਾਂਗਰਸ ਦੇ ਪ੍ਰਧਾਨ ਗੁਰਨਾਮ ਸਿੰਘ ਜਫ਼ਰਵਾਲ, ਕੌਂਸਲਰ ਜੋਸਫ ਮਸੀਹ ਜੋਜਾ ਵੱਲੋਂ ਜਿੱਥੇ ਚਾਹਲ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਗਿਆ, ਉੱਥੇ ਹੀ ਸਾਬਕਾ ਸਰਪੰਚ ਫੱਜੂਪੁਰ, ਬਲਵਿੰਦਰ ਟਾਂਕ ਸਾਬਕਾ ਸਰਪੰਚ ਦੀਨਪੁਰ, ਵਿਲਸ਼ਨ ਮਸੀਹ ਸਾਬਕਾ ਸਰਪੰਚ ਆਲੋਵਾਲ, ਰੌਣਕੀ ਮਾਹਲਾ, ਪੰਚਾਇਤ ਸਕੱਤਰ ਕਰਤਾਰ ਸਿੰਘ, ਸੀਨੀਅਰ ਆਗੂ ਸੁਰਿੰਦਰ ਬੱਗਾ ਤੇ ਹਰਜਿੰਦਰ ਪਾਲ ਲੇਹਲ ਤੋਂ ਇਲਾਵਾ ਹੋਰਨਾਂ ਸਮਾਜਿਕ ਆਗੂਆਂ ਤੇ ਧਾਰਮਿਕ ਆਗੂਆਂ ਵੱਲੋਂ ਦੁੱਖ ਸਾਂਝਾ ਕੀਤਾ ਗਿਆ। ਦੱਸਣਯੋਗ ਹੈ ਕਿ ਸਰਦਾਰਨੀ ਜਗੀਰ ਕੌਰ ਦਾ ਭੋਗ ਵੀਰਵਾਰ ਨੂੰ 5 ਮਾਰਚ ਨੂੰ ਪਿੰਡ ਅਹਿਮਦਾਬਾਦ ਵਿਖੇ ਉਨ੍ਹਾਂ ਦੇ ਗ੍ਰਿਹ ਵਿਖੇ ਪਾਇਆ ਜਾਵੇਗਾ।

# ਵਿਦਿਆਰਥੀਆਂ ਦੀ ਸੁਰੱਖਿਆ ਸਬੰਧੀ ਜ਼ਿਲ੍ਹਾ ਪੱਧਰੀ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ



ਗੁਰਦਾਸਪੁਰ, 3 ਮਾਰਚ (ਜਗੀਰ ਸਿੰਘ ਮੰਡ/ਨਾਹਰ): ਵਿਦਿਆਰਥੀਆਂ ਦੀ ਸੇਫਟੀ ਤੇ ਸਕਿਉਰਿਟੀ ਯਕੀਨੀ ਬਣਾਉਣ ਦੇ ਉਦੇਸ਼ ਨਾਲ ਸਮਗ੍ਰਾ ਸਿੱਖਿਆ ਅਭਿਆਨ ਅਧੀਨ ਇੰਸਟੀਚਿਊਟ ਆਫ ਹੋਟਲ ਮੈਨੇਜਮੈਂਟ ਗੁਰਦਾਸਪੁਰ ਵਿਖੇ ਜ਼ਿਲ੍ਹਾ ਪੱਧਰੀ ਇੱਕ ਰੋਜ਼ਾ ਓਰੀਐਂਟੇਸ਼ਨ ਪ੍ਰੋਗਰਾਮ ਕਰਵਾਇਆ ਗਿਆ। ਇਹ ਪ੍ਰੋਗਰਾਮ ਜ਼ਿਲ੍ਹਾ ਸਿੱਖਿਆ ਅਫਸਰ ਪਰਮਜੀਤ ਕੌਰ ਦੀ ਦੇਖਰੇਖ ਤੇ ਜ਼ਿਲ੍ਹਾ ਗਾਈਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ ਦੀ ਅਗਵਾਈ ਹੇਠ ਸਫਲਤਾਪੂਰਵਕ ਸੰਪੰਨ ਹੋਇਆ, ਜਿਸ ਵਿੱਚ ਜ਼ਿਲ੍ਹੇ ਦੇ 208 ਗਾਈਡੈਂਸ ਕਾਊਂਸਲਰਾਂ ਨੇ ਭਾਗ ਲੈ ਕੇ ਪ੍ਰਸ਼ਿਕਸ਼ਣ ਪ੍ਰਾਪਤ ਕੀਤਾ।ਇਸ ਮੌਕੇ ਰਾਜ ਪੱਧਰੀ ਟ੍ਰੇਨਿੰਗ ਪ੍ਰਾਪਤ ਜ਼ਿਲ੍ਹਾ ਗਾਈਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ, ਸਹਾਇਕ ਜ਼ਿਲ੍ਹਾ ਗਾਈਡੈਂਸ ਕਾਊਂਸਲਰ ਮੁਕੇਸ਼ ਵਰਮਾ ਤੇ ਰਿਸੋਰਸ ਪਰਸਨ ਹਰੀਸ਼ ਕੁਮਾਰ ਵੱਲੋਂ ਵੱਖ-ਵੱਖ ਬਲਾਕਾਂ ਤੋਂ ਆਏ ਅਧਿਕਾਰੀਆਂ ਤੇ ਕਾਊਂਸਲਰਾਂ ਨੂੰ ਵਿਦਿਆਰਥੀਆਂ ਦੀ ਸੁਰੱਖਿਆ ਨਾਲ ਸਬੰਧਤ ਅਹਿਮ ਵਿਸ਼ਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਜ਼ਿਲ੍ਹਾ ਗਾਈਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਜੇਕਰ ਸਿੱਖਿਆ ਸੰਸਥਾਵਾਂ ਵਿੱਚ ਸੁਰੱਖਿਆ ਦੇ ਮਾਪਦੰਡ ਪੂਰੀ ਤਰ੍ਹਾਂ ਲਾਗੂ ਕੀਤੇ ਜਾਣ ਤਾਂ ਵਿਦਿਆਰਥੀਆਂ ਦਾ ਮਾਨਸਿਕ ਸੰਤੁਲਨ ਮਜ਼ਬੂਤ ਰਹਿੰਦਾ ਹੈ। ਸਹਾਇਕ ਜ਼ਿਲ੍ਹਾ ਗਾਈਡੈਂਸ ਕਾਊਂਸਲਰ ਮੁਕੇਸ਼ ਵਰਮਾ ਨੇ ਪੋਕਸੋ ਐਕਟ ਤੇ ਹੋਰ ਸੁਰੱਖਿਆ ਯੋਜਨਾਵਾਂ ਬਾਰੇ ਜਾਗਰੂਕਤਾ ਫੈਲਾਉਣ ਦੀ ਲੋੜ ’ਤੇ ਜ਼ੋਰ ਦਿੱਤਾ। ਇਸੇ ਤਰ੍ਹਾਂ ਰਿਸੋਰਸ ਪਰਸਨ ਹਰਿਸ਼ ਕੁਮਾਰ ਨੇ ਕਰੀਅਰ ਐਡਵਾਈਜ਼ਰ ਐਪ ਦੀ ਪ੍ਰਯੋਗ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਸਾਂਝੀ ਕੀਤੀ। ਪ੍ਰੋਗਰਾਮ ਦੌਰਾਨ ਅਸ਼ਵਨੀ ਕਾਚਰੂ ਨੇ ਹੋਟਲ ਮੈਨੇਜਮੈਂਟ ਕਾਲਜ ਦੀਆਂ ਉਪਲਬਧੀਆਂ ਤੇ ਸਬੰਧਤ ਡਿਗਰੀਆਂ ਦੇ ਲਾਭਾਂ ਬਾਰੇ ਕਾਊਂਸਲਰਾਂ ਨੂੰ ਜਾਣੂੰ ਕਰਵਾਇਆ। ਇਸ ਮੌਕੇ ਪ੍ਰਿੰਸੀਪਲ ਅਸ਼ਵਨੀ ਕਾਚਰੂ, ਪ੍ਰੋਫੈਸਰ ਭੁਪਿੰਦਰ ਸਿੰਘ ਸਮੇਤ ਜ਼ਿਲ੍ਹੇ ਭਰ ਤੋਂ ਆਏ ਸਿੱਖਿਆ ਵਿਦਵਾਨ ਹਾਜ਼ਰ ਰਹੇ।

# ਸਵਾਮੀ ਗ੍ਰਿਸ਼ਾ ਨੰਦ ਜੀ ਦੀ 47ਵੀਂ ਬਰਗੀ 9 ਨੂੰ

ਗੜ੍ਹਦੀਵਾਲਾ, 3 ਮਾਰਚ (ਗੌਰਵ): ਦਰਬਾਰ ਬਾਬਾ ਮੀਰਾ ਜੀ ਦਾ ਬਾਗ ਸੀਕਰੀ ਰੋਡ ਵਿਖੇ ਸਵਾਮੀ ਗ੍ਰਿਸ਼ਾ



ਨੰਦ ਜੀ ਦੀ 47ਵੀਂ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਮੌਕੇ ’ਤੇ ਜਾਣਕਾਰੀ ਦਿੰਦੇ ਹੋਏ ਪੰਡਿਤ ਰਾਜੇਸ਼ ਕੁਮਾਰ ਸ਼ਰਮਾ ਘੋੜੇ ਵਾਹਾ ਤੇ ਗੱਦੀ ਨਸ਼ੀਨ ਸਾਈਂ ਨਸੀਬ ਚੰਦ ਸਾਬਰ ਚਿਸਤੀ ਨੇ ਦੱਸਿਆ ਕਿ 9 ਮਾਰਚ ਨੂੰ ਬੜੀ ਸ਼ਰਧਾ ਨਾਲ ਮਨਾਈ ਜਾ ਰਹੀ ਹੈ, ਜਿਸ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਇਸ ਮੌਕੇ ’ਤੇ ਸਭ ਤੋਂ ਪਹਿਲਾਂ 9 ਤਰੀਕ ਨੂੰ ਸਵੇਰੇ 8 ਵਜੇ ਪੂਜਾ ਕੀਤੀ ਜਾਵੇਗੀ। 9 ਵਜੇ ਹਵਨ ਤੇ ਝੰਡੇ ਦੀ ਰਸਮ 10 ਵਜੇ ਤੇ ਭੰਡਾਰਾ 1 ਵਜੇ ਕਰਵਾਇਆ ਜਾਵੇਗਾ। ਇਸ ਮੌਕੇ ’ਤੇ ਕਈ ਨਾਮਵਰ ਗਾਇਕ ਪ੍ਰਭੂ ਦੀ ਮਹਿਮਾਂ ਦਾ ਗੁਣਗਾਨ ਕਰਨਗੇ। ਇਸ ਮੌਕੇ ’ਤੇ ਕੈਬਨਿਟ ਮੰਤਰੀ ਡਾ. ਰਵਜੋਤ ਵਿਸ਼ੇਸ਼ ਤੌਰ ’ਤੇ ਹਾਜ਼ਰ ਹੋਣਗੇ।

# ਪੀ.ਏ.ਯੂ.-ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ’ਚ ਉਚ ਸਿੱਖਿਆ ਮੌਕਿਆਂ ਬਾਰੇ ਵਿਸ਼ੇਸ਼ ਸੈਸ਼ਨ ਕਰਵਾਇਆ

ਨਵਾਂਸ਼ਹਿਰ, 3 ਮਾਰਚ (ਸੁਖਦੇਵ ਸਿੰਘ ਉੜਾਪੜ): ਪੀ.ਏ.ਯੂ.-ਖੇਤੀਬਾੜੀ ਕਾਲਜ, ਬੱਲੋਵਾਲ ਸੌਂਖੜੀ ਵਿਖੇ ਖੇਤੀਬਾੜੀ ਸਨਾਤਕਾਂ ਲਈ ਉਚ ਸਿੱਖਿਆ ਦੇ ਮੌਕੇ ਵਿਸ਼ੇ ’ਤੇ ਇੱਕ ਵਿਸ਼ੇਸ਼ ਅਕਾਦਮਿਕ ਸੈਸ਼ਨ ਆਯੋਜਿਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨ ਤੇ ਮੁੱਖ ਵਕਤਾ ਵਜੋਂ ਡਾ. ਸੁਰਿੰਦਰ ਸਿੰਘ ਕੁਕਲ, ਲੀਡ (ਵਾਤਾਵਰਨ ਤੇ ਮੌਸਮੀ ਤਬਦੀਲੀ), ਮਹਾਤਮਾ ਗਾਂਧੀ ਸਟੇਟ ਇੰਸਟੀਚਿਊਟ ਆਫ਼ ਪਬਲਿਕ ਐਡਮਨਿਸਟ੍ਰੇਸ਼ਨ, ਚੰਡੀਗੜ੍ਹ ਤੇ ਸਾਬਕਾ ਡੀਨ, ਖੇਤੀਬਾੜੀ ਕਾਲਜ, ਪੀ.ਏ.ਯੂ., ਲੁਧਿਆਣਾ ਨੇ ਸ਼ਿਰਕਤ ਕੀਤੀ।ਸਮਾਗਮ ਦੀ ਸ਼ੁਰੂਆਤ ਕਾਲਜ ਦੇ ਡੀਨ ਡਾ. ਮਨਮੋਹਨਜੀਤ ਸਿੰਘ ਵੱਲੋਂ ਡਾ. ਕੁਕਲ ਦਾ ਸਵਾਗਤ ਕਰਦੇ ਹੋਏ ਕੀਤੀ ਗਈ। ਉਨ੍ਹਾਂ ਨੇ ਪੌਦਾ ਤੇ ਯਾਦਗਾਰੀ ਚਿੰਨ੍ਹ ਭੇਟ ਕਰਕੇ ਮੁੱਖ ਮਹਿਮਾਨ ਦਾ ਸਨਮਾਨ ਕੀਤਾ। ਆਪਣੇ ਸੰਬੋਧਨ ਵਿੱਚ ਡਾ. ਮਨਮੋਹਨਜੀਤ ਸਿੰਘ ਨੇ ਡਾ. ਕੁਕਲ ਦੀ ਅਕਾਦਮਿਕ ਯਾਤਰਾ ਤੇ ਖੇਤੀਬਾੜੀ ਖੇਤਰ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਆਪਣਾ ਮਾਰਗਦਰਸ਼ਕ ਤੇ ਪ੍ਰੇਰਣਾ ਸਰੋਤ ਦੱਸਿਆ।ਆਪਣੇ ਭਾਸ਼ਣ ਵਿੱਚ ਡਾ. ਕੁਕਲ ਨੇ ਜਾਣਕਾਰੀ ਤੇ



ਗਿਆਨ ਵਿਚਕਾਰ ਅੰਤਰ ਨੂੰ ਰੋਸ਼ਨ ਕੀਤਾ। ਉਨ੍ਹਾਂ ਕਿਹਾ ਕਿ ਡਿਜੀਟਲ ਮਾਧਿਅਮ ਸਿਰਫ ਜਾਣਕਾਰੀ ਪ੍ਰਦਾਨ ਕਰਦੇ ਹਨ, ਜਦਕਿ ਅਸਲ ਗਿਆਨ ਅਕਾਦਮਿਕ ਪ੍ਰਕਿਰਿਆ ਤੇ ਅਧਿਆਪਕਾਂ ਦੇ ਮਾਰਗਦਰਸ਼ਨ ਰਾਹੀਂ ਹੀ ਪ੍ਰਾਪਤ ਹੁੰਦਾ ਹੈ। ਉਨ੍ਹਾਂ ਨੇ ਵਿਦੇਸ਼ੀ ਵਿਸ਼ਵਵਿਦਿਆਲਿਆਂ, ਪੀ.ਏ.ਯੂ. ਤੇ ਹੋਰ ਪ੍ਰਸਿੱਧ ਸੰਸਥਾਵਾਂ ਵਿੱਚ ਮਾਸਟਰ ਤੇ ਡਾਕਟਰੇਟ ਡਿਗਰੀ ਦੇ ਮੌਕਿਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਪ੍ਰੋਗਰਾਮ ਦਾ ਮੰਚ ਸੰਚਾਲਨ ਵਿਦਿਆਰਥੀ ਅਰਸ਼ਦੀਪ ਸਿੰਘ ਦੁਆਰਾ ਕੀਤਾ ਗਿਆ ਤੇ ਧੰਨਵਾਦ ਮਤਾ ਡਾ. ਸਵਪਨਿਲ ਪਾਂਡੇ ਵੱਲੋਂ ਪੇਸ਼ ਕੀਤਾ ਗਿਆ।

# ਸ਼ਹਿਰੀ ਮੰਡਲ ਬਟਾਲਾ ਦੇ ਵਿੱਤ ਸਕੱਤਰ ਮੰਗਲ ਸਿੰਘ ਦੀ ਵਿਦਾਇਗੀ ਪਾਰਟੀ ’ਤੇ ਜਥੇਬੰਦੀ ਵੱਲੋਂ ਸਨਮਾਨ

ਬਟਾਲਾ, 3 ਮਾਰਚ (ਸੁਖਦੇਵ ਸਿੰਘ ਰੰਧਾਵਾ/ਬਲਵੀਰ ਸੋਹਲ): ਇੰਪਲਾਈਜ਼ ਫੈਡਰੇਸ਼ਨ ਪੰਜਾਬ ਰਾਜ ਬਿਜਲੀ ਬੋਰਡ ਹੁਣ ਪਾਵਰਕਾਮ, ਟਰਾਂਸਕੋ ਕੇਸਰੀ ਝੰਡਾ ਚਾਹਲ ਪੰਜਾਬ ਦੇ ਪ੍ਰਧਾਨ ਗੁਰਵੇਲ ਸਿੰਘ ਬਲਪੁਰੀਆ ਦੀ ਅਗਵਾਈ ਵਿੱਚ ਚੱਲ ਰਹੀ ਜਥੇਬੰਦੀ ਸ਼ਹਿਰੀ ਮੰਡਲ ਬਟਾਲਾ ਦੇ ਵਿੱਤ ਸਕੱਤਰ ਮੰਗਲ ਸਿੰਘ ਦੀਆਂ ਜਥੇਬੰਦੀ ਪ੍ਰਤੀ ਨਿਭਾਈਆਂ ਵਧੀਆ ਸੇਵਾਵਾਂ ਨੂੰ ਦੇਖਦੇ ਵਿਦਾਇਗੀ ਪਾਰਟੀ ਦਿੱਤੀ ਗਈ। ਉਨ੍ਹਾਂ ਦੀ ਵਿਦਾਇਗੀ ਪਾਰਟੀ ਮੌਕੇ ਇੰਪਲਾਈਜ਼ ਫੈਡਰੇਸ਼ਨ ਚਾਹਲ ਦੀ ਸੀਨੀਅਰ ਲੀਡਰਸ਼ਿਪ ਜਿਸ ਵਿੱਚ ਗੁਰਪ੍ਰੀਤ ਸਿੰਘ ਮੱਲੀ ਪ੍ਰਧਾਨ ਸ਼ਹਿਰੀ ਮੰਡਲ ਬਟਾਲਾ ਬਲਜੀਤ ਸਿੰਘ ਸਰੂਪਵਾਲੀ ਸੀਨੀਅਰ ਆਗੂ



ਪੀ.ਐਡ.ਐਮ. ਸਰਕਲ ਅੰਮ੍ਰਿਤਸਰ ਜੇਮਜ ਭਟੀ ਪ੍ਰਧਾਨ ਪੀ. ਐਡ. ਐਮ. ਜ਼ੋਨ ਲੁਧਿਆਣਾ ਸਲਵਿੰਦਰ ਕੁਮਾਰ ਜਨਰਲ ਸਕੱਤਰ ਸਰਕਲ ਗੁਰਦਾਸਪੁਰ ਸਾਜਨ ਕੁਮਾਰ ਸੀਨੀਅਰ ਆਗੂ ਸ਼ਹਿਰੀ ਮੰਡਲ ਬਟਾਲਾ, ਚਰਨਜੀਤ ਸਿੰਘ ਕਾਹਲੋਂ ਸੀਨੀਅਰ ਆਗੂ ਸ਼ਹਿਰੀ ਮੰਡਲ ਬਟਾਲਾ ਸਵਿੰਦਰ ਸਿੰਘ ਜੇਈ ਸੀਨੀਅਰ ਆਗੂ ਸ਼ਹਿਰੀ ਮੰਡਲ ਬਟਾਲਾ ਰਜਿੰਦਰ ਕੁਮਾਰ ਸੀਨੀਅਰ ਆਗੂ ਸ਼ਹਿਰੀ ਮੰਡਲ ਬਟਾਲਾ, ਰਣਜੀਤ ਸਿੰਘ ਸੀਨੀਅਰ ਆਗੂ ਸ਼ਹਿਰੀ ਬਟਾਲਾ ਅੰਮ੍ਰਿਤਪਾਲ ਸਿੰਘ ਸੀਨੀਅਰ ਆਗੂ ਸ਼ਹਿਰੀ ਮੰਡਲ ਬਟਾਲਾ ਮੰਗਲ ਸਿੰਘ ਤੇ ਉਨ੍ਹਾਂ ਦੀ ਧਰਮ ਪਤਨੀ ਨੂੰ ਗੁਰਵੇਲ ਸਿੰਘ ਬਲਪੁਰੀਆ ਤੇ ਹੋਰਾਂ ਨੇ ਸਨਮਾਨਤ ਕੀਤਾ।

# ਅਵਾਰਾ ਕੁੱਤਿਆਂ ਨੇ ਸਾਢੇ ਤਿੰਨ ਸਾਲ ਦੇ ਬੱਚੇ ਨੂੰ ਨੋਚਿਆ

## ☛ਇਲਾਕੇ 'ਚ ਦਹਿਸ਼ਤ ਦਾ ਮਾਹੌਲ

ਸ੍ਰੀ ਮੁਕਤਸਰ ਸਾਹਿਬ, 3 ਮਾਰਚ (ਚ.ਨ.ਸ): ਪੰਜਾਬ ਦੇ ਮੁਕਤਸਰ ਜ਼ਿਲ੍ਹੇ ਦੇ ਪਿੰਡ ਸਰਾਏਨਾਗਾ ਵਿੱਚ ਐਤਵਾਰ ਸ਼ਾਮ ਨੂੰ ਇੱਕ ਦੁਖਦਾਈ ਘਟਨਾ ਵਾਪਰੀ। ਇੱਕ ਅਵਾਰਾ ਕੁੱਤੇ ਨੇ ਸਾਢੇ ਤਿੰਨ ਸਾਲ ਦੇ ਬੱਚੇ ਨੂੰ ਬੇਰਹਿਮੀ ਨਾਲ ਵੱਢ ਦਿੱਤਾ। ਇਸ ਘਟਨਾ ਤੋਂ ਬਾਅਦ ਇਲਾਕੇ ਵਿੱਚ ਡਰ ਤੇ ਗੁੱਸੇ ਦਾ ਮਾਹੌਲ ਬਣ ਗਿਆ। ਕਾਫ਼ੀ ਕੋਸ਼ਿਸ਼ਾਂ ਤੋਂ ਬਾਅਦ ਵਸਨੀਕਾਂ ਨੇ ਬੱਚੇ ਨੂੰ ਕੁੱਤੇ ਦੇ ਚੁੰਗਲ ਵਿੱਚੋਂ ਛੁਡਾਇਆ ਤੇ ਉਸਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਮੁਕਤਸਰ ਵਿੱਚ ਦਾਖਲ ਕਰਵਾਇਆ ਗਿਆ। ਬੱਚੇ ਦੇ ਪਿਤਾ ਦੀਪਕ ਕੁਮਾਰ ਨੇ ਦੱਸਿਆ ਕਿ ਉਹ ਸਰਾਏਨਾਗਾ ਪਿੰਡ ਵਿੱਚ ਇੱਕ ਜ਼ਿਮੀਂਦਾਰ ਕੋਲ ਮਜ਼ਦੂਰੀ ਕਰਦਾ ਹੈ ਤੇ ਆਪਣੇ ਪਰਿਵਾਰ ਨਾਲ ਇੱਕ ਖੇਤ ਵਿੱਚ ਰਹਿੰਦਾ ਹੈ। ਐਤਵਾਰ ਸ਼ਾਮ ਲਗਭਗ 5:30 ਵਜੇ, ਉਸਦਾ ਪੁੱਤਰ, ਅਦਿਤੀ, ਖੇਡਦਾ ਹੋਇਆ ਸੜਕ 'ਤੇ ਗਿਆ। ਇੱਕ ਅਵਾਰਾ ਕੁੱਤੇ ਨੇ ਬੱਚੇ ਨੂੰ ਇਕੱਲਾ ਦੇਖ ਕੇ ਉਸ 'ਤੇ ਹਮਲਾ ਕਰ ਦਿੱਤਾ।



# ਪਾਕਿਸਤਾਨ 'ਚ ਰਿਸ਼ਵਤ ਲੈ ਕੇ ਵੇਚਿਆ ਗੁਰਦੁਆਰਾ ਸਾਹਿਬ, ਹੁਣ ਬਣੇਗਾ 'ਲੇਡੀਜ਼ ਬੁਟੀਕ'

ਇਸਲਾਮਾਬਾਦ, 3 ਮਾਰਚ (ਚ.ਨ.ਸ): ਗੁਆਂਢੀ ਮੁਲਕ ਪਾਕਿਸਤਾਨ ਤੋਂ ਸਿੱਖ ਭਾਈਚਾਰੇ ਨੂੰ ਵਲੂੰਧਰਨ ਵਾਲੀ ਇੱਕ ਸ਼ਰਮਨਾਕ ਖ਼ਬਰ ਸਾਹਮਣੇ ਆਈ ਹੈ। ਪਾਕਿਸਤਾਨ ਵਿੱਚ ਸਥਿਤ ਇੱਕ ਪਵਿੱਤਰ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਰਿਸ਼ਵਤ ਲੈ ਕੇ ਵੇਚ ਦਿੱਤੇ ਜਾਣ ਦਾ ਸਨਸਨੀਖੇਜ਼ ਮਾਮਲਾ ਸਾਹਮਣੇ ਆਇਆ ਹੈ। ਖੈਬਰ ਪਖਤੂਨਖਵਾ ਸੂਬੇ ਦੇ ਐਬਟਾਬਾਦ ਵਿੱਚ ਸਥਿਤ 19ਵੀਂ ਸਦੀ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਇਮਾਰਤ ਨੂੰ ਇੱਕ ਸਰਕਾਰੀ ਅਧਿਕਾਰੀ ਨੇ ਕਥਿਤ ਤੌਰ 'ਤੇ 1 ਕਰੋੜ ਪਾਕਿਸਤਾਨੀ ਰੁਪਏ ਦੀ ਰਿਸ਼ਵਤ ਲੈ ਕੇ ਇੱਕ ਸਥਾਨਕ ਨਿਵਾਸੀ ਨੂੰ ਵੇਚ ਦਿੱਤਾ ਹੈ। ਹੱਦ ਤਾਂ ਉਦੋਂ ਹੋ ਗਈ ਜਦੋਂ ਅਧਿਕਾਰੀ ਨੇ ਇਸ ਪਵਿੱਤਰ ਅਸਥਾਨ ਨੂੰ ਢਾਹ ਕੇ ਉਥੇ ਲੇਡੀਜ਼ ਬੁਟੀਕ ਬਣਾਉਣ ਦੀ ਇਜਾਜ਼ਤ ਵੀ ਦੇ ਦਿੱਤੀ। ਧਾਰਮਿਕ ਅਸਥਾਨ ਦੀ ਬੇਅਦਬੀ ਤੇ ਵਪਾਰੀਕਰਨ: ਪ੍ਰਾਪਤ ਜਾਣਕਾਰੀ ਅਨੁਸਾਰ ਇਸ ਪਵਿੱਤਰ ਸਥਾਨ ਦੀ ਮਰਯਾਦਾ ਨੂੰ ਛਿੱਕੇ ਟੰਗਦਿਆਂ ਇਸ ਦਾ ਵਪਾਰੀਕਰਨ ਕਰ ਦਿੱਤਾ ਗਿਆ ਹੈ। ਦੱਸਿਆ ਜਾ ਰਿਹਾ ਹੈ ਕਿ ਰਿਸ਼ਵਤਖੋਰੀ ਦੇ ਚੱਲਦਿਆਂ ਵੇਚੀ ਗਈ ਇਸ ਇਮਾਰਤ ਦੀ ਜਗ੍ਹਾ 'ਤੇ ਹੁਣ ਇੱਕ ਲੇਡੀਜ਼ ਬੁਟੀਕ ਬਣਾਇਆ ਜਾਵੇਗਾ। ਇਸ ਘਟਨਾ ਨੇ ਦੁਨੀਆਂ ਭਰ ਵਿੱਚ ਵਸਦੀਆਂ ਸਿੱਖ ਸੰਗਤਾਂ ਦੇ ਹਿਰਦੇ ਵਲੂੰਧਰ ਦਿੱਤੇ ਹਨ। ਖਾਲਸਾ ਵੌਕਸ ਦੀ ਰਿਪੋਰਟ ਅਨੁਸਾਰ ਇਵੈਕੂਈ ਟਰੱਸਟ ਪ੍ਰਾਪਰਟੀ ਬੋਰਡ ਜਿਸ ਦੀ ਜ਼ਿੰਮੇਵਾਰੀ ਘੱਟ ਗਿਣਤੀਆਂ ਦੇ ਧਾਰਮਿਕ ਸਥਾਨਾਂ ਦੀ ਰਾਖੀ ਕਰਨਾ ਹੈ, ਦੇ ਇੱਕ ਅਧਿਕਾਰੀ ਨੇ ਗੁਰਦੁਆਰਾ ਸਾਹਿਬ ਦਾ ਕਬਜ਼ਾ ਵਾਹਿਦ ਬਾਲਾ ਨਾਮ ਦੇ ਵਿਅਕਤੀ ਨੂੰ ਸੌਂਪ ਦਿੱਤਾ। ਖਰੀਦਦਾਰ ਨੇ ਇਸ ਜ਼ਮੀਨ ਨੂੰ ਆਪਣੀਆਂ ਦੋ ਪਤਨੀਆਂ ਦੇ ਨਾਮ ਰਜਿਸਟਰ ਕਰਵਾਇਆ ਹੈ, ਜਿੱਥੇ ਉਹ ਹੁਣ ਆਪਣਾ ਬੁਟੀਕ ਖੋਲ੍ਹਣ ਦੀ ਤਿਆਰੀ ਕਰ ਰਹੇ ਹਨ। ਘੱਟ ਗਿਣਤੀਆਂ ਦੇ ਅਸਥਾਨਾਂ ਦੀ ਸੁਰੱਖਿਆ 'ਤੇ ਸਵਾਲ: ਇਸ ਘਟਨਾ ਨੇ ਪਾਕਿਸਤਾਨ ਵਿੱਚ ਘੱਟ ਗਿਣਤੀਆਂ ਦੇ ਧਾਰਮਿਕ ਅਸਥਾਨਾਂ ਦੀ ਸੁਰੱਖਿਆ ਤੇ ਉਥੋਂ ਦੇ ਪ੍ਰਸ਼ਾਸਨਿਕ ਪ੍ਰਬੰਧਾਂ 'ਤੇ ਵੱਡੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ। ਭਾਰੀ ਰਿਸ਼ਵਤ ਲੈ ਕੇ ਧਾਰਮਿਕ ਅਸਥਾਨ ਨੂੰ ਵੇਚਣਾ ਨਾ ਸਿਰਫ਼ ਇੱਕ ਅਪਰਾਧ ਹੈ, ਸਗੋਂ ਇਹ ਸਿੱਧੇ ਤੌਰ 'ਤੇ ਧਾਰਮਿਕ ਭਾਵਨਾਵਾਂ ਨਾਲ ਖਿਲਵਾੜ ਹੈ।



# ਕਰੀਬ 70 ਲੱਖ ਰੁਪਏ ਕੀਮਤ ਦੇ ਚੋਰੀ ਤੇ ਗੁੰਮ ਹੋਏ 300 ਮੋਬਾਈਲ ਅਸਲ ਮਾਲਕਾਂ ਨੂੰ ਸੌਂਪੇ: ਜ਼ਿਲ੍ਹਾ ਪੁਲਿਸ ਮੁਖੀ

ਸ੍ਰੀ ਫਤਹਿਗੜ੍ਹ ਸਾਹਿਬ, 3 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਲੋਕਾਂ ਦੀ ਸੇਵਾ ਤੇ ਸੁਰੱਖਿਆ ਲਈ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਜ਼ਿਲ੍ਹਾ ਪੁਲਿਸ ਵੱਲੋਂ ਚੋਰੀ ਤੇ ਗੁੰਮ ਹੋਏ ਕਰੀਬ 70 ਲੱਖ ਦੀ ਕੀਮਤ ਦੇ 300 ਮੋਬਾਈਲ ਬ੍ਰਾਮਦ ਕੀਤੇ ਗਏ। ਇਹ ਜਾਣਕਾਰੀ ਜ਼ਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ ਨੇ ਸਥਾਨਕ ਪੁਲਿਸ ਲਾਈਨ ਵਿਖੇ ਬ੍ਰਾਮਦ ਮੋਬਾਈਲ ਫ਼ੋਨ ਅਸਲ ਮਾਲਕਾਂ ਨੂੰ ਸੌਂਪਣ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ। ਸ਼ੁਭਮ ਅਗਰਵਾਲ ਨੇ ਦੱਸਿਆ ਕਿ ਤਕਨੀਕੀ ਸੈਲ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਨੇ ਵੱਖ-ਵੱਖ ਥਾਵਾਂ ਤੋਂ ਗੁੰਮ ਤੇ ਚੋਰੀ ਹੋਏ ਮੋਬਾਈਲ ਫੋਨ, ਜਿਨ੍ਹਾਂ ਵਿੱਚ 17 ਆਈਫੋਨ ਤੇ 283 ਐਂਡਰੋਆਇਡ ਫੋਨ ਸ਼ਾਮਲ ਹਨ, ਬ੍ਰਾਮਦ ਕੀਤੇ ਹਨ ਜੋ ਮੋਬਾਈਲਾਂ ਦੇ ਮਾਲਕਾਂ ਨੂੰ ਵਾਪਸ ਦੇਣ ਲਈ ਪੁਲਿਸ ਲਾਈਨ ਬੁਲਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਪੁਲਿਸ ਲੋਕਾਂ ਨੂੰ 24 ਘੰਟੇ ਪਾਰਦਰਸ਼ੀ ਸੇਵਾਵਾਂ ਦੇਣ ਲਈ ਤਾਇਨਾਤ ਹੈ। ਜ਼ਿਲ੍ਹਾ ਪੁਲਿਸ ਮੁਖੀ ਸ਼ੁਭਮ ਅਗਰਵਾਲ ਨੇ ਦੱਸਿਆ ਕਿ ਟੈਕਨੀਕਲ ਸੈਲ ਫ਼ਤਹਿਗੜ੍ਹ ਸਾਹਿਬ ਨੇ ਸੀਈਆਈਆਰ ਪੋਰਟਲ ਤੇ ਹੋਰ ਤਕਨੀਕੀ ਸਾਧਨਾਂ ਦੀ ਵਰਤੋਂ ਕਰਕੇ ਇਹ ਫ਼ੋਨ ਟਰੇਸ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਆਪਣੇ ਗੁਆਚੇ ਹੋਏ ਫ਼ੋਨ ਮਿਲਣ ਤੋਂ ਬਾਅਦ ਲੋਕਾਂ ਵਿੱਚ ਖੁਸ਼ੀ ਦੇਖਣ ਨੂੰ ਮਿਲੀ ਤੇ ਉਨ੍ਹਾਂ ਨੇ ਫ਼ਤਹਿਗੜ੍ਹ ਸਾਹਿਬ ਪੁਲਿਸ ਦੀ ਕਾਰਗੁਜ਼ਾਰੀ ਦੀ ਸ਼ਲਾਘਾ ਕੀਤੀ ਤੇ ਵਿਸ਼ੇਸ਼ ਤੌਰ 'ਤੇ ਧੰਨਵਾਦ ਵੀ ਕੀਤਾ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਮੋਬਾਈਲ ਗੁੰਮ ਹੋਣ ਦੀ ਸੂਰਤ ਵਿੱਚ ਤੁਰੰਤ ਸਬੰਧਤ ਪੁਲਿਸ ਸਾਂਝ ਕੇਂਦਰ ਜਾ ਕੇ ਰਿਪੋਰਟ ਕਰਨ ਤੇ ਉਹ ਰਿਪੋਰਟ ਸੀਈਆਈਆਰ ਪੋਰਟਲ 'ਤੇ ਦਰਜ ਕਰਵਾਉਣ। ਫ਼ਤਹਿਗੜ੍ਹ ਸਾਹਿਬ ਪੁਲਿਸ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਵਚਨਬੱਧ ਹੈ ਤੇ ਅਜਿਹੀਆਂ ਮੁਹਿੰਮਾਂ ਭਵਿੱਖ ਵਿੱਚ ਵੀ ਜਾਰੀ ਰਹਿਣਗੀਆਂ।



# ਸੜਕੀ ਹਾਦਸਿਆਂ ਨੂੰ ਰੋਕਣ ਲਈ ਬਲੈਕ ਸਪਾਟ ਤੁਰੰਤ ਠੀਕ ਕੀਤੇ ਜਾਣ: ਡੀ.ਸੀ.

## ☛ਜੁਗਾੜੂ ਵਾਹਨਾਂ ਦੇ ਚਲਾਨ ਕਰਕੇ ਜ਼ਬਤ ਕਰਨ ਦੀਆਂ ਹਦਾਇਤਾਂ



ਸ੍ਰੀ ਫ਼ਤਹਿਗੜ੍ਹ ਸਾਹਿਬ, 3 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਸੜਕੀ ਹਾਦਸਿਆਂ ਨੂੰ ਰੋਕਣ ਲਈ ਜ਼ਿਲ੍ਹੇ ਵਿੱਚ ਪੈਂਦੇ ਬਲੈਕ ਸਪਾਟ ਤੁਰੰਤ ਠੀਕ ਕੀਤੇ ਜਾਣ ਤਾਂ ਜੋ ਸੜਕ ਦੁਰਘਟਨਾਵਾਂ ਵਿੱਚ ਅਜਾਈਂ ਜਾਂਦੀਆਂ ਮਨੁੱਖੀ ਜਾਨਾਂ ਨੂੰ ਬਚਾਇਆ ਜਾ ਸਕੇ। ਇਹ ਆਦੇਸ਼ ਡਿਪਟੀ ਕਮਿਸ਼ਨਰ ਡਾ. ਸੋਨਾ ਥਿੰਦ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਰੋਡ ਸੇਫਟੀ ਕਮੇਟੀ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਬੰਧਤ ਅਧਿਕਾਰੀਆਂ ਨੂੰ ਦਿੱਤੇ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਜ਼ਿਲ੍ਹੇ ਵਿੱਚ ਪੈਂਦੇ ਸਮੂਹ ਸਕੂਲਾਂ ਅੱਗੇ ਰੰਬਲ ਸਟਰਿੱਪ ਤੇ ਲੋੜੀਂਦੇ ਬੋਰਡ ਵੀ ਲਗਵਾਏ ਜਾਣ ਤਾਂ ਜੋ ਸਕੂਲਾਂ ਵਿੱਚ ਪੜ੍ਹ ਰਹੇ ਬੱਚਿਆਂ ਨੂੰ ਸੜਕ ਦੁਰਘਟਨਾਵਾਂ ਤੋਂ ਸੁਰੱਖਿਅਤ ਰੱਖਿਆ ਜਾ ਸਕੇ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਅੰਦਰ ਜੁਗਾੜੂ ਵਾਹਨਾਂ 'ਤੇ ਪੂਰੀ ਤਰ੍ਹਾਂ ਪਾਬੰਦੀ ਲਗਾਉਣ ਲਈ ਸਖ਼ਤ ਹਦਾਇਤਾਂ ਜਾਰੀ ਕੀਤੀਆਂ। ਉਨ੍ਹਾਂ ਕਿਹਾ ਕਿ ਅਜਿਹੇ ਗੈਰ-ਕਾਨੂੰਨੀ ਤੇ ਅਸੁਰੱਖਿਅਤ ਵਾਹਨਾਂ ਦੇ ਤੁਰੰਤ ਚਲਾਨ ਕੀਤੇ ਜਾਣ ਤੇ ਉਨ੍ਹਾਂ ਨੂੰ ਬੌਂਡ ਕਰਕੇ ਸੜਕਾਂ ਤੋਂ ਹਟਾਇਆ ਜਾਵੇ। ਉਨ੍ਹਾਂ ਆਦੇਸ਼ ਦਿੱਤਾ ਕਿ ਜਿੱਥੇ ਅਜਿਹੇ ਵਾਹਨ ਤਿਆਰ ਕੀਤੇ ਜਾਂਦੇ ਹਨ, ਉਨ੍ਹਾਂ ਵਿਅਕਤੀਆਂ ਖਿਲਾਫ਼ ਵੀ ਬਣਦੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਡਿਪਟੀ ਕਮਿਸ਼ਨਰ ਨੇ ਅਧਿਕਾਰੀਆਂ ਨੂੰ ਈ-ਡਾਰ ਪੋਰਟਲ ਉਤੇ ਸਮਾਂਬੱਧ ਢੰਗ ਨਾਲ ਡੇਟਾ ਅਪਲੋਡ ਕਰਨ, ਸੜਕ ਹਾਦਸਿਆਂ ਦੇ ਪੀੜਤਾਂ ਨੂੰ ਕੈਸ਼ਲੈਸ ਟਰੀਟਮੈਂਟ ਸਕੀਮ ਤਹਿਤ ਸਹਾਇਤਾ ਮੁਹੱਈਆ ਕਰਵਾਉਣ, ਸੜਕ ਹਾਦਸਿਆਂ ਦੇ ਜ਼ਖ਼ਮੀਆਂ ਨੂੰ ਹਸਪਤਾਲ ਵਿੱਚ ਤੁਰੰਤ ਇਲਾਜ ਲਈ ਪਹੁੰਚਾਉਣ ਲਈ ਐਂਬੂਲੈਂਸਾਂ ਦਾ ਢੁੱਕਵਾਂ ਪ੍ਰਬੰਧ ਯਕੀਨੀ ਬਣਾਉਣ। ਮੀਟਿੰਗ ਵਿੱਚ ਐਸ.ਡੀ.ਐਮ. ਫ਼ਤਹਿਗੜ੍ਹ ਸਾਹਿਬ ਸੂਬਾ ਸਿੰਘ, ਐਸ.ਡੀ.ਐਮ. ਖਮਾਣੋਂ ਅਰਵਿੰਦ ਕੁਮਾਰ ਗੁਪਤਾ, ਐਸ.ਡੀ.ਐਮ. ਬੱਸੀ ਪਠਾਣਾ ਹਰਬੀਰ ਕੌਰ, ਐਸ.ਡੀ.ਐਮ. ਚਰਨਜੋਤ ਸਿੰਘ ਵਾਲੀਆ, ਮੁੱਖ ਮੰਤਰੀ ਫੀਲਡ ਅਫਸਰ ਸ਼ੰਕਰ ਸ਼ਰਮਾ, ਸਹਾਇਕ ਖੇਤਰੀ ਟਰਾਂਸਪੋਰਟ ਅਫਸਰ ਮਨਿੰਦਰ ਸਿੰਘ, ਬਾਲ ਸੁਰੱਖਿਆ ਅਫਸਰ ਹਰਭਜਨ ਸਿੰਘ ਮਹਿਮੀ ਤੋਂ ਇਲਾਵਾ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਹਾਜ਼ਰ ਸਨ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਚੌਂਕ ਦਾ ਨੀਂਹ ਪੱਥਰ ਰੱਖਿਆ

ਫਾਜ਼ਿਲਕਾ, 3 ਮਾਰਚ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਫਾਜ਼ਿਲਕਾ ਵਿਖੇ ਲਾਲ ਬੱਤੀ ਚੌਂਕ ਨੇੜੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਅਪਾਰ ਕਿਰਪਾ ਸਦਕਾ ਉਨ੍ਹਾਂ ਦੇ ਨਾਮ 'ਤੇ ਸ੍ਰੀ ਗੁਰੂ ਰਵਿਦਾਸ ਚੌਂਕ ਦਾ ਨੀਂਹ ਪੱਥਰ ਰੱਖਿਆ ਗਿਆ। ਇਹ ਸਮਾਰੋਹ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਜ਼ਿਲ੍ਹਾ ਫਾਜ਼ਿਲਕਾ ਤੇ ਸਮੂਹ ਰਵਿਦਾਸੀਆ ਸਮਾਜ ਵੱਲੋਂ ਆਯੋਜਿਤ ਕੀਤਾ ਗਿਆ।ਇਸ ਮੌਕੇ ਹਲਕਾ ਵਿਧਾਇਕ ਨਰਿੰਦਰ ਪਾਲ ਸਵਨਾ, ਜ਼ਿਲ੍ਹਾ ਪ੍ਰਧਾਨ ਜਸਪਾਲ ਰਵਿਦਾਸੀਆਂ, ਸਮੂਹ ਰਵਿਦਾਸੀਆ ਸਮਾਜ ਤੇ ਵਾਲਮੀਕਿ ਸਮਾਜ ਦੇ ਸਹਿਯੋਗ ਨਾਲ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਰੱਖਿਆ ਗਿਆ। ਵਿਧਾਇਕ ਸਵਨਾ ਨੂੰ ਸਿਰੋਪਾਓ ਪਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਤ ਵੀ ਕੀਤਾ ਗਿਆ। ਸਮਾਰੋਹ ਦੌਰਾਨ ਸੈਂਕੜਿਆਂ ਦੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਫਾਜ਼ਿਲਕਾ ਸ਼ਹਿਰ ਦੇ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਮੰਦਰਾਂ ਦੀਆਂ ਕਮੇਟੀਆਂ ਤੇ ਆਗੂ ਮੌਜੂਦ ਰਹੇ। ਆਗੂਆਂ ਨੇ ਦੱਸਿਆ ਕਿ ਫਾਜ਼ਿਲਕਾ ਸ਼ਹਿਰ ਵਿੱਚ ਕਈ ਮਹਾਂਪੁਰਸ਼ਾਂ ਦੇ ਨਾਮ 'ਤੇ ਚੌਂਕ ਬਣੇ ਹੋਏ ਹਨ, ਪਰ ਰਵਿਦਾਸੀਆ ਸਮਾਜ ਦੀ ਲੰਬੇ ਸਮੇਂ ਤੋਂ ਇਹ ਮੰਗ ਸੀ ਕਿ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਵੀ ਇੱਕ ਚੌਂਕ ਬਣਾਇਆ ਜਾਵੇ। ਕਾਫ਼ੀ ਸਮੇਂ ਤੋਂ ਚੱਲ ਰਹੀ ਇਹ ਮੰਗ ਹੁਣ ਪੂਰੀ ਹੋ ਗਈ ਹੈ। ਨਗਰ ਕੌਂਸਲ ਫਾਜ਼ਿਲਕਾ ਵੱਲੋਂ ਮਤਾ ਨੰਬਰ 435 ਪਾਸ ਕਰਕੇ ਇਸ ਚੌਂਕ ਦੀ ਮਨਜ਼ੂਰੀ ਦਿੱਤੀ ਗਈ। ਸੋਮਵਾਰ ਸ਼ਾਮ 5 ਵਜੇ ਇਸ ਦੀ ਉਸਾਰੀ ਦਾ ਕੰਮ ਅਧਿਕਾਰਕ ਤੌਰ 'ਤੇ ਸ਼ੁਰੂ ਕੀਤਾ ਗਿਆ, ਜਿਸ ਨਾਲ ਸਮਾਜ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ।ਇਸ ਚੌਂਕ ਦੀ ਨਵੀਂ ਰੂਪ-ਰੇਖਾ ਤਿਆਰ ਕਰਨ ਤੇ ਉਸਾਰੀ ਲਈ ਲੱਗਣ ਵਾਲੇ ਖਰਚ ਦੀ ਸੇਵਾ ਸੇਵਕ ਪਰਿਵਾਰ ਸਵਰਗਵਾਸੀ ਲਾਲ ਚੰਦ ਦੇ ਸਪੁੱਤਰ ਰਵੀ ਸ਼ੰਕਰ, ਮਨਦੀਪ ਸਿੰਘ ਤੇ ਦੀਪਕ ਵੱਲੋਂ ਕੀਤੀ ਜਾਵੇਗੀ।ਅੰਤ ਵਿੱਚ ਸਮੂਹ ਰਵਿਦਾਸੀਆ ਸਮਾਜ, ਵਾਲਮੀਕਿ ਸਮਾਜ ਤੇ ਸੰਗਤਾਂ ਨੂੰ ਲੱਖ-ਲੱਖ ਵਧਾਈਆਂ ਦਿੱਤੀਆਂ ਗਈਆਂ ਤੇ ਇਸ ਕਾਰਜ ਨੂੰ ਸਫਲ ਬਣਾਉਣ ਲਈ ਸਭ ਦਾ ਧੰਨਵਾਦ ਕੀਤਾ ਗਿਆ।



# ਟੈਂਕ 'ਚ ਮਿਲੀਆਂ 3 ਬੱਚਿਆਂ ਦੀਆਂ ਲਾਸ਼ਾਂ

## ☛ਮਾਂ ਨੇ ਟਰੇਨ ਅੱਗੇ ਛਾਲ ਮਾਰ ਕੇ ਦਿੱਤੀ ਜਾਨ

ਜੈਪੁਰ, 3 ਮਾਰਚ (ਚ.ਨ.ਸ): ਰਾਜਸਥਾਨ ਦੇ ਸਵਾਈ ਮਾਧੋਪੁਰ ਜ਼ਿਲ੍ਹੇ ਦੇ ਵਜ਼ੀਰਪੁਰ ਉਪਖੰਡ ਦੇ ਮੀਨਾ ਬੜੌਦਾ ਪਿੰਡ 'ਚ ਸੋਮਵਾਰ ਨੂੰ ਇੱਕ ਘਰ 'ਚ ਬਣੇ ਪਾਣੀ ਦੇ ਟੈਂਕ 'ਚ 3 ਬੱਚਿਆਂ ਦੀਆਂ ਲਾਸ਼ਾਂ ਮਿਲੀਆਂ, ਜਿਸ ਤੋਂ ਬਾਅਦ ਉਨ੍ਹਾਂ ਦੀ ਮਾਂ ਨੇ ਇੱਕ ਟਰੇਨ ਅੱਗੇ ਛਾਲ ਮਾਰ ਕੇ ਜਾਨ ਦੇ ਦਿੱਤੀ। ਪੁਲਿਸ ਨੇ ਇਸ ਦੀ ਜਾਣਕਾਰੀ ਦਿੱਤੀ। ਪੁਲਿਸ ਉਪ-ਕਪਤਾਨ ਗਿਰਰਾਜ ਮੀਨਾ ਨੇ ਦੱਸਿਆ ਕਿ ਇਸ ਪੂਰੇ ਘਟਨਾਚੱਕਰ 'ਚ ਘਰੇਲੂ ਕਲੇਸ਼ ਦਾ ਮਾਮਲਾ ਸਾਹਮਣੇ ਆਇਆ ਹੈ। ਉਨ੍ਹਾਂ ਦੱਸਿਆ ਕਿ ਬੱਚਿਆਂ ਦੀ ਪਛਾਣ ਸੰਗੀਤਾ, ਉਸ ਦੀ ਬੇਟੀ ਦਿਵਿਆ (5), ਭਾਰਤੀ (3) ਤੇ ਡੇਢ ਸਾਲਾ ਪੁੱਤਰ ਦੀਪਕ ਵਜੋਂ ਹੋਈ ਹੈ। ਉਨ੍ਹਾਂ ਦੱਸਿਆ ਕਿ ਸਵੇਰੇ 10 ਵਜੇ ਮੀਨਾ ਬੜੌਦਾ ਪਿੰਡ 'ਚ ਇੱਕ ਘਰ 'ਚ ਪਾਣੀ ਦੇ ਟੈਂਕ 'ਚ ਬੱਚਿਆਂ ਦੀਆਂ ਲਾਸ਼ਾਂ ਮਿਲਣ ਸਬੰਧੀ ਸੂਚਨਾ ਮਿਲੀ ਸੀ, ਉਥੇ ਪਹੁੰਚ ਕੇ ਲਾਸ਼ਾਂ ਨੂੰ ਟੈਂਕ ਤੋਂ ਬਾਹਰ ਕੱਢਿਆ ਗਿਆ। ਪੁਲਿਸ ਅਧਿਕਾਰੀ ਨੇ ਦੱਸਿਆ ਕਿ ਬੱਚਿਆਂ ਦੀ ਮਾਂ ਸੰਗੀਤਾ ਲਾਪਤਾ ਸੀ, ਇਸ 'ਤੇ ਉਸ ਦੀ ਭਾਲ ਕੀਤੀ ਤਾਂ ਪਤਾ ਲੱਗਾ ਇੱਕ ਔਰਤ ਨੇ ਐਤਵਾਰ ਰਾਤ ਨੂੰ ਕਰੀਬ 8 ਵਜੇ ਭਰਤਪੁਰ ਰੇਲਵੇ ਸਟੇਸ਼ਨ 'ਤੇ ਟਰੇਨ ਦੇ ਅੱਗੇ ਛਾਲ ਮਾਰੀ ਸੀ। ਉਨ੍ਹਾਂ ਦੱਸਿਆ ਕਿ ਘਟਨਾ ਤੋਂ ਬਾਅਦ ਉਸ ਨੂੰ ਭਰਤਪੁਰ ਤੋਂ ਜੈਪੁਰ ਸਥਿਤ ਸਵਾਈ ਮਾਨ ਸਿੰਘ ਹਸਪਤਾਲ ਲਿਆਂਦਾ ਗਿਆ, ਜਿੱਥੇ ਉਸ ਨੇ ਇਲਾਜ ਦੌਰਾਨ ਦਮ ਤੋੜ ਦਿੱਤਾ।



# ਬਾਬਾ ਗਾਂਧਾ ਸਿੰਘ ਕੱਚਰਭੰਨ ਦੇ ਸ਼ਹੀਦੀ ਦਿਹਾੜੇ ਸਬੰਧੀ ਸਮਾਗਮ 8 ਨੂੰ



ਜ਼ੀਰਾ, 3 ਮਾਰਚ (ਦੀਪਕ ਭਾਰਗੋ): ਜ਼ੀਰਾ ਨੇੜਲੇ ਪਿੰਡ ਕੱਚਰ ਭੰਨ ਦੇ ਗਦਰੀ ਸ਼ਹੀਦ ਬਾਬਾ ਗਾਂਧਾ ਸਿੰਘ ਦੀ 110ਵੀਂ ਬਰਸੀ ਸਬੰਧੀ ਸਮਾਗਮ 8 ਮਾਰਚ ਦਿਨ ਐਤਵਾਰ ਨੂੰ ਪਿੰਡ ਕੱਚਰਭੰਨ ਵਿਖੇ ਕਰਵਾਏ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਦੇ ਸਰਪੰਚ ਜਸਵੰਤ ਸਿੰਘ, ਸਤਨਾਮ ਸਿੰਘ, ਲਖਵੀਰ ਸਿੰਘ, ਜਸਵਿੰਦਰ ਸਿੰਘ, ਸੁਰਿੰਦਰ ਸਿੰਘ, ਹਰਪ੍ਰੀਤ ਸਿੰਘ, ਪ੍ਰਤਾਪ ਸਿੰਘ ਨੰਬਰਦਾਰ, ਅਮਨਦੀਪ ਸਿੰਘ ਕਿਸਾਨ ਆਗੂ, ਹਰੀ ਸਿੰਘ ਸਾਬਕਾ ਸਰਪੰਚ, ਜਗਤਾਰ ਸਿੰਘ ਸਾਬਕਾ ਸਰਪੰਚ ਨੇ ਦੱਸਿਆ ਹੈ ਕਿ ਦੇਸ਼ ਦੀ ਆਜ਼ਾਦੀ ਲਈ ਲੜ ਰਹੇ ਬਾਬਾ ਗਾਧਾ ਸਿੰਘ ਨੂੰ ਅੰਗਰੇਜ਼ ਸਰਕਾਰ ਵੱਲੋਂ 8 ਮਾਰਚ 1916 ਵਾਲੇ ਦਿਨ ਫਾਂਸੀ ਦੇ ਲਟਕਾ ਦਿੱਤਾ ਗਿਆ ਸੀ, ਦੇਸ਼ ਪ੍ਰਤੀ ਦਿੱਤੀ ਕੁਰਬਾਨੀ ਨੂੰ ਯਾਦ ਕਰਦਿਆਂ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਦੀ ਯਾਦਗਾਰ ਤੇ ਸ਼ਰਧਾ ਦੇ ਫੁੱਲ ਭੇਟ ਕਰਨ ਉਪਰੰਤ ਗੁਰਦੁਆਰਾ ਸਾਹਿਬ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ ਤੇ ਇਸ ਦੌਰਾਨ ਪ੍ਰਸਿੱਧ ਕਵੀਸ਼ਰ ਮੁਖਤਿਆਰ ਸਿੰਘ ਜਫਰ ਬਾਬਾ ਗਾਂਧਾ ਸਿੰਘ ਦਾ ਇਤਿਹਾਸ ਸੰਗਤਾਂ ਨਾਲ ਸਾਂਝਾ ਕਰਨਗੇ।

# ਦੇਸ਼ ਭਗਤ ਯੂਨੀਵਰਸਿਟੀ ਵਿਖੇ ਬੈਂਕਿੰਗ ਉਦਯੋਗ 'ਚ ਡਿਜੀਟਲ ਧੋਖਾਧੜੀ ਜਾਗਰੂਕਤਾ ਬਾਰੇ ਸੈਮੀਨਾਰ

ਮੰਡੀ ਗੋਬਿੰਦਗੜ੍ਹ, 3 ਮਾਰਚ (ਅੰਮ੍ਰਿਤਪਾਲ ਸਿੰਘ/ਸੂਦ): ਦੇਸ਼ ਭਗਤ ਯੂਨੀਵਰਸਿਟੀ ਵਿਖੇ ਬੈਂਕ ਆਫ਼ ਇੰਡੀਆ ਵੱਲੋਂ 'ਬੈਂਕਿੰਗ ਉਦਯੋਗ ਵਿੱਚ ਡਿਜੀਟਲ ਧੋਖਾਧੜੀ ਬਾਰੇ ਜਾਗਰੂਕਤਾ' ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਵਿਦਿਆਰਥੀਆਂ ਤੇ ਫੈਕਲਟੀ ਨੇ ਭਾਗ ਲਿਆ। ਸ਼ੁਰੂਆਤ ਚਾਂਸਲਰ ਡਾ. ਜ਼ੋਰਾ ਸਿੰਘ, ਪ੍ਰੋ-ਚਾਂਸਲਰ ਡਾ. ਤਜਿੰਦਰ ਕੌਰ ਤੇ ਵਾਈਸ ਚਾਂਸਲਰ ਡਾ. ਹਰਸ਼ ਸਦਾਵਰਤੀ ਦੇ ਸਵਾਗਤ ਨਾਲ ਹੋਈ। ਇਸ ਮੌਕੇ ਮੁੱਖ-ਮਹਿਮਾਨ ਬੈਂਕ ਆਫ਼ ਇੰਡੀਆ ਦੇ ਚੰਡੀਗੜ੍ਹ ਜ਼ੋਨ ਦੇ ਜ਼ੋਨਲ ਮੈਨੇਜਰ ਰਾਜੇਸ਼ ਰੰਜਨ ਸਨ, ਜਿਨ੍ਹਾਂ ਨੇ ਜਾਗਰੂਕਤਾ ਸੈਸ਼ਨ ਦਾ ਸੰਚਾਲਨ ਕੀਤਾ। ਇਸ ਮੌਕੇ ਮਹਿਮਾਨਾਂ ਵਿੱਚ ਕੁਮਾਰ ਪ੍ਰਮੋਦ ਸਿੰਘ, ਸਹਾਇਕ ਜਨਰਲ ਮੈਨੇਜਰ, ਅਮਨਦੀਪ ਸਿੰਘ, ਮੈਨੇਜਰ ਤੇ ਅਮਨ ਗੁਲੇਰੀਆ ਸਹਾਇਕ ਮੈਨੇਜਰ ਬੈਂਕ ਆਫ਼ ਇੰਡੀਆ ਸ਼ਾਮਲ ਸਨ। ਯੂਨੀਵਰਸਿਟੀ ਦੇ ਪਤਵੰਤੇ, ਫੈਕਲਟੀ ਮੈਂਬਰਾਂ ਤੇ ਵਿਦਿਆਰਥੀਆਂ ਨੇ ਸੈਸ਼ਨ ਵਿੱਚ ਸਰਗਰਮੀ ਨਾਲ ਹਿੱਸਾ ਲਿਆ। ਇਸ ਮੌਕੇ ਯੂਨੀਵਰਸਿਟੀ ਦੇ ਸੀਐਫਓ ਅਮਰ ਸ਼ਰਮਾ ਵੀ ਮੌਜੂਦ ਸਨ। ਮੁੱਖ-ਮਹਿਮਾਨ ਨੇ ਡਿਜੀਟਲ ਧੋਖਾਧੜੀ ਦੀਆਂ ਵਧਦੀਆਂ ਚਿੰਤਾਵਾਂ ਨੂੰ ਉਜਾਗਰ ਕੀਤਾ ਤੇ ਬੈਂਕਿੰਗ ਵਿੱਚ ਸਾਈਬਰ ਸੁਰੱਖਿਆ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਵੱਖ-ਵੱਖ ਕਿਸਮਾਂ ਦੇ ਡਿਜੀਟਲ ਬੈਂਕਿੰਗ ਧੋਖਾਧੜੀ ਬਾਰੇ ਦੱਸਿਆ ਤੇ ਰੋਕਥਾਮ ਸੁਰੱਖਿਆ ਉਪਾਅ ਸਾਂਝੇ ਕੀਤੇ। ਵਿਦਿਆਰਥੀਆਂ ਵਿੱਚ ਸਮਝ ਵਧਾਉਣ ਲਈ ਜਾਗਰੂਕਤਾ ਵੀਡੀਓ ਵੀ ਦਿਖਾਏ ਗਏ। ਡਾ. ਹਰਸ਼ ਸਦਾਵਰਤੀ ਨੇ ਰਸਮੀ ਸਵਾਗਤ ਭਾਸ਼ਣ ਦਿੱਤਾ ਜਿਸ ਵਿੱਚ ਡਿਜੀਟਲ ਵਿੱਤੀ ਧੋਖਾਧੜੀ ਵਿਰੁੱਧ ਚੌਕਸੀ ਤੇ ਰੋਕਥਾਮ ਰਣਨੀਤੀਆਂ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਸਮਾਪਤੀ ਇੰਟਰੈਕਟਿਵ ਸਵਾਲ-ਜਵਾਬ ਸੈਸ਼ਨ ਨਾਲ ਹੋਈ।




# ਭਾਰਤ ਵਿਕਾਸ ਪ੍ਰੀਸ਼ਦ ਦੀ ਕਮੇਟੀ ਦੀ ਚੋਣ 'ਚ ਬ੍ਰਿਜ ਭੂਸ਼ਨ ਗਰਗ ਤੀਸਰੀ ਵਾਰ ਪ੍ਰਧਾਨ ਬਣੇ

## ☛ਜਰਨੈਲ ਸਿੰਘ ਸਹੋਤਾ ਸਕੱਤਰ, ਮੁਹੰਮਦ ਸਮੀਰ ਖਜ਼ਾਨਚੀ ਬਣੇ



ਅਮਲੋਹ, 3 ਮਾਰਚ (ਜਸਵੰਤ ਸਿੰਘ): ਭਾਰਤ ਵਿਕਾਸ ਪ੍ਰੀਸ਼ਦ ਬ੍ਰਾਂਚ ਅਮਲੋਹ ਦੀ ਮੀਟਿੰਗ ਨਿਰਵਾਲ ਹੋਟਲ ਵਿਖੇ ਹੋਈ, ਜਿਸ ਵਿੱਚ ਪੰਜਾਬ ਈਸਟ ਵੱਲੋਂ ਵਿਸ਼ੇਸ਼ ਤੌਰ 'ਤੇ ਲਲਿਤ ਸ਼ਰਮਾ ਨੂੰ ਚੋਣ ਆਬਜ਼ਰਵਰ ਲਗਾਇਆ ਗਿਆ, ਜਿਸ ਦੀ ਅਗਵਾਈ ਹੇਠ ਅਮਲੋਹ ਬ੍ਰਾਂਚ ਦੀ ਸਰਬਸੰਮਤੀ ਨਾਲ ਚੋਣ ਹੋਈ, ਜਿਸ ਵਿੱਚ ਬ੍ਰਿਜ ਭੂਸ਼ਨ ਗਰਗ ਤੀਸਰੀ ਵਾਰ ਪ੍ਰਧਾਨ ਚੁਣੇ ਗਏ। ਇਸ ਤੋਂ ਇਲਾਵਾ ਜਰਨੈਲ ਸਿੰਘ ਸਹੋਤਾ ਸੈਕਟਰੀ ਤੇ ਮੁਹੰਮਦ ਸ਼ਮੀਰ ਕੈਸ਼ੀਅਰ ਚੁਣੇ ਗਏ। ਸ੍ਰੀ ਸ਼ਰਮਾ ਨੇ ਕਿਹਾ ਕਿ ਪ੍ਰੀਸ਼ਦ ਦੀਆਂ ਦੇਸ਼ ਭਰ ਵਿੱਚ ਬ੍ਰਾਂਚਾਂ ਹਨ, ਜੋ ਕਿ ਸਮਾਜ ਸੇਵਾ ਦੇ ਕੰਮਾਂ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਂਦੀਆਂ ਹਨ। ਸ੍ਰੀ ਸਹੋਤਾ ਨੇ ਸਾਲ ਦੌਰਾਨ ਕੀਤੇ ਕੰਮਾਂ ਬਾਰੇ ਜਾਣਕਾਰੀ ਦਿੱਤੀ ਤੇ ਵਿਸ਼ਵਾਸ ਦਿੱਤਾ ਕਿ ਭਵਿੱਖ ਵਿੱਚ ਵੀ ਇਹ ਕਾਰਜ ਲੋਕਾਂ ਦੇ ਸਹਿਯੋਗ ਨਾਲ ਜਾਰੀ ਰਹਿਣਗੇ। ਸ੍ਰੀ ਗਰਗ ਨੇ ਮੈਂਬਰਾਂ ਦਾ ਧੰਨਵਾਦ ਕਰਦੇ ਹੋਏ ਭਰੋਸਾ ਦਿੱਤਾ ਕਿ ਉਹ ਮੈਂਬਰਾਂ ਦੇ ਵਿਸ਼ਵਾਸ ਨੂੰ ਠੇਸ ਨਹੀਂ ਲੱਗਣ ਦੇਣਗੇ। ਇਸ ਮੌਕੇ ਚੇਅਰਮੈਨ ਬਲਵਿੰਦਰ ਸਿੰਘ ਘਟੌੜਾ, ਡਾ. ਰਾਮ ਸਰੂਪ, ਅਨਿਲ ਗੋਇਲ, ਸ਼ਿਵ ਗਰਗ, ਅਸ਼ੋਕ ਮਿੱਤਲ, ਦਰਸ਼ਨ ਸਿੰਘ ਬੱਬੀ, ਬਲਜਿੰਦਰ ਸਿੰਘ ਰਾਜਪੂਤ, ਜਸਵੰਤ ਸਿੰਘ ਗੋਲਡ, ਦੀਪਕ ਗੋਇਲ, ਪਵਨ ਜਿੰਦਲ, ਰਾਜੀਵ ਹੈਪੀ ਜਿਊਲਰ, ਡਾ. ਅਸ਼ੋਕ ਗੋਇਲ, ਨੀਰਜ ਕਰਕਰਾ, ਕੁਲਜਿੰਦਰ ਸਿੰਘ ਨਰਵਾਲ, ਗੁਰਚਰਨ ਸਿੰਘ ਸੈਂਟੀ, ਜੋਗਿੰਦਰ ਸਿੰਘ ਨਰੂਲਾ, ਰਾਜ ਕੁਮਾਰ ਵਰਮਾ, ਸਵਿੰਦਰ ਮਿੱਤਲ ਤੇ ਸੋਨੀ ਹਾਜ਼ਰ ਸਨ।

# ਕਾਰ ਸੇਵਾ ਵਾਲੇ ਸੰਤਾਂ-ਮਹਾਂਪੁਰਖਾਂ ਦੀ ਮਿੱਠੀ ਯਾਦ 'ਚ ਡੇਰਾ ਮੁਹਾਦੀਆਂ ਵਿਖੇ ਧਾਰਮਿਕ ਸਮਾਗਮ ਕਰਵਾਇਆ



ਮੰਡੀ ਗੋਬਿੰਦਗੜ੍ਹ, 3 ਮਾਰਚ (ਰੂਪਲ ਸੂਦ): ਸ੍ਰੀ ਫਤਹਿਗੜ੍ਹ ਸਾਹਿਬ ਵਿਖੇ ਸਥਿਤ ਕਾਰ ਸੇਵਾ ਡੇਰਾ ਮੁਹਾਦੀਆਂ ਵਿੱਚ ਪੰਥ ਰਤਨ ਬਾਬਾ ਹਰਬੰਸ ਸਿੰਘ, ਬਾਬਾ ਕਰਨੈਲ ਸਿੰਘ, ਬਾਬਾ ਜਗੀਰ ਸਿੰਘ ਤੇ ਬਾਬਾ ਜਗਤਾਰ ਸਿੰਘ ਖਾਰਾ ਦੀ ਯਾਦ ਵਿੱਚ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਉਪਰੰਤ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਸਮਾਗਮ ਵਿੱਚ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਸ਼ਿਰਕਤ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਬਲਜੀਤ ਸਿੰਘ ਭੁੱਟਾ ਸਮੇਤ ਕਈ ਧਾਰਮਿਕ, ਸਮਾਜਿਕ ਤੇ ਰਾਜਸੀ ਸ਼ਖ਼ਸੀਅਤਾਂ ਨੇ ਸ਼ਿਰਕਤ ਕੀਤੀ ਤੇ ਸੰਤਾਂ ਦੇ ਜੀਵਨ ਉਤੇ ਚਾਨਣ ਪਾਇਆ। ਉਨ੍ਹਾਂ ਕਿਹਾ ਕਿ ਸੰਤਾਂ ਨੇ ਆਪਣੀ ਜ਼ਿੰਦਗੀ ਸੇਵਾ, ਸਿਮਰਨ ਤੇ ਪੰਥਕ ਮਰਿਆਦਾਵਾਂ ਦੀ ਰੱਖਿਆ ਲਈ ਸਮਰਪਿਤ ਕੀਤੀ, ਜਿਨ੍ਹਾਂ ਦੇ ਦਰਸਾਏ ਮਾਰਗ ਉਪਰ ਚੱਲਣ ਦੀ ਲੋੜ ਹੈ। ਮੁੱਖ ਪ੍ਰਬੰਧਕ ਬਾਬਾ ਗੁਲਜ਼ਾਰ ਸਿੰਘ, ਬਾਬਾ ਸੁਰਿੰਦਰ ਸਿੰਘ ਤੇ ਬਾਬਾ ਕੁਲਦੀਪ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਸੰਤਾਂ ਮਹਾਂਪੁਰਖਾਂ ਨੇ ਸੇਵਾ ਕਰਕੇ ਪੰਥ ਤੇ ਸਮਾਜ ਲਈ ਅਮੁੱਲਕ ਯੋਗਦਾਨ ਪਾਇਆ। ਉਨ੍ਹਾਂ ਦੀ ਯਾਦ ਨੂੰ ਸੰਜੋਣ ਤੇ ਨਵੀਂ ਪੀੜ੍ਹੀ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਿਤ ਕਰਨ ਲਈ ਇਹ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮੁਫ਼ਤ ਅੱਖਾਂ ਦਾ ਮੈਡੀਕਲ ਕੈਂਪ ਵੀ ਲਗਾਇਆ ਗਿਆ, ਜਿਸ ਵਿੱਚ ਮਾਹਿਰ ਡਾਕਟਰਾਂ ਵੱਲੋਂ ਅੱਖਾਂ ਦੀ ਜਾਂਚ ਕੀਤੀ ਗਈ ਤੇ ਜ਼ਰੂਰਤਮੰਦਾਂ ਨੂੰ ਦਵਾਈਆਂ ਦਿੱਤੀਆਂ ਗਈਆਂ। ਅੰਤ ਵਿੱਚ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ।

# ਵਧੀਕ ਡਿਪਟੀ ਕਮਿਸ਼ਨਰ ਵੱਲੋਂ ਵੱਖ-ਵੱਖ ਸਿਹਤ ਯੋਜਨਾਵਾਂ ਤੇ ਐਚਪੀਵੀ ਟੀਕਾਕਰਨ ਦੀਆਂ ਤਿਆਰੀਆਂ ਦੀ ਸਮੀਖਿਆ



ਫ਼ਿਰੋਜ਼ਪੁਰ, 3 ਮਾਰਚ (ਤਿਵਾੜੀ): ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਵਧੀਕ ਡਿਪਟੀ ਕਮਿਸ਼ਨਰ (ਵਿ) ਕ੍ਰਿਸ਼ਨਾ ਪਾਲ ਰਾਜਪੂਤ ਦੀ ਅਗਵਾਈ ਵਿੱਚ ਜ਼ਿਲ੍ਹਾ ਟਾਸਕ ਫੋਰਸ ਦੀ ਮੀਟਿੰਗ, ਐਚਪੀਵੀ (ਹਿਊਮਨ ਪੈਪੀਲੋਮਾ ਵਾਇਰਸ) ਟੀਕਾਕਰਨ ਮੁਹਿੰਮ ਸਬੰਧੀ ਆਯੋਜਿਤ ਕੀਤੀ ਗਈ। ਇਸ ਤੋਂ ਇਲਾਵਾ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਵੀ ਕਰਵਾਈ ਗਈ, ਜਿਸ ਵਿੱਚ ਜ਼ਿਲ੍ਹੇ ਅੰਦਰ ਬਣਨ ਵਾਲੇ 8 ਨਵੇਂ ਆਮ ਆਦਮੀ ਕਲੀਨਿਕ ਬਾਰੇ ਤੇ ਚੱਲ ਰਹੀਆਂ ਵੱਖ-ਵੱਖ ਸਿਹਤ ਯੋਜਨਾਵਾਂ, ਐਚਪੀਵੀ ਟੀਕਾਕਰਨ ਦੀ ਤਿਆਰੀਆਂ ਦੀ ਸਮੀਖਿਆ ਕੀਤੀ ਗਈ।ਮੀਟਿੰਗ ਦੌਰਾਨ 14 ਸਾਲ ਦੀਆਂ ਲੜਕੀਆਂ ਨੂੰ ਬੱਚੇਦਾਨੀ ਦੇ ਮੂੰਹ ਦੇ ਕੈਂਸਰ (ਸਰਵਾਈਕਲ ਕੈਂਸਰ) ਤੋਂ ਬਚਾਅ ਲਈ ਐਚਪੀਵੀ ਵੈਕਸੀਨ ਲਗਾਉਣ ਸਬੰਧੀ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਟੀਕਾਕਰਨ ਮੁਹਿੰਮ 3 ਮਹੀਨੇ (90 ਦਿਨ) ਲਈ ਚਲਾਈ ਜਾਵੇਗੀ ਤੇ ਸਿਰਫ਼ ਉਨ੍ਹਾਂ ਸਰਕਾਰੀ ਸਿਹਤ ਸੰਸਥਾਵਾਂ ਵਿੱਚ ਕਰਵਾਈ ਜਾਵੇਗੀ ਜਿੱਥੇ ਕੋਲਡ ਚੇਨ ਪੁਆਇੰਟ, ਇੰਟਰਨੈਟ ਸੁਵਿਧਾ ਤੇ ਮਾਹਿਰ ਸਟਾਫ ਉਪਲਬਧ ਹੋਵੇ। ਟੀਕਾਕਰਨ ਤੋਂ ਬਾਅਦ ਲਾਭਪਾਤਰੀ ਨੂੰ 30 ਮਿੰਟ ਨਿਗਰਾਨੀ ਹੇਠ ਰੱਖਿਆ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ (ਵਿ) ਵੱਲੋਂ ਜ਼ਿਲ੍ਹਾ ਸਿਹਤ ਸੁਸਾਇਟੀ ਦੀ ਮੀਟਿੰਗ ਦੌਰਾਨ ਹੋਰ ਸਿਹਤ ਪ੍ਰੋਗਰਾਮਾਂ ਦੀ ਪ੍ਰਗਤੀ ਦੀ ਵੀ ਸਮੀਖਿਆ ਕੀਤੀ ਗਈ ਤੇ ਅਧਿਕਾਰੀਆਂ ਨੂੰ ਲੋੜੀਂਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ ਕਿ ਮਾਈਕ੍ਰੋਪਲਾਨਿੰਗ ਤੇ ਜਾਗਰੂਕਤਾ ਗਤੀਵਿਧੀਆਂ ਨੂੰ ਤੇਜ਼ ਕੀਤਾ ਜਾਵੇ ਤਾਂ ਜੋ ਟੀਕਾਕਰਨ ਮੁਹਿੰਮ ਦਾ ਲਾਭ ਸਮੇਂ ਸਿਰ ਪ੍ਰਾਪਤ ਕੀਤਾ ਜਾ ਸਕੇ। ਮੀਟਿੰਗ ਵਿੱਚ ਸਿਵਲ ਸਰਜਨ ਡਾ. ਰਾਜੀਵ ਪਰਾਸ਼ਰ, ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ) ਮੁਨੀਲਾ ਅਰੋੜਾ, ਜ਼ਿਲਾ ਟੀਕਾਕਰਨ ਅਫਸਰ ਡਾ. ਮੀਨਾਕਸ਼ੀ ਢੀਂਗਰਾ, ਜ਼ਿਲ੍ਹਾ ਮਾਸ ਮੀਡੀਆ ਅਫਸਰ ਸੰਜੀਵ ਸ਼ਰਮਾ ਤੋਂ ਇਲਾਵਾ ਹੋਰਨਾਂ ਵਿਭਾਗਾਂ ਦੇ ਅਧਿਕਾਰੀ/ਕਰਮਚਾਰੀ ਵੀ ਹਾਜ਼ਰ ਸਨ।

# ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦਾ ਲਾਭ ਲੈਣ ਲਈ ਫਾਰਮਰ ਰਜਿਸਟਰੀ 'ਚ ਰਜਿਸਟਰ ਕਰਨਾ ਲਾਜ਼ਮੀ

ਹੁਸ਼ਿਆਰਪੁਰ, 3 ਮਾਰਚ (ਦੀਪਕ ਅਗਨੀਹੋਤਰੀ): ਜ਼ਿਲ੍ਹੇ ਦੇ ਸਮੂਹ ਕਿਸਾਨਾਂ ਲਈ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਯੋਜਨਾ ਦਾ ਲਾਭ ਲੈਣ ਲਈ ਫਾਰਮਰ ਰਜਿਸਟਰੀ ਵਿੱਚ ਰਜਿਸਟਰ ਕਰਨਾ ਲਾਜ਼ਮੀ ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਦਪਿੰਦਰ ਸਿੰਘ ਸੰਧੂ ਨੇ ਦੱਸਿਆ ਕਿ ਇਸ ਪ੍ਰਕਿਰਿਆ ਦਾ ਮਕਸਦ ਕਿਸਾਨਾਂ ਦਾ ਡਾਟਾਬੇਸ ਤਿਆਰ ਕਰਨਾ ਹੈ, ਤਾਂ ਜੋ ਸਰਕਾਰੀ ਸਹਾਇਤਾ ਪਾਰਦਰਸ਼ੀ ਤੇ ਸਿੱਧੇ ਤੌਰ 'ਤੇ ਅਸਲ ਲਾਭਪਾਤਰੀ ਤੱਕ ਪਹੁੰਚ ਸਕੇ। ਉਨ੍ਹਾਂ ਦੱਸਿਆ ਕਿ ਭਵਿੱਖ ਵਿੱਚ ਕੇਵਲ ਉਹੀ ਕਿਸਾਨ ਪ੍ਰਧਾਨ ਮੰਤਰੀ ਕਿਸਾਨ ਸਨਮਾਨ ਨਿਧੀ ਸਕੀਮ ਅਧੀਨ ਵਿੱਤੀ ਕਿਸ਼ਤਾਂ ਪ੍ਰਾਪਤ ਕਰਨਗੇ, ਜਿਨ੍ਹਾਂ ਨੇ ਰਜਿਸਟ੍ਰੇਸ਼ਨ ਪੂਰੀ ਕੀਤੀ ਹੋਵੇਗੀ। ਰਜਿਸਟਰੇਸ਼ਨ ਦੌਰਾਨ ਹਰ ਕਿਸਾਨ ਦੀ ਇੱਕ ਆਈ.ਡੀ. ਤਿਆਰ ਕੀਤੀ ਜਾਵੇਗੀ ਜਿਸ ਨੂੰ ਪੀ.ਐਮ. ਕਿਸਾਨ ਖਾਤੇ ਨਾਲ ਲਿੰਕ ਕੀਤਾ ਜਾਵੇਗਾ। ਜਿਸ ਨਾਲ ਕਿਸਾਨ ਦੀ ਜ਼ਮੀਨ ਦਾ ਰਿਕਾਰਡ ਤਸਦੀਕ ਕਰਨਾ ਆਸਾਨ ਹੋਵੇਗਾ। ਇਸ ਸਬੰਧੀ ਕਿਸਾਨ ਆਪਣੇ ਨਜ਼ਦੀਕੀ ਕਾਮਨ ਸਰਵਿਸ ਸੈਂਟਰ (ਸੀ.ਐਸ.ਸੀ) ਜਾਂ ਸਬੰਧਤ ਬਲਾਕ ਖੇਤੀਬਾੜੀ ਦਫ਼ਤਰ ਵਿਖੇ ਸੰਪਰਕ ਕਰ ਸਕਦੇ ਹਨ। ਰਜਿਸਟ੍ਰੇਸ਼ਨ ਲਈ ਆਧਾਰ ਕਾਰਡ, ਜਮ੍ਹਾਂਬੰਦੀ ਨਾਲ ਲੈ ਕੇ ਆਉਣੀ ਲਾਜ਼ਮੀ ਹੈ।

# ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ ਕੈਂਪ ਲਗਾ ਕੇ 24 ਘੰਟੇ ਦਿੱਤੀਆਂ ਜਾ ਰਹੀਆਂ ਨੇ ਮੈਡੀਕਲ ਸੁਵਿਧਾਵਾਂ: ਡਾ ਰਾਜੀਵ ਪਰਾਸ਼ਰ

ਫਿਰੋਜ਼ਪੁਰ, 3 ਮਾਰਚ (ਤਿਵਾੜੀ): ਡਿਪਟੀ ਕਮਿਸ਼ਨਰ ਦੀਪਸ਼ਿਖਾ ਸ਼ਰਮਾ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਮਿਊਨਿਟੀ ਹੈਲਥ ਸੈਂਟਰ ਮਮਦੋਟ ਅਧੀਨ ਪੈਂਦੇ ਪਿੰਡ ਹਜ਼ਾਰਾ ਸਿੰਘ ਵਾਲਾ ਵਿਖੇ ਦੂਸ਼ਿਤ ਪਾਣੀ ਪੀਣ ਕਾਰਨ ਬਿਮਾਰ ਹੋਏ ਪਿੰਡ ਵਾਸੀਆਂ ਦੀ ਸਿਹਤਯਾਬੀ ਲਈ ਸਿਹਤ ਵਿਭਾਗ ਵੱਲੋਂ 24 ਘੰਟੇ ਕੈਂਪ ਲਗਾ ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਸਿਵਲ ਸਰਜਨ ਫ਼ਿਰੋਜ਼ਪੁਰ ਡਾ. ਰਾਜੀਵ ਪਰਾਸ਼ਰ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਦੂਸ਼ਿਤ ਪਾਣੀ ਨਾਲ ਬਿਮਾਰ ਹੋਏ ਬੱਚੇ, ਜੋ ਸਿਵਲ ਹਸਪਤਾਲ ਵਿਚ ਦਾਖਲ ਹਨ, ਉਨ੍ਹਾਂ ਦੀ ਸਿਹਤ ਹੁਣ ਸਥਿਰ ਹੈ। ਉਨ੍ਹਾਂ ਦੱਸਿਆ ਕਿ ਸੋਮਵਾਰ ਨੂੰ ਮਹਿਰ ਡਾਕਟਰਾਂ ਵੱਲੋਂ ਪਿੰਡ ਦੇ ਕੁੱਲ 277 ਲੋਕਾਂ ਦੀ ਸਿਹਤ ਦੀ ਜਾਂਚ ਕੀਤੀ ਗਈ, 250 ਲੈਬ ਟੈਸਟ ਕੀਤੇ ਗਏ। ਉਨ੍ਹਾਂ ਦੱਸਿਆ ਕਿ ਕੁਲ 146 ਓਆਰਐਸ ਤੇ 2200 ਕਲੋਰੀਨ ਦੀਆਂ ਗੋਲੀਆਂ ਸਿਹਤ ਵਿਭਾਗ ਵੱਲੋਂ ਵੰਡੀਆਂ ਗਈਆਂ। ਉਨ੍ਹਾਂ ਦੱਸਿਆ ਕਿ ਪੰਜ ਮਰੀਜ਼ਾਂ ਨੂੰ ਸਿਵਲ ਹਸਪਤਾਲ ਵਿਖੇ ਰੈਫਰ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਦੀਆਂ ਟੀਮਾਂ ਲਗਾਤਾਰ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ।

# ਸਿਹਤ ਵਿਭਾਗ ਨੇ ਵਿਸ਼ਵ ਸੁਣਨ ਸ਼ਕਤੀ ਜਾਗਰੂਕਤਾ ਦਿਵਸ ਮਨਾਇਆ

ਫਾਜ਼ਿਲਕਾ, 3 ਮਾਰਚ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ): ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਡਾ. ਕਵਿਤਾ ਸਿੰਘ ਦੀ ਦੇਖ ਰੇਖ ਵਿੱਚ ਡਾ. ਰਿੰਕੂ ਚਾਵਲਾ ਜ਼ਿਲ੍ਹਾ ਟੀਕਾਕਰਨ ਅਫ਼ਸਰ ਦੀ ਪ੍ਰਧਾਨਗੀ ਵਿੱਚ ਜ਼ਿਲ੍ਹਾ ਪੱਧਰੀ ਵਿਸ਼ਵ ਸੁਣਨ ਸ਼ਕਤੀ ਦਿਵਸ ਜਵਾਹਰ ਨਵੋਦਿਆ ਵਿਦਿਆਲਿਆ ਕਿੱਕਰਵਾਲਾ ਰੂਪਾ ਵਿਖੇ ਭਾਈਚਾਰਿਆਂ ਤੋਂ ਕਲਾਸਰੂਮਾਂ ਤੱਕ ਸਾਰੇ ਬੱਚਿਆਂ ਲਈ ਸੁਣਨ ਦੀ ਦੇਖਭਾਲ ਥੀਮ ਅਧੀਨ ਜਾਗਰੂਕਤਾ ਸਮਾਗਮ ਕੀਤਾ ਗਿਆ। ਇਸ ਸਮੇਂ ਵਿਨੋਦ ਖੁਰਾਣਾ, ਦਿਵੇਸ਼ ਕੁਮਾਰ ਨੇ ਭਾਗ ਲਿਆ।ਡਾ. ਰਿੰਕੂ ਚਾਵਲਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਸਾਨੂੰ ਸਰੀਰ ਦੇ ਬਾਕੀ ਅੰਗਾਂ ਨੂੰ ਸਿਹਤਮੰਦ ਰੱਖਣ ਤੋਂ ਇਲਾਵਾ ਕੰਨਾਂ ਦੀ ਦੇਖਭਾਲ ਵੀ ਕਰਨੀ ਚਾਹੀਦੀ ਹੈ। ਕੰਨਾਂ ਨਾਲ ਸਬੰਧਤ ਕਿਸੇ ਵੀ ਸਮੱਸਿਆ ਨੂੰ ਹਲਕੇ ਨਾਲ ਨਹੀਂ ਲੈਣਾ ਚਾਹੀਦਾ। ਜੇਕਰ ਕੰਨ ਭੁਲਦੇ ਹੋਣ, ਸੁਣਾਈ ਘੱਟ ਦੇ ਰਿਹਾ ਹੋਵੇ, ਜਮਾਂਦਰੂ ਬੋਲਾਪਣ, ਕੰਨਾਂ ਵਿੱਚ ਸ਼ਾਂ-ਸ਼ਾਂ ਦੀ ਆਵਾਜ਼ ਆਉਣ ਤੇ ਚੱਕਰ ਆਉਣ ਵਰਗੇ ਲੱਛਣਾਂ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਗਰਭ ਅਵਸਥਾ ਦੌਰਾਨ ਡਾਕਟਰ ਦੀ ਸਲਾਹ ਤੋਂ ਬਿਨਾਂ ਲਈ ਗਈ ਦਵਾਈ ਨਵਜੰਮੇ ਬੱਚੇ ਵਿੱਚ ਸੁਣਨ ਦੀਆਂ ਕਮੀਆਂ ਦਾ ਕਾਰਨ ਬਣ ਸਕਦੀ ਹੈ।ਗਰਭ ਦੌਰਾਨ ਕੋਈ ਵੀ ਦਵਾਈ ਲੈਣ ਤੋਂ ਪਹਿਲਾਂ ਡਾਕਟਰ ਦੀ ਸਲਾਹ ਲਓ। ਬੱਚਿਆਂ ਨੂੰ ਸੂਚੀ ਅਨੁਸਾਰ ਪੂਰਾ ਟੀਕਾਕਰਨ ਕਰਵਾਓ।ਵਿਨੋਦ ਖੁਰਾਣਾ ਜ਼ਿਲ੍ਹਾ ਮਾਸ ਮੀਡੀਆ ਅਫਸਰ ਤੇ ਦਿਵੇਸ਼ ਕੁਮਾਰ ਨੇ ਦੱਸਿਆ ਕਿ ਘੱਟ ਸੁਣਨ ਸ਼ਕਤੀ ਵਾਲੇ ਬੱਚਿਆਂ ਨੂੰ ਦੂਜੇ ਬੱਚਿਆਂ ਨਾਲ ਰਲਾਉਣ ਲਈ ਉਤਸ਼ਾਹਿਤ ਕਰੋ।ਇਹ ਮਨੋਵਿਗਿਆਨਕ ਤੇ ਸੰਚਾਰ ਦੇ ਹੁਨਰ ਨੂੰ ਵਿਕਸਿਤ ਕਰਨ ਵਿੱਚ ਸਹਾਇਤਾ ਕਰੇਗਾ। ਡਾ. ਕਵਿਤਾ ਸਿੰਘ ਵੱਲੋਂ ਸੁਣਨ ਸ਼ਕਤੀ ਦਿਵਸ ਸਬੰਧੀ ਜਾਗਰੂਕਤਾ ਪੰਫਲੇਟ ਰਿਲੀਜ਼ ਕੀਤਾ ਗਿਆ।



# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਨੇ ਮਾਘੀ ਮੈਮੋਰੀਅਲ ਕਾਲਜ 'ਚ 'ਕੈਰੀਅਰ ਟਾਕ' ਕਰਵਾਇਆ

ਸ੍ਰੀ ਫਤਹਿਗੜ੍ਹ ਸਾਹਿਬ ਸਾਹਿਬ, 3 ਮਾਰਚ (ਹਰਪ੍ਰੀਤ ਕੌਰ ਟਿਵਾਣਾ): ਜ਼ਿਲ੍ਹਾ ਰੋਜ਼ਗਾਰ ਅਫਸਰ ਹਰਪ੍ਰੀਤ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਕਰੀਅਰ ਗਾਈਡੈਂਸ ਸਬੰਧੀ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸੇ ਲੜੀ ਤਹਿਤ ਮਾਘੀ ਮੈਮੋਰੀਅਲ ਕਾਲਜ, ਫਤਹਿਗੜ੍ਹ ਸਾਹਿਬ ਵਿਖੇ ਵਿਦਿਆਰਥੀਆਂ ਦੇ ਸੁਨਹਿਰੀ ਭਵਿੱਖ ਤੇ ਸਹੀ ਕਿੱਤੇ ਦੀ ਚੋਣ ਕਰਨ ਵਿੱਚ ਮਦਦ ਕਰਨ ਲਈ ਵਿਸ਼ੇਸ਼ ਕੈਰੀਅਰ ਟਾਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਸੈਮੀਨਾਰ ਵਿੱਚ 75 ਵਿਦਿਆਰਥੀਆਂ ਵੱਲੋਂ ਭਾਗ ਲਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸੈਮੀਨਾਰ ਵਿੱਚ ਜ਼ਿਲ੍ਹਾ ਰੋਜ਼ਗਾਰ ਬਿਊਰੋ ਦੇ ਕਰੀਅਰ ਕਾਊਂਸਲਰ, ਹਰਮਨਦੀਪ ਸਿੰਘ ਤੇ ਸੀ-ਪਾਈਟ ਦੇ ਇੰਸਟਰਕਟਰ ਬਲਵੰਤ ਸਿੰਘ ਵੱਲੋਂ ਸੀ-ਪਾਈਟ ਤੇ ਅਗਨੀਵੀਰ ਦੀ ਭਰਤੀ, ਸਰਕਾਰੀ ਇਮਤਿਹਾਨਾਂ ਦੀ ਤਿਆਰੀ, ਸਵੈ ਰੋਜ਼ਗਾਰ ਲਈ ਪ੍ਰਾਰਥੀਆਂ ਨੂੰ ਜਾਣਕਾਰੀ ਦਿੱਤੀ ਗਈ ਤੇ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵਿਖੇ ਬਣਾਈ ਗਈ ਲਾਇਬ੍ਰੇਰੀ ਸਬੰਧੀ ਪ੍ਰਾਰਥੀਆਂ ਨੂੰ ਜਾਣੂੰ ਕਰਵਾਇਆ ਗਿਆ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਆਪਣੀ ਰੁਚੀ ਤੇ ਯੋਗਤਾ ਅਨੁਸਾਰ ਕਿੱਤੇ ਦੀ ਚੋਣ ਕਰਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਸਫਲਤਾ ਲਈ ਸਖ਼ਤ ਮਿਹਨਤ ਦੇ ਨਾਲ-ਨਾਲ ਸਮਾਰਟ ਵਰਕ ਵੀ ਬਹੁਤ ਜ਼ਰੂਰੀ ਹੈ। ਸੈਮੀਨਾਰ ਦੇ ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ ਨੇ ਮੁੱਖ ਬੁਲਾਰਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਜਿਹੇ ਜਾਗਰੂਕਤਾ ਪ੍ਰੋਗਰਾਮ ਵਿਦਿਆਰਥੀਆਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਜੀਵਨ ਵਿੱਚ ਸਹੀ ਰਸਤਾ ਚੁਣਨ ਲਈ ਮਦਦਗਾਰ ਸਾਬਤ ਹੁੰਦੇ ਹਨ। ਉਨ੍ਹਾਂ ਨੇ ਭਵਿੱਖ ਵਿੱਚ ਵੀ ਬਿਊਰੋ ਵੱਲੋਂ ਇਸ ਤਰ੍ਹਾਂ ਦੇ ਸਹਿਯੋਗ ਦੀ ਉਮੀਦ ਜਤਾਈ।



# ਦੁਬਾਰਾ 'ਆਪ' ਦੀ ਸਰਕਾਰ ਬਣਨ 'ਤੇ 15 ਦਿਨਾਂ ਦਾ ਵਿਰਾਸਤੀ ਮੇਲਾ ਲਗਾਇਆ ਜਾਵੇਗਾ : ਸੌਂਦ



ਲੁਧਿਆਣਾ, 3 ਮਾਰਚ (ਵਿਸ਼ਾਲ ਸ਼ਰਮਾ/ਸੰਜੀਵ ਲਹਿਲ) : ਪੰਜਾਬ ਸਖੀ ਸ਼ਕਤੀ ਮੇਲਾ-2026 ਆਪਣੇ ਆਖਰੀ ਦਿਨ ਸ਼ਾਨਦਾਰ ਅਤੇ ਯਾਦਗਾਰੀ ਅੰਦਾਜ਼ ਵਿੱਚ ਸੰਪੰਨ ਹੋ ਗਿਆ। ਸਮਾਪਤੀ ਮੌਕੇ ਕਰਵਾਏ ਗਏ ਸਟਾਰ ਨਾਈਟ ਪ੍ਰੋਗਰਾਮ ਦੌਰਾਨ ਪੰਜਾਬੀ ਗਾਇਕੀ ਦੇ ਥੰਮ੍ਹ ਮਨਮੋਹਨ ਵਾਰਿਸ ਅਤੇ ਕਮਲ ਹੀਰ ਦੀ ਮਸ਼ਹੂਰ ਜੋੜੀ ਨੇ ਆਪਣੀ ਸੁਰੀਲੀ ਆਵਾਜ਼ ਨਾਲ ਐਸਾ ਰੰਗ ਬੰਨ੍ਹਿਆ ਕਿ ਸਾਰਾ ਗਰਾਊਂਡ ਨੱਚਦਾ ਨਜ਼ਰ ਆਇਆ। ਰਾਤ ਤੱਕ ਚੱਲੇ ਇਸ ਸੱਭਿਆਚਾਰਕ ਸਮਾਗਮ ਨੇ ਖੰਨਾ ਕਾਰਨੀਵਾਲ ਨੂੰ ਇੱਕ ਕਦੇ ਵੀ ਨਾ ਭੁੱਲਣ ਵਾਲਾ ਰੂਪ ਦੇ ਦਿੱਤਾ। ਸਮਾਪਤੀ ਸਮਾਗਮ ਦੇ ਮੁੱਖ ਮਹਿਮਾਨ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਰਹੇ। ਉਨ੍ਹਾਂ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣਾ ਅਤੇ ਅੱਗੇ ਵਧਾਉਣਾ ਸਰਕਾਰ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਦੱਸਿਆ ਕਿ ਜਦੋਂ ਉਨ੍ਹਾਂ ਨੂੰ ਸੱਭਿਆਚਾਰਕ ਮਾਮਲਿਆਂ ਦੇ ਮੰਤਰੀ ਦੀ ਜ਼ਿੰਮੇਵਾਰੀ ਮਿਲੀ ਤਾਂ ਸਭ ਤੋਂ ਪਹਿਲਾਂ ਉਨ੍ਹਾਂ ਨੇ ਵਿਭਾਗ ਵਿੱਚ ਜਾ ਕੇ ਫ਼ਾਈਲਾਂ ਮੰਗਵਾਈਆਂ ਅਤੇ ਪਤਾ ਕੀਤਾ ਕਿ ਪੰਜਾਬ ਅੰਦਰ ਵਿਰਾਸਤੀ ਮੇਲਿਆਂ ਲਈ ਕਿੰਨਾ ਬਜਟ ਹੈ। ਉਹ ਬੜੇ ਹੈਰਾਨ ਹੋਏ ਕਿ ਸਿਰਫ਼ 5 ਕਰੋੜ ਰੁਪਏ ਸਾਲਾਨਾ ਬਜਟ ਰੱਖਿਆ ਗਿਆ ਸੀ, ਜੋਕਿ ਪਿਛਲੀਆਂ ਸਰਕਾਰਾਂ ਦੀ ਬਦੌਲਤ ਸੀ। ਇਹ ਜਾਣਕਾਰੀ ਮਿਲਣ 'ਤੇ ਉਹ ਹੈਰਾਨ ਰਹਿ ਗਏ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਉਹ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕੋਲ ਗਏ ਅਤੇ ਬੇਨਤੀ ਕੀਤੀ ਕਿ ਪੰਜਾਬ ਦੀ ਸੱਭਿਆਚਾਰਕ ਰੌਣਕ ਵਧਾਉਣ ਲਈ ਇਸ ਬਜਟ ਵਿੱਚ ਵਾਧਾ ਕੀਤਾ ਜਾਵੇ। ਮੁੱਖ ਮੰਤਰੀ ਨੇ ਖੁੱਲ੍ਹੇ ਦਿਲ ਨਾਲ ਕਿਹਾ ਕਿ ਜਿੰਨਾ ਲੋੜੀਂਦਾ ਹੋਵੇ, ਉਨ੍ਹਾਂ ਹੀ ਬਜਟ ਰੱਖਿਆ ਜਾਵੇ। ਨਤੀਜੇ ਵਜੋਂ, ਸੱਭਿਆਚਾਰਕ ਮੇਲਿਆਂ ਲਈ ਬਜਟ ਨੂੰ 20 ਗੁਣਾ ਵਧਾ ਕੇ 100 ਕਰੋੜ ਰੁਪਏ ਕਰ ਦਿੱਤਾ ਗਿਆ, ਜਿਸ ਕਾਰਨ ਅੱਜ ਪੰਜਾਬ ਦੇ ਹਰ ਕੋਨੇ ਵਿੱਚ ਸੱਭਿਆਚਾਰਕ ਰੌਣਕਾਂ ਮੁੜ ਪਰਤੀਆਂ ਹਨ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਅਜਿਹੇ ਮੇਲੇ ਸਿਰਫ਼ ਮਨੋਰੰਜਨ ਦਾ ਸਾਧਨ ਨਹੀਂ, ਸਗੋਂ ਇਹ ਪੰਜਾਬੀ ਸੱਭਿਆਚਾਰ, ਲੋਕਧਾਰਾ, ਲੋਕਸੰਗੀਤ ਅਤੇ ਰਿਵਾਇਤਾਂ ਨੂੰ ਜਿਉਂਦਾ ਰੱਖਣ ਦਾ ਮਹੱਤਵਪੂਰਨ ਮਾਧਿਅਮ ਹਨ। ਇਹ ਮੇਲੇ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੋੜਦੇ ਹਨ ਅਤੇ ਉਨ੍ਹਾਂ ਵਿੱਚ ਆਪਣੀ ਮਿੱਟੀ ਨਾਲ ਪਿਆਰ ਪੈਦਾ ਕਰਦੇ ਹਨ। ਨਾਲ ਹੀ, ਇਹ ਮਹਿਲਾ ਸਸ਼ਕਤੀਕਰਨ ਲਈ ਵੀ ਵੱਡਾ ਮੰਚ ਸਾਬਤ ਹੋ ਰਹੇ ਹਨ। ਮਜ਼ਬੂਤ ਸੁਰੱਖਿਆ ਪ੍ਰਬੰਧ, ਸੀ.ਸੀ.ਟੀ.ਵੀ ਨਿਗਰਾਨੀ, ਮਹਿਲਾ ਪੁਲਿਸ ਬਲ ਅਤੇ ਸੁਚੱਜੇ ਟਰੈਫਿਕ ਪ੍ਰਬੰਧਨ ਨੇ ਮੇਲੇ ਨੂੰ ਪੂਰੀ ਤਰ੍ਹਾਂ ਸੁਰੱਖਿਅਤ ਬਣਾਇਆ। ਕੈਬਨਿਟ ਮੰਤਰੀ ਸੌਂਦ ਨੇ ਇਸ ਸਫਲ ਮੇਲੇ ਲਈ ਸਿਵਲ ਪ੍ਰਸ਼ਾਸਨ, ਪੁਲਿਸ ਵਿਭਾਗ ਅਤੇ ਸੈਨਾ ਦੇ ਅਧਿਕਾਰੀਆਂ ਦਾ ਵੀ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਸਾਰਿਆਂ ਦੇ ਬੇਹਤਰੀਨ ਤਾਲਮੇਲ ਅਤੇ ਮਿਹਨਤ ਸਦਕਾ ਹੀ ਇਹ ਮੇਲਾ ਸੁਚੱਜੇ ਅਤੇ ਸਫਲ ਢੰਗ ਨਾਲ ਸੰਪੰਨ ਹੋ ਸਕਿਆ। ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਐਸ.ਡੀ.ਐਮ ਮੈਡਮ ਸਵਾਤੀ ਟਿਵਾਣਾ ਅਤੇ ਐਸ.ਐਸ.ਪੀ ਡਾ. ਦਰਪਣ ਆਹਲੂਵਾਲੀਆ ਦੀ ਭਰਪੂਰ ਸ਼ਲਾਘਾ ਕਰਦਿਆਂ ਕਿਹਾ ਕਿ ਇਨ੍ਹਾਂ ਜਾਂਬਾਜ਼ ਮਹਿਲਾ ਅਧਿਕਾਰੀਆਂ ਦੀ ਲਗਨ, ਮਿਹਨਤ ਅਤੇ ਸੁਚੱਜੇ ਪ੍ਰਬੰਧਨ ਸਦਕਾ ਹੀ ਮੇਲਾ ਬਿਲਕੁਲ ਸੁਰੱਖਿਅਤ ਅਤੇ ਸਫਲਤਾਪੂਰਵਕ ਸੰਪੰਨ ਹੋਇਆ।

# ਨਿਹੰਗ ਸਿੰਘਾਂ ਨੇ ਚਾਰ ਸਿੰਘਾਂ ਨੂੰ ਫਰਲੋ ਦੀ ਦਾਤ ਦਿੱਤੀ



ਸਾਹਨੇਵਾਲ/ਕੁਹਾੜਾ, 3 ਮਾਰਚ (ਕੁਲਦੀਪ ਕੁਹਾੜਾ): ਦਸਮੇਸ਼ ਤਰਨਾ ਦਲ ਦੇ ਮੁਖੀ ਜਥੇਦਾਰ ਦਰਸ਼ਨ ਸਿੰਘ ਨਨਕਾਣਾ ਸਾਹਿਬ ਵਾਲੇ ਆਪਣੇ ਦਲ ਪੰਥ ਸਮੇਤ ਹੋਲੇ ਮਹੱਲੇ ਦਾ ਪਾਵਨ ਦਿਹਾੜਾ ਮਨਾਉਣ ਵਾਸਤੇ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਦਲ ਪੰਥ ਦੇ ਪੰਜ ਮਹਾਕਾਲਾਂ ਵੱਲੋਂ ਬਾਬਾ ਦਰਸ਼ਨ ਸਿੰਘ ਅਤੇ ਦਲ ਪੰਥ ਦੀਆਂ ਲਾਡਲੀਆਂ ਫੌਜਾਂ ਦੀ ਮੌਜੂਦਗੀ ਵਿੱਚ ਸਰਬ ਸੰਮਤੀ ਨਾਲ ਮਤਾ ਪਾਸ ਕਰਕੇ ਦਲ ਦੇ ਚਾਰ ਸਿੰਘਾਂ ਨੂੰ ਫਰਲੋ ਦੀ ਦਾਤ ਦਿੱਤੀ ਗਈ। ਬਾਬਾ ਜਸਵੰਤ ਸਿੰਘ ਲਾਲ ਬੱਤੀ ਵਾਲਿਆਂ ਤੋਂ ਮਿਲੀ ਸੂਚਨਾ ਅਨੁਸਾਰ ਜਿਹੜੇ ਸਿੰਘਾਂ ਨੂੰ ਫਰਲੋ ਦੀ ਦਾਤ ਦਿੱਤੀ ਗਈ ਉਹਨਾਂ ਵਿੱਚ ਜਥੇਦਾਰ ਵੀਰ ਸਿੰਘ ਜਿਲ੍ਹਾ ਹਨੂਮਾਨਗੜ੍ਹ ਰਾਜਸਥਾਨ, ਜਥੇਦਾਰ ਜਗਦੀਪ ਸਿੰਘ ਪਿੰਡ ਧਾਰੜ, ਜਥੇਦਾਰ ਸੂਰਜ ਸਿੰਘ ਪਿੰਡ ਗਹਿਰੀ ਅਤੇ ਜਥੇਦਾਰ ਜੋਗਿੰਦਰ ਸਿੰਘ ਪਿੰਡ ਗਹਿਰੀ ਮੰਡੀ ਸ਼ਾਮਿਲ ਸਨ। ਇਸ ਮੌਕੇ ਜਥੇਦਾਰ ਬਾਬਾ ਦਰਸ਼ਨ ਸਿੰਘ ਨਨਕਾਣਾ ਸਾਹਿਬ, ਜਥੇਦਾਰ ਬਾਬਾ ਦੀਦਾਰ ਸਿੰਘ ਨਨਕਾਣਾ ਸਾਹਿਬ ਵਾਲੇ, ਜਥੇਦਾਰ ਲਖਵਿੰਦਰ ਸਿੰਘ ਜਾਨੀਆ ਵਰਲਡ, ਪ੍ਰਚਾਰ ਸਕੱਤਰ ਸਤਨਾਮ ਸਿੰਘ ਪਿੰਡ ਭੂਰੇ ਕੋਨੇ ਵਾਲਾ, ਜਥੇਦਾਰ ਸ਼ੇਰ ਸਿੰਘ ਲੁਧਿਆਣੇ ਵਾਲੇ ਅਤੇ ਜਥੇਦਾਰ ਬਚਨ ਸਿੰਘ ਅੰਮ੍ਰਿਤਸਰ ਵਾਲਿਆਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸੰਸਥਾ ਵੱਲੋਂ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜ ਬੇਮਿਸਾਲ : ਸੇਠੀ



ਲੁਧਿਆਣਾ, 3 ਮਾਰਚ (ਰਵਿੰਦਰ ਸਿੰਘ ਨਿੱਝਰ): ਨਾਰੀ ਏਕਤਾ ਆਸਰਾ ਸੰਸਥਾ ਵੱਲੋਂ ਹਰ ਮਹੀਨੇ ਦੀ ਤਰ੍ਹਾਂ ਇਸ ਵਾਰ ਵੀ ਰਾਸ਼ਨ ਵੰਡ ਸਮਾਰੋਹ ਦਾ ਆਯੋਜਨ ਗੁਰਦੁਆਰਾ ਸਿੰਘ ਸਭਾ ਅਕਾਲ ਸਹਿਬ, ਪ੍ਰਤਾਪ ਨਗਰ ਵਿਖੇ ਕੀਤਾ ਗਿਆ। ਸਮਾਗਮ ਦੌਰਾਨ ਲੋੜਵੰਦ ਅਤੇ ਨਿਆਸਰਿਤ ਪਰਿਵਾਰਾਂ ਨੂੰ ਰੋਜ਼ਮਰਾ ਦੀਆਂ ਜਰੂਰੀ ਵਸਤਾਂ ਵਾਲੇ ਰਾਸ਼ਨ ਕਿੱਟ ਵੰਡੇ ਗਏ। ਇਸ ਮੌਕੇ ਸਮਾਜ ਸੇਵੀ ਵਿੱਪਨ ਕੁਮਾਰ ਸੇਠੀ ਉਚੇਚੇ ਤੌਰ 'ਤੇ ਸਮਾਗਮ ਵਿੱਚ ਸ਼ਾਮਿਲ ਹੋਏ। ਸੰਸਥਾ ਦੇ ਮੁੱਖ ਸਲਾਹਕਾਰ ਕੌਂਸਲਰ ਸੋਹਣ ਸਿੰਘ ਗੋਗਾ ਨੇ ਕਿਹਾ ਕਿ ਸੰਸਥਾ ਦਾ ਮੁੱਖ ਉਦੇਸ਼ ਸਮਾਜ ਦੇ ਹਰ ਪੀੜਤ ਅਤੇ ਜ਼ਰੂਰਤਮੰਦ ਤੱਕ ਸਹਾਇਤਾ ਪਹੁੰਚਾਉਣਾ ਹੈ। ਚੇਅਰਪਰਸਨ ਕੁਲਵਿੰਦਰ ਕੌਰ ਗੋਗਾ ਨੇ ਕਿਹਾ ਕਿ ਸੰਸਥਾ ਵੱਲੋਂ ਮਹਿਲਾਵਾਂ ਦੇ ਸਸ਼ਕਤੀਕਰਨ ਅਤੇ ਗਰੀਬ ਪਰਿਵਾਰਾਂ ਦੀ ਭਲਾਈ ਲਈ ਵੱਖ-ਵੱਖ ਪ੍ਰੋਗਰਾਮ ਚਲਾਏ ਜਾ ਰਹੇ ਹਨ। ਹੋਰਨਾਂ ਤੋਂ ਇਲਾਵਾ ਹਰਜੀ ਕੌਰ, ਇਕਬਾਲ ਕੌਰ, ਬਲਜੀਤ ਕੌਰ, ਜਨਕ ਮਹਾਜਨ, ਬਲਵਿੰਦਰ ਕੌਰ, ਸਰਿਤਾ ਠਾਕੁਰ, ਮਨਪ੍ਰੀਤ ਕੌਰ ਗਿੱਲ, ਪ੍ਰੀਤੀ, ਪ੍ਰੇਮ ਸਿੰਘ, ਸਰੂਪ ਸਿੰਘ ਮਠਾੜੂ, ਰਣਜੀਤ ਸਿੰਘ, ਕੁੰਦਨ ਸਿੰਘ ਨਾਗੀ, ਸੁਖਵਿੰਦਰ ਸਿੰਘ ਦਹੇਲਾ, ਕਸ਼ਮੀਰ ਸਿੰਘ ਸਰਾਭਾ, ਆਕਾਸ਼ ਵਰਮਾ, ਕਮਲਜੀਤ ਸਿੰਘ, ਮਹਿੰਦਰ ਸਿੰਘ, ਜੱਗਾ ਸਿੰਘ, ਬਲਵਿੰਦਰ ਸਿੰਘ, ਗੁਰਜੀਤ ਸਿੰਘ, ਚਰਨਦੀਪ ਸਿੰਘ, ਦਵਿੰਦਰ ਸ਼ਰਮਾ, ਹਰਦੀਪ ਸਿੰਘ, ਸੁਰਜੀਤ ਸਿੰਘ, ਗੁਰਦੀਪ ਸਿੰਘ ਮਲਕਪੁਰ ਵੀ ਹਾਜ਼ਰ ਸਨ।

# ਗਲਾਡਾ ਨੇ ਕਾਰਵਾਈ ਕਰਦਿਆਂ ਅਯਾਲੀ ਖੁਰਦ ਵਿੱਚ ਅਣਅਧਿਕਾਰਤ ਇਮਾਰਤ ਢਾਹੀ



ਲੁਧਿਆਣਾ, 3 ਮਾਰਚ (ਵਿਸ਼ਾਲ ਸ਼ਰਮਾ): ਮਕਾਨ ਅਤੇ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਮੁੰਡੀਆਂ ਅਤੇ ਗਲਾਡਾ ਦੇ ਮੁੱਖ ਪ੍ਰਸ਼ਾਸਕ ਸੰਦੀਪ ਕੁਮਾਰ ਦੇ ਨਿਰਦੇਸ਼ਾਂ ਦੀ ਪਾਲਣਾ ਕਰਦੇ ਹੋਏ, ਇਸਦੇ ਰੈਗੂਲੇਟਰੀ ਵਿੰਗ ਵੱਲੋਂ ਮੰਗਲਵਾਰ ਨੂੰ ਦੱਖਣੀ ਸ਼ਹਿਰ ਦੇ ਪਿੰਡ ਅਯਾਲੀ ਖੁਰਦ ਵਿੱਚ ਇੱਕ ਅਣਅਧਿਕਾਰਤ ਇਮਾਰਤ ਢਾਹ ਦਿੱਤੀ ਗਈ ਹੈ। ਡਿਵੈਲਪਰਾਂ ਨੇ ਨੋਟਿਸਾਂ ਦੇ ਬਾਵਜੂਦ ਗੈਰ-ਕਾਨੂੰਨੀ ਉਸਾਰੀ ਦਾ ਕੰਮ ਨਹੀਂ ਰੋਕਿਆ, ਇੱਕ ਵਿਸ਼ੇਸ਼ ਟੀਮ ਨੇ ਸੀਲਿੰਗ ਮੁਹਿੰਮ ਚਲਾਈ, ਜੋ ਬਿਨਾਂ ਕਿਸੇ ਵਿਰੋਧ ਦੇ ਸੰਪੰਨ ਹੋਈ। ਮੁੱਖ ਪ੍ਰਸ਼ਾਸਕ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਣਅਧਿਕਾਰਤ ਕਲੋਨੀਆਂ ਵਿੱਚ ਪ੍ਰਵਾਨਗੀ ਤੋਂ ਬਿਨਾਂ ਇਮਾਰਤ ਨਾ ਬਣਾਉਣ/ਇਮਾਰਤ ਯੋਜਨਾ ਨੂੰ ਮਨਜ਼ੂਰੀ ਨਾ ਦੇਣ ਕਿਉਂਕਿ ਗਲਾਡਾ ਪਾਣੀ ਸਪਲਾਈ, ਸੀਵਰੇਜ, ਬਿਜਲੀ ਕੁਨੈਕਸ਼ਨ ਆਦਿ ਵਰਗੀ ਕੋਈ ਸਹੂਲਤ ਪ੍ਰਦਾਨ ਨਹੀਂ ਕਰੇਗਾ। ਮਨਜ਼ੂਰਸ਼ੁਦਾ ਅਤੇ ਨਿਯਮਤ ਕਲੋਨੀਆਂ ਦੀ ਸੂਚੀ ਉਨ੍ਹਾਂ ਦੇ ਪ੍ਰਵਾਨਿਤ ਨਕਸ਼ਿਆਂ ਦੇ ਨਾਲ ਗਲਾਡਾ ਦੀ ਅਧਿਕਾਰਤ ਵੈੱਬਸਾਈਟ 'ਤੇ ਉਪਲੱਬਧ ਹੈ, ਜਿਸਦੀ ਸੰਭਾਵੀ ਖਰੀਦਦਾਰ ਕੋਈ ਵੀ ਜਾਇਦਾਦ ਖਰੀਦਣ ਤੋਂ ਪਹਿਲਾਂ ਜਾਂਚ ਕਰ ਸਕਦੇ ਹਨ।ਵਧੀਕ ਮੁੱਖ ਪ੍ਰਸ਼ਾਸਕ-3 ਗਲਾਡਾ ਵਿਕਾਸ ਹੀਰਾ ਨੇ ਕਿਹਾ ਕਿ ਢਾਹੁਣ ਦੀ ਮੁਹਿੰਮ ਚਲਾਉਣ ਤੋਂ ਇਲਾਵਾ ਗਲਾਡਾ ਕਾਨੂੰਨ ਅਨੁਸਾਰ ਸਖ਼ਤੀ ਨਾਲ ਕਾਰਵਾਈ ਕਰੇਗਾ ਜਾਂ ਲੁਧਿਆਣਾ ਜ਼ਿਲ੍ਹੇ ਵਿੱਚ ਅਣਅਧਿਕਾਰਤ ਵਿਕਾਸ ਕਰਨ ਵਾਲੇ ਵਿਅਕਤੀਆਂ ਵਿਰੁੱਧ ਢੁਕਵੀਂ ਕਾਨੂੰਨੀ ਕਾਰਵਾਈ ਸ਼ੁਰੂ ਕਰੇਗਾ।

# ਸਨਾਤਨ ਸੇਵਾ ਸਮਿਤੀ ਨੇ ਧੰਨਵਾਦ ਪ੍ਰਗਟ ਕਰਨ ਲਈ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ



ਲੁਧਿਆਣਾ, 3 ਮਾਰਚ (ਵਿਸ਼ਾਲ ਸ਼ਰਮਾ): ਸਨਾਤਨ ਸੇਵਾ ਸਮਿਤੀ ਪੰਜਾਬ ਮਾਲਵਾ ਜ਼ੋਨ 1 ਸੰਗਠਨ ਦੇ ਜਨਰਲ ਸਕੱਤਰ ਵਰੁਣ ਮਹਿਤਾ ਅਤੇ ਜ਼ਿਲ੍ਹਾ ਇੰਚਾਰਜ ਨਿਖਿਲ ਸ਼ਰਮਾ ਦੀ ਅਗਵਾਈ ਹੇਠ, ਕਮੇਟੀ ਨੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ, ਪਾਰਟੀ ਦੇ ਸੂਬਾ ਇੰਚਾਰਜ ਮਨੀਸ਼ ਸਿਸੋਦੀਆ ਅਤੇ ਹੋਰ ਆਗੂਆਂ ਨੂੰ ਮਾਣਯੋਗ ਅਦਾਲਤ ਵੱਲੋਂ ਬਰੀ ਕੀਤੇ ਜਾਣ 'ਤੇ ਧੰਨਵਾਦ ਪ੍ਰਗਟ ਕਰਨ ਲਈ ਸਥਾਨਕ ਸਿਵਲ ਲਾਈਨਜ਼ ਸ਼ਿਵ ਮੰਦਰ ਦੇ ਵਿਹੜੇ ਵਿੱਚ ਹਨੂੰਮਾਨ ਚਾਲੀਸਾ ਦਾ ਪਾਠ ਕੀਤਾ। ਇਸ ਮੌਕੇ ਕਮੇਟੀ ਦੇ ਹਲਕਾ ਕੋਆਰਡੀਨੇਟਰ ਅਸ਼ਵਨੀ ਕੰਨੌਜੀਆ, ਭਾਰਤ ਸ਼ਰਮਾ ਨੌਨੀ, ਮਹਿਲਾ ਵਿੰਗ ਇੰਚਾਰਜ ਰੁਪਿੰਦਰ ਕੌਰ, ਬਲਾਕ ਮੁਖੀ ਅਸ਼ਵਨੀ ਕਪੂਰ, ਭਾਵੁਕ ਪ੍ਰਭਾਕਰ, ਪਵਨ ਵਰਮਾ, ਨੰਨੂ ਮਿਗਲਾਨੀ ਅਤੇ ਹੋਰ ਅਧਿਕਾਰੀ ਮੌਜੂਦ ਸਨ। ਮੰਦਰ ਦੇ ਮੁੱਖ ਸੇਵਾਦਾਰ ਚਿੰਟੂ ਸ਼ਾਸਤਰੀ ਨੇ ਕਿਹਾ ਕਿ ਗ੍ਰਹਿਣ ਦੌਰਾਨ ਚਾਲੀਸਾ ਦਾ ਪਾਠ ਸਾਰੇ ਨਾਗਰਿਕਾਂ ਦੀ ਭਲਾਈ ਲਈ ਪ੍ਰਾਰਥਨਾ ਸੀ।ਕਮੇਟੀ ਦੇ ਜ਼ੋਨ ਆਰਗੇਨਾਈਜ਼ੇਸ਼ਨ ਜਨਰਲ ਸਕੱਤਰ ਵਰੁਣ ਮਹਿਤਾ ਨੇ ਦੱਸਿਆ ਕਿ ਸਨਾਤਨ ਸੇਵਾ ਸਮਿਤੀ ਸੂਬੇ ਦੇ ਸਾਰੇ ਵਿਧਾਨ ਸਭਾ ਹਲਕਿਆਂ, ਬਲਾਕ ਖੇਤਰਾਂ ਅਤੇ ਬੂਥ ਖੇਤਰਾਂ ਵਿੱਚ ਧਰਮ ਦੇ ਸੰਦੇਸ਼ ਨੂੰ ਫੈਲਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ।

ਵਰੁਣ ਮਹਿਤਾ ਨੇ ਕਿਹਾ ਕਿ ਕੇਂਦਰ ਸਰਕਾਰ ਅਤੇ ਭਾਰਤੀ ਜ਼ਾਲਿਮ ਪਾਰਟੀ, ਪਾਰਟੀ ਦੇ ਆਗੂਆਂ ਦਾ ਮਨੋਬਲ ਤੋੜਨ ਲਈ ਅਣਥੱਕ ਮਿਹਨਤ ਕਰ ਰਹੇ ਹਨ। ਐਨਡੀਏ ਗਠਜੋੜ ਨੇ ਲੋਕ ਸਭਾ ਚੋਣਾਂ ਅਤੇ ਦਿੱਲੀ ਵਿਧਾਨ ਸਭਾ ਚੋਣਾਂ ਜਿੱਤਣ ਲਈ ਸਾਜ਼ਿਸ਼ ਰਚੀ ਸੀ ਅਤੇ ਉਹ ਮਾਸੂਮ ਜਨਤਾ ਨੂੰ ਗੁੰਮਰਾਹ ਕਰਕੇ ਆਪਣੀ ਸਾਜ਼ਿਸ਼ ਵਿੱਚ ਸਫਲ ਹੋਏ ਕਿਉਂਕਿ ਪ੍ਰਧਾਨ ਮੰਤਰੀ ਅਤੇ ਹੋਰ ਪਾਰਟੀਆਂ ਦੇ ਆਗੂ ਕੇਜਰੀਵਾਲ ਅਤੇ ਸਿਸੋਦੀਆ ਜੀ ਦੀ ਵਧਦੀ ਲੋਕਪ੍ਰਿਯਤਾ ਨਾਲ ਆਪਣਾ ਵਜੂਦ ਖਤਮ ਹੁੰਦਾ ਵੇਖਦੇ ਹਨ, ਪਰ ਦੇਸ਼ ਦੀ ਨਿਆਂ ਪ੍ਰਣਾਲੀ ਨੇ ਏਜੰਸੀਆਂ ਦੁਆਰਾ ਤਿਆਰ ਕੀਤੇ ਗਏ ਝੂਠੇ ਸਬੂਤਾਂ ਦੇ ਪੁਲੰਦੇ ਨੂੰ ਨਜ਼ਰਅੰਦਾਜ਼ ਕਰਦੇ ਹੋਏ, ਉਕਤ ਆਗੂਆਂ ਨੂੰ ਸੱਚਾਈ ਦੇ ਆਧਾਰ 'ਤੇ ਬਰੀ ਕਰ ਦਿੱਤਾ ਅਤੇ ਸਾਡਾ ਮੰਨਣਾ ਹੈ ਕਿ ਇੱਕ ਪਾਸੇ ਭਾਰਤੀ ਜ਼ਾਲਿਮ ਪਾਰਟੀ ਸੀ ਜੋ ਮਰਿਆਦਾ ਪੁਰਸ਼ੋਤਮ ਸ਼੍ਰੀ ਰਾਮ ਦੇ ਨਾਮ ਦੀ ਵਰਤੋਂ ਕਰਕੇ ਸਸਤੇ ਰਾਜਨੀਤਿਕ ਲਾਭ ਕਮਾ ਰਹੀ ਸੀ ਅਤੇ ਦੂਜੇ ਪਾਸੇ ਆਮ ਆਦਮੀ ਪਾਰਟੀ ਅਤੇ ਇਸਦੀ ਸਹਿਯੋਗੀ ਸੰਸਥਾ ਸਨਾਤਨ ਸੇਵਾ ਸੰਮਤੀ ਪੰਜਾਬ ਸੀ ਜੋ ਦੇਸ਼, ਰਾਜ ਅਤੇ ਲੋਕਾਂ ਦੇ ਕਲਿਆਣ ਦੇ ਸੁਪਨੇ ਨਾਲ ਸ਼੍ਰੀ ਹਨੂੰਮਾਨ ਚਾਲੀਸਾ ਮੁਹਿੰਮ ਚਲਾ ਰਹੀ ਸੀ ਅਤੇ ਸ਼੍ਰੀ ਬਾਲਾ ਜੀ ਨੇ ਨਿਰਸਵਾਰਥ ਕੰਮ ਕਰਨ ਵਾਲੇ ਆਗੂਆਂ ਨੂੰ ਸਨਮਾਨਜਨਕ ਤੌਰ 'ਤੇ ਬਰੀ ਕਰਕੇ ਦਿੱਲੀ, ਪੰਜਾਬ, ਗੁਜਰਾਤ ਅਤੇ ਹਰਿਆਣਾ ਦੇ ਲੋਕਾਂ ਦੀਆਂ ਭਾਵਨਾਵਾਂ ਨੂੰ ਪੂਰਾ ਕੀਤਾ, ਇਸ ਲਈ ਅਸੀਂ ਪਰਮਾਤਮਾ ਦਾ ਧੰਨਵਾਦ ਕਰਦੇ ਹਾਂ।

# ਜਪਤਪ ਚੁਪਹਿਰਾ ਸਮਾਗਮ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲਣ ਦਾ ਸਾਧਨ



ਲੁਧਿਆਣਾ, 3 ਮਾਰਚ (ਰਵਿੰਦਰ ਸਿੰਘ ਨਿੱਝਰ): ਗੁਰਦੁਆਰਾ ਸ਼ਹੀਦਾਂ ਫੇਰੂਮਾਨ ਢੋਲੇਵਾਲ ਚੌਕ ਵਿਖੇ ਜੱਪਤੱਪ ਚੌਪਹਿਰਾ ਸਮਾਗਮ ਕਰਵਾਇਆ ਗਿਆ। ਸਮਾਗਮ ਦੌਰਾਨ ਬੀਬੀਆਂ ਦੇ ਜੱਥਿਆਂ ਸਮੇਤ ਭਾਈ ਸੁਖਦੇਵ ਸਿੰਘ ਅਤੇ ਭਾਈ ਅਮਨਦੀਪ ਸਿੰਘ ਵੱਲੋਂ ਸੰਗਤੀ ਰੂਪ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ ਅਤੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ ਗਏ ਅਤੇ ਸੰਗਤਾਂ ਨੇ ਇੱਕਸੁਰ ਹੋ ਕੇ 'ਸਤਿਨਾਮ ਵਾਹਿਗੁਰੂ' ਦਾ ਜਾਪ ਕੀਤਾ। ਇਸ ਮੌਕੇ ਭਾਈ ਸੁਖਦੇਵ ਸਿੰਘ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਉਂਦਿਆਂ ਕਿਹਾ ਕਿ ਜੱਪਤੱਪ ਚੌਪਹਿਰਾ ਸਮਾਗਮ ਮਨ ਦੀ ਸ਼ੁੱਧੀ ਅਤੇ ਜੀਵਨ ਨੂੰ ਗੁਰਬਾਣੀ ਅਨੁਸਾਰ ਢਾਲਣ ਦਾ ਸਾਧਨ ਹੈ।

ਭਾਈ ਅਮਨਦੀਪ ਸਿੰਘ ਨੇ ਵਿਚਾਰਾਂ ਦੌਰਾਨ ਇਹ ਵੀ ਜ਼ੋਰ ਦਿੱਤਾ ਕਿ ਸਿੱਖ ਸ਼ਹੀਦਾਂ ਦੀ ਕੁਰਬਾਨੀ ਸਾਨੂੰ ਧਰਮ, ਇਨਸਾਫ਼ ਅਤੇ ਮਨੁੱਖਤਾ ਲਈ ਡਟੇ ਰਹਿਣ ਦੀ ਪ੍ਰੇਰਣਾ ਦਿੰਦੀ ਹੈ। ਸਮਾਗਮ ਦੇ ਅੰਤ ਵਿੱਚ ਸਰਬੱਤ ਦੇ ਭਲੇ ਦੀ ਅਰਦਾਸ ਕਰਕੇ, ਲੰਗਰ ਪ੍ਰਸਾਦ ਦੀ ਸੇਵਾ ਨਿਭਾਈ ਗਈ। ਇਸ ਮੌਕੇ ਦਵਿੰਦਰ ਕੌਰ ਸੋਹਲ, ਹਰਭਜਨ ਕੌਰ, ਹਰਮਿੰਦਰ ਕੌਰ, ਪਰਵਿੰਦਰ ਕੌਰ ਲਾਇਲਪੁਰੀ, ਅਮਰਜੀਤ ਕੌਰ, ਬਲਜੀਤ ਕੌਰ, ਅਨੂਪ ਕੌਰ, ਰਣਜੀਤ ਕੌਰ, ਮਨਜੀਤ ਕੌਰ ਬੱਬਲ, ਕੁਲਵੰਤ ਕੌਰ ਡੰਗ, ਪਰਮਜੀਤ ਕੌਰ, ਜਸਵਿੰਦਰ ਕੌਰ, ਸੁਰਿੰਦਰ ਕੌਰ, ਨਰਿੰਦਰ ਕੌਰ, ਸੁਖਵਿੰਦਰ ਕੌਰ, ਗੁਰਿੰਦਰ ਕੌਰ, ਬਲਵਿੰਦਰ ਕੌਰ, ਬਲਜੀਤ ਕੌਰ, ਜਸਵੀਰ ਕੌਰ, ਹਰਦੀਪ ਕੌਰ, ਮਨਪ੍ਰੀਤ ਕੌਰ, ਰਜਿੰਦਰ ਕੌਰ, ਪਰਮਜੀਤ ਕੌਰ, ਲਵਦੀਪ ਕੌਰ, ਤਰਲੋਚਨ ਸਿੰਘ ਬੱਬਰ, ਗੁਰਜੀਤ ਸਿੰਘ ਗਿੱਲ ਐਨਆਰਆਈ, ਅਰਜਨ ਸਿੰਘ ਚੀਮਾ, ਇੰਦਰਜੀਤ ਸਿੰਘ ਮੱਕੜ, ਬਲਜੀਤ ਸਿੰਘ ਦੁਖੀਆ, ਤੇਜਿੰਦਰ ਸਿੰਘ ਡੰਗ, ਪਰਮਜੀਤ ਸਿੰਘ ਲਾਇਲਪੁਰੀ, ਸੁਰਿੰਦਰਜੀਤ ਸਿੰਘ ਮੱਕੜ, ਇੰਦਰਜੀਤ ਸਿੰਘ ਗੋਲਾ, ਮੋਹਨ ਸਿੰਘ ਚੌਹਾਨ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਭਾਈ ਸੁਖਦੇਵ ਸਿੰਘ, ਦਵਿੰਦਰ ਸਿੰਘ ਸਿੱਬਲ, ਗੁਰਮੀਤ ਸਿੰਘ , ਸੁਰਿੰਦਰ ਸਿੰਘ ਨਾਰੰਗ ਵੀ ਗੁਰੂ ਘਰ ਨਤਮਸਤਿਕ ਹੋਏ।

# ਇੰਸਪੈਕਟਰ ਮੀਤ ਰਾਮ ਨੂੰ ਸੇਵਾ ਮੁਕਤੀ 'ਤੇ ਵਿਦਾਇਗੀ ਪਾਰਟੀ ਦਿੱਤੀ



ਲੁਧਿਆਣਾ, 3 ਮਾਰਚ (ਰਵਿੰਦਰ ਸਿੰਘ ਨਿੱਝਰ): ਪੁਲਿਸ ਵਿਭਾਗ ਵਿੱਚੋਂ ਸੇਵਾ ਮੁਕਤ ਹੋਏ ਇੰਸਪੈਕਟਰ ਮੀਤ ਰਾਮ ਨੂੰ ਪੁਲਿਸ ਲਾਈਨਜ਼ ਵਿਖੇ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਏਸੀਪੀ ਹੈੱਡ ਕੁਆਰਟਰ ਮਨਜੀਤ ਸਿੰਘ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਵਿਸ਼ਵਕਰਮਾ ਨਿਸ਼ਕਾਮ ਸੇਵਾ ਟਰੱਸਟ ਦੇ ਪ੍ਰਧਾਨ ਬਲਬੀਰ ਸਿੰਘ ਕਲਸੀ ਨੇ ਮੀਤ ਰਾਮ ਨੂੰ ਉਚੇਚੇ ਤੌਰ 'ਤੇ ਸਨਮਾਨਿਤ ਕੀਤਾ। ਸ੍ਰੀ ਕਲਸੀ ਨੇ ਮੀਤ ਰਾਮ ਦੁਆਰਾ ਨਿਭਾਈਆਂ ਸੇਵਾਵਾਂ ਦੀ ਸ਼ਲਾਘਾ ਵੀ ਕੀਤੀ। ਇਸ ਮੌਕੇ ਹਰਮਿੰਦਰ ਸਿੰਘ, ਰਿਸ਼ੀ ਕੁਮਾਰ, ਸੁਰਿੰਦਰ ਕੁਮਾਰ ਅਤੇ ਪ੍ਰਭਜੋਤ ਕੌਰ ਆਦਿ ਅਨੇਕਾਂ ਸਖਸ਼ੀਅਤਾਂ ਹਾਜ਼ਰ ਸਨ।

# ਸੰਯੁਕਤ ਕਿਸਾਨ ਮੋਰਚਾ ਪੂਰੇ ਦੇਸ਼ ਵਿੱਚ 10 ਤੋਂ 'ਕਿਸਾਨ ਬਚਾਓ ਰੈਲੀਆਂ' ਕਰੇਗਾ

ਲੁਧਿਆਣਾ, 3 ਮਾਰਚ (ਰਵਿੰਦਰ ਸਿੰਘ ਨਿੱਝਰ) : ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਦੀ ਮੀਟਿੰਗ ਲੁਧਿਆਣਾ ਵਿਖੇ ਸਤਨਾਮ ਸਿੰਘ ਅਜਨਾਲਾ, ਸੁਖਦੇਵ ਸਿੰਘ ਆਰਇਆ ਵਾਲਾ, ਗੁਰਮੀਤ ਸਿੰਘ ਮਹਿਮਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਛੇ ਮਾਰਚ ਨੂੰ ਬਠਿੰਡਾ ਕਿਸਾਨ ਮਾਰਚ, 10 ਮਾਰਚ ਨੂੰ ਬਰਨਾਲਾ ਇੱਕ ਕਿਸਾਨ ਬਚਾਓ ਰੈਲੀ,ਸ਼ੇਰੋ ਖੰਡ ਮਿਲਦੀਆਂ ਜ਼ਮੀਨਾਂ ਵੇਚਣ ਅਜੰਡਿਆਂ 'ਤੇ ਵਿਚਾਰ ਚਰਚਾ ਕਰਕੇ ਫੈਸਲੇ ਲਏ ਗਏ। ਸੰਯੁਕਤ ਪੰਜਾਬ ਸਰਕਾਰ ਨੇ ਕਿਸਾਨਾਂ ਤੋਂ ਪਹਿਲਾਂ ਚੰਡੀਗੜ੍ਹ ਵਿੱਚ ਸੰਘਰਸ਼ ਕਰਨ ਦਾ ਅਧਿਕਾਰ ਖੋਹਿਆ ਪੰਜ ਮਾਰਚ 2025 ਨੂੰ ਕਿਸਾਨਾਂ ਨੂੰ ਚੰਡੀਗੜ੍ਹ ਵਿੱਚ ਮੋਰਚਾ ਨਹੀਂ ਲਾਉਣ ਦਿੱਤਾ ਗਿਆ ਤੇ ਰਾਹ ਦੇ ਜਬਰ ਕੀਤਾ ਗਿਆ। ਕਿਸਾਨਾਂ ਨੂੰ ਡਾਂਗਾਂ ਨਾਲ ਕੁੱਟਿਆ ਗਿਆ ਤੇ ਜੇਲ੍ਹਾਂ ਵਿੱਚ ਡੱਕਿਆ ਗਿਆ।

ਪੰਜਾਬ ਸਰਕਾਰ ਨੇ ਪੰਜਾਬ ਨੂੰ ਪੁਲਿਸ ਸਟੇਟ ਵਿੱਚ ਤਬਦੀਲ ਕਰ ਦਿੱਤਾ ਹੈ। ਇਸ ਵਿਰੁੱਧ 6 ਮਾਰਚ ਨੂੰ ਬਠਿੰਡਾ ਵਿੱਚ ਕਿਸਾਨ ਜਥੇਬੰਦੀਆਂ ਮਾਰਚ ਕਰਨਗੀਆਂ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਵੱਡੀ ਗਿਣਤੀ ਵਿੱਚ ਉਸ ਵਿੱਚ ਸ਼ਾਮਿਲ ਹੋਣਗੀਆਂ। 24 ਫਰਵਰੀ ਸੰਯੁਕਤ ਕਿਸਾਨ ਮੋਰਚਾ ਭਾਰਤ ਦੀ ਮੀਟਿੰਗ ਕੁਰੂਕਸ਼ੇਤਰ ਵਿੱਚ ਹੋਈ, ਜਿਸ ਵਿੱਚ 10 ਮਾਰਚ ਤੋਂ ਲੈ ਕੇ 13 ਅਪ੍ਰੈਲ ਤੱਕ ਸਾਰੇ ਭਾਰਤ ਵਿੱਚ ਕਿਸਾਨ ਬਚਾਓ ਰੈਲੀਆਂ ਕੀਤੀਆਂ ਜਾਣਗੀਆਂ। ਜਿਸ ਦਾ ਆਗਾਜ 10 ਮਾਰਚ ਨੂੰ ਪੰਜਾਬ ਵਿੱਚ ਬਰਨਾਲਾ ਵਿੱਚ ਵੱਡੀ ਕਿਸਾਨ ਰੈਲੀ ਕਰਕੇ ਕੀਤਾ ਜਾਵੇਗਾ।

ਮੀਟਿੰਗ ਵਿੱਚ ਬਲਵੀਰ ਸਿੰਘ ਰਾਜੇਵਾਲ, ਡਾਕਟਰ ਦਰਸ਼ਨ ਪਾਲ ਰਮਿੰਦਰ ਸਿੰਘ ਪਟਿਆਲਾ, ਜੰਗਵੀਰ ਚੌਹਾਨ, ਬਲਵਿੰਦਰ ਸਿੰਘ ਮੱਲੀ ਨੰਗਲ, ਜੋਗਿੰਦਰ ਸਿੰਘ ਉਗਰਾਹਾਂ, ਰਘਬੀਰ ਸਿੰਘ ,ਪਰਮਿੰਦਰ ਸਿੰਘ ਪਾਲ ਮਾਜਰਾ, ਬੂਟਾ ਸਿੰਘ ਬੁਰਜਕਿਲ, ਹਰਦੇਵ ਸਿੰਘ ਸੰਧੂ, ਰਲਦੂ ਸਿੰਘ ਮਾਨਸਾ, ਹਰਮੀਤ ਸਿੰਘ ਕਾਦੀਆਂ ,ਬਿੰਦਰ ਸਿੰਘ ਗੋਲੇਵਾਲਾ, ਬੂਟਾ ਸਿੰਘ ਸ਼ਾਦੀਪੁਰ, ਗੁਰਵਿੰਦਰ ਸਿੰਘ ਢਿਲੋਂ, ਹਰਭਜਨ ਸਿੰਘ ਬੁੱਟਰ, ਮਨਜੀਤ ਸਿੰਘ ਧਨੇਰ, ਬਲਦੇਵ ਸਿੰਘ ਲਤਾਲਾ, ਪ੍ਰੇਮ ਸਿੰਘ ਭੰਗੂ, ਸਤਨਾਮ ਸਿੰਘ ਆਦਿ ਸ਼ਾਮਿਲ ਹੋਏ।

# ਪੰਜਵੀਂ ਵਾਰ 'ਆਪ' ਬੀ.ਸੀ. ਦੇ ਹਲਕਾ ਪ੍ਰਧਾਨ ਬਣਨ 'ਤੇ ਕੰਡਾ ਸਨਮਾਨਿਤ



ਲੁਧਿਆਣਾ, 3 ਮਾਰਚ (ਰਵਿੰਦਰ ਸਿੰਘ ਨਿੱਝਰ): ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਅਵਤਾਰ ਸਿੰਘ ਕੰਡਾ ਨੂੰ ਲਗਾਤਾਰ ਪੰਜਵੀਂ ਵਾਰ ਹਲਕਾ ਆਤਮ ਨਗਰ ਦੇ ਬੀਸੀ ਬਿੰਗ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਉਹਨਾਂ ਦੀ ਇਸ ਨਿਯੁਕਤੀ 'ਤੇ ਉਨਾਂ ਨੂੰ ਸ਼ਿਮਲਾਪੁਰੀ ਵਾਰਡ 40 ਵਿਖੇ ਇੱਕ ਸਮਾਗਮ ਕਰਾ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਸਮਾਗਮ ਵਿੱਚ ਪਹੁੰਚੇ ਹਲਕਾ ਵਿਧਾਇਕ ਕੁਲਵੰਤ ਸਿੰਘ ਸਿੱਧੂ ਨੇ ਉਹਨਾਂ ਨੂੰ ਲੋਈ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਅਨੇਕਾਂ ਸ਼ਖਸ਼ੀਅਤਾਂ ਨੇ ਸੰਬੋਧਨ ਕਰਦਿਆਂ ਸ੍ਰੀ ਕੰਡਾ ਦੁਆਰਾ ਪਾਰਟੀ ਪ੍ਰਤੀ ਨਿਭਾਈਆਂ ਜਾ ਰਹੀਆਂ ਨਿਰਪੱਖ ਸੇਵਾਵਾਂ ਦੀ ਸ਼ਲਾਘਾ ਕੀਤੀ। ਸ੍ਰੀ ਸਿੱਧੂ ਨੇ ਆਖਿਆ ਕਿ ਕੰਡਾ ਵਰਗੇ ਮਿਹਨਤੀ ਇਮਾਨਦਾਰ ਅਤੇ ਤਨਦੇਹੀ ਨਾਲ ਕੰਮ ਕਰਨ ਵਾਲੇ ਵਰਕਰਾਂ ਦੀ ਹਰ ਪਾਰਟੀ ਨੂੰ ਲੋੜ ਹੁੰਦੀ ਹੈ, ਪਰੰਤੂ ਸਾਨੂੰ ਇਸ ਗੱਲ ਤੇ ਫਖਰ ਹੈ ਕਿ ਇਹ ਆਮ ਆਦਮੀ ਪਾਰਟੀ ਵਾਸਤੇ ਦਿਨ ਰਾਤ ਇੱਕ ਕਰ ਰਹੇ ਹਨ। ਉਹਨਾਂ ਆਸ ਪ੍ਰਗਟ ਕੀਤੀ ਗਈ ਸ੍ਰੀ ਕੰਡਾ ਭਵਿੱਖ ਵਿੱਚ ਹੋਰ ਵੀ ਵਧੇਰੇ ਮਿਹਨਤ ਕਰਨਗੇ। ਸਮੁੱਚੇ ਸਮਾਗਮ ਦੌਰਾਨ ਸਟੇਜ ਦਾ ਸੰਚਾਲਨ ਰਜੇਸ਼ ਸੋਨੀ ਨੇ ਕੀਤਾ।ਸਮਾਗਮ ਵਿੱਚ ਬੀਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਵਿਜੇ ਸਿੰਘ, ਵਿਧਾਇਕ ਦੇ ਪੀਏ ਕਮਲ ਕਪੂਰ, ਸੋਹਣ ਸਿੰਘ ਗੋਗਾ, ਮਮਤਾ ਰਾਣੀ, ਜਗਮੀਤ ਸਿੰਘ ਨੋਨੀ, ਯੁਵਰਾਜ ਸਿੱਧੂ (ਸਾਰੇ ਕੌਂਸਲਰ) ਨਰਿੰਦਰ ਪਾਲ ਸਿੰਘ ਸੂਰਾ, ਸਾਬਕਾ ਕੌਂਸਲਰ ਰਜਿੰਦਰ ਸਿੰਘ ਬਾਜਵਾ, ਸਰਤਾਜ ਸਿੱਧੂ, ਧਰਮਿੰਦਰ ਸਿੰਘ ਸਰਾਂ, ਹਰਦੇਵ ਸਿੰਘ ਮਣਕੂ, ਗੁਰਦੀਪ ਸਿੰਘ ਗਹੀਰ, ਦਲੀਪ ਕੁਮਾਰ, ਸੁਖਪ੍ਰੀਤ ਕੌਰ, ਜੋਰਾ ਸਿੰਘ ਸੋਖਲ, ਚਮਕੌਰ ਸਿੰਘ ਤੱਗੜ, ਇੰਦਰਪਾਲ ਸਿੰਘ ਕੰਡਾ, ਰਜਿੰਦਰ ਸਿੰਘ ਕੰਡਾ, ਡਾ ਭਾਰਤ ਪੁੰਜ, ਨਵਪ੍ਰੀਤ ਸਿੰਘ ਕੰਡਾ, ਵਿਸ਼ਵਦੀਪ ਸਿੰਘ ਕੰਡਾ, ਸ਼ਿਵਮ ਸੋਨੀ, ਰਜਿੰਦਰ ਸਰਹਾਲੀ, ਰਮਨਦੀਪ ਸਿੰਘ ਪੈਕ, ਰੇਸ਼ਮ ਸਿੰਘ ਸੱਗੂ, ਕੁਲਬੀਰ ਸਿੰਘ ਕੇਬੀ, ਕਮਲ ਸੰਧੂ, ਬਲਵਿੰਦਰ ਸਿੰਘ ਸੋਨੂ, ਰਵਿੰਦਰ ਸਿੰਘ ਕੈਲੇ, ਮਹਿੰਦਰ ਸਿੰਘ, ਅਮਰਪਾਲ ਸਿੰਘ ਬਿੱਲਾ, ਇਕਬਾਲ ਸਿੰਘ ਬੰਟੀ, ਕੁਲਵੰਤ ਸਿੰਘ ਜੌੜਾ, ਪੁਸ਼ਵਿੰਦਰ ਸਿੰਘ, ਜਗਜੀਤ ਸਿੰਘ, ਬਲਰਾਮ ਸਿੰਘ, ਸੁਖਦੇਵ ਸਿੰਘ ਧੂੰਨਾ, ਸੁਖਦੇਵ ਪੰਨੂ ਅਤੇ ਸੁਰੇਸ਼ ਸੋਨੂ ਆਦਿ ਵੀ ਹਾਜ਼ਰ ਸਨ।

# ਸਪਰਿੰਗ ਡੇਲ ਸਕੂਲ ਵਿਖੇ ਹੋਲੀ ਮਨਾਈ



ਲੁਧਿਆਣਾ, 3 ਮਾਰਚ (ਰਵਿੰਦਰ ਸਿੰਘ ਨਿੱਝਰ): ਰੰਗਾਂ ਦੇ ਤਿਉਹਾਰ ਹੋਲੀ ਨੂੰ ਸਪਰਿੰਗ ਡੇਲ ਸਕੂਲ ਵਿਖੇ ਬੜੇ ਹੀ ਜੋਸ਼ ਅਤੇ ਉਤਸ਼ਾਹ ਦੇ ਨਾਲ਼ ਮਨਾਇਆ ਗਿਆ। ਇਸ ਮੌਕੇ ਕਿੰਡਰਗਾਰਟਨ ਦੇ ਬੱਚਿਆਂ ਨੇ ਪੁਸ਼ਪ ਹੋਲੀ ਖੇਲ ਕੇ ਖ਼ੂਬ ਅਨੰਦ ਮਾਣਿਆ। ਬੱਚਿਆਂ ਨੇ ਚੰਦਨ ਅਤੇ ਗ਼ੁਲਾਬ ਦੀਆਂ ਪੰਖੜੀਆਂ ਨਾਲ਼ ਹੋਲੀ ਖੇਡ ਕੇ ਸਮਾਜ ਨੂੰ ਕੈਮੀਕਲ ਯੁਕਤ ਰੰਗਾਂ ਨੂੰ ਨਾ ਪ੍ਰਯੋਗ ਕਰਨ ਦਾ ਸੁਨੇਹਾ ਵੀ ਦਿੱਤਾ। ਇਸ ਮੌਕੇ ਬੱਚਿਆਂ ਨੇ ਮਿਠਾਈਆਂ ਖਾ ਕੇ ਖ਼ੂਬ ਲੁਤਫ਼ ਉਠਾਇਆ।ਇਸ ਮੌਕੇ ਸਕੂਲ ਦੇ ਮਾਨਯੋਗ ਚੇਅਰਪਰਸਨ ਮੈਡਮ ਸ਼੍ਰੀਮਤੀ ਅਵਿਨਾਸ਼ ਕੌਰ ਵਾਲੀਆ ਨੇ ਵੀ ਨੰਨ੍ਹੇ- ਮੁੰਨੇ ਬੱਚਿਆਂ ਦੇ ਨਾਲ਼ ਪੁਸ਼ਪ ਹੋਲੀ ਖੇਡ ਕੇ ਖ਼ੂਬ ਅਨੰਦ ਮਾਣਿਆ। ਉਹਨਾਂ ਨਾਲ਼ ਹੀ ਇਹ ਵੀ ਕਿਹਾ ਕਿ ਹੋਲੀ ਪਿਆਰ ਅਤੇ ਭਾਈਚਾਰੇ ਦਾ ਪ੍ਰਤੀਕ ਹੈ, ਸੋ ਇਸ ਤਿਉਹਾਰ ਨੂੰ ਸਾਦਗੀ ਅਤੇ ਉਤਸ਼ਾਹ ਦੇ ਨਾਲ਼ ਹੀ ਮਨਾਇਆ ਜਾਣਾ ਚਾਹੀਦਾ। ਇਸ ਦੇ ਨਾਲ਼ ਹੀ ਡਾਇਰੈਕਟਰਜ਼ ਸ਼੍ਰੀ ਮਨਦੀਪ ਵਾਲੀਆ, ਕਮਲਪ੍ਰੀਤ ਕੌਰ, ਡਿਪਟੀ ਡਾਇਰੈਕਟਰ ਸੋਨੀਆ ਵਰਮਾ ਅਤੇ ਪ੍ਰਿੰਸੀਪਲ ਅਨਿਲ ਸ਼ਰਮਾ ਨੇ ਵੀ ਸਾਰਿਆਂ ਨੂੰ ਹੋਲੀ ਦੀਆਂ ਬਹੁਤ- ਬਹੁਤ ਵਧਾਈਆਂ ਦਿੱਤੀਆਂ ਅਤੇ ਸੁਰੱਖਿਅਤ ਅਤੇ ਸੁਗਮ ਤਰੀਕੇ ਦੇ ਨਾਲ਼ ਹੋਲੀ ਖੇਡਣ ਦਾ ਸੁਨੇਹਾ ਵੀ ਦਿੱਤਾ।

# ਪੰਜਾਬੀ ਦੋਗਾਣਾ 'ਲਾਰੇ' ਰਿਲੀਜ਼



ਲੁਧਿਆਣਾ, 3 ਮਾਰਚ (ਰਵਿੰਦਰ ਸਿੰਘ ਨਿੱਝਰ): ਸੰਧੂ ਰਿਕਾਰਡਜ਼ ਵੱਲੋਂ ਇੱਕ ਰੋਮਾਂਟਿਕ ਪੰਜਾਬੀ ਦੋਗਾਣਾ 'ਲਾਰੇ' ਰਿਲੀਜ ਕੀਤਾ ਗਿਆ ਹੈ। ਦੀਪ ਸੰਧੂ ਅਤੇ ਸੁੱਖੀ ਅਟਵਾਲ ਦੀਆਂ ਆਵਾਜ਼ਾਂ ਵਿੱਚ ਗਾਏ ਗਏ ਇਸ ਦੋਗਾਣੇ ਨੂੰ ਬੱਬਲ ਸਿਵੀਆ ਹਨ ਨੇ ਲਿਖਿਆ ਹੈ। ਇਸ ਦਾ ਸੰਗੀਤ ਅਵਤਾਰ ਧੀਮਾਨ ਨੇ ਤਿਆਰ ਕੀਤਾ ਹੈ ਅਤੇ ਇਸ ਦੀ ਵੀਡੀਓ ਵੀ ਅਵਤਾਰ ਧੀਮਾਨ ਦੇ ਨਿਰਦੇਸ਼ਾਂ ਹੇਠ ਵੱਖ-ਵੱਖ ਥਾਵਾਂ 'ਤੇ ਬਣਾਈ ਗਈ ਹੈ। ਗਾਇਕ ਜੋੜੀ ਨੂੰ ਨੌਜਵਾਨਾਂ ਦੀ ਪਸੰਦ ਵਾਲੇ ਇਸ ਗੀਤ 'ਤੇ ਵੱਡੀਆਂ ਆਸਾਂ ਹਨ।

# ਨਾਗਰਿਕਾਂ ਵੱਲੋਂ ਅਮਰੀਕਾ-ਇਜ਼ਰਾਈਲ ਦੇ ਵੱਲੋਂ ਈਰਾਨ 'ਤੇ ਹਮਲੇ ਨੂੰ ਤੁਰੰਤ ਰੋਕਣ ਦੀ ਮੰਗ

ਲੁਧਿਆਣਾ, 3 ਮਾਰਚ (ਰਵਿੰਦਰ ਸਿੰਘ ਨਿੱਝਰ): ਇੰਡੀਅਨ ਡਾਕਟਰਜ਼ ਫਾਰ ਪੀਸ ਐਂਡ ਡਿਵੈਲਪਮੈਂਟ (ਆਈਡੀਪੀਡੀ), ਸੋਸ਼ਲ ਥਿੰਕਰਜ਼ ਫ਼ੋਰਮ ਅਤੇ ਭਰਤ ਜਨ ਗਿਆਨ ਵਿਗਿਆਨ ਜੱਥਾ ਵੱਲੋਂ ਮਿੰਨੀ ਸਕੱਤਰੇਤ ਲੁਧਿਆਣਾ ਵਿਖੇ ਕੀਤੇ ਗਏ ਸਾਂਝੇ ਪ੍ਰਦਰਸ਼ਨ ਦੇ ਭਾਗੀਦਾਰਾਂ ਨੇ ਇਰਾਨ ਦੇ ਖ਼ਿਲਾਫ਼ ਅਮਰੀਕਾ-ਇਜ਼ਰਾਈਲ ਦੀ ਫੌਜੀ ਹਮਲਾਵਰਤਾ ਦੀ ਸਖ਼ਤ ਨਿੰਦਾ ਕੀਤੀ। ਸਾਮਰਾਜੀ ਤਾਕਤ ਦੇ ਇਸ ਖੁੱਲ੍ਹੇ ਪ੍ਰਦਰਸ਼ਨ ਨੇ ਤਬਾਹੀ ਮਚਾਈ ਹੈ, ਪਹਿਲਾਂ ਤੋਂ ਹੀ ਨਾਜ਼ੁਕ ਖੇਤਰ ਨੂੰ ਹੋਰ ਅਸਥਿਰ ਕੀਤਾ ਹੈ ਅਤੇ ਲੱਖਾਂ ਨਾਗਰਿਕਾਂ ਨੂੰ ਡਰ ਅਤੇ ਅਨਿਸ਼ਚਿਤਤਾ ਵਿੱਚ ਧੱਕ ਦਿੱਤਾ ਹੈ। ਹਰ ਜੰਗ ਵਾਂਗ, ਸਭ ਤੋਂ ਵੱਧ ਪੀੜਾ ਔਰਤਾਂ ਅਤੇ ਬੱਚਿਆਂ ਨੂੰ ਸਹਿਣੀ ਪੈਂਦੀ ਹੈ। ਨਾਗਰਿਕ ਢਾਂਚੇ 'ਤੇ, ਜਿਸ ਵਿੱਚ ਇੱਕ ਪ੍ਰਾਈਮਰੀ ਸਕੂਲ ਵੀ ਸ਼ਾਮਲ ਹੈ, ਕੀਤੇ ਗਏ ਹਮਲੇ ਦੀਆਂ ਰਿਪੋਰਟਾਂ—ਜਿਸ ਨਾਲ 153 ਮਾਸੂਮ ਬੱਚਿਆਂ ਦੀ ਮੌਤ ਹੋਈ—ਇਸ ਹਮਲਾਵਰਤਾ ਦੇ ਨਿਰਦਈ ਅਤੇ ਨਾਜਾਇਜ਼ ਚਿਹਰੇ ਨੂੰ ਬੇਨਕਾਬ ਕਰਦੀਆਂ ਹਨ।ਇਹ ਹਮਲਾ ਕੌਮੀ ਪ੍ਰਭੂਸੱਤਾ ਤੇ ਅੰਤਰਰਾਸ਼ਟਰੀ ਕਾਨੂੰਨ ਦੇ ਸੰਯੁਕਤ ਰਾਸ਼ਟਰ ਸੰਘ ਦੇ ਚਾਰਟਰ ਵਿੱਚ ਦਰਜ ਸਿਧਾਂਤਾਂ ਦੀ ਖੁੱਲ੍ਹੀ ਉਲੰਘਣਾ ਹੈ। ਕੂਟਨੀਤਕ ਗੱਲਬਾਤ ਦੇ ਦਰਮਿਆਨ ਕੀਤੀ ਗਈ ਫੌਜੀ ਕਾਰਵਾਈ ਦੋਹਰੇ ਚਿਹਰੇ ਨੂੰ ਦਰਸਾਉਂਦੀ ਹੈ ਅਤੇ ਇਹ ਸਪਸ਼ਟ ਕਰਦੀ ਹੈ ਕਿ ਅਜਿਹੀਆਂ ਦਖ਼ਲਅੰਦਾਜ਼ੀਆਂ ਨੂੰ ਸ਼ਾਂਤੀ ਜਾਂ ਲੋਕਤੰਤਰ ਨਹੀਂ, ਸਗੋਂ ਹਕੂਮਤ ਬਦਲਣ ਦੀ ਮਹੱਤਵਾਕਾਂਕਸ਼ਾ ਚਲਾ ਰਹੀ ਹੈ। ਕਿਸੇ ਸਰਕਾਰ ਦੀ ਆਲੋਚਨਾ ਕਰਨ ਜਾਂ ਉਸ ਨੂੰ ਬਦਲਣ ਦਾ ਅਧਿਕਾਰ ਕੇਵਲ ਉਸ ਦੇਸ਼ ਦੇ ਲੋਕਾਂ ਨੂੰ ਹੈ—ਕਿਸੇ ਵਿਦੇਸ਼ੀ ਤਾਕਤ ਨੂੰ ਨਹੀਂ ਜੋ ਰਣਨੀਤਕ ਦਬਦਬਾ ਕਾਇਮ ਕਰਨ ਦੀ ਕੋਸ਼ਿਸ਼ ਕਰ ਰਹੀ ਹੋਵੇ।ਇਸ ਦੇ ਪ੍ਰਭਾਵ ਇਰਾਨ ਦੀਆਂ ਸਰਹੱਦਾਂ ਤੋਂ ਕਾਫ਼ੀ ਪਰੇ ਤੱਕ ਫ਼ੈਲਣ ਗੇ। ਇਹ ਸਥਿਤੀ ਖੇਤਰੀ ਅਸਥਿਰਤਾ ਵਿਸ਼ਵ ਸ਼ਾਂਤੀ, ਅੰਤਰਰਾਸ਼ਟਰੀ ਸੁਰੱਖਿਆ, ਊਰਜਾ ਸਥਿਰਤਾ ਅਤੇ ਲੱਖਾਂ ਲੋਕਾਂ ਦੀ ਜ਼ਿੰਦਗੀ ਅਤੇ ਰੋਜ਼ੀ-ਰੋਟੀ ਲਈ ਖ਼ਤਰਾ ਬਣ ਸਕਦੀ ਹੈ—ਜਿਸ ਵਿੱਚ ਪੱਛਮੀ ਏਸ਼ੀਆ ਵਿੱਚ ਕੰਮ ਕਰ ਰਹੇ ਲਗਭਗ ਇੱਕ ਕਰੋੜ ਭਾਰਤੀ ਵੀ ਸ਼ਾਮਲ ਹਨ।ਅਸੀਂ ਇਰਾਨ ਦੇ ਲੋਕਾਂ ਨਾਲ, ਖ਼ਾਸ ਕਰਕੇ ਔਰਤਾਂ ਅਤੇ ਬੱਚਿਆਂ ਨਾਲ, ਪੂਰੀ ਏਕਜੁੱਟਤਾ ਦਾ ਪ੍ਰਗਟਾਵਾ ਕਰਦੇ ਹਾਂ, ਜੋ ਭੂ-ਰਾਜਨੀਤਿਕ ਦੁਰਸਾਹਸ ਦੀ ਸਭ ਤੋਂ ਭਾਰੀ ਕੀਮਤ ਅਦਾ ਕਰ ਰਹੇ ਹਨ।ਇਹ ਗੰਭੀਰ ਚਿੰਤਾ ਦੀ ਗੱਲ ਹੈ ਕਿ ਇਹ ਤਣਾਅ ਖੇਤਰ ਵਿੱਚ ਉੱਚ ਪੱਧਰੀ ਕੂਟਨੀਤਿਕ ਸੰਪਰਕਾਂ ਦੇ ਬਾਅਦ ਵਧਿਆ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਇਸ ਗੈਰਕਾਨੂੰਨੀ ਹਮਲੇ ਦੇ ਖ਼ਿਲਾਫ਼ ਇੱਕ ਸਪਸ਼ਟ ਅਤੇ ਸਿਧਾਂਤਕ ਮੌਕਫ਼ ਅਪਣਾਏ ਅਤੇ ਤੁਰੰਤ ਜੰਗਬੰਦੀ ਅਤੇ ਸ਼ਾਂਤੀ ਦੀ ਬਹਾਲੀ ਲਈ ਕੂਟਨੀਤਿਕ ਕੋਸ਼ਿਸ਼ਾਂ ਸ਼ੁਰੂ ਕਰੇ।ਜੰਗ ਕੋਈ ਹੱਲ ਨਹੀਂ ਹੁੰਦੀ। ਇਹ ਬੇਗੁਨਾਹ ਲੋਕਾਂ 'ਤੇ ਥੋਪੀ ਗਈ ਤਬਾਹੀ ਹੁੰਦੀ ਹੈ।ਪੰਜਾਬੀ ਭਵਨ ਤੋਂ ਮਾਰਚ ਦੀ ਸ਼ਕਲ ਵਿੱਚ ਸ਼ੁਰੂ ਹੋ ਕੇ ਡਿਪਟੀ ਕਮਿਸ਼ਨਰ ਦਫਤਰ ਪਹੁੰਚੇ ਪ੍ਰਦਰਸ਼ਨਕਾਰੀਆਂ ਨੇ ਡੋਨਾਲਡ ਟਰੰਪ ਅਤੇ ਨੇਤਾਨਯਾਹੂ ਦੇ ਪੁਤਲੇ ਸਾੜੇ।ਇਸ ਮੌਕੇ 'ਤੇ ਸੰਬੋਧਨ ਕਰਨ ਵਾਲਿਆਂ ਵਿੱਚ ਡਾ. ਅਰੁਣ ਮਿੱਤਰਾ, ਐਮ. ਐਸ. ਭਟੀਆ, ਸੁਰਿੰਦਰ ਕੌਰ ਗਿੱਲ , ਡਾ ਗੁਰਚਰਨ ਕੌਰ ਕੋਚਰ, ਡਾ ਕੁਸਮ ਲਤਾ , ਡਾ ਪ੍ਰਗਿਆ ਸ਼ਰਮਾ , ਰਮੇਸ਼ ਰਤਨ , ਗੁਰਵੰਤ ਸਿੰਘ , ਡਾ ਪਰਮ ਸੈਨੀ, ਇੰਦਰਜੀਤ ਸਿੰਘ ਸੋਢੀ, ਡਾ. ਰਣਜੀਤ ਸਿੰਘ, ਡਾ. ਸੀਰਤ, ਮਲਕੀਤ ਮਾਲੜਾ, ਭਾਰਤ ਭੂਸ਼ਣ ਗੋਇਲ ਸ਼ਾਮਲ ਸਨ।ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਅਜੀਤ ਜਵੱਦੀ ,ਅਵਤਾਰ ਛਿੱਬੜ, ਰਾਮਾਧਾਰ ਸਿੰਘ , ਰਾਮ ਚੰਦ ,ਡਾਕਟਰ ਐਸ ਕੇ ਨਗੇਸ਼, ਅਨੋਦ ਕੁਮਾਰ , ਕਰਨ ਰਾਏ, ਜੈ ਪ੍ਰਕਾਸ਼ ਨਰਾਇਣ, ਜੋਗਿੰਦਰ ਪਾਲ, ਬੀ ਐਮ ਫਰੈਡਰਿਕ, ਕੰਵਲ ਨਰੂਲਾ, ਦਾਨ ਸਿੰਘ ਅਤੇ ਚਰਨ ਸਿੰਘ ਆਦਿ ਸ਼ਾਮਲ ਸਨ।

# ਬੱਦੋਵਾਲ ਵਿਖੇ ਲਗਜ਼ਰੀ ਕਾਰਾਂ ਦੇ ਸ਼ੋਅ ਰੂਮ 'ਤੇ ਗੋਲ਼ੀਆਂ ਚਲਾਉਣ ਵਾਲਿਆਂ ਨੂੰ ਪਨਾਹ ਦੇਣ ਵਾਲੇ ਨੇ ਕੀਤਾ ਸਰੰਡਰ

ਮੁੱਲਾਂਪੁਰ ਦਾਖਾ, 3 ਮਾਰਚ (ਦਵਿੰਦਰ ਸਿੰਘ ਲੰਮੇ) : ਬੱਦੋਵਾਲ ਵਿਖੇ ਪੁਰਾਣੀਆਂ ਲਗਜਰੀ ਕਾਰਾਂ ਕਿਰਾਏ 'ਤੇ ਦੇਣ ਲਈ ਬਣੇ ਸ਼ੋਅ ਰੂਮ 'ਤੇ ਗੋਲੀਆਂ ਚਲਾਉਣ ਵਾਲਿਆਂ ਨੂੰ ਪਨਾਹ ਦੇਣ ਦੇ ਦੋਸ਼ ਵਿੱਚ ਨਾਮਜ਼ਦ ਕੀਤੇ ਮਨਪ੍ਰੀਤ ਸਿੰਘ ਵਾਸੀ ਜ਼ਿਲ੍ਹਾ ਸੰਗਰੂਰ ਨੇ ਥਾਣਾ ਦਾਖਾ ਦੀ ਪੁਲਿਸ ਕੋਲ ਸਿਰੰਡਰ ਕਰ ਦਿੱਤਾ ਹੈ । ਥਾਣਾ ਦਾਖਾ ਮੁਖੀ ਕੁਲਜਿੰਦਰ ਸਿੰਘ ਨੇ ਦੱਸਿਆ ਕਿ ਮਨਪ੍ਰੀਤ ਸਿੰਘ ਪੁੱਤਰ ਸੁਰਿੰਦਰ ਸਿੰਘ ਕੋਲ ਸ਼ੂਟਰਾਂ ਨੇ ਗੋਲੀ ਕਾਂਡ ਤੋਂ ਪਹਿਲਾਂ ਅਤੇ ਗੋਲੀ ਕਾਂਡ ਤੋਂ ਬਾਅਦ ਪਨਾਹ ਲਈ ਸੀ ਅਤੇ ਇਸਨੂੰ ਪਰਚੇ ਵਿੱਚ ਨਾਮਜ਼ਦ ਕੀਤਾ ਗਿਆ ਸੀ, ਜਿਸਨੇ ਥਾਣਾ ਦਾਖਾ ਵਿਖੇ ਸਰੰਡਰ ਕਰ ਦਿੱਤਾ ਹੈ। ਉਹਨਾਂ ਦੱਸਿਆ ਕਿ ਪੁੱਛਗਿੱਛ ਉਪਰੰਤ ਸਾਰਾ ਖੁਲਾਸਾ ਕੀਤਾ ਜਾਵੇਗਾ । ਇੱਥੇ ਦੱਸਣਯੋਗ ਹੈ ਕਿ ਥਾਣਾ ਦਾਖਾ ਦੀ ਪੁਲਿਸ ਨੇ ਸ਼ੋ ਰੂਮ 'ਤੇ ਗੋਲੀਆਂ ਚਲਾਉਣ ਦੇ ਮਾਮਲੇ 'ਚ ਪਰਵਿੰਦਰ ਸਿੰਘ ਦੇ ਬਿਆਨਾਂ 'ਤੇ ਦੋ ਅਣਪਛਾਤੇ ਸ਼ੂਟਰਾਂ ਵਿਰੁੱਧ ਕੇਸ ਦਰਜ ਕਰਕੇ ਤਫਤੀਸ਼ ਆਰੰਭੀ ਸੀ। ਜਿਸ ਵਿੱਚ ਉਨ੍ਹਾਂ ਨੇ ਦੋਸ਼ ਲਗਾਇਆ ਸੀ ਕਿ ਲੁਧਿਆਣਾ ਫਿਰੋਜਪੁਰ ਨੈਸ਼ਨਲ ਹਾਈਵੇ ਤੇ 10 ਜਨਵਰੀ ਨੂੰ ਆਈ.ਟੀ.ਬੀ.ਪੀ ਗੇਟ ਬੱਦੋਵਾਲ ਦੇ ਸਾਹਮਣੇ ਪੁਰਾਣੀਆਂ ਕਾਰਾਂ ਦੇ ਸ਼ੋਅ ਰੂਮ ਦੇ ਬਾਹਰ ਦੋ ਮੋਟਰਸਾਈਕਲ ਸਵਾਰ ਵਿਅਕਤੀਆਂ ਨੇ ਦੋਵੇਂ ਹੱਥਾਂ ਵਿੱਚ ਰਿਵਾਲਵਰ ਫੜ ਕੇ ਮਹਿੰਗੀਆਂ ਗੱਡੀਆਂ ਅਤੇ ਸ਼ੋਅ ਰੂਮ ਉੱਪਰ ਗੋਲੀਆ ਵਰ੍ਹਾਈਆਂ ਸਨ ਅਤੇ ਜਾਂਦੇ ਹੋਏ ਦੋ ਪਰਚੀਆਂ ਮੁਹੱਬਤ ਰੰਧਾਵਾ ਅਤੇ ਪਵਨ ਸ਼ੌਕੀਨ ਦੇ ਨਾਮ ਦੀਆਂ ਹੱਥ ਲਿਖਤ ਸੁੱਟਕੇ ਫਰਾਰ ਹੋ ਗਏ ਸਨ । ਇਹਨਾਂ ਪਰਚੀਆਂ ਤੇ ਅੰਕਿਤ ਨਾਵਾਂ ਨੂੰ ਆਧਾਰ ਬਣਾ ਕੇ ਦਾਖਾ ਪੁਲਿਸ ਨੇ ਜਾਂਚ ਆਰੰਭੀ ਸੀ ਅਤੇ ਜਾਂਚ ਦੌਰਾਨ ਪਵਨ ਸ਼ੌਕੀਨ ਦੀ ਪਤਨੀ ਵਿਜੇ ਕੁਮਾਰੀ ਅਤੇ ਨਵੀਨ ਦੇਸਵਾਲ ਨੂੰ ਗ੍ਰਿਫਤਾਰ ਕਰ ਲਿਆ ਸੀ ਅਤੇ ਇਹ ਦੋਵੇਂ ਹੁਣ ਲੁਧਿਆਣਾ ਜੇਲ੍ਹ ਵਿੱਚ ਬੰਦ ਹਨ।

# ਮੋਟਰਸਾਈਕਲ ਰਾਹੀਂ **ਵਿਸ਼ਵ ਦੌਰੇ** 'ਤੇ ਨਿਕਲੇ ਰਘਬੀਰ ਸਿੰਘ ਭਰੋਵਾਲ ਦਾ ਪੀਰੂ ਦੇਸ਼ ਵਿੱਚ ਦੇਹਾਂਤ



ਲੁਧਿਆਣਾ, 3 ਮਾਰਚ (ਕਰਨੈਲ ਸਿੰਘ ਐੱਮ.ਏ.) : ਕਨੇਡਾ ਵਸਦੇ ਰਘਬੀਰ ਸਿੰਘ ਭਰੋਵਾਲ ਦਾ ਮੋਟਰਸਾਈਕਲ ਰਾਹੀਂ ਵਿਸ਼ਵ ਦੌਰੇ ਦੌਰਾਨ ਪੀਰੂ ਦੇਸ 'ਚ ਇੱਕ ਹਾਦਸੇ ਦੌਰਾਨ ਦਿਹਾਂਤ ਹੋ ਗਿਆ। ਬਾਬਾ ਫਰੀਦ ਫਾਊਂਡੇਸਨ ਇੰਟਰਨੈਸ਼ਨਲ ਦੇ ਚੇਅਰਮੈਨ ਉੱਘੇ ਸਮਾਜ ਸੇਵੀ ਜਥੇਦਾਰ ਪ੍ਰੀਤਮ ਸਿੰਘ ਭਰੋਵਾਲ ਨੂੰ ਵੱਡਾ ਸਦਮਾ ਲੱਗਿਆ, ਜਦੋਂ ਉਹਨਾਂ ਨੂੰ ਸਵੇਰੇ ਕੈਨੇਡਾ ਤੋਂ ਫੋਨ ਉਹਨਾਂ ਦੇ ਸਪੁੱਤਰ ਰਘਬੀਰ ਸਿੰਘ ਭਰੋਵਾਲ ਪੀਰੂ ਦੇਸ਼ ਵਿੱਚ ਇੱਕ ਸੜਕ ਹਾਦਸੇ ਰਾਹੀਂ ਦਿਹਾਂਤ ਹੋ ਗਿਆ । ਇਹ ਜਾਣਕਾਰੀ ਭਰੋਵਾਲ ਦੇ ਨਜ਼ਦੀਕੀ ਸਾਥੀ ਗੁਰਦੀਪ ਸਿੰਘ ਲੀਲ ਨੇ ਦੱਸਿਆ।ਰਘਬੀਰ ਸਿੰਘ ਭਰੋਵਾਲ ਕੈਨੇਡਾ ਦੇ ਉੱਘੇ ਕਾਰੋਬਾਰੀ ਸਨ ਤੇ ਸੰਸਾਰ ਭਰ ਨੌਜਵਾਨਾਂ ਦੇ ਹਮਦਰਦ ਸਨ । ਲੀਲ ਨੇ ਦੱਸਿਆ ਕਿ ਰਘਬੀਰ ਸਿੰਘ ਭਰੋਵਾਲ ਨੇ ਇੱਕ ਸਿੱਖ ਨੌਜਵਾਨ ਵਜੋਂ ਪੂਰੀ ਦੁਨੀਆਂ ਨੂੰ ਮੋਟਰਸਾਈਕਲ ਰਾਹੀਂ ਘੁੰਮਣ ਦਾ ਸੰਕਲਪ ਲਿਆ ਸੀ, ਜਿੱਥੇ ਉਸ ਨੇ ਭਾਰਤ ਦੀਆਂ ਵੱਖ-ਵੱਖ ਸਟੇਟਾਂ ਦਾ ਦੌਰਾ ਕਰਨ ਉਪਰੰਤ ਉਸ ਨੇ ਸਾਰੇ ਸੰਸਾਰ ਦਾ ਦੌਰਾ ਸ਼ੁਰੂ ਕੀਤਾ । ਤਕਰੀਬਨ 50 ਦੇ ਕਰੀਬ ਦੇਸ਼ਾਂ ਦਾ ਦੌਰਾ ਕਰ ਚੁੱਕਾ ਸੀ, ਜਿਸ ਦੇਸ਼ ਪ੍ਰਵੇਸ਼ ਕਰਦਾ ਸਭ ਤੋਂ ਉਸ ਦੇਸ ਦੇ ਬਾਰਡਰ 'ਤੇ ਖੜ੍ਹ ਕੇ ਸਿੱਖ ਦੇ ਤੌਰ 'ਤੇ ਰਘਬੀਰ ਸਿੰਘ ਭਰੋਵਾਲ ਵਿਸਵ ਸ਼ਾਂਤੀ ਦੀ ਅਤੇ ਭਾਈਵਾਲਤਾ ਦੀ ਅਰਦਾਸ ਕਰਦਾ ਫਿਰ ਉਸ ਦੇਸ ਦੌਰਾ ਸ਼ੁਰੂ ਕਰਦਾ । ਹਰ ਦੇਸ਼ ਵਿੱਚ ਸਿੱਖ ਇਤਿਹਾਸ ਬਾਰੇ ਦੱਸਦਾ। ਉਸ ਦਾ ਹਰ ਦੇਸ ਦਾ ਦੌਰਾ ਮਨੁੱਖ ਭਲਾਈ ਅਤੇ ਸਿੱਖੀ ਨੂੰ ਸਮਰਪਿਤ ਸੀ । ਪਿਛਲੇ ਦਿਨੀਂ ਅਰਜਨਟੀਨਾ ਤੋਂ ਹੁੰਦੇ ਹੋਏ ਪੀਰੂ ਦੇਸ਼ ਪ੍ਰਵੇਸ਼ ਕੀਤਾ ਸੀ ਜਿੱਥੇ ਇੱਕ ਸੜਕ ਹਾਦਸਾ ਦਾ ਸ਼ਿਕਾਰ ਹੋ ਗਿਆ। ਇਸ ਸੰਬੰਧੀ ਪੀਰੂ ਦੇਸ ਦੀ ਸਰਕਾਰ ਨੇ ਕੈਨੇਡਾ ਅੰਬੈਸੀ ਜਾਣਕਾਰੀ ਦਿੱਤੀ, ਉਸ ਤੋਂ ਉਪਰੰਤ ਕਨੇਡਾ ਸਰਕਾਰ ਕੈਨੇਡਾ ਭਰੋਵਾਲ ਨਿਵਾਸ 'ਤੇ ਜਾਣਕਾਰੀ ਦਿੱਤੀ ਜੋ ਬਹੁਤ ਦੁਖਦਾਈ ਸੀ ਨਾ ਸਹਿਣ ਯੋਗ ਸੀ । ਇਸ ਸਮੇ ਪ੍ਰੀਤਮ ਸਿੰਘ ਭਰੋਵਾਲ ਇੰਡੀਆ ਆਏ ਹੋਏ ਹਨ, ਅੱਜ ਇਹ ਖਬਰ ਮਿਲਦੇ ਸਾਰ ਹੀ ਪੰਜਾਬ ਸਰਕਾਰ ਦੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਸਾਬਕਾ ਮੰਤਰੀ ਜਥੇਦਾਰ ਹੀਰਾ ਸਿੰਘ ਗਾਬੜੀਆ, ਸਾਬਕਾ ਮੈਂਬਰ ਪਾਰਲੀਮੈਂਟ ਮੁਹੰਮਦ ਸਦੀਕ, ਕਨੇਡਾ ਤੋਂ ਐਮ ਐਲ ਪੀਟਰ ਸੰਧੂ, ਗੁਰਭਜਨ ਗਿੱਲ, ਨਿਰਮਲ ਜੌੜਾ, ਐਡਵੋਕੇਟ ਪਰਉਪਕਾਰ ਸਿੰਘ ਘੁੰਮਣ, ਕੌਂਸਲਰ ਹਰਪ੍ਰੀਤ ਸਿੰਘ ਬੇਦੀ, ਸਾਬਕਾ ਮੈਂਬਰ ਪਾਰਲੀਮੈਂਟ ਅਮਰੀਕ ਸਿੰਘ ਆਲੀਵਾਲ, ਬਾਬਾ ਅਜੀਤ ਸਿੰਘ, ਜਸਵੰਤ ਸਿੰਘ ਛਾਪਾ, ਹਰਜੀਤ ਸਿੰਘ ਗਰੇਵਾਲ, ਜਸਵੰਤ ਸੰਦੀਲਾ , ਰਵਿੰਦਰ ਰੰਗੂਵਾਲ , ਜਗਰੂਪ ਸਿੰਘ ਜਰਖੜ, ਜਥੇਦਾਰ ਨਛੱਤਰ ਸਿੰਘ ਸਿੱਧੂ, ਸੰਦੀਪ ਸਿੰਘ ਖੋਸਾ, ਰਘਵੀਰ ਸਿੰਘ ਭਰੋਵਾਲ ਦੇ ਨਜ਼ਦੀਕੀ ਸਾਥੀ ਮਨਮੋਹਣ ਸਿੰਘ ਸਮਰਾ ਕਨੇਡਾ, ਲਵਪ੍ਰੀਤ ਸੰਧੂ, ਭੁਪਿੰਦਰ ਸਿੰਘ ਮਾਨ ਅਬੋਹਰ, ਮਾਸਟਰ ਬਲਰਾਜ ਸਿੰਘ, ਜਗਦੀਪ ਸਿੰਘ ਭੱਠਲ, ਅਵਤਾਰ ਸਿੰਘ ਨਿਰਬਾਣ, ਰਘਬੀਰ ਸਿੰਘ ਸਾਬਕਾ ਪੁਲਿਸ ਅਫ਼ਸਰ, ਜਗਤਾਰ ਸਿੰਘ ਐਤੀਆਣਾ, ਕੁਲਦੀਪ ਸਿੰਘ ਖਾਲਸਾ, ਤੇਜਿੰਦਰ ਸਿੰਘ ਲਾਲ, ਸੰਦੀਪ ਸਿੰਘ ਸੋਨੀ ਲੀਲ, ਇੰਦਰਜੀਤ ਸਿੰਘ ਜੈਰੀ, ਜਗਦੀਸ ਸਿੰਘ ਬਿੱਟੂ, ਨਛੱਤਰ ਸਿੰਘ ਪੱਪੂ, ਬਲਦੇਵ ਸਿੰਘ, ਜਗਦੇਵ ਸਿੰਘ, ਜੋਗਿੰਦਰ ਸਿੰਘ ਜੋਹਲ , ਰੂਬਲ ਕਿਸਨਪੁਰਾ , ਗੁਰਮੇਲ ਸਿੰਘ ਮੋਹੀ, ਵਨੀਤ ਚੌਧਰੀ , ਭੁਪਿੰਦਰ ਸਿੰਘ ਕਾਕਾ, ਐਡਵੋਕੇਟ ਰਣਜੀਤ ਕੁਮਾਰ ਆਦਿ ਨੇ ਘਰ ਆ ਕੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਅਤੇ ਦੁਬਈ ਤੋਂ ਐਸ.ਪੀ. ਉਬਰਾਏ, ਆਈ ਜੀ ਇਕਬਾਲ ਸਿੰਘ ਗਿੱਲ, ਵਿਧਾਇਕ ਅਸ਼ੋਕ ਪੱਪੀ ਪ੍ਰਾਸ਼ਰ , ਭਾਜਪਾ ਤੋਂ ਹਰਜੀਤ ਸਿੰਘ ਗਰੇਵਾਲ, ਅਵਿਨਾਸ ਰਾਏ ਖੰਨਾ , ਸਾਬਕਾ ਮੰਤਰੀ ਵਿਜੇ ਕੁਮਾਰ ਸਾਂਪਲਾ, ਗੁਰਜਤਿੰਦਰ ਸਿੰਘ ਰੰਧਾਵਾ, ਸਾਬਕਾ ਮੰਤਰੀ ਸੁੱਚਾ ਸਿੰਘ ਛੋਟੇਪੁਰ , ਕਿਸਨ ਕੁਮਾਰ ਬਾਵਾ , ਵਿਧਾਇਕ ਚੌਧਰੀ ਮਦਨ ਲਾਲ ਬੱਗਾ ਅਤੇ ਗੁਰਦਆਰਾ ਦੂਖ ਨਿਵਾਰਨ ਸਾਹਿਬ ਜੀ ਦੇ ਪ੍ਰਧਾਨ ਜਥੇਦਾਰ ਪ੍ਰਿਤਪਾਲ ਸਿੰਘ ਨੇ ਟੈਲੀਫੋਨ ਤੇ ਪ੍ਰੀਤਮ ਸਿੰਘ ਭਰੋਵਾਲ ਨਾਲ ਦੁੱਖ ਸਾਂਝਾ ਕੀਤਾ । ਜਸਵੰਤ ਸਿੰਘ ਛਾਪਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 5 ਮਾਰਚ ਵਾਪਸ ਕੈਨੇਡਾ ਜਾ ਰਹੇ ਹਨ।

ਰੋਜ਼ਾਨਾ
# ਚੜ੍ਹਦੀਕਲਾ



# ਹੋਲੀ ਤੋਂ ਹੋਲਾ ਮਹੱਲਾ

ਦਿਲਜੀਤ ਸਿੰਘ ਬੇਦੀ





ਅਜੋਕੇ ਸਮੇਂ ਵਿਚ ਨਵੀ ਪੀੜ੍ਹੀ ਸ਼ਾਨਾਂ-ਮੱਤੇ ਸਿੱਖ ਇਤਿਹਾਸ, ਗੌਰਵਮਈ ਵਿਰਸੇ, ਜੰਗਾਂ-ਯੁੱਧਾਂ ਵਿਚ ਸ਼ਕਤੀ ਦੇ ਪਰ੍ਦਰਸ਼ਨ ਤੇ ਬੀਰ-ਰਸੀ ਰਵਾਇਤਾਂ ਨੂੰ ਭੁਲਦੀ ਜਾ ਰਹੀ ਹੈ ਅਤੇ ਸ਼ਸਤਰਾਂ ਪਰ੍ਤੀ ਪਿਆਰ ਵੀ ਘਟਦਾ ਜਾ ਰਿਹਾ ਹੈ। ਆਪਣੇ ਵਿਰਸੇ ਪਰ੍ਤੀ ਜਾਗਰੂਕ ਕਰਨ ਲਈ ਖਾਲਸਾ ਪੰਥ ਦੀ ਨਿਆਰੀ ਹੋਂਦ ਨੂੰ ਦਰਸਾਉਂਦਾ ਇਹ ਕੌਮੀ ਤਿਉਹਾਰ ਪਰ੍ੇਰਨਾ ਸਰੋਤ ਹੈ।

ਖ਼ਾਲਸਾ-ਪੰਥ ਵਿਚ 'ਹੋਲਾ ਮਹੱਲਾ' ਤਿਉਹਾਰ ਦੇ ਮੰਤਵ ਤੇ ਉਦੇਸ਼ ਬੜੇ ਉਸਾਰੂ ਤੇ ਸਾਰਥਿਕ ਹਨ। ਦਰਅਸਲ ਹੋਲਾ ਤੇ ਮਹੱਲਾ ਦੋ ਵੱਖ-ਵੱਖ ਸ਼ਬਦ ਹਨ। 'ਹੋਲਾ' ਅਰਬੀ ਭਾਸ਼ਾ ਅਤੇ 'ਮਹੱਲਾ' ਫ਼ਾਰਸੀ ਭਾਸ਼ਾ ਦਾ ਸ਼ਬਦ ਹੈ। ਹੋਲ, ਹੂਲ ਤੇ ਹੋਲਾ ਮਹੱਲਾ ਆਦਿ ਰਲਦੇ-ਮਿਲਦੇ ਸ਼ਬਦ ਹਨ। ਅਰਬੀ ਭਾਸ਼ਾ ਦਾ ਇਕ ਸ਼ਬਦ ਹੈ 'ਹੂਲ' ਜਿਸ ਦੇ ਅਰਥ ਨੇਕ ਅਤੇ ਭਲੇ ਕੰਮਾਂ ਲਈ ਜੂਝਣਾ, ਸੀਸ ਤਲੀ 'ਤੇ ਧਰ ਕੇ ਲੜਨਾ, ਤਲਵਾਰ ਦੀ ਧਾਰ 'ਤੇ ਚੱਲਣਾ ਕੀਤੇ ਗਏ ਸੀ। ਦਸਮੇਸ਼ ਪਿਤਾ ਜਨੀ ਨੇ ਨਿੱਘਰ ਚੁੱਕੇ ਸਮਾਜ ਦੇ ਦੱਬੇ-ਕੁਚਲੇ ਅਤੇ ਲਿਤਾੜੇ ਜਾ ਰਹੇ ਮਨੁੱਖਾਂ ਨੂੰ ਆਪਣੀ ਹੋਂਦ ਦਾ ਅਹਿਸਾਸ ਤੇ ਸਵੈਮਾਨ ਮਹਿਸੂਸ ਕਰਵਾਉਣ ਲਈ ਉਨਹ੍ਾਂ ਵਿਚ ਨਿਡਰਤਾ ਤੇ ਨਿਰਭੈਤਾ ਭਰਨ ਅਤੇ ਸੂਰਬੀਰ ਯੋਧੇ ਬਨਾਉਣ ਲਈ ਖਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਲਈ ਉਨਹ੍ਾਂ ਨੇ ਚਰਨ-ਪਾਹੁਲ ਦੀ ਥਾਂ ਖੰਡੇ-ਬਾਟੇ ਦਾ ਅੰਮਿਰ੍ਤ ਤੇ ਹੋਲੀ ਦੀ ਥਾਂ ਹੋਲਾ-ਮਹੱਲਾ ਪਰ੍ਚਲਿਤ ਕੀਤਾ। ਅਜ਼ਾਦੀ ਪਰ੍ਾਪਤ ਕਰਨ ਅਤੇ ਜੋਸ਼ ਪੈਦਾ ਕਰਨ ਲਈ ਕਲਗੀਧਰ ਦਸਮੇਸ਼ ਪਿਤਾ ਜੀ ਨੇ ਜਿਥੇ ਨਵਾਂ ਜੀਵਨ ਬਖਸ਼ਿਆ ਉਥੇ ਭਾਰਤੀ ਸਮਾਜ ਨੂੰ ਉਹਨਾਂ ਦੇ ਰੀਤੀ-ਰਿਵਾਜ਼ਾਂ ਅਤੇ ਤਿਉਹਾਰ ਮਨਾਉਣ ਦੇ ਢੰਗਾਂ ਵਿਚ ਵੀ ਇਨਕਲਾਬੀ ਤਬਦੀਲੀਆਂ ਲਿਆਂਦੀਆਂ। ਗੁਰੂ ਸਾਹਿਬ ਨੇ 1699 ਈ: ਦੀ ਵੈਸਾਖੀ ਵਾਲੇ ਦਿਨ ਖਾਲਸਾ ਪੰਥ ਦੀ ਸਾਜਣਾ ਕਰਕੇ ਸਿੱਖ ਪੰਥ ਵਿਚ ਇਕ ਮਹਾਨ ਤੇ ਕਰ੍ਾਂਤੀਕਾਰੀ ਤਬਦੀਲੀ ਲਿਆਂਦੀ ਅਤੇ ਸਿੱਖਾਂ ਨੂੰ ਇਕ ਵੱਖਰੀ ਪਹਿਚਾਣ ਪਰ੍ਦਾਨ ਕੀਤੀ। ਗੁਰੂ ਜੀ ਨੇ ਇਸ ਕਾਇਮ ਕੀਤੀ ਜਥੇਬੰਦੀ ਵਿਚ ਦਲੇਰੀ ਅਤੇ ਜੁਰਅਤ ਭਰਨ ਲਈ ਉਹਨਾਂ ਵਲੋਂ ਮਨਾਏ ਜਾ ਰਹੇ ਤਿਉਹਾਰਾਂ ਨੂੰ ਮਨਾਉਣ ਦੇ ਰੰਗ-ਢੰਗ ਹੀ ਬਦਲ ਕੇ ਰੱਖ ਦਿਤੇ। ਹੋਲੀ ਮਨਾਉਣ ਸਮੇਂ ਜਿਥੇ ਲੋਕ ਇਕ ਦੂਜੇ 'ਤੇ ਰੰਗ ਸੁੱਟ ਕੇ ਅਤੇ ਨਸ਼ੇ ਪੀ ਕੇ ਮਨੁੱਖੀ-ਸ਼ਕਤੀ ਨੂੰ ਨਸ਼ਟ ਕਰ ਰਹੇ ਸਨ, ਉਥੇ ਸਤਿਗੁਰਾਂ ਨੇ ਇਸ ਬੁਰਿਆਈ ਨੂੰ ਖਤਮ ਕਰਨ ਲਈ 'ਹੋਲੀ' ਨੂੰ 'ਹੋਲੇ ਮਹੱਲੇ' ਦਾ ਰੂਪ ਦੇ ਦਿੱਤਾ।

ਔਰਨ ਕੀ ਹੋਲੀ ਮਮ ਹੋਲਾ।
ਕਹਯੋ ਕਿਰ੍ਪਾਨਿਧ ਬਚਨ ਅਮੋਲਾ।

ਸਰ੍ੀ ਗੁਰੂ ਗੋਬਿੰਦ ਸਿੰਘ ਜੀ ਖਾਲਸੇ ਨੂੰ ਯੁੱਧ-ਵਿੱਦਿਆ ਵਿਚ ਪਰ੍ਬੀਨ ਬਨਾਉਣਾ ਚਾਹੁੰਦੇ ਸਨ। ਇਸ ਲਈ ਉਨਹ੍ਾਂ ਨੇ ਹੋਲੀ ਦੇ ਪਰੰਪਰਾਈ ਪੱਖ ਤੋਂ ਹਟ ਕੇ ਇਸ ਤਿਉਹਾਰ ਦਾ ਸਬੰਧ ਸੂਰਮਤਾਈ ਨਾਲ ਜੋੜਿਆ। ਮਹੱਲਾ ਇਕ ਪਰ੍ਕਾਰ ਦੀ ਮਸਨੂਈ ਭਾਵ ਬਨਾਉਟੀ ਲੜਾਈ ਹੈ। ਇਸ ਵਿਚ ਪੈਦਲ ਅਤੇ ਘੋੜ-ਸਵਾਰ ਸ਼ਸਤਰਧਾਰੀ ਸਿੰਘ ਦੋ ਦਲ ਬਣਾ ਕੇ ਇਕ ਖਾਸ ਹਮਲੇ ਦੀ ਥਾਂ ਉਤੇ ਹਮਲਾ ਕਰਦੇ ਹਨ ਅਤੇ ਅਨੇਕ ਪਰ੍ਕਾਰ ਦੇ ਕਰਤਬ ਦਿਖਾਉਂਦੇ ਹਨ। ਕਲਗੀਧਰ ਪਾਤਸ਼ਾਹ ਜੀ ਆਪ ਇਸ ਮਸਨੂਈ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਦੀ ਸਿੱਖਿਆ ਪਰ੍ਦਾਨ ਕਰਦੇ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿਚ ਸਿਰੋਪਾਓ ਬਖਸ਼ਿਸ਼ ਕਰਦੇ ਸਨ। ਇਸ ਮੌਕੇ ਦੀਵਾਨ ਸਜਦੇ, ਕਥਾ ਕੀਰਤਨ ਹੁੰਦਾ, ਬੀਰ ਰਸੀ ਵਾਰਾਂ ਗਾਈਆਂ ਜਾਂਦੀਆਂ ਅਤੇ ਅਨੇਕ ਤਰਹ੍ਾਂ ਦੀਆਂ ਫ਼ੌਜੀ ਕਵਾਇਦਾਂ ਹੁੰਦੀਆਂ। ਹਰ ਪਾਸੇ ਚੜਹ੍ਦੀ ਕਲਾ ਦਾ ਮਾਹੌਲ ਬਣਿਆ ਰਹਿੰਦਾ। ਗੁਰੂ ਸਾਹਿਬ ਇਨਹ੍ਾਂ ਸਾਰੀਆਂ ਕਾਰਵਾਈਆਂ ਵਿਚ ਖੁਦ ਸ਼ਾਮਲ ਹੁੰਦੇ ਅਤੇ ਸਿੱਖਾਂ ਦਾ ਉਤਸ਼ਾਹ ਵਧਾਉਂਦੇ। ਸਰ੍ੀ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਹੋਲਾ-ਮਹੱਲਾ ਦੇ ਰੂਪ ਵਿਚ ਮਨਾਏ ਜਾਂਦੇ ਜੰਗਜੂ ਤਿਉਹਾਰ 'ਤੇ ਸਿੰਘਾਂ ਦੀਆਂ ਆਪਸ ਵਿਚ ਲੜੀਆਂ ਜਾਂਦੀਆਂ ਅਭਿਆਸ ਰੂਪੀ ਮਸਨੂਈ ਲੜਾਈਆਂ ਨੇ ਭਾਰਤੀ ਲੋਕਾਂ ਦੇ ਮਨੋ-ਬਲ ਨੂੰ ਉੱਚਾ ਕੀਤਾ। ਲੋਕ ਕਾਇਰਤਾ ਭਰੇ ਮਾਹੌਲ 'ਚੋਂ ਨਿਕਲ ਕੇ ਇਸ ਤਿਉਹਾਰ ਵਿਚ ਧੜਾਧੜ ਬੜੇ ਜੋਸ਼ ਤੇ ਸਜ-ਧਜ ਨਾਲ ਸ਼ਾਮਲ ਹੋਣ ਲੱਗੇ। ਅਤਰ-ਫੁਲੇਲ ਦੀਆਂ ਸੁਗੰਧੀਆਂ, ਰੰਗਾਂ ਦੀਆਂ ਫੁਹਾਰਾਂ ਤੇ ਬੇਅੰਤ ਇਕੱਠ ਦੀ ਸ਼ੋਭਾ ਨੇ ਭਾਈ ਨੰਦ ਲਾਲ ਜੀ ਵਰਗੇ ਮਹਾਨ ਵਿਦਵਾਨ ਚਿੰਤਕ ਨੂੰ ਵੀ ਪਰ੍ਭਾਵਿਤ ਕੀਤਾ। ਸਤਿਗੁਰਾਂ ਦੁਆਰਾ ਹੋਲੇ ਮਹੱਲੇ ਦੀ ਖੇਡ ਨੂੰ ਆਪਣੀ ਕਲਮ ਨਾਲ ਬਿਆਨ ਕਰਦਿਆਂ ਉਹ ਲਿਖਦੇ ਹਨ ਕਿ ਹੋਲੀ ਦੇ ਫੁੱਲ ਖਿੜਨ ਨਾਲ ਸਾਰਾ ਬਾਗ ਸੁਗੰਧੀ ਨਾਲ ਭਰ ਗਿਆ। ਪਾਤਸ਼ਾਹ ਦਾ ਮੁਖੜਾ ਕਲੀ ਵਾਂਗ ਖਿੜ ਗਿਆ। ਗੁਲਾਬ, ਅੰਬਰ, ਕਸਤੂਰੀ ਤੇ ਅੰਬੀਰ ਮੀਂਹ ਦੀ ਤਰਹ੍ਾਂ ਵਰਸਣ ਲੱਗੀ। ਕੇਸਰ ਦੀ ਪਿਚਕਾਰੀ ਨੇ ਸਭ ਚਿੱਟੇ ਚੋਲਿਆਂ ਨੂੰ ਰੰਗਾਂ ਨਾਲ ਭਰ ਦਿੱਤਾ। ਪਾਤਸ਼ਾਹ ਨੇ ਗੁਲਾਲ ਦੀ ਐਸੀ ਵਰਖਾ ਕੀਤੀ ਕਿ ਧਰਤੀ ਤੇ ਅਕਾਸ਼ ਸੂਹਾ ਹੋ ਗਿਆ। ਜਦੋਂ ਪਾਤਸ਼ਾਹ ਨੇ ਰੰਗਿਆ ਹੋਇਆ ਚੋਲਾ ਪਹਿਨਿਆਂ ਤਾਂ ਸਭ ਦੀ ਆਤਮਾ ਖਿੜ ਗਈ:

ਗੁਲੇ ਹੋਲੀ ਬ ਬਾਗੇ ਦਰ ਬੂ ਕਰਦ।
ਲਬੇ ਚੂੰ ਗ਼ੁੰਚਾ ਰਾ ਫ਼ਰਖ਼ੰਦਹ ਖ਼ੂ ਕਰਦ।
ਗੁਲਾਬੋ ਅੰਬਰੋ ਮੁਸ਼ਕੋ ਅਬੀਰੋ।
ਚੂ ਬਾਰਾਂ ਬਾਰਸ਼ੇ ਅਜ ਸੂ ਬਸੂ ਕਰਦ।
ਜਹੇ ਪਿਚਕਾਰੀਏ ਪੁਰ ਜ਼ੁਫਰਾਨੀ।





# ਆਉ ਇਸ ਵਾਰ ਹੋਲੀ ਹਰਬਲ ਰੰਗਾਂ ਨਾਲ ਖੇਡੀਏ



ਧਰਮਿੰਦਰ ਸਿੰਘ (ਚੱਬਾ)

ਹੋਲੀ ਦਾ ਤਿਉਹਾਰ ਬੜੀ ਪਰ੍ਮੁੱਖਤਾ, ਖੁਸ਼ੀ ਅਤੇ ਚਾਅ ਨਾਲ ਮਨਾਇਆ ਜਾਣ ਵਾਲਾ ਤਿਉਹਾਰ ਹੈ।ਵੱਖ-ਵੱਖ ਧਰਮਾਂ ਦੇ ਲੋਕ ਇਸ ਨੂੰ ਵੱਖ-ਵੱਖ ਤਰੀਕਿਆਂ ਅਤੇ ਵੱਖ-ਵੱਖ ਨਾਵਾਂ ਨਾਲ ਮਨਾਉਂਦੇ ਹਨ।ਇਸ ਦਿਨ ਲੋਕ ਇੱਕ ਦੂਜੇ ਤੇ ਰੰਗ ਪਾ ਕੇ ਆਪਣੇ ਪਿਆਰ ਅਤੇ ਖੁਸ਼ੀ ਦਾ ਇਜ਼ਹਾਰ ਕਰਦੇ ਹਨ।ਇਹ ਤਿਉਹਾਰ ਭਾਈਚਾਰਕ ਸਾਂਝ ਦੀਆਂ ਗੰਢਾਂ ਹੋਰ ਪੀਢੀਆਂ ਕਰਨ ਦਾ ਇੱਕ ਜਰੀਆਂ ਹੈ,ਨਾ ਕਿ ਦੁਸ਼ਮਣੀ ਪੈਦਾ ਕਰਨ ਦਾ, ਕਿਉਂਕਿ ਕੁੱਝ ਲੋਕ ਇਸ ਦਿਨ ਜੂਆ ਖੇਡਦੇ, ਸ਼ਰਾਬ ਪੀਦੇ ਤੇ ਹੋਰ ਕਈ ਤਰਾਂ੍ਹ ਦੇ ਨਸ਼ਿਆਂ ਦਾ ਸੇਵਨ ਕਰਦੇ ਹਨ।ਨਸ਼ਾ ਅਪਰਾਧਾਂ ਦਾ ਜਨਮਦਾਤਾ ਹੈ। ਨਸ਼ਾ ਕਰਕੇ ਇਹ ਲੋਕ ਵੱਡੇ-ਵੱਡੇ ਅਪਰਾਧਾਂ ਨੂੰ ਜਨਮ ਦਿੰਦੇ ਹਨ। ਨਸ਼ੇ ਦੀ ਹਾਲਤ ਵਿੱਚ ਕਈ ਲੋਕ ਜਾਂ ਕੁੱਝ ਨੌਜਵਾਨ ਮਸਤੀ ਮਾਰਨ ਦੇ ਖਿਆਲ ਨਾਲ ਮੋਟਰਸਾਈਕਲਾਂ ਉੱਪਰ ਤਿੰਨ-ਤਿੰਨ,ਚਾਰ-ਚਾਰ ਦੀ ਸਵਾਰੀ ਕਰਕੇ ਸੜਕਾਂ 'ਤੇ ਹੁੱਲੜਬਾਜ਼ੀ ਕਰਦੇ ਅਕਸਰ ਹੀ ਨਜ਼ਰ ਆਉਂਦੇ ਹਨ।ਕਈ ਲੋਕ ਇਸ ਦਿਨ ਗੰਦਾ ਪਾਣੀ, ਤਵੇ ਦੀ ਕਾਲਖ, ਗਰੀਸ, ਕਾਲਾ ਤੇਲ, ਆਇਲ ਪੇਂਟ, ਗਾਰਾ (ਚਿੱਕੜ), ਅੰਡੇ, ਟਮਾਟਰ, ਪੱਕੇ ਰੰਗ ਜਾਂ ਹੋਰ ਕਈ ਗੰਦੀਆਂ-ਮੰਦੀਆਂ ਚੀਜਾਂ ਨਾਲ ਹੋਲੀ ਖੇਡਣਾ ਸ਼ੁਰੂ ਕਰ ਦਿੰਦੇ ਹਨ, ਜੋ ਸਰਾਸਰ ਗਲਤ ਹੈ।

ਅਗਰ ਹੋਲੀ ਖੇਡਦੇ ਸਮੇਂ ਕੁੱਝ ਕੁ ਗੱਲਾਂ ਦਾ ਧਿਆਨ ਰੱਖਿਆ ਜਾਵੇ ਤਾਂ ਇਹ ਸੋਨੇ ਤੇ ਸੁਹਾਗੇ ਵਾਲੀ ਗੱਲ ਹੋਵੇਗੀ। ਹੋਲੀ ਉਸ ਨਾਲ ਖੇਡੋ ਜੋ ਤੁਹਾਡੇ ਨਾਲ ਖੇਡ ਰਿਹਾ ਹੈ। ਕਿਸੇ ਅਨਜਾਣ ਜਾਂ ਰਾਹ ਜਾਂਦੇ ਵਿਆਕਤੀ 'ਤੇ ਰੰਗ ਜਾਂ ਕੋਈ ਹੋਰ ਪਦਾਰਥ ਨਾ ਪਾਉ, ਹੋ ਸਕਦਾ ਹੈ ਕਿ ਉਸਨੂੰ ਇੰਨਹ੍ਾਂ ਚੀਜਾਂ ਤੋਂ ਅਲਰਜੀ ਹੋਵੇ ਜਾਂ ਉਹ ਕਿਸੇ ਜਰੂਰੀ ਕੰਮ ਕਿੱਧਰੇ ਜਾ ਰਿਹਾ ਹੋਵੇ।ਇੱਕ ਛੋਟੀ ਜਿਹੀ ਗਲਤੀ ਜਾਂ ਅਨਜਾਣਪੁਣੇ ਵਿੱਚ ਤੁਸੀ ਕਿਸੇ ਦਾ ਬਹੁਤ ਵੱਡਾ ਨੁਕਸਾਨ ਕਰ ਸਕਦੇ ਹੋ। ਅੱਖਾਂ ਦਾ ਵੀ ਬਰਾਬਰ ਖਿਆਲ ਰੱਖੋ,ਕਿਉਂਕਿ ਕੈਮੀਕਲ ਵਾਲੇ ਰੰਗ ਪੈਣ ਨਾਲ ਅੱਖਾਂ ਦੀ ਰੌਸ਼ਨੀ ਜਾਣ ਦਾ ਵੀ ਡਰ ਬਣਿਆ ਰਹਿੰਦਾ ਹੈ। ਕੈਮੀਕਲ ਵਾਲੇ ਰੰਗ ਤੇ ਪਾਣੀ ਵਾਲੇ ਗਿੱਲੇ ਰੰਗਾਂ ਤੋਂ ਤੋਬਾ ਕਰੋ। ਇੰਨਹ੍ਾਂ ਰੰਗਾਂ ਨਾਲ ਜਿੱਥੇ ਚਮੜੀ ਤੇ ਕਈ ਤਰਾਂ੍ਹ ਦੇ ਬੁਰੇ ਪਰ੍ਭਾਵ ਪੈ ਸਕਦੇ ਹਨ, ਉੱਥੇ ਪਾਣੀ ਦੀ ਵੀ ਬਰਬਾਦੀ ਹੁੰਦੀ ਹੈ। ਇਸ ਤੋਂ ਪਰ੍ਹੇਜ ਕਰਨ ਨਾਲ ਇੱਕ ਤਾਂ ਪਾਣੀ ਦੀ ਬੱਚਤ ਹੋਵੇਗੀ, ਜੋ ਸਮੇਂ ਦੀ ਮੁੱਖ ਲੋੜ ਹੈ।

ਦੂਜਾ ਵਾਤਾਵਰਣ ਦੂਸ਼ਿਤ ਹੋਣ ਤੋਂ ਬਚੇਗਾ। ਕੈਮੀਕਲ ਮਿਲੇ ਰੰਗਾਂ ਨੂੰ ਪਾਣੀ ਵਿੱਚ ਘੋਲਣ ਤੇ ਕਿਸੇ 'ਤੇ ਪਾਉਣ 'ਤੇ ਇਹ ਪਾਣੀ ਜਮੀਨ ਵਿੱਚ ਜ਼ਜ਼ਬ ਹੋਵੇਗਾ, ਜਿਸ ਨਾਲ ਧਰਤੀ ਵਿੱਚ ਕਈ ਤਰਹ੍ਾਂ ਦੀਆਂ ਜ਼ਹਿਰਾਂ ਘੁਲਣਗੀਆਂ, ਜੋ ਸਾਡੇ ਸਾਰਿਆਂ ਲਈ ਘਾਟੇ ਦਾ ਸੌਦਾ ਹੋਵੇਗਾ।ਆਉ ਇਸ ਹੋਲੀ ਨੂੰ ਮਨਾਉਂਦੇ ਸਮੇਂ ਅਸੀ ਸਾਰੇ ਇਹ ਪਰ੍ਣ ਕਰੀਏ ਕਿ ਕੈਮੀਕਲ ਵਾਲੇ ਰਸਾਇਣਕ ਰੰਗਾਂ ਨਾਲ ਧਰਤੀ, ਪਾਣੀ ਅਤੇ ਹਵਾ ਨੂੰ ਦੂਸ਼ਿਤ ਨਹੀ ਕਰਾਂਗੇ ਭਾਵ ਕਿ ਇਸ ਵਾਰ ਹਰਬਲ ਰੰਗਾਂ ਨਾਲ ਹੀ ਹੋਲੀ ਖੇਡਣ ਨੂੰ ਤਰਜੀਹ ਦੇਵਾਂਗੇ।ਤੁਸੀ ਇਹ ਰੰਗ ਘਰ ਵਿੱਚ ਹੀ ਥੋੜਹ੍ੀ ਜਿਹੀ ਮਿਹਨਤ ਨਾਲ ਤਿਆਰ ਕਰ ਸਕਦੇ ਹੋ।ਮੈਦਾ, ਬੇਸਣ, ਆਟਾ ਜਾਂ ਟੈਲਕਮ ਪਾਊਡਰ ਵਿੱਚ ਹਲਦੀ ਮਿਲਾ ਕੇ ਪੀਲਾ ਅਤੇ ਇੰਨਹ੍ਾਂ ਚੀਜਾਂ ਹਵਿੱਚ ਹੀ ਮਹਿੰਦੀ ਮਿਲਾ ਕੇ ਹਰਾ ਰੰਗ ਬਣਾ ਸਕਦੇ ਹੋ। ਕੱਥੇ ਵਿੱਚ ਹਲਦੀ ਮਿਲਾਉਣ ਨਾਲ ਲਾਲ ਰੰਗ ਬਣ ਜਾਂਦਾ ਹੈ।ਚੁਕੰਦਰ ਨੂੰ ਛੋਟੇ-ਛੋਟੇ ਪੀਸਾਂ ਵਿੱਚ ਕੱਟ ਕੇ ਰਾਤ ਭਰ ਸਾਦੇ ਪਾਣੀ ਵਿੱਚ ਭਿਉ ਕੇ ਰੱਖਣ ਨਾਲ ਗੁਲਾਬੀ ਸ਼ੇਡ ਦਾ ਰੰਗ ਤਿਆਰ ਹੋ ਜਾਂਦਾ ਹੈ। ਕੁੱਝ ਫੁੱਲਾਂ ਨੂੰ ਪੀਸ ਕੇ ਵੀ ਕਈ ਤਰਹ੍ਾਂ ਦੇ ਰੰਗ ਤਿਆਰ ਕਰ ਸਕਦੇ ਹਾਂ। ਇਹ ਰੰਗ ਚਮੜੀ ਉੱਪਰੋਂ ਅਸਾਨੀ ਨਾਲ ਉੱਤਰ ਜਾਂਦੇ ਹਨ।

ਹੋਲੀ ਖੇਡਣ ਸਮੇਂ ਆਪਣੇ ਸਰੀਰ ਤੇ ਨਾਰੀਅਲ ਦਾ ਤੇਲ, ਸਰੋਂ ਦਾ ਤੇਲ, ਮਾਈਸਚਰਾਈਜ਼ਰ ਲੋਸ਼ਣ ਜਾਂ ਸਨਸਕਰੀਨ ਦਾ ਇਸਤੇਮਾਲ ਕਰੋ ਤਾਂ ਜੋ ਬਾਅਦ ਵਿੱਚ ਇਹ ਰੰਗ ਅਸਾਨੀ ਨਾਲ ਉੱਤਰ ਸਕਣ। ਸਰੀਰ ਨੂੰ ਪੂਰੇ ਢੱਕਣ ਵਾਲੇ ਗੂੜਹ੍ੇ ਰੰਗ ਦੇ ਸਿੰਥੈਟਿਕ ਕੱਪੜੇ ਹੀ ਪਹਿਨੋ ਤਾਂ ਜੋ ਇੰਨਹ੍ਾਂ ਨੂੰ ਧੋਣ ਸਮੇਂ ਘੱਟ ਤੋਂ ਘੱਟ ਪਾਣੀ ਖਰਚ ਹੋਵੇ। ਅਗਰ ਸਰੀਰ ਤੇ ਹੋਲੀ ਖੇਡਦੇ ਸਮੇਂ ਲੱਗੇ ਰੰਗ ਨਹੀ ਉੱਤਰਦੇ ਤਾਂ ਚਮੜੀ ਨੂੰ ਰਗੜੋ ਨਾ, ਇਸ ਨਾਲ ਸਰੀਰ ਤੇ ਜ਼ਖਮ ਵੀ ਹੋ ਸਕਦੇ ਹਨ। ਵੇਸਣ ਵਿੱਚ ਦਹੀ ਅਤੇ ਹਲਦੀ ਮਿਲਾ ਕੇ ਜਾਂ ਨਿੰਬੂ ਲਾਉਣ ਤੋਂ ਥੋੜਹ੍ੇ ਸਮੇਂ ਬਾਅਦ ਪਾਣੀ ਨਾਲ ਧੋਣ ਤੇ ਇਹ ਰੰਗ ਉੱਤਰ ਜਾਂਦੇ ਹਨ।ਆਉ ਆਪਾਂ ਸਾਰੇ ਪਰ੍ਣ ਕਰੀਏ ਕਿ ਇਸ ਵਾਰ ਹੋਲੀ ਹਰਬਲ ਰੰਗਾਂ ਨਾਲ ਖੇਡ ਕੇ ਪਾਣੀ ਦੀ ਵੱਧ ਤੋਂ ਵੱਧ ਬੱਚਤ ਕਰਾਂਗੇ।ਫੁੱਲਾਂ ਦੀਆਂ ਪੱਤੀਆਂ ਇੱਕ ਦੂਜੇ ਤੇ ਸੁੱਟ ਕੇ ਵੀ ਹੋਲੀ ਮਨਾਈ ਜਾ ਸਕਦੀ ਹੈ।ਤਿਉਹਾਰ ਨੂੰ ਤਿਉਹਾਰ ਸਮਝ ਕੇ ਮਨਾਉ। ਹੁੱਲੜਬਾਜ਼ੀ ਕਰਨ ਤੋਂ ਪਰ੍ਹੇਜ਼ ਕਰੋ।

> ਹੋਲੀ ਖੇਡਣ ਸਮੇਂ ਆਪਣੇ ਸਰੀਰ ਤੇ ਨਾਰੀਅਲ ਦਾ ਤੇਲ, ਸਰੋਂ ਦਾ ਤੇਲ, ਮਾਈਸਚਰਾਈਜ਼ਰ ਲੋਸ਼ਣ ਜਾਂ ਸਨਸਕਰੀਨ ਦਾ ਇਸਤੇਮਾਲ ਕਰੋ ਤਾਂ ਜੋ ਬਾਅਦ ਵਿੱਚ ਇਹ ਰੰਗ ਅਸਾਨੀ ਨਾਲ ਉੱਤਰ ਸਕਣ। ਸਰੀਰ ਨੂੰ ਪੂਰੇ ਢੱਕਣ ਵਾਲੇ ਗੂੜਹ੍ੇ ਰੰਗ ਦੇ ਸਿੰਥੈਟਿਕ ਕੱਪੜੇ ਹੀ ਪਹਿਨੋ ਤਾਂ ਜੋ ਇੰਨਹ੍ਾਂ ਨੂੰ ਧੋਣ ਸਮੇਂ ਘੱਟ ਤੋਂ ਘੱਟ ਪਾਣੀ ਖਰਚ ਹੋਵੇ। ਅਗਰ ਸਰੀਰ ਤੇ ਹੋਲੀ ਖੇਡਦੇ ਸਮੇਂ ਲੱਗੇ ਰੰਗ ਨਹੀ ਉੱਤਰਦੇ ਤਾਂ ਚਮੜੀ ਨੂੰ ਰਗੜੋ ਨਾ, ਇਸ ਨਾਲ ਸਰੀਰ ਤੇ ਜ਼ਖਮ ਵੀ ਹੋ ਸਕਦੇ ਹਨ।

# ਹੋਲੀ ਤੇ ਹੋਲਾ ਮਹੱਲਾ ਦਾ ਗੁਰਮਤਿ ਵਿੱਚ ਸਥਾਨ

ਗਿਆਨੀ ਸੁਰਜੀਤ ਸਿੰਘ (ਦਿੱਲੀ)
ਮੋਬਾ: 098112-92808

ਹੋਲੀ ਭਾਰਤ ਦਾ ਇਕ ਮਿਥਿਹਾਸਕ ਅਤੇ ਪੌਰਾਣਿਕ ਤਿਉਹਾਰ ਹੈ ਅਤੇ ਇਸ ਦਾ ਮੂਲ ਸਬੰਧ ਬਰ੍ਾਹਮਣ ਮੱਤ ਰਾਹੀ ਪਰ੍ਚਲਿਤ ਵਰਣ ਵੰਡ ਨਾਲ ਹੈ, ਜਦ ਕਿ ਹੋਲੇ ਮਹੱਲੇ ਦਾ ਆਰੰਭ ਸੰਨ 1680 ਵਿੱਚ ਅਨੰਦਪੁਰ ਸਾਹਿਬ ਵਿਖੇ ਲੋਹਗੜਹ੍ ਦੇ ਸਥਾਨ 'ਤੇ ਸਾਹਿਬ ਸਰ੍ੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪ ਕੀਤਾ। ਇਨਹ੍ਾਂ ਦੋਹਾਂ ਤਿਉਹਾਰਾਂ ਦੀ ਵਿਚਾਰਧਾਰਾ ਪੱਖੋਂ ਆਪਸ ਵਿੱਚ ਬਹੁਤ ਭਿੰਨਤਾ ਹੈ। ਗੁਰੂ-ਘਰ ਵਿੱਚ ਗੁਰੂ ਦੀਆਂ ਸੰਗਤਾਂ ਵਾਸਤੇ ਜਿੱਥੇ ਹੋਲੀ ਨੂੰ ਇਸ ਦੇ ਪਰ੍ਚਲਿਤ ਢੰਗ ਨਾਲ ਖੇਡਣ ਤੋਂ ਪੂਰੀ ਤਰਹ੍ਾਂ ਮਨਹ੍ਾਂ ਕੀਤਾ ਗਿਆ ਹੈ, ਉੱਥੇ ਹੋਲੇ ਮਹੱਲੇ ਦਾ ਸਿਧਾਂਤ ਪੇਸ਼ ਕਰਦੇ ਹੋਏ, ਹੋਲੀ ਨੂੰ ਵੀ ਨਵੇਂ ਅਤੇ ਸੁਲਝੇ ਰੂਪ ਵਿੱਚ ਪੇਸ਼ ਕੀਤਾ ਗਿਆ ਹੈ।

ਹੋਲਾ ਮਹੱਲਾ ਸਬੰਧੀ ਪੰਥ ਦੇ ਮਹਾਨ ਵਿਦਵਾਨ ਭਾਈ ਸਾਹਿਬ ਭਾਈ ਕਾਹਨ ਸਿੰਘ ਜੀ ਨਾਭਾ ਨੇ ਇਸ ਨੂੰ ਇਸ ਤਰਹ੍ਾਂ ਲਿਖਿਆ ਹੈ : ਯੁੱਧ ਵਿਦਿਆ ਦੇ ਅਭਿਆਸ ਨੂੰ ਨਿੱਤ ਨਵਾਂ ਰੱਖਣ ਵਾਸਤੇ ਕਲਗੀਧਰ ਜੀ ਦੀ ਚਲਾਈ ਹੋਈ ਰੀਤ ਅਨੁਸਾਰ ਚੇਤ ਵਦੀ ੧ ਨੂੰ ਸਿੱਖਾਂ ਵਿੱਚ ਹੋਲਾ ਮਹੱਲਾ ਹੁੰਦਾ ਹੈ, ਜਿਸ ਦਾ ਹੋਲੀ ਦੀ ਰਸਮ ਨਾਲ ਕੋਈ ਸਬੰਧ ਨਹੀ। ਮਹੱਲਾ ਇਕ ਪਰ੍ਕਾਰ ਦੀ ਮਸਨੂਈ ਲੜਾਈ ਹੈ। ਪੈਦਲ, ਘੋੜ ਸਵਾਰ ਤੇ ਸ਼ਸਤਰਧਾਰੀ ਸਿੰਘ ਦੋ ਪਾਸਿਆਂ ਤੋਂ ਇੱਕ ਖ਼ਾਸ ਹਮਲੇ ਦੀ ਥਾਂ ਉੱਤੇ ਹਮਲਾ ਕਰਦੇ ਹਨ। ਕਲਗੀਧਰ ਜੀ ਆਪ ਇਸ ਬਨਾਉਟੀ ਲੜਾਈ ਨੂੰ ਵੇਖਦੇ ਅਤੇ ਦੋਹਾਂ ਦਲਾਂ ਨੂੰ ਲੋੜੀਦੀ ਸ਼ੁੱਭ ਸਿਖਿਆ ਦਿਆ ਕਰਦੇ ਸਨ। ਜਿਹੜਾ ਦਲ ਜੇਤੂ ਹੁੰਦਾ, ਉਸ ਨੂੰ ਦੀਵਾਨ ਵਿੱਚ ਸਿਰੋਪਾ ਬਖ਼ਸ਼ਦੇ ਸਨ ਪਰ ਅਸੀ ਸਾਲ ਪਿੱਛੋਂ ਇਹ ਰਸਮ ਨਾਂ ਮਾਤਰ ਕਰ ਛੱਡਦੇ ਹਾਂ, ਲਾਭ ਕੁਝ ਨਹੀ ਉਠਾਉਂਦੇ, ਹਾਲਾਂ ਕਿ ਸ਼ਸਤਰ ਵਿਦਿਆ ਤੋਂ ਅੰਵਾਣ ਸਿੱਖ, ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਅਧੂਰਾ ਸਿੱਖ ਹੈ।

ਇਸ ਵਿਸ਼ੇ 'ਤੇ ਭਾਈ ਸਾਹਿਬ ਹੋਰ ਲਿਖਦੇ ਹਨ : "ਸ਼ੱਕ ਹੈ ਕਿ ਹੁਣ ਸਿੱਖਾਂ ਨੇ ਸ਼ਸਤਰ ਵਿਦਿਆ ਨੂੰ ਆਪਣੀ ਕੌਮੀ ਵਿਦਿਆ ਨਹੀ ਸਮਝਿਆ, ਸਿਰਫ਼ ਫ਼ੌਜੀਆਂ ਦਾ ਕਰਤਬ ਮੰਨ ਲਿਆ ਹੈ, ਜਦੋਂ ਕਿ ਦਸਮੇਸ਼ ਜੀ ਦਾ ਹੁਕਮ ਹੈ ਕਿ ਹਰ ਸਿੱਖ ਪੂਰਾ ਸਿਪਾਹੀ ਹੋਵੇ ਅਤੇ ਸ਼ਸਤਰ ਵਿਦਿਆ ਦਾ ਅਭਿਆਸ ਕਰੇ।"

ਇਸ ਵਿਆਖਿਆ ਤੋਂ ਇਹ ਗੱਲ ਭਲੀ ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਭਾਵੇਂ ਕਿੰਨੀ ਵੀ ਜੰਗਜੂ ਕੌਮ ਜਾਂ ਜਥੇਬੰਦੀ ਹੋਵੇ, ਹਰ ਸਮੇਂ ਜਾਂ ਹਰ ਵਕਤ ਤਾਂ ਜੰਗਾਂ ਯੁੱਧਾਂ ਵਿੱਚ ਨਹੀ ਰਹਿੰਦੀ। ਸਰਕਾਰੀ ਫ਼ੌਜਾਂ ਵੀ ਸ਼ਸਤਰਾਂ ਦੀ ਵਰਤੋਂ ਕਿਸੇ ਦੁਸ਼ਮਣ ਦੇ ਜਾਂ ਉਸ 'ਤੇ ਹਮਲੇ ਸਮੇਂ ਹੀ ਕਰਦੀਆਂ ਹਨ, ਹਰ ਸਮੇਂ ਨਹੀ, ਪਰ ਉਨਹ੍ਾਂ ਦੇ ਯੁੱਧ ਅਤੇ ਸ਼ਸਤਰ ਅਭਿਆਸ ਤਾਂ ਕਦੇ ਵੀ ਬੰਦ ਨਹੀ ਕੀਤੇ ਜਾਂਦੇ। ਛੇਵੇਂ ਪਾਤਸ਼ਾਹ ਨੇ ਪੰਥ ਨੂੰ ਬਕਾਇਦਾ ਸ਼ਸਤਰਧਾਰੀ ਕੀਤਾ ਅਤੇ ਹਕੂਮਤ ਨਾਲ ਚਾਰ ਜੰਗਾਂ ਲੜੀਆਂ। ਚੋਹਾਂ ਵਿੱਚ ਹੀ ਆਪ ਜੀ ਨੇ ਫ਼ਤਿਹ ਹਾਸਲ ਕੀਤੀ। ਗੁਰਗੱਦੀ ਸੌਂਪਣ ਸਮੇਂ ਆਪ ਜੀ ਨੇ ਗੁਰੂ ਹਰਿਰਾਇ ਸਾਹਿਬ ਜੀ ਨੂੰ 2200 ਸ਼ਸਤਰਧਾਰੀ ਘੋੜ ਸਵਾਰਾਂ ਦੀ ਫ਼ੌਜ ਦੀ ਸਪੁਰਦਗੀ ਕੀਤੀ ਅਤੇ ਨਾਲ ਹੀ ਹੁਕਮ ਕੀਤਾ ਕਿ ਇਨਹ੍ਾਂ ਫ਼ੌਜਾਂ ਨੂੰ ਬਕਾਇਦਾ ਕਾਇਮ ਰੱਖਣਾ ਹੈ। ਸਪੱਸ਼ਟ ਹੈ ਕਿ ਜੇ ਫ਼ੌਜਾਂ ਨੂੰ ਕਾਇਮ ਰੱਖਣਾ ਹੈ ਤਾਂ ਉਨਹ੍ਾਂ ਦੇ ਅਭਿਆਸ ਵੀ ਚੱਲਦੇ ਰਹਿਣੇ ਚਾਹੀਦੇ ਹਨ।

ਅੰਤ ਦਸਵੇਂ ਪਾਤਸ਼ਾਹ ਨੇ ਕੌਮ ਦੇ ਬਕਾਇਦਾ ਜੁਝਾਰੂ ਹੋਣ ਦਾ ਐਲਾਨ ਕਰ ਦਿੱਤਾ ਅਤੇ ਕਿਰ੍ਪਾਨ ਨੂੰ ਪੰਜਾਂ ਕਕਾਰਾਂ ਵਿੱਚ ਸ਼ਾਮਲ ਕਰ ਕੇ ਸਿੱਖੀ ਪਹਿਰਾਵੇ ਦਾ ਸਦਾ ਵਾਸਤੇ ਅੰਗ ਬਣਾ ਦਿੱਤਾ। ਫਿਰ ਇਹ ਨਿਯਮ ਵੀ ਪੱਕਾ ਕਰ ਦਿੱਤਾ ਕਿ ਸਿੱਖ ਸ਼ਸਤਰ ਵਿਦਿਆ ਦਾ ਅਭਿਆਸ ਕਰਦੇ ਰਹਿਣ। ਇਸ ਤੋਂ ਵੱਡਾ ਹੋਰ ਕੋਈ ਸਬੂਤ ਨਹੀ ਕਿ ਅੰਮਿਰ੍ਤ ਦਾ ਢੰਗ ਚਰਣ ਪਾਹੁਲ ਤੋਂ ਖੰਡੇ ਦੀ ਪਾਹੁਲ ਵਿੱਚ ਤਾਂ ਬਦਲਿਆ 1699 ਨੂੰ, ਪਰ ਹੋਲਾ ਮਹੱਲਾ ਆਰੰਭ ਕੀਤਾ 1680 ਵਿੱਚ ਅਰਥਾਤ ਉਸ ਤੋਂ 19 ਸਾਲ ਪਹਿਲਾਂ।

ਹੋਲਾ ਅਤੇ ਮਹੱਲਾ ਤਰਤੀਬਵਾਰ ਅਰਬੀ ਅਤੇ ਫ਼ਾਰਸੀ ਦੇ ਸ਼ਬਦ ਹਨ, ਜਿਨਹ੍ਾਂ ਦੇ ਕਰ੍ਮਵਾਰ ਅਰਥ ਹਮਲਾ ਅਤੇ ਹਮਲੇ ਦੀ ਥਾਂ ਹਨ। ਇਹ ਵੀ ਠੀਕ ਹੈ ਕਿ ਭਾਵੇਂ ਕਿਰ੍ਪਾਨ ਨੂੰ ਪਾਤਸ਼ਾਹ ਨੇ ਕਕਾਰਾਂ ਦੀ ਗਿਣਤੀ ਵਿੱਚ ਸਿੱਖੀ ਪਹਿਰਾਵੇ ਦਾ ਇੱਕ ਪੱਕਾ ਅੰਗ ਬਣਾ ਦਿੱਤਾ, ਪਰ ਜੰਗਾਂ, ਯੁੱਧਾਂ ਵਿੱਚ ਜੋ ਵੀ ਉਸ ਸਮੇਂ ਦੇ ਹਥਿਆਰ ਸਨ, ਉਨਹ੍ਾਂ ਦੀ ਵਰਤੋਂ ਵਾਸਤੇ ਸਭ ਤੋਂ ਅੱਗੇ ਰਹੇ। ਸਾਨੂੰ ਆਧੁਨਿਕ ਹਥਿਆਰਾਂ ਦੀ ਵਰਤੋਂ ਅਤੇ ਅਨੁਸ਼ਾਸਿਤ ਬਾਣੇ ਦੇ ਤੌਰ 'ਤੇ ਕਿਰ੍ਪਾਨ ਦੇ ਆਪਸੀ ਸਬੰਧ ਨੂੰ ਸਮਝਣਾ ਚਾਹੀਦਾ ਹੈ। ਉਂਝ ਵੀ ਕਿਰ੍ਪਾਨ ਇੱਕ ਅਜਿਹਾ ਸ਼ਸਤਰ ਹੈ, ਜੋ ਸ਼ੌਚ ਸਨਾਨ ਦੇ ਨਾਲ ਰਹਿ ਸਕਦਾ ਹੈ ਜਦੋਂ ਕਿ ਬਾਕੀ ਕਿਸੇ ਸ਼ਸਤਰ 'ਤੇ ਇਹ ਨਿਯਮ ਲਾਗੂ ਨਹੀ ਹੁੰਦਾ। ਕਿਰ੍ਪਾਨ ਦੀ ਇਕ ਹੋਰ ਵਿਲੱਖਣਤਾ ਵੀ ਗੁਰੂ ਸਾਹਿਬ ਨੇ ਪੈਦਾ ਕੀਤੀ ਹੈ।

ਕਿਰ੍ਪਾਨ ਵਾਸਤੇ ਤਲਵਾਰ ਅਤੇ ਖੜਗ ਆਦਿ ਅਨੇਕਾਂ ਨਾਂ ਪਹਿਲਾਂ ਤੋਂ ਪਰ੍ਚਲਿਤ ਸਨ। ਸੋਚਣ ਦਾ ਵਿਸ਼ਾ ਇਹ ਹੈ ਕਿ ਪਾਤਸ਼ਾਹ ਨੂੰ ਇਹ ਨਵਾਂ ਨਾਂ ਇਸ ਸ਼ਸਤਰ ਵਾਸਤੇ ਦੇਣ ਦੀ ਕੀ ਲੋੜ ਪਈ ? ਇਸ ਸਬੰਧ ਵਿੱਚ ਇਹ ਯਾਦ ਰਹੇ ਕਿ ਕਿਰ੍ਪਾਨ ਧਾਰਨ ਕਰਨ ਵਾਲੇ ਨੂੰ ਦੋ ਪੱਖੋਂ ਹਰ ਵਕਤ ਚੇਤਾਵਨੀ ਮਿਲਦੀ ਹੈ ਕਿ ਉਸ ਨੇ ਜੋ ਸ਼ਸਤਰਧਾਰੀ ਹੋਣਾ ਹੈ ਤਾਂ ਕਾਹਦੇ ਵਾਸਤੇ ? ਕਿਰ੍ਪਾਨ ਦਾ ਨਵਾਂ ਸ਼ਬਦ ਪਾਤਸ਼ਾਹ ਨੇ ਦੋ ਸ਼ਬਦਾਂ ਕਿਰ੍ਪਾ+ਆਨ, ਦੀ ਸੰਧੀ ਤੋਂ ਬਖ਼ਸ਼ਿਆ ਹੈ। ਭਾਵ ਗੁਰੂ ਜੀ ਦੇ ਸਿੱਖ ਨੇ ਜਦੋਂ ਕਿਰ੍ਪਾਨ ਅਤੇ ਆਪਣੇ ਸ਼ਸਤਰਾਂ ਨੂੰ ਹੱਥ ਪਾਉਣਾ ਹੈ ਤਾਂ ਉਸ ਦੇ ਸਾਹਮਣੇ ਦੋ ਗੱਲਾਂ ਵਿੱਚੋਂ ਇਕ ਕਾਰਨ ਲਾਜ਼ਮੀ ਹੋਣਾ ਚਾਹੀਦਾ ਹੈ ਜਾਂ ਤਾਂ ਕਿਰ੍ਪਾ ਭਾਵ ਮਜ਼ਲੂਮ ਦੀ ਰਾਖੀ ਅਤੇ ਦੁਸ਼ਟ ਦੀ ਸੁਧਾਈ ਵਾਸਤੇ ਜਾਂ ਫਿਰ ਆਪਣੀ ਪੰਥ ਲੋਕਾਈ ਦੀ ਆਨ ਅਤੇ ਸ਼ਾਨ ਵਾਸਤੇ।

ਹੋਲੇ ਮਹੱਲੇ ਦਾ ਮਹੱਤਵ ਹੋਰ ਵੀ ਸਪੱਸ਼ਟ ਹੋ ਜਾਂਦਾ ਹੈ ਜਦੋਂ ਅਸੀ ਸਿੱਖੀ ਦੇ ਮੂਲ ਸਿਧਾਂਤ 'ਦੇਗ ਤੇਗ਼ ਫ਼ਤਿਹ' ਵਾਲੇ ਸ਼ਬਦਾਂ ਬਾਰੇ ਸੋਚਦੇ ਹਾਂ। ਗੁਰੂ ਦੀਆਂ ਸੰਗਤਾਂ ਨੂੰ ਜਿੱਥੇ ਕੜਾਹ ਪਰ੍ਸ਼ਾਦ, ਗੁਰੂ ਕਾ ਲੰਗਰ ਆਦਿ ਨੂੰ ਦੇਗ ਜਾਂ ਦੇਗਾਂ ਕਿਹਾ ਹੈ, ਉੱਥੇ ਨਾਲ ਹੀ ਨਿਯਮ ਹੈ ਕਿ ਬਿਨਾਂ ਕਿਰ੍ਪਾਨ ਭੇਂਟ ਕਰਨ ਦੇ ਕੜਾਹ ਪਰ੍ਸ਼ਾਦ ਦੀ ਦੇਗ ਵੀ ਨਹੀ ਵਰਤਾਉਣੀ ਅਤੇ ਨਾ ਹੀ ਛੱਕਣੀ ਹੈ। ਖਿਮਾ ਚਾਹੁੰਦਾ ਹਾਂ, ਜੋ ਕੁਝ ਸੱਜਣ ਕੜਾਹ ਪਰ੍ਸ਼ਾਦ ਦੀ ਦੇਗ ਨੂੰ ਕਿਰ੍ਪਾਨ ਭੇਂਟ ਕਰਨ ਨੂੰ ਭੋਗ ਲੁਆਉਣਾ ਸਮਝ ਲੈਂਦੇ ਹਨ। ਗੁਰੂ ਘਰ ਵਿੱਚ ਭੋਗ ਲੁਆਉਣ ਦਾ ਕੋਈ ਵਿਧਾਨ ਹੀ ਨਹੀ ਹੈ।

(ਬਾਕੀ ਸਫਾ 11 'ਤੇ)



# ਬਾਣੀ-ਬਾਣਾ ਅਤੇ ਗਤਕਾ ਸਿੱਖ ਕੌਮ ਦੀ ਵਿਰਾਸਤ ਹੈ, ਸਿੱਖ ਸ਼ਸਤਰ ਕਲਾ ਨੂੰ ਸੰਭਾਲਣ ਲਈ ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੇ ਯਤਨ ਪ੍ਰਸੰਸਾਜਨਕ: ਗਿ: ਅਮਰਜੀਤ ਸਿੰਘ

## ਬੁੱਢਾ ਦਲ ਵੱਲੋਂ ਗਿ. ਅਮਰਜੀਤ ਸਿੰਘ, ਭਾਈ ਹਜਿੰਦਰ ਸਿੰਘ, ਭਾਈ ਗੁਰਦੇਵ ਸਿੰਘ, ਭਾਈ ਹਰੀ ਸਿੰਘ ਤੇ ਹੋਰ ਸ਼ਖਸੀਅਤਾਂ ਸਨਮਾਨਤ



ਸ੍ਰੀ ਅਨੰਦਪੁਰ ਸਾਹਿਬ, 3 ਮਾਰਚ (ਤਰਲੋਚਨ ਸਿੰਘ/ਹਰਪ੍ਰੀਤ ਸਿੰਘ) : ਹੋਲਾ-ਮਹੱਲਾ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਸ਼੍ਰੋਮਣੀ ਸੇਵਾ ਰਤਨ, ਸ਼੍ਰੋਮਣੀ ਪੰਥ ਰਤਨ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਦੀ ਅਗਵਾਈ ਵਿਚ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਗੁਰਦੁਆਰਾ ਗੁਰੂ ਕਾ ਬਾਗ ਛਾਉਣੀ ਨਿਹੰਗ ਸਿੰਘਾਂ ਬੁੱਢਾ ਦਲ ਵਿਖੇ ਵਿਰਸਾ ਸੰਭਾਲ ਨੈਸ਼ਨਲ ਗੱਤਕਾ ਮੁਕਾਬਲੇ ਕਰਵਾਏ ਗਏ ਜਿਸ ਵਿਚ ਵੱਖ-ਵੱਖ ਪ੍ਰਾਤਾਂ ਜਿਲਿਆਂ ਦੀਆਂ 20 ਟੀਮਾਂ ਨੇ ਸਿੱਖ ਸ਼ਸਤਰ ਕਲਾ ਦਾ ਬਾਖੂਬੀ ਪ੍ਰਗਟਾਵਾ ਕੀਤਾ। ਇਨ੍ਹਾਂ ਮੁਕਾਬਲਿਆਂ ਦੇ ਅੱਜ ਦੂਸਰੇ ਦਿਨ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਸਮੇਤ ਹੋਰ ਅਹਿਮ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ। ਇਸ ਮੌਕੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਿੱਖ ਪੰਥ ਦੀਆਂ ਅਹਿਮ ਸਖਸ਼ੀਅਤਾਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿਚ ਉੱਘੇ ਵਿਦਵਾਨ ਗਿ. ਅਮਰਜੀਤ ਸਿੰਘ ਕਾਰਜਕਾਰੀ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ, ਭਾਈ ਹਰਜਿੰਦਰ ਸਿੰਘ ਸ੍ਰੀ ਨਗਰ ਵਾਲੇ, ਭਾਈ ਗੁਰਦੇਵ ਸਿੰਘ ਅਸਟ੍ਰੇਲੀਆ, ਭਾਈ ਹਰੀ ਸਿੰਘ ਰੰਧਾਵੇ ਵਾਲੇ, ਬਾਬਾ ਜਸਵਿੰਦਰ ਸਿੰਘ ਜੱਸੀ ਸਨਮਾਨਤ ਸਖਸੀਅਤਾਂ ਨੂੰ ਬੁੱਢਾ ਦਲ ਦੇ ਮੁੱਖੀ ਵੱਲੋਂ ਸ੍ਰੀ ਸਾਹਿਬ, ਦੁਸ਼ਾਲਾ, ਸਿਰਪਾਓ, ਸਨਮਾਨ ਪੱਤਰ, ਸਨਮਾਨ ਚਿੰਨ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਆ ਗਿਆ।

ਇਸ ਮੌਕੇ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ ਹੈਡ ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਨੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖ ਵਿਰਾਸਤ ਦੀ ਸ਼ਾਨਮੱਤੀ ਸ਼ਸਤਰ ਕਲਾ ਨੂੰ ਸੰਭਾਲਣ ਲਈ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਨਿਰੰਤਰ ਯਤਨਸ਼ੀਲ ਹਨ। ਇਨ੍ਹਾਂ ਵੱਲੋਂ ਹਰ ਹੋਲਾ ਮਹੱਲਾ ਅਤੇ ਖਾਲਸੇ ਦੀ ਸਿਰਜਨਾ ਦਿਵਸ ਵਿਸਾਖੀ ਮੌਕੇ ਗੱਤਕਾ ਮੁਕਾਬਲੇ ਕਰਵਾ ਕੇ ਸੰਗਤ ਨੂੰ ਖਾਲਸਾਈ ਸ਼ਾਨ ਦੇ ਰੂਬਰੂ ਕੀਤਾ ਜਾਂਦਾ ਹੈ, ਜਿਸ ਨਾਲ ਨੌਜੁਆਨੀ ਅੰਦਰ ਯੁੱਧ ਕਲਾ ਦੇ ਪ੍ਰਤੀਕ ਗੱਤਕਾਬਾਜ਼ੀ ਦੀ ਖਿੱਚ ਪੈਦਾ ਹੁੰਦੀ ਹੈ। ਨਿਰਸੰਦੇਹ ਅਜਿਹੇ ਉਪਰਾਲੇ ਵਰਤਮਾਨ ਸਿੱਖ ਨੌਜੁਆਨੀ ਨੂੰ ਆਪਣੀਆਂ ਵਿਰਾਸਤੀ ਜੜਾਂ ਨਾਲ ਜੋੜਨ ਲਈ ਵਡਮੁੱਲੀ ਭੂਮਿਕਾ ਅਦਾ ਕਰਦੇ ਹਨ। ਉਨ੍ਹਾਂ ਕਿਹਾ ਕਿ ਬੁੱਢਾ ਦਲ ਵੱਲੋਂ ਵੱਖ-ਵੱਖ ਖੇਤਰਾਂ ਵਿਚ ਅਹਿਮ ਯੋਗਦਾਨ ਪਾਉਣ ਵਾਲੀਆਂ ਸਿੱਖ ਸਖਸ਼ੀਅਤਾਂ ਹਰ ਸਾਲ ਵੱਖ-ਵੱਖ ਐਵਾਰਡਾਂ ਨਾਲ ਸਨਮਾਨਤ ਕਰਨਾ ਚੰਗੀ ਪਿਰਤ ਹੈ।

ਬਾਬਾ ਬਲਬੀਰ ਸਿੰਘ 96 ਕਰੋੜੀ ਨੇ ਕਿਹਾ ਕਿ ਦਸਮ ਪਾਤਸ਼ਾਹ ਵੱਲੋਂ ਦਿਤੀ ਇਹ ਜੰਗਜੂ ਕਲਾ ਨੂੰ ਸੁਰਜੀਤ ਰੱਖਣਾ ਤੇ ਉਸ ਵਿਕਾਸ ਲਈ ਨਿਰੰਤਰ ਜਤਨਸ਼ੀਲ ਹਨ। ਸਾਰੇ ਇਤਿਹਾਸਕ ਪੁਰਬਾਂ ਤੇ ਗੱਤਕੇ ਮੁਕਾਬਲੇ ਕਰਵਾਏ ਜਾ ਰਹੇ ਹਨ ਅਤੇ ਖੁਲੇ ਦਿਲ ਨਾਲ ਜੇਤੂ ਟੀਮਾਂ ਨੂੰ ਇਨਾਮ ਦੇ ਕੇ ਹੌਸਲਾ ਵਧਾਉਂਦੇ ਹਨ। ਜਥੇ: ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ ਵੱਲੋਂ ਇਸ ਮੌਕੇ ਸਿੰਘ ਸਾਹਿਬਾਨ, ਨਿਹੰਗ ਸਿੰਘ ਦਲਾਂ ਦੇ ਮੁਖੀਆਂ ਸਮੇਤ ਹੋਰ ਪ੍ਰਮੁੱਖ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ। ਗਤਕਾ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਨੂੰ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਨਮਾਨਿਤ ਕੀਤਾ ਗਿਆ। ਦੋ ਰੋਜ਼ਾ ਇੰਟਰਨੈਸ਼ਨਲ ਗਤਕਾ ਮੁਕਾਬਲਿਆਂ ਵਿੱਚ ਭਾਰਤ ਭਰ ਵਿੱਚੋਂ 22 ਟੀਮਾਂ ਨੇ ਭਾਗ ਲਿਆ। ਬੁੱਢਾ ਦਲ ਵੱਲੋਂ ਪਹਿਲੇ, ਦੂਸਰੇ ਅਤੇ ਤੀਜੇ ਦਰਜੇ ਤੇ ਰਹਿਣ ਵਾਲੀਆਂ ਜੇਤੂ ਟੀਮਾਂ ਨੂੰ ਵਿਸ਼ੇਸ਼ ਟਰਾਫੀਆਂ, ਸਰਟੀਫਿਕੇਟ ਤੇ ਨਕਦ ਰਾਸ਼ੀ ਨਾਲ ਸਨਮਾਨਿਆਂ ਗਿਆ। ਇਸ ਮੌਕੇ ਜਥੇਦਾਰ ਤਰਸੇਮ ਸਿੰਘ ਮੋਰਾਂਵਾਲੀ ਢਾਡੀ ਜਥੇ ਨੇ ਬੀਰਰਸ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਬਾਬਾ ਅਵਤਾਰ ਸਿੰਘ ਮੁਖੀ ਸੰਪਰਦਾਇ ਬਾਬਾ ਬਿਧੀ ਚੰਦ ਸਾਹਿਬ ਸੁਰਸਿੰਘ ਵੱਲੋਂ ਬਾਬਾ ਚਰਨਜੀਤ ਸਿੰਘ, ਬਾਬਾ ਨਾਗਰ ਸਿੰਘ ਹਰੀਆਂ ਵੇਲਾਂ ਹੁਸ਼ਿਆਰਪੁਰ, ਬਾਬਾ ਜਗੀਰ ਸਿੰਘ ਮਿਸਲ ਸ਼ਹੀਦਾਂ ਤਰਨਾਦਲ, ਬਾਬਾ ਰਘੁਬੀਰ ਸਿੰਘ ਖਿਆਲੇ ਵਾਲੇ, ਬਾਬਾ ਜੋਗਾ ਸਿੰਘ ਕਰਨਾਲ ਵਾਲੇ, ਬਾਬਾ ਬੰਤਾ ਸਿੰਘ, ਬਾਬਾ ਮਾਹਣਾ ਸਿੰਘ, ਬਾਬਾ ਅਰਜਨ ਸਿੰਘ ਪਟਿਆਲੇ ਵਾਲੇ, ਬਾਬਾ ਵੱਸਣ ਸਿੰਘ, ਬਾਬਾ ਗੁਰਪ੍ਰੀਤ ਸਿੰਘ, ਬਾਬਾ ਹਰਜੀਤ ਸਿੰਘ ਮਹਿਤਾ ਚੌਂਕ, ਬਾਬਾ ਬਲਵਿੰਦਰ ਸਿੰਘ ਮਹਿਤਾ ਚੌਂਕ, ਬਾਬਾ ਬਲਦੇਵ ਸਿੰਘ ਮੁਸਤਰਾਬਾਦ, ਬਾਬਾ ਕੁਲਵਿੰਦਰ ਸਿੰਘ ਚਮਕੌਰ ਸਾਹਿਬ, ਬਾਬਾ ਪ੍ਰਗਟ ਸਿੰਘ ਮਜੀਠਾ ਰੋਡ, ਬਾਬਾ ਜਗਤਾਰ ਸਿੰਘ ਠੱਠੇ ਵਾਲੇ, ਭਾਈ ਸੁਖਜੀਤ ਸਿੰਘ ਕਨ੍ਹੱਈਆ, ਬਾਬਾ ਢੂੰਡਾ ਸਿੰਘ ਮਿਸ਼ਲ ਭਾਈ ਬਚਿੱਤਰ ਸਿੰਘ, ਬਾਬਾ ਗੁਰਮੇਲ ਸਿੰਘ ਕਨੇਡਾ, ਸ. ਅਮਰਜੀਤ ਸਿੰਘ ਚਾਵਲਾ, ਸ. ਇੰਦਰਪਾਲ ਸਿੰਘ ਫੌਜੀ, ਬਾਬਾ ਕੁਲਵਿੰਦਰ ਸਿੰਘ ਤਰਨਾ ਦਲ ਚਮਕੌਰ ਸਾਹਿਬ, ਬਾਬਾ ਛਿੰਦਾ ਸਿੰਘ ਭਿੱਖੀਵਿੰਡ, ਬਾਬਾ ਇੰਦਰ ਸਿੰਘ, ਬਾਬਾ ਮੱਘਰ ਸਿੰਘ, ਬਾਬਾ ਸੁਖਵਿੰਦਰ ਸਿੰਘ ਮੌਰ, ਬਾਬਾ ਸਰਵਣ ਸਿੰਘ ਮਝੈਲ ਰਾਜਪੁਰਾ, ਬਾਬਾ ਵਿਸ਼ਵਪ੍ਰਤਾਪ ਸਿੰਘ ਸਮਾਣਾ, ਬਾਬਾ ਰਣਯੋਧ ਸਿੰਘ, ਬਾਬਾ ਪਿਆਰਾ ਸਿੰਘ, ਬਾਬਾ ਬਲਦੇਵ ਸਿੰਘ ਢੋਡੀਵਿੰਡ, ਬਾਬਾ ਮੇਜਰ ਸਿੰਘ ਦਸ਼ਮੇਸ਼ ਤਰਨਾ ਦਲ ਲੁਧਿਆਣਾ, ਬਾਬਾ ਬਲਦੇਵ ਸਿੰਘ ਵੱਲਾ, ਬਾਬਾ ਹਰਪ੍ਰੀਤ ਸਿੰਘ ਹੈਪੀ, ਬਾਬਾ ਖੜਕ ਸਿੰਘ, ਬਾਬਾ ਚਰਨ ਸਿੰਘ ਫਤਹਿਗੜ੍ਹ ਸਾਹਿਬ ਆਦਿ ਹਾਜ਼ਰ ਸਨ।

# ਲੰਗਰਾਂ ਦੇ ਵਿਸ਼ਾਲ ਪ੍ਰਬੰਧ ਕਰਕੇ ਬਾਬਾ ਕਸ਼ਮੀਰ ਸਿੰਘ ਭੂਰੀ ਵਾਲੇ ਸ਼੍ਰੋਮਣੀ ਕਮੇਟੀ ਦਾ ਵੱਡਾ ਸਹਿਯੋਗ ਕਰ ਰਹੇ ਨੇ :ਗਿ. ਕੁਲਦੀਪ ਸਿੰਘ ਗੜਗੱਜ



ਸ੍ਰੀ ਅਨੰਦਪੁਰ ਸਾਹਿਬ, 3 ਮਾਰਚ (ਤਰਲੋਚਨ ਸਿੰਘ/ਹਰਪ੍ਰੀਤ ਸਿੰਘ) : ਗੁਰੂ ਘਰਾਂ ਦੀ ਸੇਵਾ 'ਚ ਹਮੇਸ਼ਾ ਲੀਨ ਰਹਿਣ ਵਾਲੇ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਵੱਲੋਂ ਹੋਲੇ ਮਹੱਲੇ ਨੂੰ ਸਮਰਪਿਤ ਲਗਾਏ ਗਏ ਲੰਗਰ ਵਿੱਚ ਪੁੱਜ ਕੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਤੇ ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਲੰਗਰ ਛਕਿਆ ਅਤੇ ਸੰਤ ਭੂਰੀ ਵਾਲਿਆਂ ਵੱਲੋਂ ਨਿਭਾਈਆਂ ਜਾ ਰਹੀਆਂ ਮਹਾਨ ਸੇਵਾਵਾਂ ਦੀ ਭਰਪੂਰ ਸ਼ਲਾਘਾ ਕੀਤੀ। ਪੰਗਤ ਵਿੱਚ ਬੈਠ ਕੇ ਲੰਗਰ ਛੱਕਦਿਆਂ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਆਪਣੀਆਂ ਭਾਵਨਾਵਾਂ ਪ੍ਰਗਟ ਕਰਦਿਆਂ ਕਿਹਾ ਕਿ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਗੁਰੂ ਘਰਾਂ ਵਿੱਚ ਕੀਤੀ ਜਾ ਰਹੀ ਸੇਵਾ ਗੁਰੂ ਰਾਮਦਾਸ ਪਾਤਸ਼ਾਹ ਜੀ ਦੀ ਅਸੀਸ ਨਾਲ ਸਜੀ ਹੋਈ ਹੈ।

ਹੋਲੇ ਮਹੱਲੇ ਦੇ ਇਸ ਪਵਿੱਤਰ ਮੌਕੇ ਉੱਪਰ ਦੇਸ਼-ਵਿਦੇਸ਼ਾਂ ਤੋਂ ਲੱਖਾਂ ਦੀ ਤਾਦਾਦ ਵਿੱਚ ਆਉਣ ਵਾਲੀਆਂ ਸੰਗਤਾਂ ਲਈ ਰਿਹਾਇਸ਼ ਅਤੇ ਲੰਗਰ ਦੇ ਵੱਡੇ ਪ੍ਰਬੰਧ ਕਰਕੇ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੱਡਾ ਸਹਿਯੋਗ ਕਰ ਰਹੇ ਹਨ। ਇਸ ਤੋਂ ਇਲਾਵਾ ਮਹਾਂਪੁਰਖਾਂ ਨੂੰ ਵੱਖ ਵੱਖ ਸ਼ਤਾਬਦੀ ਸਮਾਗਮਾਂ ਜਾਂ ਹੋਰ ਵੱਡੇ ਧਾਰਮਿਕ ਇਕੱਠਾਂ ਵੇਲੇ ਵੀ ਲੰਗਰਾਂ ਦੇ ਪ੍ਰਬੰਧ ਕਰਨ ਦਾ ਵਿਸ਼ਾਲ ਤਜਰਬਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਸੰਤ ਬਾਬਾ ਕਸ਼ਮੀਰ ਸਿੰਘ ਭੂਰੀ ਵਾਲਿਆਂ ਵੱਲੋਂ ਗੁਰਧਾਮਾਂ ਵਿੱਚ ਕੀਤੀ ਜਾ ਰਹੀ ਸੇਵਾ ਮਿਆਰੀ ਅਤੇ ਤਕਨੀਕੀ ਪੱਖੋਂ ਵੀ ਬੇਮਿਸਾਲ ਹੈ। ਆਧੁਨਿਕ ਤਕਨੀਕ ਅਤੇ ਗੁਰਮਤਿ ਸਿਧਾਂਤਾਂ ਨੂੰ ਇੱਕਠਾ ਕਰਕੇ ਉਨ੍ਹਾਂ ਨੇ ਲੰਗਰ ਅਤੇ ਰਿਹਾਇਸ਼ ਦੇ ਪ੍ਰਬੰਧਾਂ ਨੂੰ ਇੱਕ ਨਵੀਂ ਉਚਾਈ ਤੱਕ ਪਹੁੰਚਾਇਆ ਹੈ।

ਸਿੰਘ ਸਾਹਿਬ ਨੇ ਉਨ੍ਹਾਂ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬਾਨ ਦੀ ਮਿਹਰ ਨਾਲ ਇਹ ਸੇਵਾ ਹੋਰ ਵੀ ਉੱਚੀਆਂ ਮੰਜ਼ਿਲਾਂ ਛੂਹੇ ਅਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਸਦਾ ਬਣੀ ਰਹੇ। ਇਸ ਮੌਕੇ 'ਤੇ ਸੰਤ ਬਾਬਾ ਕਸ਼ਮੀਰ ਸਿੰਘ ਜੀ ਭੂਰੀ ਵਾਲਿਆਂ ਨੇ ਗਿਆਨੀ ਕੁਲਦੀਪ ਸਿੰਘ ਗੜਗੱਜ ਨੂੰ ਸਿਰੋਪਾਓ ਨਾਲ ਸਨਮਾਨਿਤ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਸ. ਬਾਵਾ ਸਿੰਘ ਗੁਮਾਨਪੁਰਾ, ਬਾਬਾ ਸੁਖਵਿੰਦਰ ਸਿੰਘ ਜੀ ਭੂਰੀ ਵਾਲੇ, ਬਾਬਾ ਗੁਰਿੰਦਰ ਸਿੰਘ ਜੀ ਪਟਨਾ ਸਹਿਬ, ਬਾਬਾ ਗੁਰਨਾਮ ਸਿੰਘ, ਬਾਬਾ ਸੋਹਣ ਸਿੰਘ, ਡੇਰਾ ਬਾਬਾ ਭੂਰੀ ਵਾਲੇ ਦੇ ਮੁੱਖ ਬੁਲਾਰੇ ਸ. ਰਾਮ ਸਿੰਘ ਭਿੰਡਰ, ਪ੍ਰੋਫੈਸਰ ਸਰਦਾਰਾ ਸਿੰਘ, ਪਰਗਟ ਸਿੰਘ ਬਟਾਲਾ, ਨਵਤੇਜ ਸਿੰਘ ਵੇਰਕਾ, ਮਨਿੰਦਰਪਾਲ ਸਿੰਘ ਮਨੀ, ਸ. ਜਸਬੀਰ ਸਿੰਘ ਜੀ, ਬਾਬਾ ਪ੍ਰਦੀਪ ਸਿੰਘ, ਬਾਬਾ ਕਾਲਾ ਸਿੰਘ , ਸ. ਬਾਬਾ ਅਵਤਾਰ ਸਿੰਘ, ਬਾਬਾ ਕਰਨ ਸਿੰਘ, ਬਾਬਾ ਬਲਵੰਤ ਸਿੰਘ, ਬਾਬਾ ਨਾਜ਼ਰ ਸਿੰਘ, ਤਜਿੰਦਰ ਸਿੰਘ ਮੈਨੇਜਰ,ਬਾਬਾ ਚਮਕੌਰ ਸਿੰਘ, ਸੁਖਵਿੰਦਰ ਸਿੰਘ ਪੱਪੂ, ਸ ਅਮਰਜੀਤ ਸਿੰਘ ਚੌਂਕੀ ਸਾਹਿਬ ,ਗੁਰਬੀਰ ਸਿੰਘ ਚੱਬਾ , ਸ਼ੇਰ ਸਿੰਘ ਐਮ ਪੀ , ਬਾਬਾ ਜਗਜੀਤ ਸਿੰਘ ਬਾਬਾ ਸੇਵਾ ਸਿੰਘ, ਬਾਬਾ ਨਿਰਮਲ ਸਿੰਘ, ਬਾਬਾ ਨਰਿੰਦਰ ਸਿੰਘ ,ਹਰਵਿੰਦਰ ਸਿੰਘ ਗੁੱਲੂ ਅਤੇ ਦਿਲਬਾਗ ਸਿੰਘ ਚੱਬਾ ਆਦਿ ਵੀ ਮੌਜੂਦ ਸਨ।

# ਸ੍ਰੀ ਹਜ਼ੂਰ ਸਾਹਿਬ ਦਾ ਹੋਲਾ-ਮਹੱਲਾ ਵਿਲੱਖਣ: ਡਾ. ਵਿਜੇ ਸਤਬੀਰ ਸਿੰਘ



ਨਾਂਦੇੜ, 3 ਮਾਰਚ (ਅੰਮ੍ਰਿਤਪਾਲ ਸਿੰਘ) : ਸੱਚਖੰਡ ਗੁਰਦੁਆਰਾ ਬੋਰਡ ਦੇ ਪ੍ਰਸ਼ਾਸਕ ਡਾ. ਵਿਜੇ ਸਤਬੀਰ ਸਿੰਘ ਨੇ ਸ੍ਰੀ ਹਜ਼ੂਰ ਸਾਹਿਬ ਵਿਖੇ ਹੋਲਾ ਮੁਹੱਲਾ ਮਨਾਉਣ ਨੂੰ ਇਤਿਹਾਸਕ ਅਤੇ ਵਿਲੱਖਣ ਦੱਸਿਆ। ਦੇਸ਼-ਵਿਦੇਸ਼ ਤੋਂ ਸ਼ਰਧਾਲੂ ਉਤਸ਼ਾਹ ਨਾਲ ਹਿੱਸਾ ਲੈਣ ਲਈ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਆਉਂਦੇ ਹਨ। ਉਨ੍ਹਾਂ ਦੱਸਿਆ ਕਿ ਹੋਲਾ ਮੁਹੱਲਾ ਮਨਾਉਣ ਦੀ ਸ਼ੁਰੂਆਤ ਦਸਵੇਂ ਗੁਰੂ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਲਗਭਗ 1700 ਈਸਵੀ ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿੱਚ ਕੀਤੀ ਸੀ। ਹੋਲਾ ਅਰਬੀ ਸ਼ਬਦ ਹੁਲ ਤੋਂ ਲਿਆ ਗਿਆ ਹੈ, ਜਿਸਦਾ ਅਰਥ ਹੈ ਕਿਸੇ ਚੰਗੇ ਕੰਮ ਲਈ ਅੱਗੇ ਆਉਣਾ, ਕਿਸੇ ਚੰਗੇ ਕੰਮ ਲਈ ਲੜਨਾ ਅਤੇ ਸਿਰ ਉੱਚਾ ਕਰਕੇ ਲੜਨਾ। ਇਹ ਹੋਲੀ ਦੇ ਤਿਉਹਾਰ ਤੋਂ ਇੱਕ ਦਿਨ ਬਾਅਦ ਮਨਾਇਆ ਜਾਂਦਾ ਹੈ। ਰਾਸ਼ਟਰ ਵਿੱਚ ਸਵੈ-ਮਾਣ ਦੀ ਭਾਵਨਾ ਪੈਦਾ ਕਰਕੇ ਅਤੇ ਉਨ੍ਹਾਂ ਨੂੰ ਕਿਸੇ ਵੀ ਤਰ੍ਹਾਂ ਦੇ ਜ਼ੁਲਮ ਵਿਰੁੱਧ ਹਥਿਆਰ ਚੁੱਕਣ ਲਈ ਸ਼ਕਤੀ ਪ੍ਰਦਾਨ ਕਰਕੇ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਭਾਰਤੀ ਲੋਕਾਂ ਨੂੰ ਜੀਵਨ ਦਾ ਇੱਕ ਨਵਾਂ ਰਸਤਾ ਦਿੱਤਾ। ਉਨ੍ਹਾਂ ਨੇ ਰੀਤੀ-ਰਿਵਾਜਾਂ ਅਤੇ ਤਿਉਹਾਰਾਂ ਨੂੰ ਮਨਾਉਣ ਦੇ ਤਰੀਕੇ ਵਿੱਚ ਕ੍ਰਾਂਤੀ ਲਿਆ ਦਿੱਤੀ। ਜਿਵੇਂ ਕਿ ਅਸੀਂ ਜਾਣਦੇ ਹਾਂ, ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਧਰਤੀ ਦੇ ਜੀਵਨ ਦੇ ਆਖਰੀ ਪਲ ਸ੍ਰੀ ਹਜ਼ੂਰ ਸਾਹਿਬ, ਨੰਦੇੜ ਵਿੱਚ ਬਿਤਾਏ। 4 ਅਕਤੂਬਰ, 1708 ਨੂੰ, ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਸੌਂਪਣ ਤੋਂ ਬਾਅਦ, ਉਨ੍ਹਾਂ ਨੇ ਤਿੰਨ ਦਿਨਾਂ ਬਾਅਦ ਸੱਚਖੰਡ ਪਿਆਨਾ ਕੀਤਾ। ਹੋਲਾ ਮਹੱਲਾ ਹਜ਼ੂਰ ਸਾਹਿਬ ਵਿਖੇ ਪੁਰਾਤਨ ਪਰੰਪਰਾਵਾਂ ਅਨੁਸਾਰ ਪੂਰੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਇਹ ਕਈ ਕਾਰਨਾਂ ਅਤੇ ਪਰੰਪਰਾਵਾਂ ਕਰਕੇ ਹੋਰ ਥਾਵਾਂ ਨਾਲੋਂ ਵਿਲੱਖਣ ਹੈ। ਹੋਲਾ ਮਹੱਲੇ ਦੇ ਤਿਉਹਾਰ ਦੌਰਾਨ, ਸ੍ਰੀ ਦਸਮ ਗ੍ਰੰਥ ਸਾਹਿਬ ਜੀ ਦੇ ਜੁਧਮਈ ਬਾਣੀ ਦਾ ਪਾਠ ਦੁਪਹਿਰ ਨੂੰ ਤਖ਼ਤ ਸੱਚਖੰਡ ਹਜ਼ੂਰ ਸਾਹਿਬ ਨਾਂਦੇੜ ਵਿਖੇ ਕੀਤਾ ਜਾਂਦਾ ਹੈ।









# ਮਾਝਾ-ਦੁਆਬਾ

ਆਸ ਪਾਸ



## ਖਾਲਸਾ ਕਾਲਜ ਦੇ 4 ਵਿਦਿਆਰਥੀਆਂ ਦੀ ਇੰਡੀਗੋ ਏਅਰਲਾਈਨਜ਼ 'ਚ ਹੋਈ ਭਰਤੀ



ਅੰਮ੍ਰਿਤਸਰ, 3 ਮਾਰਚ ( ਬਬਲੂ ਮਹਾਜਨ) :ਖਾਲਸਾ ਕਾਲਜ ਦੇ 4 ਵਿਦਿਆਰਥੀ ਭਾਰਤ ਦੇ ਹਵਾਈ ਯਾਤਰਾ ਖੇਤਰ ਦੀ ਪ੍ਰਮੁੱਖ ਏਅਰਲਾਈਨ ਇੰਡੀਗੋ ਏਅਰਲਾਈਨਜ਼ 'ਚ ਭਰਤੀ ਹੋਏ ਹਨ। ਉਕਤ ਭਰਤੀ ਪ੍ਰੀਕ੍ਰਿਆ ਦੀ ਸ਼ੁਰੂਆਤ ਇੰਡੀਗੋ ਏਅਰਲਾਈਨਜ਼ ਵੱਲੋਂ ਕਰਵਾਏ ਗਏ ਵਿਸਤ੍ਰਿਤ ਪ੍ਰੀ-ਪਲੇਸਮੈਂਟ ਟਾਕ ਨਾਲ ਹੋਈ, ਜਿਸ 'ਚ ਕੰਪਨੀ ਦੀ ਦ੍ਰਿਸ਼ਟੀ, ਕਾਰਜ-ਸੰਸਕ੍ਰਿਤੀ ਅਤੇ ਵਿਦਿਆਰਥੀਆਂ ਲਈ ਉਪਲੱਬਧ ਮੌਕਿਆਂ ਬਾਰੇ ਜਾਣਕਾਰੀ ਸਾਂਝੀ ਕੀਤੀ ਗਈ।ਇਸ ਮੌਕੇ ਕਾਲਜ ਪ੍ਰਿੰਸੀਪਲ, ਡਾ. ਆਤਮ ਸਿੰਘ ਰੰਧਾਵਾ ਨੇ ਟ੍ਰੇਨਿੰਗ ਐਂਡ ਪਲੇਸਮੈਂਟ ਸੈੱਲ ਅਤੇ ਚੁਣੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਉਕਤ 4 ਵਿਦਿਆਰਥੀਆਂ ਨੇ ਆਕਰਸ਼ਕ ਤਨਖਾਹ ਪੈਕੇਜ ਨਾਲ ਨੌਕਰੀ ਦੇ ਪ੍ਰਸਤਾਵ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਸਫਲ ਉਮੀਦਵਾਰਾਂ ਨੂੰ ਗਰਾਊਂਡ ਸਟਾਫ਼ ਦੇ ਅਹੁਦੇ 'ਤੇ ਨਿਯੁਕਤ ਕੀਤਾ ਗਿਆ ਹੈ।ਇਸ ਮੌਕੇ ਭਰਤੀ ਪ੍ਰਤੀਨਿਧੀਆਂ ਨੇ ਕਾਲਜ ਦੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਦੀ ਸ਼ਲਾਘਾ ਕਰਦਿਆਂ ਭਵਿੱਖ 'ਚ ਭਰਤੀ ਸਬੰਧ ਮਜ਼ਬੂਤ ਕਰਨ ਦੀ ਇੱਛਾ ਪ੍ਰਗਟਾਈ।ਉਨ੍ਹਾਂ ਕਿਹਾ ਕਿ ਅਜਿਹੀਆਂ ਉਪਲੱਬਧੀਆਂ ਕਾਲਜ ਦੀ ਅਕਾਦਮਿਕ ਸ਼੍ਰੇਸ਼ਠਤਾ, ਕੌਸ਼ਲ ਵਿਕਾਸ ਅਤੇ ਵਿਦਿਆਰਥੀਆਂ ਦੇ ਸਰਵਾਂਗੀਣ ਵਿਕਾਸ ਦੇ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਕਰਦੀਆਂ ਹਨ। ਇਸ ਮੌਕੇ ਪਲੇਸਮੈਂਟ ਸੈੱਲ ਡਾਇਰੈਕਟਰ ਡਾ. ਮਨੀ ਅਰੋੜਾ ਨੇ ਵਿਦਿਆਰਥੀਆਂ ਦੇ ਲਗਾਤਾਰ ਯਤਨਾਂ ਅਤੇ ਕੇਂਦ੍ਰਿਤ ਦ੍ਰਿਸ਼ਟੀਕੋਣ ਦੀ ਸਰਾਹਨਾ ਕਰਦਿਆਂ ਉਨ੍ਹਾਂ ਨੂੰ ਮੁਬਾਰਕਬਾਦ ਦਿੱਤੀ।ਜਦਕਿ ਸਹਾਇਕ ਡਾਇਰੈਕਟਰ ਡਾ. ਅਨੁਰੀਤ ਕੌਰ ਨੇ ਵੀ ਸਫਲ ਵਿਦਿਆਰਥੀਆਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਪਲੇਸਮੈਂਟ ਕੋਆਰਡੀਨੇਟਰਸ ਡਾ. ਪੂਨਮ ਸ਼ਰਮਾ, ਪ੍ਰੋ. ਰੋਹਿਤ ਕਾਕੜੀਆ, ਪ੍ਰੋ. ਹਰਿਆਲੀ ਢਿੱਲੋਂ, ਪ੍ਰੋ. ਅਪਨੀਤ ਕੌਰ, ਪ੍ਰੋ. ਵਿਸ਼ਾਲ ਸ਼ਰਮਾ ਆਦਿ ਹਾਜ਼ਰ ਸਨ।

## ਈਰਾਨ, ਇਜ਼ਰਾਈਲ ਅਤੇ ਅਰਬ ਦੇਸ਼ਾਂ 'ਚ ਫ਼ਸੇ ਪੰਜਾਬੀ-ਭਾਰਤੀਆਂ ਲਈ ਬ੍ਰਹਮਪੁਰਾ ਵੱਲੋਂ ਯੂ.ਐਨ. ਨੂੰ ਚਿੱਠੀ ਲਿਖ ਕੇ ਮੰਗੀ ਮਦਦ

### ਭਾਰਤ ਦੇ ਵਿਦੇਸ਼ ਮੰਤਰਾਲੇ ਨੂੰ ਵੀ ਤੁਰੰਤ ਕੂਟਨੀਤਕ ਦਖਲ ਦੇਣ ਦੀ ਕੀਤੀ ਸਖ਼ਤ ਅਪੀਲ



ਤਰਨ ਤਾਰਨ, 3 ਮਾਰਚ : (ਗੁਰਦਿਆਲ ਸਿੰਘ ) : ਮੱਧ ਪੂਰਬ (ਮਿਡਲ ਈਸਟ) ਅਤੇ ਖਾਸ ਕਰਕੇ ਇਜ਼ਰਾਈਲ ਅਤੇ ਈਰਾਨ ਦੇ ਆਸ-ਪਾਸ ਭੜਕੀ ਜੰਗ ਦਰਮਿਆਨ ਫ਼ਸੇ ਹਜ਼ਾਰਾਂ ਪੰਜਾਬੀ ਨੌਜਵਾਨਾਂ ਦੀ ਸੁਰੱਖਿਅਤ ਵਾਪਸੀ ਲਈ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਅਤੇ ਖਡੂਰ ਸਾਹਿਬ ਤੋਂ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਵੱਲੋਂ ਅੰਤਰਰਾਸ਼ਟਰੀ ਪੱਧਰ 'ਤੇ ਇੱਕ ਵੱਡਾ ਤੇ ਇਤਿਹਾਸਕ ਕਦਮ ਚੁੱਕਿਆ ਗਿਆ ਹੈ। ਬ੍ਰਹਮਪੁਰਾ ਨੇ ਅੱਜ ਜਨੇਵਾ ਸਥਿਤ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕਮਿਸ਼ਨ ਦੇ ਹਾਈ ਕਮਿਸ਼ਨਰ ਵੋਲਕਰ ਤੁਰਕ ਨੂੰ ਇੱਕ ਬੇਹੱਦ ਪ੍ਰਭਾਵਸ਼ਾਲੀ ਮੰਗ ਪੱਤਰ ਭੇਜ ਕੇ ਜੰਗ ਦੇ ਹਾਲਾਤਾਂ ਵਿੱਚ ਫ਼ਸੇ ਪੰਜਾਬੀ ਅਤੇ ਭਾਰਤੀ ਪ੍ਰਵਾਸੀ ਮਜ਼ਦੂਰਾਂ ਦੀ ਜਾਨ ਬਚਾਉਣ ਲਈ ਤੁਰੰਤ ਕੌਮਾਂਤਰੀ ਦਖਲ ਦੀ ਜ਼ੋਰਦਾਰ ਮੰਗ ਕੀਤੀ ਹੈ।ਸੰਯੁਕਤ ਰਾਸ਼ਟਰ ਨੂੰ ਲਿਖੇ ਆਪਣੇ ਅਧਿਕਾਰਤ ਪੱਤਰ ਵਿੱਚ ਜ਼ਮੀਨੀ ਹਕੀਕਤ ਬਿਆਨ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਦੱਸਿਆ ਕਿ ਅਰਬ ਦੇਸ਼ਾਂ ਵਿੱਚ ਕੰਮ ਕਰਦੇ ਜ਼ਿਆਦਾਤਰ ਪੰਜਾਬੀ ਮਜ਼ਦੂਰ ਵਰਗ ਨਾਲ ਸਬੰਧਤ ਹਨ ਅਤੇ ਉਹ ਇਸ ਵੇਲੇ ਬੇਹੱਦ ਸੰਵੇਦਨਸ਼ੀਲ ਹਾਲਾਤਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਇੱਕ ਬਹੁਤ ਹੀ ਗੰਭੀਰ ਮੁੱਦਾ ਚੁੱਕਦਿਆਂ ਦੱਸਿਆ ਕਿ ਖਾੜੀ ਦੇਸ਼ਾਂ ਵਿੱਚ ਪ੍ਰਚੱਲਿਤ ਕਫਾਲਾ ਸਿਸਟਮ ਅਤੇ ਕੰਪਨੀਆਂ ਵੱਲੋਂ ਮਜ਼ਦੂਰਾਂ ਦੇ ਪਾਸਪੋਰਟ ਅਤੇ ਸਫ਼ਰ ਦਸਤਾਵੇਜ਼ ਜ਼ਬਤ ਕਰ ਲੈਣ ਕਾਰਨ, ਇਹ ਨੌਜਵਾਨ ਬਿਨਾਂ ਕਾਗਜ਼ਾਂ ਤੋਂ ਬੇਵੱਸ ਹੋ ਚੁੱਕੇ ਹਨ। ਹਵਾਈ ਹਮਲਿਆਂ ਅਤੇ ਅੰਦਰੂਨੀ ਗੜਬੜੀ ਦੇ ਬਾਵਜੂਦ ਉਹ ਬਿਨਾਂ ਦਸਤਾਵੇਜ਼ਾਂ ਤੋਂ ਆਪਣੀ ਜਾਨ ਬਚਾ ਕੇ ਉਸ ਇਲਾਕੇ 'ਚੋਂ ਬਾਹਰ ਵੀ ਨਹੀਂ ਨਿਕਲ ਸਕਦੇ, ਜੋ ਕਿ ਮਨੁੱਖੀ ਅਧਿਕਾਰਾਂ ਦੀ ਸਿੱਧੀ ਅਤੇ ਵੱਡੀ ਉਲੰਘਣਾ ਹੈ।ਕੌਮਾਂਤਰੀ ਕਾਨੂੰਨਾਂ ਦਾ ਸਿੱਧਾ ਹਵਾਲਾ ਦਿੰਦਿਆਂ ਅਕਾਲੀ ਆਗੂ ਨੇ ਚੌਥੀ ਜਨੇਵਾ ਕਨਵੈਨਸ਼ਨ, ਯੂਨੀਵਰਸਲ ਡਿਕਲੇਰੇਸ਼ਨ ਆਫ਼ ਹਿਊਮਨ ਰਾਈਟਸ ਅਤੇ ਪ੍ਰਵਾਸੀ ਮਜ਼ਦੂਰਾਂ ਦੇ ਅਧਿਕਾਰਾਂ ਸੰਬੰਧੀ ਕੌਮਾਂਤਰੀ ਸੰਧੀਆਂ ਦਾ ਜ਼ਿਕਰ ਕਰਦਿਆਂ ਸੰਯੁਕਤ ਰਾਸ਼ਟਰ ਅੱਗੇ ਸਪੱਸ਼ਟ ਮੰਗ ਰੱਖੀ ਕਿ ਜੰਗ ਵਾਲੇ ਖੇਤਰਾਂ ਵਿੱਚ ਤੁਰੰਤ ਗੋਲੀਬਾਰੀ ਰੋਕ ਕੇ ਸੁਰੱਖਿਅਤ ਲਾਂਘਾ ਬਣਾਇਆ ਜਾਵੇ। ਇਸ ਦੇ ਨਾਲ ਹੀ ਉਨ੍ਹਾਂ ਅਰਬ ਦੇਸ਼ਾਂ ਦੀਆਂ ਸਰਕਾਰਾਂ ਨੂੰ ਸਖ਼ਤ ਹਦਾਇਤ ਜਾਰੀ ਕਰਨ ਦੀ ਅਪੀਲ ਕੀਤੀ ਤਾਂ ਜੋ ਕੰਪਨੀਆਂ ਮਜ਼ਦੂਰਾਂ ਦੇ ਜ਼ਬਤ ਕੀਤੇ ਪਾਸਪੋਰਟ ਬਿਨਾਂ ਸ਼ਰਤ ਤੁਰੰਤ ਵਾਪਸ ਕਰਨ ਅਤੇ ਜਿਨ੍ਹਾਂ ਦੇ ਪਾਸਪੋਰਟ ਗੁੰਮ ਜਾਂ ਨਸ਼ਟ ਹੋ ਗਏ ਹਨ, ਉਨ੍ਹਾਂ ਨੂੰ ਆਈ.ਓ.ਐਮ. ਦੀ ਮਦਦ ਨਾਲ ਤੁਰੰਤ ਐਮਰਜੈਂਸੀ ਟਰਾਂਜ਼ਿਟ ਵੀਜ਼ੇ ਜਾਰੀ ਕੀਤੇ ਜਾਣ। ਉਨ੍ਹਾਂ ਸਪੱਸ਼ਟ ਕਿਹਾ ਕਿ ਕੌਮਾਂਤਰੀ ਭਾਈਚਾਰਾ ਇਨ੍ਹਾਂ ਬੇਕਸੂਰ ਮਜ਼ਦੂਰਾਂ ਨੂੰ ਭੂ-ਰਾਜਨੀਤਕ ਜੰਗਾਂ ਦੀ ਬਲੀ ਚੜ੍ਹਦਿਆਂ ਮੂਕ ਦਰਸ਼ਕ ਬਣ ਕੇ ਨਹੀਂ ਦੇਖ ਸਕਦਾ।ਇਸ ਮਾਮਲੇ ਵਿੱਚ ਭਾਰਤ ਸਰਕਾਰ ਦੀ ਜਵਾਬਦੇਹੀ ਨੂੰ ਵੀ ਤੈਅ ਕਰਦਿਆਂ ਸ੍ਰ. ਬ੍ਰਹਮਪੁਰਾ ਨੇ ਇਸ ਪੱਤਰ ਦੀਆਂ ਕਾਪੀਆਂ ਭਾਰਤ ਦੇ ਵਿਦੇਸ਼ ਮੰਤਰੀ ਅਤੇ ਵਿਦੇਸ਼ ਸਕੱਤਰ ਨੂੰ ਵੀ ਵਿਸ਼ੇਸ਼ ਤੌਰ 'ਤੇ ਭੇਜੀਆਂ ਹਨ। ਉਨ੍ਹਾਂ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਸੰਯੁਕਤ ਰਾਸ਼ਟਰ ਦੇ ਨਾਲ-ਨਾਲ ਕੂਟਨੀਤਕ ਪੱਧਰ 'ਤੇ ਪ੍ਰਸ਼ਾਸਨਿਕ ਕਾਰਵਾਈ ਤੁਰੰਤ ਅਮਲ ਵਿੱਚ ਲਿਆਂਦੀ ਜਾਵੇ ਅਤੇ ਵਿਦੇਸ਼ਾਂ ਵਿੱਚ ਫ਼ਸੇ ਪੰਜਾਬੀਆਂ ਦੀ ਹਰ ਪਲ ਦੀ ਖ਼ਬਰ ਰੱਖ ਕੇ ਉਨ੍ਹਾਂ ਦੀ ਸੁਰੱਖਿਅਤ ਘਰ ਵਾਪਸੀ ਯਕੀਨੀ ਬਣਾਈ ਜਾਵੇ।

## ਸਿਹਤ ਵਿਭਾਗ ਨੇ ਐਚ.ਪੀ.ਵੀ. ਵੈਕਸੀਨ ਕੀਤੀ ਲਾਂਚ



ਅੰਮ੍ਰਿਤਸਰ, 3 ਮਾਰਚ (ਬਬਲੂ ਮਹਾਜਨ) : ਪੰਜਾਬ ਸਰਕਾਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਿਵਲ ਸਰਜਨ ਡਾ ਸਤਿੰਦਰਜੀਤ ਸਿੰਘ ਬਜਾਜ ਦੀ ਅਗਵਾਈ ਹੇਠ ਜ਼ਿਲ੍ਹਾ ਅੰਮ੍ਰਿਤਸਰ ਵਿਖੇ ਐਚ.ਪੀ.ਵੀ. ਵੈਕਸੀਨ ਦੀ ਸ਼ੁਰੂਆਤ ਸਿਵਲ ਹਸਪਤਾਲ ਅੰਮ੍ਰਿਤਸਰ ਵਿਖੇ ਤੋਂ ਕੀਤੀ ਗਈ। ਇਸ ਮੌਕੇ ਸਿਵਲ ਸਰਜਨ ਡਾ ਬਜਾਜ ਨੇ ਦੱਸਿਆ ਕਿ ਐਚਪੀਵੀ ਭਾਵ ਹਿਊਮਨ ਪੈਪਿਲੋਮਾ ਵਾਇਰਸ ਵੈਕਸੀਨ ਦੀ ਸ਼ੁਰੂਆਤ ਅੱਜ ਤੋਂ ਜਿਲ੍ਹਾ ਭਰ ਵਿੱਚ ਕੀਤੀ ਗਈ ਹੈ। ਇਸ ਵੈਕਸੀਨ ਦੁਆਰਾ 14 ਤੋਂ 15 ਸਾਲ ਤੱਕ ਦੇ ਦੀਆਂ ਬੱਚੀਆਂ ਨੂੰ ਸਰਵਾਈਕਲ ਕੈਂਸਰ ਤੋਂ ਸੁਰੱਖਿਅਤ ਕਰਨ ਲਈ ਇਹ ਵੈਕਸੀਨ ਲਗਾਈ ਜਾਵੇਗੀ। ਪੰਜਾਬ ਸਰਕਾਰ ਦਾ ਇਹ ਟੀਚਾ ਹੈ ਕਿ ਸਨ 2030 ਤੱਕ ਸਰਵਾਈਕਲ ਕੈਂਸਰ ਨੂੰ ਖਤਮ ਕੀਤਾ ਜਾਵੇ। ਇਸ ਅਵਸਰ 'ਤੇ ਜਿਲਾ ਟੀਕਾਕਰਨ ਅਫਸਰ ਡਾਕਟਰ ਰਸ਼ਮੀ ਵਿੱਜ ਨੇ ਦੱਸਿਆ ਕਿ ਇਸ ਟੀਕੇ ਦਾ ਸਾਰਾ ਰਿਕਾਰਡ ਯੂ-ਵਿਨ ਪੋਰਟਲ ਤੇ ਦਰਜ ਕੀਤਾ ਜਾਵੇਗਾ ਅਤੇ ਅੱਜ ਮਿਤੀ 3 ਮਾਰਚ 2026 ਤੋਂ ਇਸ ਨੂੰ ਟੀਕਾਕਰਨ ਸੂਚੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਅਵਸਰ ਤੇ ਸੀਨੀਅਰ ਮੈਡੀਕਲ ਅਫਸਰ ਡਾ ਰਜਨੀਸ਼ ਕੁਮਾਰ, ਡਿਪਟੀ ਮੈਡੀਕਲ ਡਾ ਪ੍ਰੀਤਵਿਨ, ਜਿਲ੍ਹਾ ਐਮ.ਈ.ਆਈ.ਓ. ਅਮਰਦੀਪ ਸਿੰਘ, ਡਾ ਮਨਮੀਤ ਕੌਰ, ਡਾ ਵਨੀਤ, ਡਾ ਨੇਹਾ, ਡਾ ਸਰਤਾਜ ਸਿੰਘ, ਡਾ ਜਸਕਰਨਜੋਤ ਕੌਰ, ਡਾ ਅੰਜੂ ਸਮੇਤ ਸਮੂਹ ਅਧਿਕਾਰੀ ਅਤੇ ਕਰਮਚਾਰੀ ਸ਼ਾਮਿਲ ਸਨ।

## ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਅੱਜ ਮਨਾਇਆ ਜਾਵੇਗਾ ਹੋਲਾ ਮਹੱਲਾ

### ਪਾਲਕੀ ਸਾਹਿਬ ਦੇ ਆਗਮਨ ਸਮੇਂ ਕੈਮੀਕਲ ਵਾਲੇ ਸੈਂਟਾਂ ਦੀ ਬਜਾਏ ਕੇਵਲ ਫੁੱਲਾਂ ਦੀ ਵਰਖਾ ਕਰਨ ਦੀ ਦਿੱਤੀ ਸਲਾਹ



ਅੰਮ੍ਰਿਤਸਰ, 3 ਮਾਰਚ ( ਬਬਲੂ ਮਹਾਜਨ) :ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਹੋਲਾ ਮਹੱਲਾ ਬੜੀ ਸ਼ਰਧਾ ਅਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਸ. ਭਗਵੰਤ ਸਿੰਘ ਧਗੇੜਾ ਨੇ ਦੱਸਿਆ ਕਿ ਜਿੱਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੁੱਖ ਸਮਾਗਮ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ ਕੀਤੇ ਜਾ ਰਹੇ ਹਨ, ਉੱਥੇ ਹੀ ਸ੍ਰੀ ਅੰਮ੍ਰਿਤਸਰ ਵਿਖੇ ਵੀ ਕੱਲ੍ਹ ਮਿਤੀ 4 ਮਾਰਚ ਨੂੰ ਵਿਸ਼ੇਸ਼ ਸਮਾਗਮ ਉਲੀਕੇ ਗਏ ਹਨ।ਮੈਨੇਜਰ ਧਗੇੜਾ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਰਾਤ ਨੂੰ ਲਗਭਗ ਸਾਢੇ 9 ਵਜੇ, ਜਦੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਪਾਲਕੀ ਸਾਹਿਬ ਵਿੱਚ ਸਜਾ ਕੇ ਪੁਲ ਦੇ ਰਸਤੇ ਸ੍ਰੀ ਅਕਾਲ ਤਖ਼ਤ ਸਾਹਿਬ (ਕੋਠਾ ਸਾਹਿਬ) ਵਿਖੇ ਸੁਖਆਸਣ ਲਈ ਲਿਆਂਦੇ ਜਾਣਗੇ, ਤਾਂ ਉਸ ਸਮੇਂ ਸੰਗਤਾਂ ਵੱਡੀ ਗਿਣਤੀ ਵਿੱਚ ਆਪਣੀ ਸ਼ਰਧਾ ਪ੍ਰਗਟਾਉਣ ਲਈ ਪਹੁੰਚਦੀਆਂ ਹਨ।**ਕੈਮੀਕਲ ਵਾਲੇ ਸੈਂਟਾਂ ਤੋਂ ਪਰਹੇਜ਼ ਦੀ ਦੀ ਅਪੀਲ**:ਉਹਨਾਂ ਸੰਗਤਾਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਇਸ ਮੌਕੇ ਵੱਖ-ਵੱਖ ਤਰ੍ਹਾਂ ਦੇ ਅਤਰ (ਇਤਰ), ਸੈਂਟ ਜਾਂ ਪਰਫਿਊਮ ਛਿੜਕਣ ਤੋਂ ਗੁਰੇਜ਼ ਕੀਤਾ ਜਾਵੇ। ਉਹਨਾਂ ਕਿਹਾ ਕਿ ਇਹਨਾਂ ਸੈਂਟਾਂ ਵਿੱਚ ਭਾਰੀ ਮਾਤਰਾ ਵਿੱਚ ਕੈਮੀਕਲ ਹੁੰਦੇ ਹਨ, ਜੋ ਜਿੱਥੇ ਮਰਿਆਦਾ ਅਤੇ ਵਾਤਾਵਰਨ ਨੂੰ ਪ੍ਰਭਾਵਿਤ ਕਰਦੇ ਹਨ, ਉੱਥੇ ਹੀ ਸੰਗਤਾਂ ਦੀਆਂ ਅੱਖਾਂ ਵਿੱਚ ਪੈਣ ਕਾਰਨ ਨੁਕਸਾਨ ਵੀ ਪਹੁੰਚਾ ਸਕਦੇ ਹਨ। ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਸੰਗਤਾਂ ਆਪਣੀ ਆਸਥਾ ਪ੍ਰਗਟਾਉਣ ਲਈ ਕੇਵਲ ਤਾਜ਼ੇ ਗੁਲਾਬ ਦੇ ਫੁੱਲਾਂ ਜਾਂ ਹੋਰ ਕੁਦਰਤੀ ਫੁੱਲਾਂ ਦੀ ਵਰਖਾ ਕਰਨ। ਉਹਨਾਂ ਸਮੂਹ ਨਾਨਕ ਨਾਮ ਲੇਵਾ ਸੰਗਤ ਨੂੰ ਹੋਲੇ ਮਹੱਲੇ ਦੀ ਵਧਾਈ ਦਿੰਦਿਆਂ ਮਰਿਆਦਾ ਦਾ ਪਾਲਣ ਕਰਨ ਦੀ ਅਪੀਲ ਕੀਤੀ। ਇਸ ਮੌਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਦੇਸ਼-ਵਿਦੇਸ਼ ਤੋਂ ਸੰਗਤਾਂ ਦੇ ਭਾਰੀ ਇਕੱਠ ਹੋਣ ਦੀ ਉਮੀਦ ਹੈ।

## ਸੂਬਾ ਵਾਸੀ ਆਪਣੇ ਘਰ ਬੈਠਕੇ ਹੈਲਪਲਾਈਨ ਨੰਬਰ 1076 ਉੱਤੇ ਕਾਲ ਕਰਕੇ 430 ਤੋਂ ਵੱਧ ਸਰਕਾਰੀ ਸੇਵਾਵਾਂ ਪ੍ਰਾਪਤ ਕਰ ਰਹੇ ਹਨ : ਡਾ. ਜਸਬੀਰ ਸਿੰਘ ਸੰਧੂ



ਅੰਮ੍ਰਿਤਸਰ, 3 ਮਾਰਚ ( ਗੁਰਦਿਆਲ ਸਿੰਘ) : ਪੰਜਾਬ ਸਰਕਾਰ ਦੀਆਂ ਨਿਵੇਕਲੀਆਂ ਤੇ ਆਪਣੀ ਕਿਸਮ ਦੀਆਂ ਪਲੇਠੀਆਂ ਡਿਜੀਟਲ ਪਹਿਲਕਦਮੀਆਂ ਦੇਸ਼ ਭਰ ਵਿੱਚ ਨਾਗਰਿਕਾਂ ਦੀ ਸਹੂਲਤ ਵਿੱਚ ਨਵੇਂ ਮਾਪਦੰਡ ਸਥਾਪਤ ਕਰ ਰਹੀਆਂ ਹਨ। ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ ਸੂਬਾ ਸਰਕਾਰ ਦੀ ਇੱਕ ਪ੍ਰਮੁੱਖ ਸਕੀਮ ਹੈ, ਜਿਸ ਤਹਿਤ ਨਾਗਰਿਕ ਆਪਣੇ ਘਰ ਬੈਠੇ ਹੈਲਪਲਾਈਨ ਨੰਬਰ 1076 ਉਤੇ ਕਾਲ ਕਰਕੇ 430 ਤੋਂ ਵੱਧ ਸਰਕਾਰੀ ਸੇਵਾਵਾਂ ਪ੍ਰਾਪਤ ਕਰ ਰਹੇ ਹਨ। ਇਹ ਪ੍ਰਗਟਾਵਾ ਕਰਦਿਆਂ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਪੱਛਮੀ ਦੇ ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਚਲਾਈ ਜਾ ਰਹੀ ਭਗਵੰਤ ਮਾਨ ਸਰਕਾਰ ਤੁਹਾਡੇ ਦੁਆਰ ਯੋਜਨਾ ਤਹਿਤ ਨਾਗਰਿਕਾਂ ਨੂੰ ਹੁਣ ਸਰਕਾਰੀ ਦਫ਼ਤਰਾਂ ਦੇ ਜਾਣ ਦੀ ਲੋੜ ਵੀ ਨਹੀਂ ਹੈ। ਉਨ੍ਹਾਂ ਕਿਹਾ ਕਿ ਲੋਕਾਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਸਰਪੰਚਾਂ, ਨੰਬਰਦਾਰਾਂ ਅਤੇ ਨਗਰ ਕੌਂਸਲਰਾਂ (ਐੱਮਸੀ) ਨੂੰ ਅਰਜ਼ੀਆਂ ਦੀ ਆਨਲਾਈਨ ਤਸਦੀਕ ਕਰਨ ਲਈ ਅਧਿਕਾਰਤ ਕੀਤਾ ਗਿਆ ਹੈ। ਇਸ ਨਾਲ ਜ਼ਰੂਰੀ ਸਰਟੀਫਿਕੇਟ ਜਾਰੀ ਕਰਨ ਵਿੱਚ ਕਾਫ਼ੀ ਤੇਜ਼ੀ ਆਈ ਹੈ ਅਤੇ ਤਕਨਾਲੋਜੀ ਨੂੰ ਜ਼ਮੀਨੀ ਪੱਧਰ ਦੀ ਲੀਡਰਸ਼ਿਪ ਨਾਲ ਜੋੜਿਆ ਗਿਆ ਹੈ।ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨੇ ਦੱਸਿਆ ਕਿ ਪਟਵਾਰੀਆਂ ਅਤੇ ਫੀਲਡ ਸਟਾਫ ਦੀ ਸਫਲ ਆਨਬੋਰਡਿੰਗ ਦੇ ਨਾਲ, ਸੂਬਾ ਸਰਕਾਰ ਵੱਲੋਂ 12.5 ਲੱਖ ਤੋਂ ਵੱਧ ਅਰਜ਼ੀਆਂ 'ਤੇ ਆਨਲਾਈਨ ਕਾਰਵਾਈ ਕੀਤੀ ਗਈ ਹੈ। ਇਸ ਡਿਜੀਟਲ ਏਕੀਕਰਨ ਨਾਲ ਲੰਬਿਤ ਮਾਮਲਿਆਂ ਦੀ ਦਰ ਮਹਿਜ਼ 0.33 ਫ਼ੀਸਦੀ ਰਹਿ ਗਈ ਹੈ, ਜੋ ਸਿਸਟਮ ਦੀ ਕੁਸ਼ਲਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ, ਐੱਮ-ਸੇਵਾ ਅਤੇ ਕਨੈਕਟ ਪੰਜਾਬ ਇੱਕ ਏਕੀਕ੍ਰਿਤ ਮੋਬਾਈਲ ਪਲੇਟਫਾਰਮ ਅਤੇ ਮਜ਼ਬੂਤ ਸ਼ਿਕਾਇਤ ਨਿਵਾਰਣ ਪ੍ਰਣਾਲੀ ਪ੍ਰਦਾਨ ਕਰਦੀਆਂ ਹਨ ਜੋ ਨਾਗਰਿਕਾਂ ਨੂੰ ਆਪਣੀਆਂ ਅਰਜ਼ੀਆਂ ਨੂੰ ਟਰੈਕ ਕਰਨ ਅਤੇ ਅਸਲ-ਸਮੇਂ ਵਿੱਚ ਫੀਡਬੈਕ ਜਮ੍ਹਾਂ ਕਰਾਉਣ ਦੇ ਯੋਗ ਬਣਾਉਣ ਦੇ ਨਾਲ ਨਾਲ ਹਰ ਪੱਧਰ 'ਤੇ ਜਵਾਬਦੇਹੀ ਨੂੰ ਯਕੀਨੀ ਬਣਾਉਂਦੀ ਹੈ।ਉਨ੍ਹਾਂ ਕਿਹਾ ਕਿ ਨਾਗਰਿਕ-ਕੇਂਦ੍ਰਿਤ ਸੁਧਾਰਾਂ ਦੇ ਮੱਦੇਨਜ਼ਰ ਪੰਜਾਬ ਸਰਕਾਰ ਨੂੰ ਪਾਰਦਰਸ਼ਤਾ, ਕੁਸ਼ਲਤਾ ਅਤੇ ਜਨਤਕ ਸੇਵਾਵਾਂ ਦੀ ਨਿਰਵਿਘਨ ਡਿਲਿਵਰੀ ਨੂੰ ਯਕੀਨੀ ਬਣਾਉਣ ਵਿੱਚ ਤਕਨਾਲੋਜੀ ਦੀ ਵਰਤੋਂ ਵਿੱਚ ਮੋਹਰੀ ਪਹਿਲਕਦਮੀਆਂ ਕਰਨ ਲਈ ਤਕਨਾਲੋਜੀ ਸਭਾ 2026 ਦੌਰਾਨ ਵੱਕਾਰੀ ਡਿਜੀਟਲ ਐਕਸੀਲੈਂਸਐਵਾਰਡ ਵੀ ਮਿਲਿਆ ਹੈ।ਵਿਧਾਇਕ ਡਾ. ਜਸਬੀਰ ਸਿੰਘ ਸੰਧੂ ਨੇ ਅੱਗੇ ਕਿਹਾ ਕਿ ਮਾਨ ਸਰਕਾਰ ਵੱਲੋਂ ਪੰਜਾਬ ਦੀ ਡਿਜੀਟਲ ਯਾਤਰਾ ਦੇ ਅਗਲੇ ਪੜਾਅ ਵਿੱਚ ਸੇਵਾ ਪ੍ਰਦਾਨ ਕਰਨ ਨੂੰ ਹੋਰ ਸੁਖਾਲਾ ਬਣਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਅਤੇ ਮਸ਼ੀਨ ਲਰਨਿੰਗ (ਐਮਐਲ) ਨੂੰ ਏਕੀਕ੍ਰਿਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਆਪ ਸਰਕਾਰ ਦਾ ਟੀਚਾ ਆਮਦਨ, ਰਿਹਾਇਸ਼ ਅਤੇ ਜਾਤੀ ਸਰਟੀਫਿਕੇਟ ਸਮੇਤ ਸਾਰੀਆਂ ਪ੍ਰਮੁੱਖ ਸੇਵਾਵਾਂ ਲਈ 100 ਫ਼ੀਸਦੀ ਕਾਗਜ਼ ਰਹਿਤ ਅਤੇ ਸੰਪਰਕ ਰਹਿਤ

## ਖ਼ਾਲਸਾ ਕਾਲਜ ਨਰਸਿੰਗ ਵਿਖੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ



ਅੰਮ੍ਰਿਤਸਰ, 3 ਮਾਰਚ (ਗੁਰਦਿਆਲ ਸਿੰਘ)—ਖਾਲਸਾ ਕਾਲਜ ਆਫ਼ ਨਰਸਿੰਗ ਵਿਖੇ ਫੈਕਲਟੀ ਡਿਵੈਲਪਮੈਂਟ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੀ ਅਗਵਾਈ ਹੇਠ 'ਖੋਜ 'ਚ ਨੈਤਿਕ ਅਤੇ ਅੰਕੜਾਤਮਕ ਕਠੋਰਤਾ' ਵਿਸ਼ੇ 'ਤੇ ਕਰਵਾਏ ਗਏ ਉਕਤ ਪ੍ਰੋਗਰਾਮ ਮੌਕੇ ਖਾਲਸਾ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਮਹਿਲ ਸਿੰਘ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ।ਇਸ ਮੌਕੇ ਡਾ. ਮਹਿਲ ਸਿੰਘ ਨੇ ਉਕਤ ਪ੍ਰੋਗਰਾਮ ਦੀ ਅਜੋਕੇ ਵਿਗਿਆਨਿਕ ਸਮੇਂ ਦੀ ਜਰੂਰਤ ਨੂੰ ਦੱਸਦਿਆਂ ਪ੍ਰੋਗਰਾਮ ਦੇ ਪ੍ਰਬੰਧਕਾਂ ਦੀ ਭਰਪੂਰ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਪ੍ਰੋਗਰਾਮ ਦਾ ਮੁੱਖ ਉਦੇਸ਼ ਖੋਜ ਦੇ ਖੇਤਰ 'ਚ ਇਮਾਨਦਾਰੀ, ਭਰੋਸੇਮੰਦੀ ਅਤੇ ਭਾਗੀਦਾਰਾਂ ਦੀ ਸੁਰੱਖਿਆ ਅਤੇ ਸਹਿਮਤੀ ਦੇ ਸਿਧਾਂਤਾਂ ਨੂੰ ਪ੍ਰੋਤਸ਼ਾਹਨ ਦੇਣ ਅਤੇ ਖੋਜਾਰਥੀਆਂ ਲਈ ਇਕ ਸਪੱਸ਼ਟ ਮਾਰਗ ਦਰਸ਼ਨ ਪ੍ਰਦਾਨ ਕਰਨਾ ਸੀ। ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਕਤ ਪ੍ਰੋਗਰਾਮ ਦੌਰਾਨ ਹੋਰਨਾਂ ਵੱਖ—ਵੱਖ ਅਦਾਰਿਆਂ ਤੋਂ ਆਏ ਹੋਏ ਬੁਲਾਰਿਆਂ 'ਚ ਸ੍ਰੀ ਗੁਰੂ ਰਾਮਦਾਸ ਕਾਲਜ ਆਫ਼ ਨਰਸਿੰਗ ਤੋਂ ਪ੍ਰਿਸੀਪਲ ਡਾ. ਮਨਪ੍ਰੀਤ ਕੌਰ, ਸ਼ਹੀਦ ਕਰਤਾਰ ਸਿੰਘ ਸਰਾਭਾ ਕਾਲਜ ਆਫ਼ ਨਰਸਿੰਗ, ਲੁਧਿਆਣਾ ਤੋਂ ਪ੍ਰੋਫੈਸਰ ਸ਼ਿਵਾਨੀ ਕਾਲਰਾ, ਸ੍ਰੀ ਗੁਰੂ ਰਾਮਦਾਸ ਮੈਡੀਕਲ ਕਾਲਜ ਤੋਂ ਅਸਿਸਟੈਂਟ ਪ੍ਰੋਫੈਸਰ ਡਾ. ਮਨਪ੍ਰੀਤ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ ਤੋਂ ਪ੍ਰੋਫੈਸਰ ਡਾ. ਨਵਜੋਤ ਕੌਰ ਨੇ ਖੋਜ ਦੇ ਖੇਤਰ 'ਚ ਨੈਤਿਕ ਚੁਣੌਤੀਆਂ, ਡੇਟਾ ਵਿਸ਼ਲੇਸ਼ਣ ਦੀਆਂ ਨਵੀਆਂ ਤਕਨੀਕਾਂ ਅਤੇ ਪੈਰਾਮੈਟਰਿਕ ਟੈਸਟਾਂ, ਬਾਇਓ—ਮੈਡੀਕਲ ਖੋਜ 'ਚ ਨੈਤਿਕ ਨਿਯਮਾਂ ਸਬੰਧੀ ਆਏ ਹੋਏ ਸਰੋਤਿਆਂ ਨਾਲ ਵਿਚਾਰ ਸਾਂਝੇ ਕੀਤੇ ।ਉਨ੍ਹਾਂ ਕਿਹਾ ਕਿ ਉਕਤ ਪ੍ਰੋਗਰਾਮ 'ਚ ਪੰਜਾਬ ਦੇ ਵੱਖ—ਵੱਖ ਨਰਸਿੰਗ ਕਾਲਜਾਂ ਤੋਂ ਆਏ 50 ਤੋਂ ਵਧੇਰੇ ਪ੍ਰਤੀਨਿਧੀਆਂ ਨੇ ਭਾਗ ਲਿਆ ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਸਟਾਫ ਨਾਲ ਮਿਲ ਕੇ ਡਾ. ਮਹਿਲ ਸਿੰਘ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ।ਇਸ ਪ੍ਰੋਗਰਾਮ ਦੇ ਸਮੀਤਾ ਇਨੋਸ਼, ਅਨੁਕਿਰਨਜੀਤ ਕੌਰ, ਮਹਰੀਨ ਕੋਸਰ ਆਦਿ ਤੋਂ ਇਲਾਵਾ ਹੋਰ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ। ।ਉਨ੍ਹਾਂ ਕਿਹਾ ਕਿ ਉਕਤ ਪ੍ਰੋਗਰਾਮ 'ਚ ਪੰਜਾਬ ਦੇ ਵੱਖ—ਵੱਖ ਨਰਸਿੰਗ ਕਾਲਜਾਂ ਤੋਂ ਆਏ 50 ਤੋਂ ਵਧੇਰੇ ਪ੍ਰਤੀਨਿਧੀਆਂ ਨੇ ਭਾਗ ਲਿਆ ।ਇਸ ਮੌਕੇ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਸਟਾਫ ਨਾਲ ਮਿਲ ਕੇ ਡਾ. ਮਹਿਲ ਸਿੰਘ ਨੂੰ ਯਾਦਗਾਰੀ ਚਿੰਨ੍ਹ ਭੇਂਟ ਕਰਕੇ ਸਨਮਾਨਿਤ ਵੀ ਕੀਤਾ ।ਇਸ ਪ੍ਰੋਗਰਾਮ ਦੇ ਸਮੀਤਾ ਇਨੋਸ਼, ਅਨੁਕਿਰਨਜੀਤ ਕੌਰ, ਮਹਰੀਨ ਕੋਸਰ ਆਦਿ ਤੋਂ ਇਲਾਵਾ ਹੋਰ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

## ਪੰਜਾਬ ਸਰਕਾਰ ਖਾੜੀ ਦੇਸ਼ਾਂ ਵਿੱਚ ਫਸੇ ਵਿਅਕਤੀਆਂ ਦੇ ਪਰਿਵਾਰਾਂ ਦੇ ਨਾਲ ਖੜ੍ਹੀ ਹੈ : ਧਾਲੀਵਾਲ



ਅੰਮ੍ਰਿਤਸਰ, 3 ਮਾਰਚ ( ਗੁਰਦਿਆਲ ਸਿੰਘ ) : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ ਤਹਿਤ ਪੰਜਾਬ ਸਰਕਾਰ ਨੇ ਮੱਧ ਪੂਰਬ ਦੇ ਕੁਝ ਹਿੱਸਿਆਂ ਵਿੱਚ ਵੱਧ ਰਹੇ ਤਣਾਅ ਕਾਰਨ ਉੱਥੇ ਫਸੇ ਪੰਜਾਬੀਆਂ ਦੀ ਸਹਾਇਤਾ ਲਈ ਦਿਨ-ਰਾਤ ਕਾਰਜਸ਼ੀਲ ਹੈਲਪਲਾਈਨ ਜਾਰੀ ਕੀਤੀ ਹੈ। ਪੀੜਤ ਪਰਿਵਾਰ ਤੁਰੰਤ ਸਹਾਇਤਾ ਲਈ 0172 2260042, 0172 2260043 'ਤੇ ਕਾਲ ਕਰ ਸਕਦੇ ਹਨ ਜਾਂ ਵਟਸਅੱਪ ਨੰਬਰ +91 94787 79112 'ਤੇ ਮੈਸੇਜ ਭੇਜ ਸਕਦੇ ਹਨ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਅਜਨਾਲਾ ਦੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਸੂਬਾ ਸਰਕਾਰ ਖਾੜੀ ਮੁਲਕਾਂ ਵਿੱਚ ਪੰਜਾਬੀਆਂ ਦੀ ਸੁਰੱਖਿਅਤ ਅਤੇ ਜਲਦ ਵਾਪਸੀ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨਾਲ ਲਗਾਤਾਰ ਗੱਲਬਾਤ ਕਰ ਰਹੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਹਰ ਸੰਭਵ ਯਤਨ ਕੀਤੇ ਜਾਣਗੇ।ਮੱਧ ਪੂਰਬ ਵਿੱਚ ਜੰਗ ਕਾਰਨ ਫਸੇ ਪੰਜਾਬੀਆਂ ਦੇ ਪੀੜਤ ਪਰਿਵਾਰਾਂ ਨੂੰ ਪੰਜਾਬ ਸਰਕਾਰ ਵੱਲੋਂ ਪੂਰਨ ਸਹਾਇਤਾ ਦਾ ਭਰੋਸਾ ਦਿੰਦਿਆਂ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਸੂਬਾ ਸਰਕਾਰ ਫਸੇ ਹੋਏ ਲੋਕਾਂ ਦੀ ਸੁਰੱਖਿਅਤ ਅਤੇ ਜਲਦ ਵਾਪਸੀ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨਾਲ ਲਗਾਤਾਰ ਗੱਲਬਾਤ ਕਰ ਰਹੀ ਹੈ। ਅਰਬ ਦੇਸ਼ਾਂ ਵਿੱਚ ਤਣਾਅ ਕਾਰਨ ਇੱਥੇ ਬਹੁਤ ਸਾਰੇ ਪੰਜਾਬੀ ਗੰਭੀਰ ਮੁਸ਼ਕਲਾਂ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇੱਕ ਹੈਲਪਲਾਈਨ ਜਾਰੀ ਕੀਤੀ ਗਈ ਹੈ ਅਤੇ ਜੇਕਰ ਕੋਈ ਵਿਅਕਤੀ ਜਾਂ ਉਸ ਦਾ ਪਰਿਵਾਰ ਇਨ੍ਹਾਂ ਦੇਸ਼ਾਂ ਵਿੱਚ ਫਸਿਆ ਹੋਇਆ ਹੈ ਤਾਂ ਉਹ ਇਨ੍ਹਾਂ ਨੰਬਰਾਂ ਤੇ ਕਾਲ ਕਰ ਸਕਦੇ ਹਨ। ਖਾੜੀ ਦੇਸ਼ਾਂ ਵਿੱਚ ਫਸੇ ਨੌਜਵਾਨਾਂ ਅਤੇ ਵਿਦਿਆਰਥੀਆਂ ਦੇ ਪਰਿਵਾਰਾਂ ਨਾਲ ਇਕਜੁੱਟਤਾ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਇਸ ਸੰਕਟ ਦੀ ਘੜੀ ਵਿੱਚ ਇਨ੍ਹਾਂ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੀ ਹੈ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਤਰੁੰਤ ਦਖਲ ਦੇਣ ਦੀ ਵੀ ਅਪੀਲ ਕੀਤੀ। ਉਨ੍ਹਾਂ ਆਸ ਪ੍ਰਗਟਾਈ ਕਿ ਕੇਂਦਰ ਸਰਕਾਰ ਜੰਗ ਪ੍ਰਭਾਵਿਤ ਖਾੜੀ ਦੇਸ਼ਾਂ ਵਿੱਚ ਫਸੇ ਸਾਰੇ ਲੋਕਾਂ ਦੀ ਮਦਦ ਲਈ ਤੁਰੰਤ ਲੋੜੀਂਦੇ ਕਦਮ ਚੁੱਕੇਗੀ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਮੱਧ ਪੂਰਬ ਵਿੱਚ ਫਸੇ ਪੰਜਾਬੀਆਂ ਦੀ ਸੁਰੱਖਿਅਤ ਵਾਪਸੀ ਲਈ ਤਰੁੰਤ ਦਖਲ ਦੇਣ ਦੀ ਵੀ ਅਪੀਲ ਕੀਤੀ। ਉਨ੍ਹਾਂ ਆਸ ਪ੍ਰਗਟਾਈ ਕਿ ਕੇਂਦਰ ਸਰਕਾਰ ਜੰਗ ਪ੍ਰਭਾਵਿਤ ਖਾੜੀ ਦੇਸ਼ਾਂ ਵਿੱਚ ਫਸੇ ਸਾਰੇ ਲੋਕਾਂ ਦੀ ਮਦਦ ਲਈ ਤੁਰੰਤ ਲੋੜੀਂਦੇ ਕਦਮ ਚੁੱਕੇਗੀ।

## ਖਾਲਸਾ ਕਾਲਜ ਸਕੂਲ ਦੀ ਵਿਦਿਆਰਥਣ ਨੇ ਨਗਦ ਇਨਾਮ ਪ੍ਰਾਪਤ ਕੀਤਾ

ਅੰਮ੍ਰਿਤਸਰ, 3 ਮਾਰਚ (ਗੁਰਦਿਆਲ ਸਿੰਘ) :ਖਾਲਸਾ ਕਾਲਜ ਗਵਰਨਿੰਗ ਕੌਂਸਲ ਅਧੀਨ ਖਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਦੀ ਵਿਦਿਆਰਥਣ ਨੇ ਖੇਲੋ ਇੰਡੀਆ ਅਸਮਿਤਾ ਪੇਨਕਾਕ ਸਿਲਾਟ ਲੀਗ ਨਾਰਥ ਜ਼ੋਨ 'ਚ ਆਪਣੀ ਕਾਬਲੀਅਤ ਦੇ ਸ਼ਾਨਦਾਰ ਪ੍ਰਦਰਸ਼ਨ ਨਾਲ ਵਧੀਆ ਸਥਾਨ ਅਤੇ ਨਗਦ ਇਨਾਮ ਹਾਸਲ ਕਰਕੇ ਸਕੂਲ ਅਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਸ੍ਰੀਮਤੀ ਪੁਨੀਤ ਕੌਰ ਨਾਗਪਾਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 9ਵੀਂ ਜਮਾਤ ਦੀ ਵਿਦਿਆਰਥਣ ਦਿਵਜੋਤ ਕੌਰ ਨੇ ਦਿੱਲੀ ਵਿਖੇ ਖੇਡੀ ਗਈ ਖੇਲੋ ਇੰਡੀਆ ਅਸਮਿਤਾ ਪੈਨਕੈਕ ਸਿਲਾਟ ਲੀਗ ਨਾਰਥ ਜ਼ੋਨ (ਮੇਜ਼ਰ ਲੀਗ) 'ਚ ਤੀਜਾ ਸਥਾਨ ਹਾਸਲ ਕੀਤਾ ਹੈ, ਜਿਸ 'ਚ 4000 ਰੁਪਏ ਨਗਦ ਇਨਾਮ ਵੀ ਜਿੱਤਿਆ ਹੈ। ਇਸ ਮੌਕੇ ਉਨ੍ਹਾਂ ਸਕੂਲ ਦੀਆਂ ਬਾਕੀ ਵਿਦਿਆਰਥਣਾਂ ਨੂੰ ਵੀ ਦਿਵਜੋਤ ਕੌਰ ਤੋਂ ਪ੍ਰੇਰਿਤ ਹੋ ਕੇ ਮਿਹਨਤ ਕਰਕੇ ਉਚੇ ਮੁਕਾਮ ਤੱਕ ਪਹੁੰਚਣ ਲਈ ਉਤਸ਼ਾਹਿਤ ਕੀਤਾ।

## ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ ਦੇ ਵਿਦਿਆਰਥੀ ਨੇ ਸੋਨ ਤਗਮਾ ਹਾਸਲ ਕੀਤਾ



ਅੰਮ੍ਰਿਤਸਰ, 3 ਮਾਰਚ ( ਬਬਲੂ ਮਹਾਜਨ) : ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਦੇ ਵਿਦਿਆਰਥੀ ਨੇ ਹੈਵੀਅਸਟ ਡੈੱਡਲਿਫਟ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਨਾਲ ਪਹਿਲਾ ਸਥਾਨ ਪ੍ਰਾਪਤ ਕਰਕੇ ਸਕੂਲ ਅਤੇ ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ।ਇਸ ਸਬੰਧੀ ਸਕੂਲ ਪ੍ਰਿੰਸੀਪਲ ਸ੍ਰੀਮਤੀ ਨਿਰਮਲਜੀਤ ਕੌਰ ਗਿੱਲ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੈਵੀਅਸਟ ਡੈੱਡਲਿਫਟ ਮੁਕਾਬਲੇ 'ਚ ਵਿਦਿਆਰਥੀ ਆਰਵਬੀਰ ਸਿੰਘ ਨੇ ਪਹਿਲਾ ਸਥਾਨ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ ਹੈ।ਉਨ੍ਹਾਂ ਕਿਹਾ ਕਿ ਆਰਵਬੀਰ ਸਿੰਘ ਨੇ ਵਰਲਡ ਲਾਅ ਪਾਵਰ—ਲਿਫਟਿੰਗ ਫੈਡਰੇਸ਼ਨ ਦੁਆਰਾ ਆਯੋਜਿਤ ਏਸ਼ੀਅਨ ਚੈਂਪੀਅਨਸ਼ਿਪ 'ਚ ਵੀ ਗੋਲਡ ਮੈਡਲ ਆਪਣੇ ਨਾਂ ਕੀਤਾ ਹੈ। ਉਨ੍ਹਾਂ ਕਿਹਾ ਕਿ ਆਰਵਬੀਰ ਸਿੰਘ ਨੇ ਦ੍ਰਿੜਤਾ, ਸਾਹਸ ਅਤੇ ਦਲੇਰੀ ਦਾ ਸਬੂਤ ਦਿੰਦਿਆਂ ਫਸਵੇਂ ਮੁਕਾਬਲੇ 'ਚ ਜਿੱਤ ਹਾਸਲ ਕੀਤੀ ਅਤੇ ਸੋਨੇ ਦੇ ਤਗਮੇ 'ਤੇ ਕਬਜ਼ਾ ਕੀਤਾ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਨੂੰ ਅਕਾਦਮਿਕ ਸਿੱਖਿਆ ਦੇਣ ਦੇ ਨਾਲ—ਨਾਲ ਖੇਡ ਮੁਕਾਬਲਿਆਂ, ਕਿਰਿਆਤਮਕ ਕਿਰਿਆਵਾਂ ਆਦਿ 'ਚ ਭਾਗ ਲੈਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ ਤਾਂ ਕਿ ਵਿਦਿਆਰਥੀਆਂ ਦਾ ਸਰਬਪੱਖੀ ਵਿਕਾਸ ਹੋ ਸਕੇ।ਇਸ ਮੌਕੇ ਉਨ੍ਹਾਂ ਜੇਤੂ ਵਿਦਿਆਰਥੀ ਨੂੰ ਸ਼ੁਭਕਾਮਨਾਵਾਂ ਭੇਂਟ ਕਰਦਿਆਂ ਸੁਨਹਿਰੇ ਭਵਿੱਖ ਦੀ ਕਾਮਨਾ ਕੀਤੀ।

## ਭਾਈ ਹਰਵਿੰਦਰ ਪਾਲ ਸਿੰਘ ਲਿਟਲ ਦਾ ਬਾਬਾ ਮੇਜਰ ਸਿੰਘ ਸੋਢੀ ਵੱਲੋਂ ਵਿਸ਼ੇਸ਼ ਸਨਮਾਨ



ਅੰਮ੍ਰਿਤਸਰ, 3 ਮਾਰਚ (ਬਬਲੂ ਮਹਾਜਨ) : ਹੋਲਾ ਮੁਹੱਲਾ ਦੇ ਮੌਕੇ 'ਤੇ ਤਖ਼ਤ ਸ੍ਰੀ ਕੇਸ਼ਗੜ੍ਹ ਸਾਹਿਬ ਵਿਖੇ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਜੀ ਸੋਢੀ ਮੁਖੀ ਦਸ਼ਮੇਸ਼ ਤਰਨਾਂ ਦਲ ਵੱਲੋਂ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਪਾਵਨ ਅਵਸਰ 'ਤੇ ਦੂਰ-ਦੁਰਾਹੇ ਤੋਂ ਆਈਆਂ ਸੰਗਤਾਂ ਨੇ ਭਾਰੀ ਗਿਣਤੀ ਵਿੱਚ ਹਾਜ਼ਰੀ ਭਰੀ ਅਤੇ ਗੁਰੂ ਘਰ ਦੀਆਂ ਖੁਸ਼ੀਆਂ ਮਨਾਈਆਂ। ਪੂਰਾ ਪ੍ਰੰਗਣ ਗੁਰਬਾਣੀ ਦੇ ਕੀਰਤਨ ਨਾਲ ਗੂੰਜਦਾ ਰਿਹਾ ਅਤੇ ਸੰਗਤਾਂ ਨੇ ਸ਼ਰਧਾ ਤੇ ਭਾਵਨਾ ਨਾਲ ਸ਼ਮੂਲੀਅਤ ਕੀਤੀ।ਸਮਾਗਮ ਦੌਰਾਨ ਬੀਬੀ ਕੌਲਾਂ ਜੀ ਭਲਾਈ ਕੇਂਦਰ ਤੋਂ ਭਾਈ ਸਾਹਿਬ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਨੇ ਕਥਾ ਕੀਰਤਨ ਰਾਹੀਂ ਸੰਗਤਾਂ ਨੂੰ ਗੁਰਮਤਿ ਵਿਚਾਰਾਂ ਨਾਲ ਜੋੜਿਆ। ਉਨ੍ਹਾਂ ਨੇ ਹੋਲਾ ਮੁਹੱਲਾ ਦੇ ਇਤਿਹਾਸ ਅਤੇ ਆਤਮਿਕ ਮਹੱਤਤਾ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਕਿਹਾ ਕਿ ਇਹ ਤਿਉਹਾਰ ਸਾਨੂੰ ਚੜ੍ਹਦੀ ਕਲਾ, ਬਹਾਦਰੀ ਅਤੇ ਸੇਵਾ ਭਾਵਨਾ ਦਾ ਸੰਦੇਸ਼ ਦਿੰਦਾ ਹੈ। ਉਨ੍ਹਾਂ ਸਮੂਹ ਸੰਗਤ ਨੂੰ ਹੋਲੇ ਮਹੱਲੇ ਦੀ ਵਧਾਈ ਦਿੰਦਿਆਂ ਗੁਰੂ ਸਾਹਿਬਾਨਾਂ ਦੀ ਬਾਣੀ ਅਤੇ ਰਹਿਤ ਅਨੁਸਾਰ ਜੀਵਨ ਜੀਊਣ ਦੀ ਪ੍ਰੇਰਨਾ ਦਿੱਤੀ।ਇਸ ਮੌਕੇ ਲੰਗਰ ਦੀ ਵਿਸ਼ੇਸ਼ ਵਿਵਸਥਾ ਵੀ ਕੀਤੀ ਗਈ। ਸਮਾਗਮ ਦੌਰਾਨ ਬਾਬਾ ਮੇਜਰ ਸਿੰਘ ਜੀ ਸੋਢੀ ਵੱਲੋਂ ਭਾਈ ਹਰਵਿੰਦਰ ਪਾਲ ਸਿੰਘ ਲਿਟਲ ਵੀਰ ਦਾ ਸਨਮਾਨ ਵੀ ਕੀਤਾ ਗਿਆ। ਇਸ ਮੌਕੇ ਹਰਿੰਦਰ ਸਿੰਘ ਗੋਲਡੀ, ਮਨਪ੍ਰੀਤ ਸਿੰਘ, ਖਿੰਡਰਪਾਲ ਸਿੰਘ, ਗਗਨਦੀਪ ਸਿੰਘ, ਭਾਈ ਚਰਨਜੀਤ ਸਿੰਘ ਚੰਨੀ, ਦਲਬੀਰ ਸਿੰਘ ਅਤੇ ਹੋਰ ਸੰਗਤਾਂ ਹਾਜ਼ਰ ਸਨ

## ਸ਼੍ਰੋਮਣੀ ਅਕਾਲੀ ਦਲ ਤਾਂ ਹੀ ਪੁਨਰ ਸੁਰਜੀਤ ਹੋ ਸਕਦੈ ਜੇਕਰ ਗੁਰੂ ਸਾਹਿਬਾਨ ਦੇ ਦੱਸੇ ਮਾਰਗ 'ਤੇ ਚਲ ਕੇ ਪੰਥ ਦੀ ਸੇਵਾ ਕਰੀਏ: ਕਾਲਕਾ, ਕਾਹਲੋਂ



ਨਵੀਂ ਦਿੱਲੀ, 3 ਮਾਰਚ: ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਤਾਂ ਹੀ ਪੁਨਰ ਸੁਰਜੀਤ ਹੋ ਸਕਦਾ ਹੈ ਜੇਕਰ ਅਸੀਂ ਗੁਰੂ ਸਾਹਿਬਾਨ ਵੱਲੋਂ ਦੱਸੇ ਮਾਰਗ 'ਤੇ ਚਲਦਿਆਂ ਪੰਥ ਦੀ ਸੇਵਾ ਕਰੀਏ।ਅੱਜ ਸ੍ਰੀ ਆਨੰਦਪੁਰ ਸਾਹਿਬ ਵਿਚ ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਵਿਸ਼ਾਲ ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਸਰਦਾਰ ਕਾਲਕਾ ਤੇ ਸਰਦਾਰ ਕਾਹਲੋਂ ਨੇ ਕਿਹਾ ਕਿ 106 ਸਾਲ ਪਹਿਲਾਂ ਸਾਡੇ ਬਜ਼ੁਰਗਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਰਾਖੀ ਵਾਸਤੇ ਅਕਾਲੀ ਦਲ ਦੀ ਸਥਾਪਨਾ ਕੀਤੀ ਸੀ ਪਰ ਅੱਜ ਅਕਾਲੀ ਦਲ 'ਤੇ ਬੈਠੇ ਪਰਿਵਾਰ ਨੂੰ ਬਚਾਉਣ ਵਾਸਤੇ ਸ਼੍ਰੋਮਣੀ ਕਮੇਟੀ ਦੀ ਵਰਤੋਂ ਕੀਤੀ ਜਾ ਰਹੀ ਹੈ। ਉਹਨਾਂ ਕਿਹਾ ਕਿ 70 ਸਾਲਾਂ ਤੋਂ ਕਾਬਜ਼ ਇਹ ਪਰਿਵਾਰ ਹਰ ਉਸ ਵਿਅਕਤੀ ਨੂੰ ਲਾਂਭੇ ਕਰ ਦਿੰਦਾ ਹੈ ਜੋ ਹੱਕ ਸੱਚ ਦੀ ਗੱਲ ਕਰਦਾ ਹੈ। ਉਹਨਾਂ ਕਿਹਾ ਕਿ ਗਿਆਨੀ ਰਘਬੀਰ ਸਿੰਘ ਅਤੇ ਗਿਆਨੀ ਹਰਪ੍ਰੀਤ ਸਿੰਘ ਨੇ 2 ਦਸੰਬਰ ਨੂੰ ਇਕ ਇਤਿਹਾਸ ਸਿਰਜਿਆ ਸੀ ਜੋ ਇਕ ਸਦੀ ਵਿਚ ਕਦੇ ਨਹੀਂ ਸਿਰਜਿਆ ਗਿਆ। ਉਹਨਾਂ ਕਿਹਾ ਕਿ ਜਦੋਂ ਗਿਆਨੀ ਰਘਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਵਿਚਲੇ ਭ੍ਰਿਸ਼ਟਾਚਾਰ ਦੀ ਗੱਲ ਕੀਤੀ ਤਾਂ ਉਹਨਾਂ ਨੂੰ ਵੀ ਹੈਡ ਗ੍ਰੰਥੀ ਦੇ ਅਹੁਦੇ ਤੋਂ ਫਾਰਗ ਕਰ ਦਿੱਤਾ ਗਿਆ।ਪੰਜਾਬ ਵਿਚ ਹੋ ਰਹੇ ਧਰਮ ਪਰਿਵਰਤਨ ਦੀ ਗੱਲ ਕਰਦਿਆਂ ਉਹਨਾਂ ਦੱਸਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਰਦਾਰ ਮਨਜੀਤ ਸਿੰਘ ਭੋਗਾ ਦੀ ਅਗਵਾਈ ਹੇਠ ਧਰਮ ਪ੍ਰਚਾਰ ਵਿੰਗ ਪੰਜਾਬ ਦੀ ਸਥਾਪਨਾ ਕੀਤੀ ਗਈ ਜਿਸਨੇ ਬਹੁਤ ਮਿਹਨਤ ਨਾਲ 2000 ਲੋਕਾਂ ਨੂੰ ਮੁੜ ਤੋਂ ਗੁਰੂ ਨਾਲ ਜੋੜਨ ਵਿਚ ਸਫਲਤਾ ਹਾਸਲ ਕੀਤੀ ਹੈ। ਉਹਨਾਂ ਕਿਹਾ ਕਿ ਅਸੀਂ ਜਿੰਨਾ ਸਿੱਖੀ ਦਾ ਪ੍ਰਚਾਰ ਕਰਾਂਗੇ, ਉਨੇ ਹੀ ਸਫਲ ਹੋਵਾਂਗੇ।ਉਹਨਾਂ ਕਿਹਾ ਕਿ ਬਹੁਤ ਖੁਸ਼ੀ ਵਾਲੀ ਗੱਲ ਹੈ ਕਿ 2 ਦਸੰਬਰ ਦੇ ਹੁਕਮਨਾਮੇ ਅਨੁਸਾਰ ਇਸ ਅਕਾਲੀ ਦਲ ਵਿਚ ਭਰਤੀ ਕੀਤੀ ਗਈ ਤੇ ਪੂਰੀ ਪ੍ਰਕਿਰਿਆ ਦੀ ਪਾਲਣਾ ਕਰਦਿਆਂ ਗਿਆਨੀ ਹਰਪ੍ਰੀਤ ਸਿੰਘ ਨੂੰ ਪ੍ਰਧਾਨ ਚੁਣਿਆ ਗਿਆ। ਉਹਨਾਂ ਕਿਹਾ ਕਿ ਸਾਨੂੰ ਸਾਰਿਆਂ ਨੂੰ ਰਲ ਕੇ ਅਕਾਲੀ ਦਲ ਦੀ ਮਜ਼ਬੂਤੀ ਵਾਸਤੇ ਕੰਮ ਕਰਨ ਦੀ ਜ਼ਰੂਰਤ ਹੈ ਤਾਂ ਹੀ ਅਸੀਂ ਸਫਲ ਹੋ ਸਕਾਂਗੇ।ਉਹਨਾਂ ਇਹ ਵੀ ਕਿਹਾ ਕਿ ਇਕ ਪਰਿਵਾਰ ਦੀ ਅਗਵਾਈ ਹੇਠ ਚਲ ਰਹੇ ਅਕਾਲੀ ਦਲ ਨੇ 10 ਸਾਲ ਸੱਤਾ ਵਿਚ ਹੁੰਦਿਆਂ ਕਦੇ ਵੀ ਵਿਧਾਨ ਸਭਾ ਵਿਚ ਬੰਦੀ ਸਿੰਘਾਂ ਦਾ ਮਤਾ ਪਾਸ ਨਹੀਂ ਕੀਤਾ। ਇਹ ਪਰਿਵਾਰ 10 ਸਾਲ ਕੇਂਦਰ ਵਿਚ ਸੱਤਾ ਦਾ ਸੁੱਖ ਹੰਢਾਉਂਦਾ ਰਿਹਾ ਤੇ ਜਿਉਂ ਹੀ ਇਹਨਾਂ ਦਾ ਗਠਜੋੜ ਟੁੱਟਿਆ, ਇਹਨਾਂ ਨੇ ਬੰਦੀ ਸਿੰਘਾਂ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ ਜਦੋਂ ਕਿ ਪਹਿਲਾਂ ਇਹੀ ਲੋਕ ਬੰਦੀ ਸਿੰਘਾਂ ਦੀ ਰਿਹਾਈ ਦਾ ਵਿਰੋਧ ਕਰਦੇ ਸਨ।ਇਹ ਪਰਿਵਾਰ 10 ਸਾਲ ਕੇਂਦਰ ਵਿਚ ਸੱਤਾ ਦਾ ਸੁੱਖ ਹੰਢਾਉਂਦਾ ਰਿਹਾ ਤੇ ਜਿਉਂ ਹੀ ਇਹਨਾਂ ਦਾ ਗਠਜੋੜ ਟੁੱਟਿਆ, ਇਹਨਾਂ ਨੇ ਬੰਦੀ ਸਿੰਘਾਂ ਦੀ ਗੱਲ ਕਰਨੀ ਸ਼ੁਰੂ ਕਰ ਦਿੱਤੀ ਹੈ ਜਦੋਂ ਕਿ ਪਹਿਲਾਂ ਇਹੀ ਲੋਕ ਬੰਦੀ ਸਿੰਘਾਂ ਦੀ ਰਿਹਾਈ ਦਾ ਵਿਰੋਧ ਕਰਦੇ ਸਨ।

## ਖਾੜੀ ਦੇਸ਼ਾਂ 'ਚ ਜੰਗ ਕਾਰਨ ਫਸੇ ਜ਼ਿਲ੍ਹਾ ਵਾਸੀਆਂ ਲਈ ਪ੍ਰਸ਼ਾਸਨ ਨੇ ਹੈਲਪ ਲਾਈਨ ਨੰਬਰ ਜਾਰੀ ਕੀਤਾ

ਅੰਮ੍ਰਿਤਸਰ, 3 ਮਾਰਚ (ਬਬਲੂ ਮਹਾਜਨ) :ਖਾੜੀ ਦੇਸ਼ਾਂ ਵਿੱਚ ਜੰਗ ਕਾਰਨ ਵਧ ਰਹੇ ਤਣਾਅ ਕਾਰਨ ਉੱਥੇ ਫਸੇ ਜ਼ਿਲ੍ਹਾ ਵਾਸੀਆਂ ਦੀ ਸਹਾਇਤਾ ਲਈ ਜ਼ਿਲ੍ਹਾ ਪ੍ਰਸ਼ਾਸਨ ਅੰਮ੍ਰਿਤਸਰ ਨੇ ਇੱਕ ਹੈਲਪ-ਲਾਈਨ ਨੰਬਰ ਜਾਰੀ ਕੀਤਾ ਹੈ। ਇਹ ਹੈਲਪ ਲਾਈਨ ਨੰਬਰ ਜਾਰੀ ਕਰਦਿਆਂ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਹ ਹੈਲਪ ਲਾਈਨ ਨੰਬਰ -ਦਿਨ-ਰਾਤ ਕਾਰਜਸ਼ੀਲ ਰਹੇਗਾ ਅਤੇ ਖਾੜੀ ਦੇਸ਼ਾਂ ਵਿੱਚ ਫਸੇ ਜ਼ਿਲ੍ਹਾ ਵਾਸੀ ਅਤੇ ਉਨ੍ਹਾਂ ਦੇ ਏਥੇ ਰਹਿ ਰਹੇ ਪਰਿਵਾਰ ਇਸ ਨੰਬਰ ਉੱਪਰ ਤੁਰੰਤ ਸਹਾਇਤਾ ਲਈ ਸੰਪਰਕ ਕਰ ਸਕਦੇ ਹਨ।ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਸੂਬਾ ਪੱਧਰ ਤੇ ਵੀ ਸਹਾਇਤਾ ਲਈ ਦਿਨ-ਰਾਤ ਕਾਰਜਸ਼ੀਲ ਹੈਲਪਲਾਈਨ ਨੰਬਰ 0172 2260042, 0172 2260043 ਜਾਰੀ ਕੀਤੇ ਗਏ ਹਨ। ਲੋੜ ਪੈਣ ਤੇ ਇਨ੍ਹਾਂ ਨੰਬਰਾਂ ਤੇ ਕਾਲ ਕੀਤੀ ਜਾ ਸਕਦੀ ਹੈ ਜਾਂ ਵਟਸਅੱਪ ਨੰਬਰ +91 94787 79112 'ਤੇ ਮੈਸੇਜ ਭੇਜੇ ਜਾ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਖਾੜੀ ਮੁਲਕਾਂ ਵਿੱਚ ਪੰਜਾਬੀਆਂ ਦੀ ਸੁਰੱਖਿਅਤ ਅਤੇ ਜਲਦ ਵਾਪਸੀ ਨੂੰ ਯਕੀਨੀ ਬਣਾਉਣ ਲਈ ਭਾਰਤ ਸਰਕਾਰ ਨਾਲ ਲਗਾਤਾਰ ਗੱਲਬਾਤ ਕੀਤੀ ਜਾ ਰਹੀ ਹੈ ਅਤੇ ਪੰਜਾਬ ਸਰਕਾਰ ਵੱਲੋਂ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਹਰ ਸੰਭਵ ਯਤਨ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਇਸ ਸੰਕਟ ਦੀ ਘੜੀ ਵਿੱਚ ਇਨ੍ਹਾਂ ਪਰਿਵਾਰਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਖੜ੍ਹਾ ਹੈ।

# ਪ੍ਰੇਮ ਸਬੰਧਾਂ 'ਚ ਰੋੜਾ ਬਣੇ ਵਿਅਕਤੀ ਦਾ ਜੀਜੇ, ਸਾਲੇ ਵੱਲੋਂ ਕਤਲ, ਦੋਵੇਂ ਕਾਬੂ

ਬਠਿੰਡਾ, 3 ਮਾਰਚ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ 32 ਸਾਲਾ



ਨੌਜਵਾਨ ਰਾਮਕ੍ਰਿਸ਼ਨ ਦੇ ਲਾਪਤਾ ਹੋਣ ਅਤੇ ਕਤਲ ਦੀ ਗੁੱਥੀ ਨੂੰ ਸੁਲਝਾਉਂਦਿਆਂ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਹਾਸਲ ਕੀਤੀ ਹੈ। ਫੜੇ ਗਏ ਮੁਲਜ਼ਮ ਆਪਸ ਵਿੱਚ ਜੀਜਾ-ਸਾਲਾ ਹਨ, ਜਿਨ੍ਹਾਂ ਨੇ ਕਤਲ ਨੂੰ ਮਹਿਜ਼ ਇੱਕ ਹਾਦਸਾ ਦਿਖਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਮਾਮਲੇ ਦਾ ਖੁਲਾਸਾ ਐਸ.ਪੀ. ਸਿਟੀ ਨਰਿੰਦਰ ਸਿੰਘ ਨੇ ਮੰਗਲਵਾਰ ਨੂੰ ਕੀਤੀ ਇੱਕ ਪ੍ਰੈਸ ਕਾਨਫਰੰਸ ਦੌਰਾਨ ਕੀਤਾ। ਮਾਮਲੇ ਦੀ ਜਾਣਕਾਰੀ ਦਿੰਦਿਆਂ ਐਸ.ਪੀ. ਸਿਟੀ ਨੇ ਦੱਸਿਆ ਕਿ ਬੱਲਾ ਰਾਮ ਨਗਰ ਦੇ ਰਹਿਣ ਵਾਲੇ ਰਾਮਕ੍ਰਿਸ਼ਨ ਦੇ ਲਾਪਤਾ ਹੋਣ ਤੋਂ ਬਾਅਦ ਜਦੋਂ ਜਾਂਚ ਕੀਤੀ ਗਈ ਤਾਂ ਕਾਰ ਸਰਹੰਦ ਨਹਿਰ ਦੇ ਕਿਨਾਰੇ ਲਾਵਾਰਿਸ ਹਾਲਤ ਵਿੱਚ ਮਿਲੀ। ਪੁਲਿਸ ਨੂੰ ਸ਼ੁਰੂ ਵਿੱਚ ਇਹ ਖੁਦਕੁਸ਼ੀ ਦਾ ਮਾਮਲਾ ਜਾਪ ਰਿਹਾ ਸੀ, ਪਰ ਸ਼ੱਕੀ ਹਾਲਾਤਾਂ ਨੂੰ ਦੇਖਦਿਆਂ ਜਦੋਂ ਡੂੰਘਾਈ ਨਾਲ ਪੜਤਾਲ ਕੀਤੀ ਗਈ ਤਾਂ ਕਤਲ ਦੀ ਸਾਜ਼ਿਸ਼ ਸਾਹਮਣੇ ਆਈ।

ਮ੍ਰਿਤਕ ਦੀ ਭੈਣ ਨੇ ਦੋਸ਼ ਲਾਇਆ ਕਿ ਉਸ ਦੇ ਸੁਖਵੀਰ ਸਿੰਘ ਨਾਲ ਪ੍ਰੇਮ ਸਬੰਧ ਸਨ, ਜਿਸ ਦਾ ਉਸ ਦਾ ਭਰਾ ਰਾਮਕ੍ਰਿਸ਼ਨ ਸਖ਼ਤ ਵਿਰੋਧ ਕਰਦਾ ਸੀ। ਇਸੇ ਰੰਜਿਸ਼ ਕਾਰਨ ਸੁਖਵੀਰ ਸਿੰਘ ਅਤੇ ਉਸ ਦੇ ਸਾਥੀ ਗੁਰਪ੍ਰੀਤ ਸਿੰਘ ਨੇ ਸਾਜ਼ਿਸ਼ ਤਹਿਤ ਰਾਮਕ੍ਰਿਸ਼ਨ ਨੂੰ ਆਪਣੇ ਨਾਲ ਕਾਰ ਵਿੱਚ ਬਿਠਾ ਕੇ ਨਹਿਰ ਵੱਲ ਲਿਆਂਦਾ, ਜਿੱਥੇ ਬਹਿਸਬਾਜ਼ੀ ਤੋਂ ਬਾਅਦ ਉਨ੍ਹਾਂ ਨੇ ਲਾਠੀਆਂ ਨਾਲ ਰਾਮਕ੍ਰਿਸ਼ਨ ਦੇ ਸਿਰ 'ਤੇ ਵਾਰ ਕਰਕੇ ਉਸ ਦੀ ਹੱਤਿਆ ਕਰ ਦਿੱਤੀ। ਸਬੂਤ ਨਸ਼ਟ ਕਰਨ ਲਈ ਉਨ੍ਹਾਂ ਨੇ ਲਾਸ਼ ਨੂੰ ਨਹਿਰ ਵਿੱਚ ਸੁੱਟ ਦਿੱਤਾ ਅਤੇ ਕਾਰ ਨੂੰ ਕਿਨਾਰੇ ਛੱਡ ਕੇ ਫ਼ਰਾਰ ਹੋ ਗਏ। ਇਸ ਵਾਰਦਾਤ ਨੂੰ ਲੁਕਾਉਣ ਲਈ ਮੁਲਜ਼ਮਾਂ ਨੇ ਇਹ ਕਹਾਣੀ ਘੜੀ ਕਿ ਕਾਰ ਸੰਤੁਲਨ ਵਿਗੜਨ ਕਾਰਨ ਨਹਿਰ ਵਿੱਚ ਡਿੱਗ ਗਈ ਸੀ, ਜਿਸ ਵਿੱਚੋਂ ਉਹ ਦੋਵੇਂ ਤਾਂ ਬਚ ਗਏ ਪਰ ਰਾਮਕ੍ਰਿਸ਼ਨ ਪਾਣੀ ਵਿੱਚ ਵਹਿ ਗਿਆ। ਹਾਲਾਂਕਿ, ਪੁਲਿਸ ਜਾਂਚ ਵਿੱਚ ਇਹ ਦਾਅਵਾ ਝੂਠਾ ਪਾਇਆ ਗਿਆ। ਫਿਲਹਾਲ ਐਨ.ਡੀ.ਆਰ.ਐਫ. ਦੀਆਂ ਟੀਮਾਂ ਨਹਿਰ ਵਿੱਚ ਲਾਸ਼ ਦੀ ਭਾਲ ਕਰ ਰਹੀਆਂ ਹਨ ਅਤੇ ਗੁਆਂਢੀ ਜ਼ਿਲ੍ਹਿਆਂ ਦੀ ਪੁਲਿਸ ਨੂੰ ਵੀ ਸੁਚੇਤ ਕਰ ਦਿੱਤਾ ਗਿਆ ਹੈ। ਥਾਣਾ ਥਰਮਲ ਪੁਲਿਸ ਮੁਲਜ਼ਮਾਂ ਤੋਂ ਹੋਰ ਪੁੱਛਗਿੱਛ ਕਰ ਰਹੀ ਹੈ ਤਾਂ ਜੋ ਕਤਲ ਨਾਲ ਜੁੜੇ ਹੋਰ ਤੱਥ ਸਾਹਮਣੇ ਆ ਸਕਣ।

# ਨਸ਼ੀਲੀਆਂ ਦਵਾਈਆਂ ਦਾ ਗੋਰਖਧੰਦਾ ਕਰਨ ਵਾਲੇ ਦੋ 8 ਲੱਖ ਤੋਂ ਵੱਧ ਕੈਪਸੂਲ ਤੇ ਗੋਲ਼ੀਆਂ ਸਮੇਤ ਕਾਬੂ

ਬਠਿੰਡਾ, 3 ਮਾਰਚ (ਦੀਪਕ ਸ਼ਰਮਾ): ਬਠਿੰਡਾ ਪੁਲਿਸ ਨੇ ਨਸ਼ੀਲੀਆਂ ਦਵਾਈਆਂ ਦੇ ਸੌਦਾਗਰਾਂ ਖਿਲਾਫ਼ ਚਲਾਈ ਮੁਹਿੰਮ ਤਹਿਤ ਦੋ ਵਿਅਕਤੀਆਂ ਨੂੰ ਲੱਖਾਂ ਦੀ ਮਾਤਰਾ ਵਿੱਚ ਪਾਬੰਦੀਸ਼ੁਦਾ ਕੈਪਸੂਲਾਂ



ਅਤੇ ਗੋਲੀਆਂ ਸਮੇਤ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਵੱਲੋਂ ਕੀਤੀ ਗਈ ਇਸ ਕਾਰਵਾਈ ਦੌਰਾਨ ਕੁੱਲ 8,27,600 ਨਸ਼ੀਲੇ ਕੈਪਸੂਲ ਅਤੇ 20,000 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ ਹਨ। ਇਹ ਆਪਰੇਸ਼ਨ ਐਸ.ਐਸ.ਪੀ. ਜਯੋਤੀ ਯਾਦਵ ਦੀ ਨਿਗਰਾਨੀ ਹੇਠ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਟੀਮ ਵੱਲੋਂ ਅੰਜਾਮ ਦਿੱਤਾ ਗਿਆ। ਇਸ ਸਬੰਧੀ ਸਥਾਨਕ ਸੈਕਟਰੀਏਟ ਵਿੱਚ ਕੀਤੀ ਗਈ ਪ੍ਰੈੱਸ ਵਾਰਤਾ ਦੌਰਾਨ ਐਸਪੀ ਸਿਟੀ ਨਰਿੰਦਰ ਸਿੰਘ ਨੇ ਦੱਸਿਆ ਹੈ ਕਿ ਥਾਣਾ ਮੁਖੀ ਹਰਜੋਤ ਸਿੰਘ ਦੀ ਅਗਵਾਈ ਹੇਠ ਥਾਣਾ ਕੈਨਾਲ ਕਲੋਨੀ ਦੀ ਪੁਲਿਸ ਪਰਸਰਾਮ ਨਗਰ ਨੇੜੇ ਸ਼ਿਵ ਮੰਦਰ ਕੋਲ ਗਸ਼ਤ 'ਤੇ ਸੀ, ਜਿਸ ਦੌਰਾਨ ਇੱਕ ਐਕਟਿਵਾ ਸਕੂਟੀ ਸਵਾਰ ਨੌਜਵਾਨ ਤਿੰਨ ਗੱਤੇ ਦੇ ਡੱਬਿਆਂ ਸਮੇਤ ਆਉਂਦਾ ਦਿਖਾਈ ਦਿੱਤਾ। ਸ਼ੱਕ ਪੈਣ 'ਤੇ ਜਦੋਂ ਪੁਲਿਸ ਨੇ ਉਸ ਨੂੰ ਰੋਕ ਕੇ ਤਲਾਸ਼ੀ ਲਈ ਤਾਂ ਡੱਬਿਆਂ ਵਿੱਚੋਂ 90,000 ਨਸ਼ੀਲੇ ਕੈਪਸੂਲ ਬਰਾਮਦ ਹੋਏ। ਫੜੇ ਗਏ ਮੁਲਜ਼ਮ ਦੀ ਪਛਾਣ ਸੰਜੀਵ ਕੁਮਾਰ ਉਰਫ਼ ਸੰਦੀਪ ਵਾਸੀ ਬੀੜ ਰੋਡ, ਬਠਿੰਡਾ ਵਜੋਂ ਹੋਈ ਹੈ। ਪੁਲਿਸ ਨੇ ਤੁਰੰਤ ਕਾਰਵਾਈ ਕਰਦਿਆਂ ਮੁਲਜ਼ਮ ਨੂੰ ਹਿਰਾਸਤ ਵਿੱਚ ਲੈ ਕੇ ਉਸ ਦੀ ਸਕੂਟੀ ਜ਼ਬਤ ਕਰ ਲਈ।

ਪੁਲਿਸ ਦੀ ਸਖ਼ਤ ਪੁੱਛਗਿੱਛ ਦੌਰਾਨ ਸੰਜੀਵ ਕੁਮਾਰ ਨੇ ਵੱਡੇ ਖੁਲਾਸੇ ਕੀਤੇ, ਜਿਸ ਦੀ ਨਿਸ਼ਾਨਦੇਹੀ 'ਤੇ ਮਹੇਸ਼ਵਰੀ ਚੌਕ ਸਥਿਤ ਮੈਡੀਕਲ' 'ਤੇ ਛਾਪਾ ਮਾਰਿਆ ਗਿਆ। ਇਸ ਮੈਡੀਕਲ ਸਟੋਰ ਤੋਂ ਪੁਲਿਸ ਨੂੰ 7,37,600 ਹੋਰ ਨਸ਼ੀਲੇ ਕੈਪਸੂਲ ਅਤੇ 20,000 ਨਸ਼ੀਲੀਆਂ ਗੋਲੀਆਂ ਬਰਾਮਦ ਹੋਈਆਂ। ਪੁਲਿਸ ਨੇ ਮੈਡੀਕਲ ਸਟੋਰ ਦੇ ਮਾਲਕ ਰੀਦਾਸੂ ਨੂੰ ਵੀ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਹੈ। ਹਾਲਾਂਕਿ ਫੜੇ ਗਏ ਦੋਵਾਂ ਕਥਿਤ ਦੋਸ਼ੀਆਂ ਦਾ ਪਹਿਲਾਂ ਕੋਈ ਅਪਰਾਧਿਕ ਰਿਕਾਰਡ ਸਾਹਮਣੇ ਨਹੀਂ ਆਇਆ ਹੈ, ਪਰ ਇੰਨੀ ਵੱਡੀ ਮਾਤਰਾ ਵਿੱਚ ਨਸ਼ੀਲੀਆਂ ਦਵਾਈਆਂ ਦਾ ਮਿਲਣਾ ਕਈ ਸਵਾਲ ਖੜ੍ਹੇ ਕਰਦਾ ਹੈ। ਐਸ.ਐਸ.ਪੀ. ਨੇ ਦੱਸਿਆ ਕਿ ਪੁਲਿਸ ਹੁਣ ਇਸ ਗੱਲ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਕਿ ਨਸ਼ੇ ਦੀ ਇਹ ਖੇਪ ਕਿੱਥੋਂ ਲਿਆਂਦੀ ਗਈ ਸੀ ਅਤੇ ਅੱਗੇ ਕਿਨ੍ਹਾਂ ਲੋਕਾਂ ਨੂੰ ਸਪਲਾਈ ਕੀਤੀ ਜਾਣੀ ਸੀ। ਪੁਲਿਸ ਅਨੁਸਾਰ ਨਸ਼ੇ ਦੇ ਇਸ ਕਾਲੇ ਕਾਰੋਬਾਰ ਵਿੱਚ ਸ਼ਾਮਲ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ।

# ਸਿਹਤ ਮੰਤਰੀ ਡਾ. ਬਲਬੀਰ ਸਿੰਘ ਦਾ ਧੂਰੀ ਪੁੱਜਣ 'ਤੇ ਭਰਵਾਂ ਸਵਾਗਤ



ਧੂਰੀ, 3 ਮਾਰਚ (ਰਾਜੇਸ਼ਵਰ ਪਿੰਟੂ): ਧੂਰੀ ਦੇ ਸਰਕਾਰੀ ਹਸਪਤਾਲ ਵਿਖੇ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਦੀ ਆਮਦ 'ਤੇ ਸੰਗਰੂਰ ਡਿਸਟ੍ਰਿਕਟ ਇੰਡਸਟਰੀਅਲ ਚੈਂਬਰ ਦੇ ਸੀਨੀਅਰ ਮੀਤ ਪ੍ਰਧਾਨ ਰਾਜੇਸ਼ ਸਿੰਗਲਾ ਸ਼ੈਂਟੀ ਅਤੇ ਸਰਵ ਭਾਰਤੀਯ ਸੇਵਾ ਸੰਮਤੀ ਧੂਰੀ ਦੇ ਪ੍ਰਧਾਨ ਰਾਕੇਸ਼ ਕੁਮਾਰ ਗਰਗ ਨੇ ਮੰਤਰੀ ਨੂੰ ਜੀ ਆਇਆ ਆਖਿਆ। ਇਸ ਮੌਕੇ ਸਰਕਾਰ ਦੇ ਕਈ ਉੱਚ ਅਹੁਦੇਦਾਰ ਅਤੇ ਪਾਰਟੀ ਆਗੂ ਵੀ ਮੌਜੂਦ ਸਨ, ਜੋ ਹਸਪਤਾਲ ਦੀਆਂ ਸਹੂਲਤਾਂ ਦਾ ਜਾਇਜ਼ਾ ਲੈਣ ਲਈ ਇਕੱਠੇ ਹੋਏ। ਮੁਲਾਕਾਤ ਦੌਰਾਨ ਰਾਜੇਸ਼ ਸਿੰਗਲਾ ਤੇ ਰਾਕੇਸ਼ ਗਰਗ ਨੇ ਸਿਹਤ ਮੰਤਰੀ ਨੂੰ ਹਸਪਤਾਲ ਵਿੱਚ ਚੱਲ ਰਹੇ ਮੁਫ਼ਤ ਲੰਗਰ ਦੇ ਪ੍ਰਬੰਧਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਦੱਸਿਆ ਕਿ ਸੰਸਥਾ ਵੱਲੋਂ ਮਰੀਜ਼ਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਨਿਰੰਤਰ ਸੇਵਾ ਕੀਤੀ ਜਾ ਰਹੀ ਹੈ, ਤਾਂ ਜੋ ਦੂਰ-ਦੁਰਾਡੇ ਤੋਂ ਆਉਣ ਵਾਲੇ ਲੋਕਾਂ ਨੂੰ ਖਾਣ-ਪੀਣ ਦੀ ਕੋਈ ਦਿੱਕਤ ਨਾ ਆਵੇ। ਮੰਤਰੀ ਨੇ ਇਨ੍ਹਾਂ ਸਮਾਜ ਸੇਵੀ ਕਾਰਜਾਂ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸੰਸਥਾ ਦੇ ਜਜ਼ਬੇ ਨੂੰ ਸਲਾਹਿਆ। ਸਵਾਗਤ ਤੋਂ ਬਾਅਦ, ਇਲਾਕੇ ਦੇ ਆਗੂਆਂ ਨੇ ਹਸਪਤਾਲ ਦੀਆਂ ਮੁੱਖ ਸਮੱਸਿਆਵਾਂ ਵੱਲ ਮੰਤਰੀ ਦਾ ਧਿਆਨ ਦਿਵਾਇਆ।

# ਸਿਵਲ ਹਸਪਤਾਲ 'ਚੋਂ 20 ਹਜ਼ਾਰ ਨਸ਼ਾ ਛੁਡਾਊ ਗੋਲ਼ੀਆਂ ਚੋਰੀ



ਧੂਰੀ, 3 ਮਾਰਚ (ਰਾਜੇਸ਼ਵਰ ਪਿੰਟੂ): ਪੰਜਾਬ ਦੇ ਸਿਹਤ ਮੰਤਰੀ ਦੀ ਧੂਰੀ ਫ਼ੇਰੀ ਤੋਂ ਪਹਿਲਾਂ ਹੀ ਲੰਘੀ ਰਾਤ ਸਥਾਨਕ ਸਿਵਲ ਹਸਪਤਾਲ ਦੇ ਓਟ ਸੈਂਟਰ 'ਚੋਂ ਹਜਾਰਾਂ ਦੀ ਗਿਣਤੀ 'ਚ ਨਸ਼ਾ ਛੁਡਾਊ ਗੋਲੀਆਂ ਚੋਰੀ ਹੋਣ ਦੀ ਖਬਰ ਹੈ। ਦੱਸਣਯੋਗ ਹੈ ਕਿ ਸਿਵਲ ਹਸਪਤਾਲ 'ਚੋਂ ਦਿੱਤੀਆਂ ਜਾਂਦੀਆਂ ਨਸ਼ਾ ਛੁਡਾਊ ਗੋਲੀਆਂ ਦੇ ਪਹਿਲਾਂ ਵੀ ਵੱਡੀ ਮਾਤਰਾ 'ਚੋਂ ਚੋਰੀ ਦੀਆਂ ਕਈ ਘਟਨਾਵਾਂ ਵਾਪਰ ਚੁੱਕੀਆਂ ਹਨ। ਸਿਵਲ ਹਸਪਤਾਲ ਧੂਰੀ ਦੀ ਮੈਡੀਕਲ ਅਫਸਰ ਡਾ: ਸਲੋਨਾ ਨੇ ਚੋਰੀ ਦੀ ਘਟਨਾ ਬਾਰੇ ਦੱਸਿਆ ਕਿ ਕੱਲ ਸ਼ਾਮ 3 ਵਜੇ ਓਟ ਸੈਂਟਰ ਦਾ ਸਟਾਫ਼ ਓਟ ਸੈਂਟਰ ਨੂੰ ਬੰਦ ਕਰਕੇ ਗਿਆ ਸੀ, ਪਰ ਜਦੋਂ ਅੱਜ ਸਵੇਰੇ 9 ਵਜੇ ਸਟਾਫ਼ ਨੇ ਆ ਕੇ ਦੇਖਿਆ ਤਾਂ ਓਟ ਸੈਂਟਰ ਦੇ ਤਾਲੇ ਟੁੱਟੇ ਹੋਏ ਸੀ ਅਤੇ ਸਟਾਕ ਵਾਲੀ ਅਲਮਾਰੀ ਖੁੱਲ੍ਹੀ ਸੀ ਅਤੇ ਅਲਮਾਰੀ 'ਚੋ ਨਸ਼ਾ ਛੁਡਾਊ (ਜੀਭ ਵਾਲੀ) ਕਰੀਬ 20 ਹਜਾਰ ਗੋਲੀਆਂ ਅਤੇ ਕੰਪਿਊਟਰ ਦਾ ਮੁਨੀਟਰ ਗਾਇਬ ਸਨ। ਉਨਾਂ ਦੱਸਿਆ ਕਿ ਚੋਰੀ ਦੀ ਘਟਨਾ ਬਾਰੇ ਸਿਵਲ ਸਰਜਨ ਸੰਗਰੂਰ ਸਮੇਤ ਉੱਚ ਅਧਿਕਾਰੀਆਂ ਨੂੰ ਸੂਚਿਤ ਕੀਤਾ ਗਿਆ ਅਤੇ ਸੂਚਨਾ ਮਿਲਣ ਉਪਰੰਤ ਸਿਟੀ ਪੁਲਿਸ ਦੇ ਐਸ.ਐਚ.ਓ ਵੱਲੋਂ ਘਟਨਾ ਸਥਾਨ ਦਾ ਜਾਇਜ਼ਾ ਵੀ ਲਿਆ ਗਿਆ।

ਸੰਪਰਕ ਕਰਨ 'ਤੇ ਸਿਟੀ ਪੁਲਿਸ ਧੂਰੀ ਦੇ ਐਸ.ਐਚ.ਓ. ਜਸਵੀਰ ਸਿੰਘ ਤੂਰ ਨੇ ਚੋਰੀ ਦੀ ਘਟਨਾ ਬਾਰੇ ਮਿਲੀ ਸੂਚਨਾ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਓਟ ਸੈਂਟਰ ਦੇ ਸਟਾਕ ਦੀ ਡੂੰਘਾਈ ਨਾਲ ਜਾਂਚ ਕੀਤੀ ਜਾ ਰਹੀ ਹੈ।

## "ਸਾਡੇ ਬਜ਼ੁਰਗ ਸਾਡਾ ਮਾਣ" ਤਹਿਤ ਮੁਫ਼ਤ ਡਾਕਟਰੀ ਜਾਂਚ ਤੇ ਜ਼ਿਲ੍ਹਾ ਕਾਨੂੰਨੀ ਸੇਵਾਵਾਂ/ਬੈਕਿੰਗ ਸੇਵਾਵਾਂ ਸਬੰਧੀ ਕੈਂਪ 6 ਨੂੰ

ਬਠਿੰਡਾ, 3 ਮਾਰਚ (ਜਗਸੀਰ ਭੁੱਲਰ): ਪੰਜਾਬ ਸਰਕਾਰ ਦੀਆਂ ਹਦਾਇਤਾ, ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਅਤੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੇ ਨਿਰਦੇਸ਼ਾਂ ਹੇਠ ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ "ਸਾਡੇ ਬਜ਼ੁਰਗ ਸਾਡਾ ਮਾਣ" ਮੁਹਿੰਮ ਤਹਿਤ ਬਜ਼ੁਰਗਾਂ ਲਈ ਮੁਫ਼ਤ ਮੈਡੀਕਲ ਹੈਲਥ ਚੈੱਕਅੱਪ ਕੈਂਪ ਤੇ ਜਿਲ੍ਹਾਂ ਕਾਨੂੰਨੀ ਸੇਵਾਵਾਂ/ਬੈਕਿੰਗ ਸੇਵਾਵਾਂ ਸਬੰਧੀ ਕੈਂਪ 6 ਮਾਰਚ ਦਿਨ ਸ਼ੁਕਰਵਾਰ ਨੂੰ ਸਵੇਰੇ 9:30 ਵਜੇ ਤੋਂ ਸ਼ਾਮ 3:00 ਤੱਕ ਸਰਕਾਰੀ ਹਸਪਤਾਲ ਬਲਾਕ ਸੰਗਤ ਜਿਲ੍ਹਾ ਬਠਿੰਡਾ ਵਿਖੇ ਲਗਾਇਆ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ ਮੈਡਮ ਅਰਸ਼ਦੀਪ ਕੌਰ ਨੇ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਇਸ ਕੈਂਪ ਦੌਰਾਨ ਬਜ਼ੁਰਗਾਂ ਦੇ ਮੋਤੀਆਬਿੰਦ ਅਪ੍ਰੇਸ਼ਨ ਲਈ ਪ੍ਰੀ-ਅਸੈਸਮੈਂਟ ਕੈਂਪ, ਡਿਮੈਂਸ਼ੀਆਂ ਸਕ੍ਰੀਨਿੰਗ, ਬਲੱਡ ਪ੍ਰੈਸ਼ਰ ਤੇ ਸੂਗਰ ਜਾਂਚ, ਕੈਂਸਰ ਸਕ੍ਰੀਨਿੰਗ, ਅਰਥੋਪੀਡਿਕ ਜਾਂਚ, ਫਿਜਿਓਥੈਰੇਪੀ ਸੇਵਾਵਾਂ, ਕੰਨਾਂ ਦੇ ਰੋਗ ਤੇ ਮੁਫ਼ਤ ਦਵਾਈਆਂ ਦੇ ਨਾਲ-ਨਾਲ ਕਾਨੂੰਨੀ ਸਹਾਇਤਾ, ਬੈਂਕਾਂ ਵੱਲੋਂ ਦੁਰਘਟਨਾ ਅਤੇ ਸਿਹਤ ਜਾਂਚ ਮੁਫ਼ਤ ਕੀਤੇ ਜਾਣਗੇ। ਉਨ੍ਹਾਂ ਬਜ਼ੁਰਗਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੀ ਬੈਂਕ ਪਾਸ ਬੁੱਕ ਅਤੇ ਪੈਨਸ਼ਨਾਂ ਦੀ ਜਾਣਕਾਰੀ ਲਈ ਆਪਣਾ ਆਧਾਰ ਕਾਰਡ ਨਾਲ ਜ਼ਰੂਰ ਲਿਆਂਦਾ ਜਾਵੇ ਤਾਂ ਜੋ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਪ੍ਰਾਪਤ ਕੀਤਾ ਜਾ ਸਕੇ।

# ਮਾਲਵਾ ਕਾਲਜ ਵਿਖੇ ਮਨਾਈ ਹੋਲੀ



ਛੁਨੀਰ, 3 ਮਾਰਚ (ਲਛਮਣ ਸਿੱਧੂ): ਰੰਗਾਂ ਨਾਲ ਪਿਆਰ ਕਰਨਾ ਅਸਲ ਵਿੱਚ ਕੁਦਰਤ ਨਾਲ ਪ੍ਰੇਮ ਕਰਨ ਦਾ ਹੀ ਪ੍ਰਤੀਕ ਹੈ। ਮਨੁੱਖ ਨੇ ਮੁੱਢ ਕਦੀਮ ਤੋਂ ਹੀ ਕਿਸੇ ਨਾ ਕਿਸੇ ਤਰੀਕੇ ਨਾਲ ਤਿਉਹਾਰਾਂ ਦੇ ਬਹਾਨੇ ਕੁਦਰਤ ਨਾਲ ਜੁੜਨ ਦੀ ਕੋਸ਼ਿਸ਼ ਕੀਤੀ ਹੈ"। ਇਹਨਾਂ ਗੱਲਾਂ ਦਾ ਪ੍ਰਗਟਾਵਾ ਰਾਜ ਸੋਢੀ ਮੈਨੇਜਿੰਗ ਡਾਇਰੈਕਟਰ ਮਾਲਵਾ ਗਰੁੱਪ ਆਫ਼ ਕਾਲਜਿਜ਼ ਸਰਦੂਲੇਵਾਲਾ ਨੇ ਵਿਦਿਆਰਥਣਾਂ ਵੱਲੋਂ ਹੋਲੀ ਦਾ ਤਿਉਹਾਰ ਮਨਾਉਣ ਸਮੇਂ ਕੀਤਾ। ਹੋਲੀ ਦਾ ਤਿਉਹਾਰ ਸੰਸਥਾ ਦੇ ਕੈਂਪਸ ਵਿਖੇ ਮਨਾਇਆ ਗਿਆ ਜਿਸ ਵਿੱਚ ਕਾਲਜ ਦੀਆਂ ਸਾਰੀਆਂ ਵਿਦਿਆਰਥਣਾਂ ਅਤੇ ਸਟਾਫ ਨੇ ਭਾਗ ਲਿਆ।ਇਸ ਮੌਕੇ ਲੜਕੀਆਂ ਨੂੰ ਇਸ ਤਿਉਹਾਰ ਦੀ ਇਤਿਹਾਸਕ ਮਹੱਤਤਾ ਬਾਰੇ ਦੱਸਿਆ ਗਿਆ ਕਿ ਭਾਵੇਂ ਸਮਾਜ ਵਿੱਚ ਬੁਰਾਈ ਵੱਡੇ ਪੱਧਰ ਤੇ ਫੈਲੀ ਹੋਈ ਹੈ ਫਿਰ ਵੀ ਆਖਰਕਾਰ ਜਿੱਤ ਸੱਚਾਈ ਦੀ ਹੀ ਹੁੰਦੀ ਹੈ। ਵਿਦਿਆਰਥਣਾਂ ਨੂੰ ਇਸ ਗੱਲ ਵਾਸਤੇ ਵੀ ਪ੍ਰੇਰਿਤ ਕੀਤਾ ਗਿਆ ਕਿ ਹੋਲੀ ਦੇ ਤਿਉਹਾਰ ਮੌਕੇ ਖਤਰਨਾਕ ਕੈਮੀਕਲ ਤਰਲ ਰੰਗਾਂ ਦੀ ਬਜਾਏ ਸੁੱਕੇ ਤੇ ਰਸਾਇਣ ਮੁਕਤ ਰੰਗਾਂ ਦੀ ਹੀ ਵਰਤੋਂ ਕੀਤੀ ਜਾਵੇ। ਲੜਕੀਆਂ ਵੱਲੋਂ ਇੱਕ ਰੰਗਾਰੰਗ ਪ੍ਰੋਗਰਾਮ ਵੀ ਪੇਸ਼ ਕੀਤਾ ਗਿਆ ਜਿਸ ਵਿੱਚ ਉਹਨਾਂ ਸਭਿਆਚਾਰਕ ਗੀਤ ਸੰਗੀਤ ਨਾਲ ਆਨੰਦ ਮਾਣਿਆ।ਇਸ ਮੌਕੇ ਕਾਲਜ ਸਟਾਫ਼ ਵੱਲੋਂ ਪ੍ਰੋਫੈਸਰ ਬਲਜੀਤ ਪਾਲ ਸਿੰਘ, ਗੁਰਦੀਪ ਸਿੰਘ, ਜਸਪਾਲ ਕੌਰ, ਰਕਸ਼ਾ ਰਾਣੀ, ਸਿੰਬਲਪਾਲ, ਰੇਖਾ ਰਾਣੀ, ਹਰਪ੍ਰੀਤ, ਸ਼ਵੀਤੀ ਅਮਨਦੀਪ ਕੌਰ, ਰਵਨੀਤ ਹਾਜ਼ਰ ਸਨ।

## ਮਹਿਲਾ ਨਾਲ ਗੈਂਗ ਰੇਪ ਕਰਨ ਵਾਲੇ ਤਿੰਨ ਵਿਅਕਤੀ ਕਾਬੂ

ਬਠਿੰਡਾ, 3 ਮਾਰਚ (ਦੀਪਕ ਸ਼ਰਮਾ): ਜ਼ਿਲ੍ਹੇ ਦੇ ਇੱਕ ਪਿੰਡ 'ਚ ਔਰਤ ਨਾਲ ਸਮੂਹਿਕ ਜਬਰ ਜਨਾਹ ਕਰਨ ਦਾ ਮਾਮਲਾ ਸਾਹਮਣੇ ਆਇਆ ਹੈ। ਪੀੜਤਾ ਹਸਪਤਾਲ ਵਿੱਚ ਜੇਰੇ ਇਲਾਜ ਹੈ। ਪੁਲਿਸ ਨੇ ਉਕਤ ਔਰਤ ਦੀ ਸ਼ਿਕਾਇਤ ਤੇ ਤਿੰਨ ਨੌਜਵਾਨਾਂ ਖਿਲਾਫ਼ ਕੇਸ ਦਰਜ ਕੀਤਾ ਹੈ। ਔਰਤ ਨਾਲ ਜਬਰ ਜਨਾਹ ਕਰਨ ਦੇ ਮਾਮਲੇ ਵਿੱਚ ਇੱਕ ਨਬਾਲਗ ਵੀ ਸ਼ਾਮਲ ਹੈ। ਜਾਣਕਾਰੀ ਅਨੁਸਾਰ ਪਿੰਡ ਦੀ ਇੱਕ ਔਰਤ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਦਾ ਗੁਆਂਢੀ ਜਸਕਰਨ ਸਿੰਘ ਰਾਤ ਸਮੇਂ ਘਰ ਤੋਂ ਬਾਹਰ ਲੈ ਗਿਆ। ਉਕਤ ਵਿਅਕਤੀ ਔਰਤ ਨੂੰ ਵਰਗਲਾ ਕੇ ਆਪਣੇ ਖੇਤਾਂ ਵਿੱਚ ਬਣੇ ਕਮਰੇ ਵਿੱਚ ਲੈ ਗਿਆ। ਜਿੱਥੇ ਪਹਿਲਾਂ ਹੀ ਉਸ ਦਾ ਸਾਥੀ ਜਸਪ੍ਰੀਤ ਸਿੰਘ ਤੇ ਇੱਕ ਨਾਬਾਲਗ ਮੌਜੂਦ ਸੀ। ਇਸ ਦੌਰਾਨ ਕਥਿਤ ਦੋਸ਼ੀਆਂ ਨੇ ਇੱਕ ਬੱਚੀ ਦੀ ਮਾਂ ਉਕਤ ਔਰਤ ਨਾਲ ਗੈਂਗ ਰੇਪ ਕੀਤਾ ਤੇ ਬਾਅਦ ਵਿੱਚ ਔਰਤ ਨੂੰ ਪਿੰਡ ਨੇੜੇ ਛੱਡ ਕੇ ਫਰਾਰ ਹੋ ਗਏ। ਹਾਲਾਂਕਿ ਇਹ ਘਟਨਾ 27 ਅਤੇ 28 ਫਰਵਰੀ ਦੀ ਰਾਤ ਨੂੰ ਵਾਪਰੀ ਦੱਸੀ ਜਾ ਰਹੀ ਹੈ, ਪਰ ਥਾਣਾ ਨਥਾਣਾ ਦੀ ਪੁਲਿਸ ਨੇ 3 ਮਾਰਚ ਨੂੰ ਉਕਤ ਤਿੰਨਾਂ ਨੌਜਵਾਨਾਂ ਖਿਲਾਫ਼ ਕੇਸ ਦਰਜ ਕੀਤਾ ਹੈ। ਪੀੜਤ ਔਰਤ ਨਥਾਣਾ ਦੇ ਸਿਵਲ ਹਸਪਤਾਲ ਵਿੱਚ ਜੇਰੇ ਇਲਾਜ ਦੱਸੀ ਜਾ ਰਹੀ ਹੈ। ਪੁਲਿਸ ਨੇ ਕੇਸ ਦਰਜ ਕਰਨ ਤੋਂ ਬਾਅਦ ਤਿੰਨਾਂ ਨੌਜਵਾਨਾਂ ਨੂੰ ਗ੍ਰਿਫਤਾਰ ਕਰ ਲਿਆ ਹੈ।

# ਈਰਾਨ 'ਚ ਮਾਸੂਮਾਂ ਦੇ ਘਾਣ ਵਿਰੁੱਧ ਬਠਿੰਡਾ ਦੀਆਂ ਸੜਕਾਂ 'ਤੇ ਰੋਸ ਪ੍ਰਦਰਸ਼ਨ



ਬਠਿੰਡਾ, 3 ਮਾਰਚ (ਦੀਪਕ ਸ਼ਰਮਾ): ਲੋਕ ਮੋਰਚਾ ਪੰਜਾਬ ਤੇ ਇਨਕਲਾਬੀ ਕੇਂਦਰ ਪੰਜਾਬ ਨੇ ਮੱਧ-ਪੂਰਬ ਵਿੱਚ ਅਮਰੀਕਾ ਤੇ ਇਜ਼ਰਾਈਲ ਵੱਲੋਂ ਇਰਾਨ ਦੇ ਆਮ ਲੋਕਾਂ 'ਤੇ ਥੋਪੀ ਗਈ ਜੰਗ ਤੇ ਵੱਡੇ ਮੁਲਕਾਂ ਵੱਲੋਂ ਛੋਟੇ ਮੁਲਕਾਂ ਨਾਲ ਕੀਤੇ ਜਾ ਰਹੇ 'ਧੱਕੇ' ਖ਼ਿਲਾਫ਼ ਬਠਿੰਡਾ ਵਿੱਚ ਰੋਸ ਪ੍ਰਦਰਸ਼ਨ ਕੀਤਾ। ਸਥਾਨਕ ਜਨਤਕ ਜਥੇਬੰਦੀਆਂ ਨੇ ਜੰਗਬਾਜ਼ ਤਾਕਤਾਂ ਦੀ ਇਸ ਧੌਂਸ ਵਿਰੁੱਧ ਇੱਕਜੁੱਟ ਹੋ ਕੇ ਹੋਕਾ ਦਿੱਤਾ ਕਿ ਮਨੁੱਖੀ ਖ਼ੂਨ ਨਾਲ ਲਿਖੀ ਜਾ ਰਹੀ ਇਹ ਇਬਾਰਤ ਹੁਣ ਹੋਰ ਬਰਦਾਸ਼ਤ ਨਹੀਂ ਕੀਤੀ ਜਾਵੇਗੀ। 'ਲੋਕ ਮੋਰਚਾ ਪੰਜਾਬ' ਅਤੇ 'ਇਨਕਲਾਬੀ ਕੇਂਦਰ ਪੰਜਾਬ' ਦੀ ਅਗਵਾਈ ਹੇਠ ਸ਼ਹਿਰ ਵਿੱਚ ਕੱਢੇ ਗਏ ਰੋਸ ਮਾਰਚ ਦੌਰਾਨ ਬੁਲਾਰਿਆਂ ਨੇ ਭਰੇ ਮਨ ਨਾਲ ਦੱਸਿਆ ਕਿ ਕਿਵੇਂ ਇੱਕ ਸਕੂਲ ਨੂੰ ਨਿਸ਼ਾਨਾ ਬਣਾ ਕੇ 100 ਤੋਂ ਵੱਧ ਮਾਸੂਮ ਵਿਦਿਆਰਥੀਆਂ ਦਾ ਕਤਲੇਆਮ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਟੀਚਰਜ਼ ਹੋਮ ਵਿਖੇ ਹੋਏ ਭਰਵੇਂ ਇਕੱਠ ਵਿੱਚ ਜਗਮੇਲ ਸਿੰਘ, ਮੁਖਤਿਆਰ ਪੂਹਲਾ ਤੇ ਸੁਰਿੰਦਰ ਕੁਮਾਰੀ ਕੋਚਰ ਨੇ ਗਰਜਦਿਆਂ ਕਿਹਾ ਕਿ ਅਮਰੀਕਾ ਸਿਰਫ਼ ਆਪਣੀ ਲੁੱਟ ਜਾਰੀ ਰੱਖਣ ਲਈ ਕੌਮਾਂਤਰੀ ਕਾਨੂੰਨਾਂ ਨੂੰ ਪੈਰਾਂ ਹੇਠ ਲਤਾੜ ਰਿਹਾ ਹੈ। ਉਨ੍ਹਾਂ ਕਿਹਾ ਕਿ ਇਰਾਨ ਵਰਗੇ ਦੇਸ਼ ਜਿਹੜੇ ਅਮਰੀਕੀ ਦਬਾਅ ਅੱਗੇ ਨਹੀਂ ਝੁਕਦੇ, ਉਨ੍ਹਾਂ 'ਤੇ ਆਰਥਿਕ ਪਾਬੰਦੀਆਂ ਅਤੇ ਸਿੱਧੇ ਹਮਲੇ ਕਰਨਾ ਬੇਹੱਦ ਸ਼ਰਮਨਾਕ ਹੈ।

ਪ੍ਰਦਰਸ਼ਨਕਾਰੀਆਂ ਨੇ ਜ਼ੋਰਦਾਰ ਮੰਗ ਕੀਤੀ ਕਿ ਭਾਰਤ ਸਰਕਾਰ ਇਨ੍ਹਾਂ ਹਮਲਾਵਰ ਮੁਲਕਾਂ ਨਾਲ ਕੀਤੇ ਗਏ ਸਾਰੇ ਵਪਾਰਕ ਤੇ ਜੰਗੀ ਸਮਝੌਤੇ ਤੁਰੰਤ ਰੱਦ ਕਰੇ। ਮਾਰਚ ਦੌਰਾਨ ਜਿੱਥੇ ਇਰਾਨੀ ਲੋਕਾਂ ਨਾਲ ਇੱਕਜੁੱਟਤਾ ਦਿਖਾਈ ਗਈ, ਉੱਥੇ ਹੀ ਗੁਰਦਾਸਪੁਰ ਵਿਖੇ ਹੋਏ ਕਥਿਤ ਪੁਲਿਸ ਮੁਕਾਬਲੇ ਦਾ ਮੁੱਦਾ ਚੁੱਕਦਿਆਂ ਇਸ ਦੀ ਉੱਚ ਪੱਧਰੀ ਜਾਂਚ ਦੀ ਮੰਗ ਵੀ ਕੀਤੀ ਗਈ।

# ਅਕੈਡਮਿਕ ਵਰਲਡ ਸਕੂਲ ਵਿਖੇ ਮਨਾਈ ਹੋਲੀ

ਲਹਿਰਾਗਾਗਾ, 3 ਮਾਰਚ (ਰਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਅਕੈਡਮਿਕ ਵਰਲਡ ਸਕੂਲ ਖੋਖਰ ਵਿੱਚ ਹੋਲੀ ਦਾ ਤਿਉਹਾਰ ਬੜੇ ਹੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਪ੍ਰੰਗਣ ਨੂੰ ਰੰਗ-ਬਿਰੰਗੇ ਗੁਬਾਰਿਆਂ, ਫੁੱਲਾਂ ਅਤੇ ਸੁੰਦਰ ਸਜਾਵਟ ਨਾਲ ਸਜਾਇਆ ਗਿਆ ਸੀ, ਜਿਸ ਨਾਲ ਤਿਉਹਾਰ ਵਾਲਾ ਮਾਹੌਲ ਬਣਿਆ ਹੋਇਆ ਸੀ। ਸਮਾਰੋਹ ਦੀ ਸ਼ੁਰੂਆਤ ਸਕੂਲ ਦੀ ਸਵੇਰੇ ਦੀ ਪ੍ਰਾਰਥਨਾ ਨਾਲ ਹੋਈ। ਇਸ ਤੋਂ ਬਾਅਦ ਵਿਦਿਆਰਥੀਆਂ ਨੇ ਹੋਲੀ ਨਾਲ ਸੰਬੰਧਿਤ ਗੀਤ, ਕਵਿਤਾਵਾਂ ਤੇ ਰੰਗਾਰੰਗ ਨਾਚ ਪ੍ਰਸਤੁਤ ਕੀਤੇ। ਛੋਟੇ ਬੱਚਿਆਂ ਨੇ "ਰੰਗਾਂ ਦੀ ਮਹੱਤਤਾ" ਵਿਸ਼ੇ 'ਤੇ ਸੁੰਦਰ ਨਾਟਿਕਾ ਪੇਸ਼ ਕਰਕੇ ਸਭ ਦਾ ਮਨ ਮੋਹ ਲਿਆ। ਵਿਦਿਆਰਥੀਆਂ ਨੇ ਹੋਲੀ ਦੇ ਇਤਿਹਾਸ ਤੇ ਇਸ ਦੇ ਸਮਾਜਿਕ ਮਹੱਤਵ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਸਕੂਲ ਦੇ ਪ੍ਰਿੰਸੀਪਲ ਕੇਸਰੀ ਦੇਵੀ ਨੇ ਬੱਚਿਆਂ ਨੂੰ ਦੱਸਿਆ ਕਿ ਹੋਲੀ ਸਿਰਫ਼ ਰੰਗਾਂ ਦਾ ਤਿਉਹਾਰ ਨਹੀਂ, ਸਗੋਂ ਇਹ ਬੁਰਾਈ 'ਤੇ ਚੰਗਾਈ ਦੀ ਜੀਤ ਦਾ ਪ੍ਰਤੀਕ ਹੈ ਅਤੇ ਸਾਨੂੰ ਆਪਸੀ ਭਾਈਚਾਰੇ, ਪਿਆਰ ਅਤੇ ਏਕਤਾ ਦਾ ਸੰਦੇਸ਼ ਦਿੰਦੀ ਹੈ। ਬੱਚਿਆਂ ਨੂੰ ਪ੍ਰਾਕ੍ਰਿਤਿਕ ਰੰਗਾਂ ਦੀ ਵਰਤੋਂ ਕਰਨ ਅਤੇ ਪਾਣੀ ਦੀ ਬਚਤ ਕਰਨ ਦੀ ਸਲਾਹ ਵੀ ਦਿੱਤੀ ਗਈ।ਸਮਾਰੋਹ ਦੌਰਾਨ ਵਿਦਿਆਰਥੀਆਂ ਨੇ ਇਕ-ਦੂਜੇ ਨੂੰ ਗੁਲਾਲ ਲਗਾ ਕੇ ਹੋਲੀ ਦੀਆਂ ਵਧਾਈਆਂ ਦਿੱਤੀਆਂ। ਅੰਤ ਵਿੱਚ ਮਿਠਾਈ ਵੰਡ ਕੇ ਖੁਸ਼ੀ ਸਾਂਝੀ ਕੀਤੀ ਗਈ। ਸਕੂਲ ਪ੍ਰਬੰਧਕਾਂ ਨੇ ਕਿਹਾ ਕਿ ਇਸ ਤਰ੍ਹਾਂ ਦੇ ਤਿਉਹਾਰ ਵਿਦਿਆਰਥੀਆਂ ਵਿੱਚ ਆਪਸੀ ਸਾਂਝ ਤੇ ਖੁਸ਼ਹਾਲੀ ਦਾ ਭਾਵ ਵਧਾਉਂਦੇ ਹਨ।ਸਾਰਾ ਸਮਾਰੋਹ ਬਹੁਤ ਹੀ ਅਨੁਸ਼ਾਸਨ ਤੇ ਖੁਸ਼ਗਵਾਰ ਮਾਹੌਲ ਵਿੱਚ ਸੰਪੰਨ ਹੋਇਆ ਤੇ ਇਹ ਦਿਨ ਵਿਦਿਆਰਥੀਆਂ ਲਈ ਯਾਦਗਾਰ ਬਣ ਗਿਆ। ਇਸ ਮੌਕੇ ਗੁਰਵਿੰਦਰ ਸਿੰਘ, ਸੀਮਾ, ਸੁਰਭੀ, ਮਨਪ੍ਰੀਤ, ਨੇਵੀ, ਗੁਰਵਿੰਦਰ, ਸਾਕਸੀ, ਰਕਸੀਨ, ਕਾਜਲ,ਚਾਰੂ, ਲਵਦੀਪ, ਕਮਲਜੀਤ, ਅੰਚਲ, ਵਿਦੂਸੀ, ਮਨਪ੍ਰੀਤ ਆਦਿ ਸ਼ਾਮਲ ਸਨ।

## ਸ਼ਿਵਮ ਕਾਲਜ 'ਚ ਧੂਮ-ਧਾਮ ਨਾਲ ਮਨਾਈ ਹੋਲੀ

ਲਹਿਰਾਗਾਗਾ, 3 ਮਾਰਚ (ਰਾਮੇਸ਼ਵਰ ਸ਼ਰਮਾ/ਖੁਸਵਿੰਦਰ ਸ਼ਰਮਾ): ਸ਼ਿਵਮ ਕਾਲਜ ਆਫ਼ ਐਜੂਕੇਸ਼ਨ, ਖੋਖਰ ਕਲਾਂ ਵਿੱਚ ਹਰ ਸਾਲ ਦੀ ਤਰ੍ਹਾਂ ਕਾਲਜ ਦੇ ਚੇਅਰਮੈਨ ਅਨਿਲ ਗਰਗ ਦੀ ਰਹਿਨੁਮਾਈ ਹੇਠ ਹੋਲੀ ਦਾ ਤਿਉਹਾਰ ਬੜੀ ਧੂਮ-ਧਾਮ ਨਾਲ ਮਨਾਇਆ ਗਿਆ। ਸ਼ਿਵਮ ਕਾਲਜ ਦੇ ਪ੍ਰਧਾਨ ਰਾਹੁਲ ਗਰਗ ਨੇ ਸਾਰਿਆਂ ਨੂੰ ਹੋਲੀ ਦੀਆਂ ਵਧਾਈਆਂ ਦਿੱਤੀਆਂ ਅਤੇ ਦੱਸਿਆ ਕਿ ਹੋਲੀ ਦਾ ਤਿਉਹਾਰ ਪੁਰਾਣੇ ਸਮਿਆਂ ਤੋਂ ਮਨਾਇਆ ਜਾ ਰਿਹਾ ਹੈ। ਉਨਾ ਨੇ ਕਿਹਾ ਕਿ ਸਾਨੂੰ ਹਰ ਤਿਉਹਾਰ ਨੂੰ ਧੂਮ-ਧਾਮ ਤੇ ਆਨੰਦਮਈ ਤਰੀਕੇ ਅਤੇ ਆਪਣੇ ਪਰਿਵਾਰ, ਦੋਸਤਾਂ ਮਿੱਤਰਾਂ ਨਾਲ ਮਿਲ ਕੇ ਮਨਾਉਣਾ ਚਾਹੀਦਾ ਹੈ। ਇਸ ਮੌਕੇ ਤੇ ਪ੍ਰਿੰਸੀਪਲ ਡਾ. ਰਮਨਦੀਪ ਕੌਰ ਨੇ ਹੋਲੀ ਦੀ ਮਹੱਤਤਾ ਬਾਰੇ ਦੱਸਿਆ। ਵਿਦਿਆਰਥੀਆਂ ਨੇ ਅਲੱਗ-ਅਲੱਗ ਰੰਗਾਂ ਦੀ ਰੰਗੋਲੀ ਬਣਾਈ। ਸਾਰੇ ਹੀ ਵਿਦਿਆਰਥੀਆਂ ਨੇ ਇੱਕ-ਦੂਜੇ ਨੂੰ ਰੰਗ ਲਗਾਇਆ ਅਤੇ ਹੋਲੀ ਦੀਆਂ ਵਧਾਈਆਂ ਦਿੱਤੀਆਂ। ਅਖ਼ੀਰ ਵਿੱਚ ਵਿਦਿਆਰਥੀਆਂ ਨੂੰ ਰੀਫਰੈਸਮੈਂਟ ਦਿੱਤੀ ਗਈ। ਇਸ ਮੌਕੇ ਕਾਲਜ ਦਾ ਸਟਾਫ਼ ਪ੍ਰੋ. ਸਤਵਿੰਦਰ ਸਿੰਘ, ਪ੍ਰੋ. ਸੁਖਪਾਲ ਸਿੰਘ, ਜੀਵਨ ਸਿੰਘ, ਪ੍ਰੋ. ਰਾਜਵਿੰਦਰ ਕੌਰ, ਪ੍ਰੋ. ਨੀਨਾ ਸ਼ਰਮਾ ਆਦਿ ਵੀ ਮੌਜੂਦ ਹਨ।

# ਗੁਰਪ੍ਰੀਤ ਸਿੰਘ ਮਲੂਕਾ ਨੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਤੇ ਸਰਕਲਾਂ 'ਚ ਭਾਜਪਾ ਆਗੂਆਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ

ਬਠਿੰਡਾ, 3 ਮਾਰਚ (ਇੰਦਰਪਾਲ ਬਾਂਸਲ): 14 ਮਾਰਚ ਨੂੰ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਮੋਗਾ ਵਿਖੇ ਹੋਣ ਵਾਲੀ ਰੈਲੀ ਨੂੰ ਇਤਿਹਾਸਕ ਬਣਾਉਣ ਲਈ ਭਾਜਪਾ ਵੱਲੋਂ ਜ਼ੋਰਦਾਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ। ਪਾਰਟੀ ਆਗੂਆਂ ਮੁਤਾਬਕ ਇਹ ਰੈਲੀ ਪੰਜਾਬ ਦੀ ਰਾਜਨੀਤੀ ਵਿੱਚ ਇੱਕ ਮਹੱਤਵਪੂਰਨ ਮੋੜ ਸਾਬਤ ਹੋ ਸਕਦੀ ਹੈ। ਸਟੇਟ ਪੱਧਰ ਦੇ ਆਗੂਆਂ ਦੇ ਨਾਲ-ਨਾਲ ਜ਼ਿਲ੍ਹਾ ਤੇ ਸਰਕਲ ਪੱਧਰ ਤੱਕ ਭਾਜਪਾ ਅਹੁਦੇਦਾਰ ਜੰਗੀ ਪੱਧਰ 'ਤੇ ਤਿਆਰੀਆਂ ਕਰ ਰਹੇ ਹਨ। ਜ਼ਿਲ੍ਹਾ ਪ੍ਰਧਾਨ ਬਠਿੰਡਾ ਦਿਹਾਤੀ ਗੁਰਪ੍ਰੀਤ ਸਿੰਘ ਮਲੂਕਾ ਵੱਲੋਂ ਵੱਖ-ਵੱਖ ਵਿਧਾਨ ਸਭਾ ਹਲਕਿਆਂ ਤੇ ਸਰਕਲਾਂ 'ਚ ਭਾਜਪਾ ਆਗੂਆਂ ਨੂੰ ਵੱਖ-ਵੱਖ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਹਨ। ਮਲੂਕਾ ਨੇ ਕਿਹਾ ਕਿ ਗ੍ਰਹਿ ਮੰਤਰੀ ਅਮਿਤ ਸ਼ਾਹ ਦੀ ਰੈਲੀ ਨੂੰ ਲੈ ਕੇ ਨਾ ਸਿਰਫ਼ ਭਾਜਪਾ ਵਰਕਰਾਂ ਵਿੱਚ, ਸਗੋਂ ਆਮ ਲੋਕਾਂ ਵਿੱਚ ਵੀ ਖਾਸ ਉਤਸ਼ਾਹ ਵੇਖਣ ਨੂੰ ਮਿਲ ਰਿਹਾ ਹੈ। ਬੇਸ਼ੱਕ ਪਾਰਟੀ ਵੱਲੋਂ ਰੈਲੀ 'ਚ ਸ਼ਮੂਲੀਅਤ ਲਈ ਪੁਖਤਾ ਪ੍ਰਬੰਧ ਕੀਤੇ ਜਾ ਰਹੇ ਹਨ, ਪਰ ਵੱਡੀ ਗਿਣਤੀ ਵਿੱਚ ਲੋਕ ਆਪਣੇ ਤੌਰ 'ਤੇ ਵੀ ਰੈਲੀ ਵਿੱਚ ਪਹੁੰਚਣਗੇ। ਉਨ੍ਹਾਂ ਕਿਹਾ ਕਿ ਰਾਮਪੁਰਾ ਤਲਵੰਡੀ ਮੌੜ ਹਲਕੇ ਦੇ ਪਿੰਡਾਂ ਵਿੱਚ ਬੂਥ ਪੱਧਰ ਤੱਕ ਅਹੁਦੇਦਾਰਾਂ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਇਸ ਵਾਰ ਪੇਂਡੂ ਖੇਤਰਾਂ ਵਿੱਚੋਂ ਭਾਜਪਾ ਦੀ ਰੈਲੀ ਪ੍ਰਤੀ



ਵਧਦਾ ਰੁਝਾਨ ਪਾਰਟੀ ਲਈ ਹੌਸਲਾ ਅਫਜ਼ਾਈ ਵਾਲਾ ਸੰਕੇਤ ਹੈ। ਮਲੂਕਾ ਨੇ ਦਾਅਵਾ ਕੀਤਾ ਕਿ ਭਾਜਪਾ ਸ਼ਾਸਤ ਰਾਜਾਂ ਵਿੱਚ ਹੋ ਰਹੇ ਵਿਕਾਸ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਪੰਜਾਬ ਦੇ ਲੋਕ ਵੀ ਹੁਣ ਨਵਾਂ ਵਿਕਲਪ ਦੇਖ ਰਹੇ ਹਨ ਅਤੇ ਸੂਬੇ ਵਿੱਚ ਭਾਜਪਾ ਨੂੰ ਮੌਕਾ ਦੇਣ ਦਾ ਮਨ ਬਣਾ ਰਹੇ ਹਨ। ਅਮਿਤ ਸ਼ਾਹ ਦੀ ਮੋਗਾ ਰੈਲੀ ਨੂੰ ਪੰਜਾਬ ਵਿੱਚ ਭਾਜਪਾ ਅਭਿਆਨ ਦੇ ਰਸਮੀ ਐਲਾਨ ਵਜੋਂ ਵੀ ਦੇਖਿਆ ਜਾ ਰਿਹਾ ਇਸ ਅਹਿਮ ਮੀਟਿੰਗ ਦੇ ਵਿੱਚ ਗੁਰਪ੍ਰੀਤ ਮਲੂਕਾ ਮੱਖਣ ਬੱਲੋ ਜੀ ਪ੍ਰੈਸੀਡੈਂਟ ਆਫ ਭਾਰਤ ਤਿੱਬਤ ਸੰਘ ਪੰਜਾਬ ਚੰਦਰਕਾਂਤ ਕਾਲਾ ਜ਼ਿਲ੍ਹਾ ਜਨਰਲ ਸਕੱਤਰ ਨਵੇਂ ਨਿਯੁਕਤ ਸਰਕਲ ਇੰਚਾਰਜ ਸਤਪਾਲ ਸ਼ਰਮਾ ਜੋਗਿੰਦਰ ਸਿੰਘਲਾ ਮੀਤ ਪ੍ਰਧਾਨ ਮੇਜਰ ਬਰਾੜ ਜੀ ਜ਼ਿਲ੍ਹਾ ਜਨਰਲ ਸਕੱਤਰ ਰਮੇਸ਼ ਗੌਤਮ ਜੀ ਤੇ ਦੋ ਅਹਿਮ ਨਾਰੀ ਸ਼ਕਤੀਆਂ ਕਈ ਹੋਰ ਅਹਿਮ ਮੈਂਬਰ ਮੌਜੂਦ ਸੀ।

# ਐਸ.ਡੀ.ਐਮ. ਦਾ ਸਨਮਾਨ



ਸੁਨਾਮ ਊਧਮ ਸਿੰਘ ਵਾਲਾ, 3 ਮਾਰਚ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਇੰਟਰਨੈਸ਼ਨਲ ਕੰਬੋਜ ਮਹਾਂਸਭਾ ਦੇ ਪ੍ਰਧਾਨ ਹਰਦਿਆਲ ਸਿੰਘ ਕੰਬੋਜ ਦੀ ਅਗਵਾਈ ਵਿੱਚ ਮਹਾਂਸਭਾ ਦੇ ਮੈਂਬਰਾਂ ਵੱਲੋਂ ਸੁਨਾਮ ਵਿਖੇ ਨਵੇਂ ਆਏ ਐਸ.ਐਮ. ਗਗਨਦੀਪ ਸਿੰਘ ਨੂੰ ਸ਼ਹੀਦੇ ਆਜ਼ਮ ਸ. ਊਧਮ ਸਿੰਘ ਜੀ ਦੀ ਜਨਮ ਭੂਮੀ ਵਿਖੇ ਆਉਣ ਤੇ ਜੀ ਆਇਆਂ ਆਖਿਆ ਗਿਆ ਅਤੇ ਸ਼ਹੀਦ ਊਧਮ ਸਿੰਘ ਦੀ ਫੋਟੋ ਦੇ ਕੇ ਸਨਮਾਨਿਤ ਕੀਤਾ ਗਿਆ। ਸਭਾ ਦੇ ਪ੍ਰਧਾਨ ਹਰਦਿਆਲ ਸਿੰਘ ਕੰਬੋਜ ਨੇ ਸ਼ਹੀਦ ਊਧਮ ਸਿੰਘ ਨਾਲ ਸਬੰਧਤ ਕੁਝ ਮੰਗਾਂ ਵੀ ਸਾਂਝੀਆਂ ਕੀਤੀਆਂ ਗਈਆਂ। ਐਸ. ਡੀ. ਐਮ. ਨੇ ਪ੍ਰਸ਼ਾਸਨ ਵੱਲੋਂ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ। ਇਸ ਮੌਕੇ ਸਭਾ ਦੇ ਸਰਪ੍ਰਸਤ ਗਿਆਨੀ ਜੰਗੀਰ ਸਿੰਘ ਰਤਨ ਵੱਲੋਂ ਲਿਖੀਆਂ ਪੁਸਤਕਾਂ ਐਸ .ਡੀ.ਐਮ. ਨੂੰ ਭੇਟ ਕੀਤੀਆਂ ਗਈਆਂ। ਇਸ ਮੌਕੇ ਸਰਪੰਚ ਕੇਸਰ ਸਿੰਘ ਢੋਟ, ਰਘਬੀਰ ਸਿੰਘ ਜੋਸ਼ਨ , ਜਰਨੈਲ ਸਿੰਘ ਢੋਟ, ਹਰਬੰਸ ਸਿੰਘ,ਰਿੰਪੀ ਮਹਿਰੋਕ, ਬਲਜੀਤ ਸਿੰਘ ਆਦਿ ਮੌਜੂਦ ਸਨ।

# ਗੁਰੂ ਨਾਨਕ ਕਾਲਜ ਵਿਖੇ 'ਸਾਲਾਨਾ ਖੇਡ ਸਮਾਗਮ 2026' ਸ਼ਾਨੋ ਸ਼ੌਕਤ ਨਾਲ ਸੰਪੰਨ

ਬੁਢਲਾਡਾ, 3 ਮਾਰਚ (ਜੀਵਨ ਕੁਮਾਰ): ਉੱਤਰੀ ਭਾਰਤ ਦੀ ਮੋਹਰੀ ਵਿੱਦਿਅਕ ਤੇ ਆਟੋਨੌਮਸ ਸੰਸਥਾ ਗੁਰੂ ਨਾਨਕ ਕਾਲਜ, ਬੁਢਲਾਡਾ ਦੇ ਸਰੀਰਕ ਸਿੱਖਿਆ ਤੇ ਖੇਡ ਵਿਭਾਗ ਵੱਲੋਂ ਕਰਵਾਇਆ ਗਿਆ 'ਸਾਲਾਨਾ ਖੇਡ ਸਮਾਗਮ 2026' ਬੜੀ ਸ਼ਾਨੋ ਸ਼ੌਕਤ ਨਾਲ ਸੰਪੰਨ ਹੋਇਆ ਹੈ। ਇਸ ਸਮਾਗਮ ਵਿੱਚ ਵਿਦਿਆਰਥੀਆਂ ਨੇ ਆਪਣੀ ਖੇਡ ਪ੍ਰਤਿਭਾ ਤੇ ਅਨੁਸ਼ਾਸਨ ਦਾ ਬੇਮਿਸਾਲ ਪ੍ਰਦਰਸ਼ਨ ਕੀਤਾ। ਖੇਡ ਸਮਾਗਮ ਦੀ ਸ਼ੁਰੂਆਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਸ਼ਬਦ ਗਾਇਨ ਨਾਲ ਕੀਤੀ। ਝੰਡਾ ਲਹਿਰਾਉਣ ਤੋਂ ਬਾਅਦ ਸਾਰਿਆਂ ਐਥਲੀਟਾਂ ਵੱਲੋਂ ਖੇਡ ਭਾਵਨਾ, ਇਮਾਨਦਾਰੀ ਤੇ ਅਨੁਸ਼ਾਸਨ ਨਾਲ ਮੁਕਾਬਲਿਆਂ ਵਿੱਚ ਭਾਗ ਲੈਣ ਦੀ ਸਮੂਹਿਕ ਸਹੁੰ ਚੁੱਕੀ ਗਈ। ਕਾਲਜ ਦੇ ਪ੍ਰਿੰਸੀਪਲ ਡਾ. ਨਰਿੰਦਰ ਸਿੰਘ ਨੇ ਮੁੱਖ ਮਹਿਮਾਨ ਦਾ ਨਿੱਘਾ ਸਵਾਗਤ ਕੀਤਾ ਤੇ ਖੇਡਾਂ ਦੇ ਖੇਤਰ ਵਿੱਚ ਕਾਲਜ ਦੀਆਂ ਪ੍ਰਾਪਤੀਆਂ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਸੰਸਥਾ ਦੇ ਖਿਡਾਰੀਆਂ ਨੇ ਰਾਸ਼ਟਰੀ ਤੇ ਅੰਤਰ-ਰਾਸ਼ਟਰੀ ਪੱਧਰ ਤੇ ਵੱਡੀਆਂ ਮੱਲਾਂ ਮਾਰੀਆਂ ਹਨ। ਇਸ ਸਮਾਗਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਰੁਚੀ ਵਧਾਉਣਾ, ਸਿਹਤਮੰਦ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਨਾ ਤੇ ਅਨੁਸ਼ਾਸਨ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਹੈ। ਇਸ ਐਥਲੈਟਿਕ ਮੀਟ ਦੌਰਾਨ ਲੜਕੇ ਤੇ ਲੜਕੀਆਂ ਦੀਆਂ 100 ਮੀਟਰ, 200 ਮੀਟਰ, 400 ਮੀਟਰ, 800 ਮੀਟਰ ਦੌੜਾਂ, ਫੀਲਡ ਟਰੈਕ ਵਿੱਚ ਉੱਚੀ ਛਾਲ, ਲੰਮੀ ਛਾਲ, ਰੱਸਾ ਖਿੱਚਣਾ, ਸਰੀਰਕ ਫਿਟਨੈੱਸ ਤੇ ਗੋਲਾ ਸੁੱਟਣ ਵਰਗੇ ਵੱਖ-ਵੱਖ ਮੁਕਾਬਲੇ ਕਰਵਾਉਣੇ ਹਨ। ਉਦਘਾਟਨੀ ਸਮਾਰੋਹ ਵਿੱਚ ਸਿਕੰਦਰ ਸਿੰਘ ਚੀਮਾ, ਡੀ.ਐਸ.ਪੀ. ਬੁਢਲਾਡਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਨੇ ਖੇਡ ਮਾਰਚ ਪਾਸਟ ਤੋਂ ਸਲਾਮੀ ਲਈ ਤੇ ਖੇਡਾਂ ਦੀ ਰਸਮੀ ਸ਼ੁਰੂਆਤ ਦਾ ਐਲਾਨ ਕੀਤਾ। ਆਪਣੇ ਸੰਬੋਧਨ ਦੌਰਾਨ ਡੀ.ਐਸ.ਪੀ. ਸਿਕੰਦਰ ਸਿੰਘ ਚੀਮਾ ਨੇ ਕਿਹਾ ਕਿ ਖੇਡਾਂ ਨਾ ਸਿਰਫ਼ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ, ਸਗੋਂ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ ਸਮਾਜਿਕ ਬੁਰਾਈਆਂ ਤੋਂ ਦੂਰ ਰੱਖ ਕੇ ਅਨੁਸ਼ਾਸਨ ਤੇ ਟੀਮ ਵਰਕ ਦੀ ਭਾਵਨਾ ਸਿਖਾਉਂਦੀਆਂ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਖੇਡਾਂ ਨੂੰ ਜੀਵਨ ਦਾ ਅਟੁੱਟ ਅੰਗ ਬਣਾਉਣ ਲਈ ਪ੍ਰੇਰਿਤ ਕੀਤਾ।

ਇਸ ਮੌਕੇ ਅੰਤਰ ਖੇਤਰੀ ਯੁਵਕ ਅਤੇ ਲੋਕ ਮੇਲੇ ਦੀ ਗੋਲਡ ਮੈਡਲਿਸਟ ਟੀਮ ਨੇ ਭੰਗੜੇ ਦੀ ਸ਼ਾਨਦਾਰ ਪੇਸ਼ਕਾਰੀ ਦਿੱਤੀ ਅਤੇ ਕਮਲ ਮੂਨਕ ਨੇ ਆਪਣੀ ਕਲਾ ਦੇ ਜੌਹਰ ਵਿਖਾਏ। ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਰਮਨਦੀਪ ਸਿੰਘ ਨੇ ਦਿਨ ਭਰ ਚੱਲੇ ਇਨ੍ਹਾਂ ਅਥਲੈਟਿਕ ਮੁਕਾਬਲਿਆਂ ਦੇ ਨਤੀਜੇ ਦੱਸਦਿਆਂ ਕਿਹਾ ਕਿ ਇਸ ਵਿਚ ਬਹੁ ਗਿਣਤੀ ਲੜਕੇ ਲੜਕੀਆਂ ਨੇ ਭਾਗ ਲਿਆ। ਇਸ ਤਰ੍ਹਾਂ ਲੜਕੀਆਂ ਵਿੱਚੋਂ ਸਤੁਤੀ ਤੇ ਲੜਕਿਆਂ ਵਿਚੋਂ ਹਰਮਨ ਸਿੰਘ ਨੇ ਦੂਜਾ ਸਥਾਨ ਹਾਸਲ ਕੀਤਾ। ਸੰਸਥਾ ਵੱਲੋਂ ਚਾਰਾਂ ਖਿਡਾਰੀਆਂ ਨੂੰ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ। ਸਮਾਗਮ ਦੇ ਅੰਤ ਵਿੱਚ ਸਾਰੇ ਜੇਤੂ ਖਿਡਾਰੀਆਂ ਨੂੰ ਮੈਡਲਾਂ ਅਤੇ ਸਰਟੀਫਿਕੇਟਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਸਮੂਹ ਸਰੀਰਕ ਸਿੱਖਿਆ ਵਿਭਾਗ, ਵਿਭਾਗਾਂ ਦੇ ਮੁਖੀ, ਸਮੂਹ ਸਟਾਫ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਮੌਜੂਦ ਸਨ।

## ਗੁਰਤੇਜ ਸਿੰਘ ਖ਼ਾਲਸਾ ਨੂੰ ਸਦਮਾ, ਪੁੱਤਰ ਦਾ ਦੇਹਾਂਤ

ਭਗਤਾ ਭਾਈ ਕਾ, 3 ਮਾਰਚ (ਸਵਰਨ ਸਿੰਘ ਭਗਤਾ): ਪਿੰਡ ਗੁਰਦਿੱਤ



ਸਿੰਘ ਵਾਲਾ ਦੇ ਆਮ ਆਦਮੀ ਪਾਰਟੀ ਦੇ ਆਗੂ ਭਾਈ ਗੁਰਤੇਜ ਸਿੰਘ ਖਾਲਸਾ ਨੂੰ ਉਸ ਸਮੇਂ ਭਾਰੀ ਸਦਮਾ ਲੱਗਿਆ ਜਦ ਉਨ੍ਹਾਂ ਦੇ ਨੌਜਵਾਨ ਸਪੁੱਤਰ ਇਕਬਾਲ ਸਿੰਘ (ਲਵਲੀ) ਦਾ ਦਿਹਾਂਤ ਹੋ ਗਿਆ। ਇਸ ਮੌਕੇ ਇਕਬਾਲ ਸਿੰਘ ਦੇ ਦਿਹਾਂਤ ਤੇ ਵਿਧਾਇਕ ਬਲਕਾਰ ਸਿੰਘ ਸਿੱਧੂ ਹਲਕਾ ਰਾਮਪੁਰਾ ਫੂਲ, ਇੰਦਰਜੀਤ ਸਿੰਘ ਮਾਨ ਚੈਅਰਮੈਨ ਮਾਰਕਫੈੱਡ, ਜਥੇਦਾਰ ਬਾਬਾ ਲਾਭ ਸਿੰਘ ਦਿਆਲਪੁਰਾ ਭਾਈਕਾ, ਜਤਿੰਦਰ ਸਿੰਘ ਭੱਲਾ ਚੇਅਰਮੈਨ ਨਗਰ ਟਰੱਸਟ ਸੁਧਾਰ ਬਠਿੰਡਾ, ਡਾ. ਮਨਦੀਪ ਸਿੰਘ ਮਾਲਵਾ ਕੁਆਡੀਨੇਟਰ ਬਲਾਕ ਭਗਤਾ ਭਾਈ ਕਾ, ਮਾ. ਸੁਖਦੇਵ ਸਿੰਘ, ਬਲਜੀਤ ਬਿੱਟੂ ਮੈਂਬਰ, ਨਗਿੰਦਰ ਸਿੰਘ ਬਾਬਾ, ਚਤਰ ਸਿੰਘ ਗੁੱਡ, ਜਗਸੀਰ ਸਰਪੰਚ, ਗੁਰਪ੍ਰੀਤ, ਜਸਵੰਤ ਦਿਆਲਪੁਰਾ, ਜਸਵਿੰਦਰ ਸਿੰਘ, ਭੋਲਾ ਬਾਬਾ, ਮੱਘਰ ਮੈਂਬਰ, ਜੀਤਾ ਸਿੰਘ ਆਦਿ ਨੇ ਗੁਰਤੇਜ ਸਿੰਘ ਖਾਲਸਾ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ।

# ਕਿਰਾਏਦਾਰ ਨਾ ਮਿਲਣ ਕਾਰਨ ਦੁਕਾਨਾਂ ਤੇ ਕੰਟੀਨ ਦੇ ਕਿਰਾਏ 'ਚ ਭਾਰੀ ਕਟੌਤੀ




ਬਠਿੰਡਾ, 3 ਮਾਰਚ (ਦੀਪਕ ਸ਼ਰਮਾ): ਨਗਰ ਨਿਗਮ ਬਠਿੰਡਾ ਨੇ ਪਿਛਲੇ ਲੰਬੇ ਸਮੇਂ ਤੋਂ ਖਾਲੀ ਪਈਆਂ ਆਪਣੀਆਂ 12 ਦੁਕਾਨਾਂ ਅਤੇ ਜੋਗਰ ਪਾਰਕ ਸਥਿਤ ਕੈਨਟੀਨ ਨੂੰ ਮੁੜ ਚਲਾਉਣ ਲਈ ਕਿਰਾਏ ਵਿੱਚ ਵੱਡੀ ਕਟੌਤੀ ਕਰਨ ਦਾ ਅਹਿਮ ਫੈਸਲਾ ਲਿਆ ਹੈ। ਲਗਾਤਾਰ ਹੋ ਰਹੇ ਵਿੱਤੀ ਨੁਕਸਾਨ ਤੇ ਕਿਰਾਏਦਾਰਾਂ ਦੀ ਘਾਟ ਨੂੰ ਦੇਖਦਿਆਂ 'ਪ੍ਰਾਈਸ ਐਂਡ ਰੈਂਟ ਨਿਰਧਾਰਨ ਕਮੇਟੀ' ਨੇ ਦੁਕਾਨਾਂ ਦੇ ਕਿਰਾਏ ਵਿੱਚ 5 ਫੀਸਦੀ ਤੇ ਜੋਗਰ ਪਾਰਕ ਦੀ ਕੈਨਟੀਨ ਦੇ ਕਿਰਾਏ ਵਿੱਚ 50 ਫੀਸਦੀ ਤੱਕ ਦੀ ਕਟੌਤੀ ਨੂੰ ਹਰੀ ਝੰਡੀ ਦੇ ਦਿੱਤੀ ਹੈ। ਦਰਅਸਲ, ਨਿਗਮ ਵੱਲੋਂ ਇਹਨਾਂ ਦੁਕਾਨਾਂ ਲਈ ਦਸੰਬਰ 2024 ਤੋਂ ਜੁਲਾਈ 2025 ਤੱਕ ਤਿੰਨ ਵਾਰ ਈ-ਨੀਲਾਮੀ ਕਰਵਾਈ ਗਈ ਸੀ, ਪਰ ਕਿਰਾਇਆ ਜ਼ਿਆਦਾ ਹੋਣ ਕਾਰਨ ਕਿਸੇ ਵੀ ਬੋਲੀਕਾਰ ਨੇ ਦਿਲਚਸਪੀ ਨਹੀਂ ਦਿਖਾਈ। ਐਸ.ਡੀ.ਐਮ. ਦੀ ਅਗਵਾਈ ਵਾਲੀ ਕਮੇਟੀ ਨੇ ਨਿਯਮਾਂ ਤਹਿਤ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਇਹ ਰਾਹਤ ਦਿੱਤੀ ਹੈ। ਸਭ ਤੋਂ ਵੱਡਾ ਫੈਸਲਾ ਜੋਗਰ ਪਾਰਕ ਦੀ ਕੈਨਟੀਨ ਬਾਰੇ ਲਿਆ ਗਿਆ ਹੈ, ਜਿਸ ਦਾ ਮਹੀਨਾਵਾਰ ਕਿਰਾਇਆ 50 ਹਜ਼ਾਰ ਰੁਪਏ ਤੋਂ ਘਟਾ ਕੇ ਹੁਣ 25 ਹਜ਼ਾਰ ਰੁਪਏ ਕਰ ਦਿੱਤਾ ਗਿਆ ਹੈ। ਕੈਨਟੀਨ ਬੰਦ ਹੋਣ ਕਾਰਨ ਪਾਰਕ ਵਿੱਚ ਆਉਣ ਵਾਲੇ ਲੋਕਾਂ ਨੂੰ ਚਾਹ-ਪਾਣੀ ਦੀ ਸਹੂਲਤ ਨਹੀਂ ਸੀ ਮਿਲ ਰਹੀ, ਜਿਸ ਬਾਰੇ ਮੇਅਰ ਨੇ ਵੀ ਚਿੰਤਾ ਜਤਾਈ ਸੀ।

ਨਵੀਆਂ ਦਰਾਂ ਅਨੁਸਾਰ ਗੋਲ ਡਿੱਗੀ ਮਾਰਕੀਟ, ਫਾਇਰ ਸਟੇਸ਼ਨ ਖੇਤਰ, ਨਗਰ ਨਿਗਮ ਦਫ਼ਤਰ ਨੇੜਲੀਆਂ ਦੁਕਾਨਾਂ ਅਤੇ ਸੁਭਾਸ਼ ਮਾਰਕੀਟ ਦੀਆਂ ਦੁਕਾਨਾਂ ਦੇ ਕਿਰਾਏ ਵਿੱਚ ਵੀ 5 ਫੀਸਦੀ ਦੀ ਕਮੀ ਕੀਤੀ ਗਈ ਹੈ। ਕਮੇਟੀ ਨੇ ਇਹ ਵੀ ਸਪੱਸ਼ਟ ਕੀਤਾ ਹੈ ਕਿ ਨਿਯਮਾਂ ਅਨੁਸਾਰ ਕਿਰਾਏ ਵਿੱਚ ਹਰ ਸਾਲ 5 ਫੀਸਦੀ ਦਾ ਵਾਧਾ ਲਾਗੂ ਰਹੇਗਾ। ਨਿਗਮ ਅਧਿਕਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਸੋਧੀਆਂ ਹੋਈਆਂ ਦਰਾਂ ਅਨੁਸਾਰ ਨਿਲਾਮੀ ਦੀ ਪ੍ਰਕਿਰਿਆ ਜਲਦ ਸ਼ੁਰੂ ਕੀਤੀ ਜਾਵੇ ਤਾਂ ਜੋ ਨਿਗਮ ਦੇ ਮਾਲੀਏ ਵਿੱਚ ਸੁਧਾਰ ਹੋ ਸਕੇ।

## ਗਾਇਤਰੀ ਪੁਸ਼ਕਰ ਮਹਾਂ ਯੱਗ 'ਚ ਪ੍ਰਦੀਪ ਮੈਨਨ ਪਾਉਣਗੇ ਆਪਣੀ ਟੀਮ ਨਾਲ ਯੋਗਦਾਨ

ਸੁਨਾਮ ਊਧਮ ਸਿੰਘ ਵਾਲਾ, 3 ਮਾਰਚ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ): ਬ੍ਰਾਹਮਣ ਸਭਾ ਸੁਨਾਮ ਦੇ ਪ੍ਰਧਾਨ ਹਰ ਭਗਵਾਨ ਸ਼ਰਮਾ ਨੇ ਦੱਸਿਆ ਕਿ ਪ੍ਰਦੀਪ ਮੈਨਨ ਰਾਸ਼ਟਰੀ ਪੈਟਰਨ ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਨੇ ਆਪਣੀ ਟੀਮ ਦੇ ਨਾਲ ਗਾਇਤਰੀ ਮਹਾਂ ਯੱਗ ਪੁਸ਼ਕਰ ਵਿੱਚ ਸਵਾਮੀ ਸ਼੍ਰੀ



ਪ੍ਰਖਰ ਜੀ ਮਹਾਰਾਜ ਦੀ ਅਗਵਾਈ ਹੇਠ 2000 ਵਿਦਵਾਨ ਬ੍ਰਾਹਮਣਾਂ ਵੱਲੋਂ 200 ਕੁੰਡਲੀਆਂ ਵਿਰਾਟ ਯੱਗ ਹੋਣ ਜਾ ਰਿਹਾ ਹੈ ਜਿਸ ਦਾ ਸੱਦਾ ਪੱਤਰ ਮਿਲਿਆ ਹੈ ਸਾਰੇ ਸਮੇਂ ਸਮੇਂ ਤੇ ਉੱਥੇ ਜਾ ਕੇ ਯੱਗ ਵਿੱਚ ਆਪਣਾ ਯੋਗਦਾਨ ਪਾਉਣਗੇ ਇਸ ਮੌਕੇ ਹਰ ਭਗਵਾਨ ਸ਼ਰਮਾ ਪ੍ਰਧਾਨ ਬ੍ਰਾਹਮਣ ਸਭਾ ਸੁਨਾਮ, ਨੰਦ ਲਾਲ ਸ਼ਰਮਾ ਜਿਲਾ ਪ੍ਰਧਾਨ , ਸੱਤ ਭੂਸ਼ਣ ਸ਼ਰਮਾ , ਮਾਂਗੇ ਰਾਮ ਐਸਡੀਓ, ਸਪਿੰਦਰ ਭਾਰਦਵਾਜ, ਸੰਜੇ ਭਾਰਦਵਾਜ, ਠਾਕੁਰ ਅਨਮੋਲ ਸਾਰੇ ਸਮੇਂ ਸਮੇਂ ਤੇ ਜਾ ਕੇ ਯੋਗਦਾਨ ਦੇਣਗੇ ਤੇ ਸੁਆਮੀ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ।

# ਬੀ.ਕੇ.ਯੂ. ਏਕਤਾ ਆਜ਼ਾਦ ਵੱਲੋਂ 6 ਦੀ 'ਲਲਕਾਰ ਰੈਲੀ' ਦੀਆਂ ਤਿਆਰੀਆਂ

ਕੌਹਰੀਆਂ, 3 ਮਾਰਚ (ਅਵਤਾਰ ਸਿੰਘ ਜਟਾਣਾ): ਭਾਰਤੀ ਕਿਸਾਨ ਯੂਨੀਅਨ ਏਕਤਾ ਅਜ਼ਾਦ ਦੇ ਦਿੜ੍ਹਬਾ, ਮੂਨਕ ਤੇ ਲਹਿਰਾ ਬਲਾਕ ਦੀ ਮੀਟਿੰਗ ਕੌਹਰੀਆਂ ਦੇ ਗੁਰਦੁਆਰਾ ਸਾਹਿਬ ਵਿਖੇ ਜ਼ਿਲ੍ਹਾ ਪ੍ਰਧਾਨ ਰਾਜ ਸਿੰਘ ਥੇੜੀ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਬਹੁ ਗਿਣਤੀ ਪਿੰਡ ਇਕਾਈਆਂ ਨੇ ਵਧ ਚੜ੍ਹ ਕੇ ਭਾਗ ਲਿਆ, ਜਿਸ ਵਿੱਚ ਸੂਬਾ ਆਗੂ ਦਿਲਬਾਗ ਸਿੰਘ ਹਰੀਗੜ੍ਹ ਤੇ ਜ਼ਿਲ੍ਹਾ ਆਗੂ ਗੁਰਮੇਲ ਸਿੰਘ ਕੈਪਰ, ਰਾਜ ਸਿੰਘ ਥੇੜੀ ਤੇ ਸੁਖਦੇਵ ਸ਼ਰਮਾ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ, ਮੀਟਿੰਗ ਦੇ ਏਜੰਡੇ ਹੇਠ- ਲਿਖੇ ਅਨੁਸਾਰ ਹਨ,ਸਰਕਾਰ ਵੱਲੋਂ ਕੀਤੇ ਗਏ ਸੰਘਰਸ਼ੀ ਜੱਥੇਬੰਦੀਆਂ ਤੇ ਕੀਤੇ ਗਏ ਜ਼ਬਰ ਦਾ ਵਿਰੋਧ ਕਰਦੇ ਹਾਂ, 6 ਮਾਰਚ ਦੀ ਲਲਕਾਰ ਰੈਲੀ ਵਿੱਚ ਵੱਧ ਚੜ੍ਹ ਕੇ ਸ਼ਮੂਲੀਅਤ ਕਰਾਂਗੇ, ਪੰਜਾਬ ਸਰਕਾਰ ਦੀਆਂ ਮਾਰੂ ਨੀਤੀਆਂ ਬਿਜਲੀ ਸੋਧ ਬਿੱਲ,ਸੀਡ ਬਿੱਲ ਅਤੇ ਭਾਰਤ ਸਰਕਾਰ ਵੱਲੋਂ ਕੀਤੇ ਗਏ ਅਮਰਿਕਾ ਨਾਲ ਟ੍ਰੇਡ ਡੀਲ ਦਾ ਡਟਕੇ ਵਿਰੋਧ ਕਰਦੇ ਹਾਂ ਸੂਬਾ ਆਗੂ ਦਿਲਬਾਗ ਸਿੰਘ ਹਰੀਗੜ੍ਹ ਨੇ ਕਿਹਾ ਕਿ ਸਾਰੀਆਂ ਕਿਸਾਨ ਮਜ਼ਦੂਰ ਮੁਲਾਜ਼ਮ ਅਤੇ ਹੋਰ ਜੱਥੇਬੰਦੀਆਂ ਨੂੰ ਅਪੀਲ ਕਰਦੇ ਹਾਂ ਕਿ ਇੰਨ੍ਹਾਂ ਦੇ ਖ਼ਿਲਾਫ਼ ਇੱਕਜੁੱਟ ਹੋ ਕੇ ਸੰਘਰਸ਼ ਕਰੀਏ ਅਤੇ ਸਰਕਾਰ ਤੋਂ ਮੰਗਾਂ ਮਨਾ ਸਕੀਏ,ਅੱਜ ਵੀ ਮੀਟਿੰਗ ਵਿੱਚ ਬਲਦੇਵ ਸਿੰਘ ਉਭਿਆ, ਜਸਪ੍ਰੀਤ ਸਿੰਘ ਬੱਬੂ



ਨੈਬ ਸਿੰਘ ਗੁੱਜਰਾਂ, ਹਰੀਗੜ੍ਹ,ਰਘਵੀਰ ਸਿੰਘ ਬਘਰੋਲ, ਚਰਨਜੀਤ ਸਿੰਘ ਘਨੌੜ ਸੰਤਪੁਰਾ, ਬੁੱਕ ਸਿੰਘ ਸਿੰਦੜਾਂ, ਮੁਖਤਿਆਰ ਸਿੰਘ ਮੰਡਵੀ, ਮੰਗੂ ਸਿੰਘ ਬੱਲਰਾ, ਜੁਝਾਰ ਸਿੰਘ ਕੜੈਲ, ਦਰਸ਼ਨ ਸਿੰਘ ਖੋਖਰ, ਹਰਵਿੰਦਰ ਸਿੰਘ ਹਰੀਗੜ੍ਹ ਦੇਲਾ, ਸੁਖਦੇਵ ਸਿੰਘ ਗੋਬਿੰਦਗੜ੍ਹ ਜੇਜੀਆਂ, ਸਤਨਾਮ ਸਿੰਘ ਹਰਿਆਊ, ਗੁਰਚਰਨ ਸਿੰਘ ਖੇਤਲਾ, ਮਹਿੰਦਰ ਸਿੰਘ ਖੇਤਲਾ ਅਤੇ ਪਿੰਡ ਇਕਾਈਆਂ ਦੇ ਪ੍ਰਧਾਨ/ਜਨਰਲ ਸਕੱਤਰ, ਖਜ਼ਾਨਚੀ ਹਾਜ਼ਰ ਸਨ|

# ਖ਼ਾਲਸਾ ਕਾਲਜ ਵਿਖੇ ਵਿਸ਼ਵ ਸ਼ਾਂਤੀ ਦਿਵਸ ਮਨਾਇਆ




ਭਗਤਾ ਭਾਈ ਕਾ, 3 ਮਾਰਚ (ਸਵਰਨ ਸਿੰਘ ਭਗਤਾ): ਗੁਰੂ ਗੋਬਿੰਦ ਸਿੰਘ ਖ਼ਾਲਸਾ ਕਾਲਜ ਭਗਤਾ ਭਾਈਕਾ ਵਿਖੇ ਕਾਲਜ ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਦੀ ਸੁਯੋਗ ਅਗਵਾਈ ਹੇਠ ਐਨ.ਐਸ.ਐਸ. ਵਿਭਾਗ ਵੱਲੋ ਸੰਸਾਰ ਵਿੱਚ ਸ਼ਾਂਤੀ ਨੂੰ ਬਰਕਰਾਰ ਰੱਖਣ ਲਈ 'ਵਿਸ਼ਵ ਸ਼ਾਂਤੀ ਦਿਵਸ' ਮਨਾਇਆ ਗਿਆ। ਪ੍ਰੋਗਰਾਮ ਅਫਸਰ ਡਾ. ਰਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਦਾ ਮਕਸਦ ਦੁਨੀਆਂ ਵਿੱਚ ਅਮਨ-ਚੈਨ, ਭਾਈਚਾਰਕ ਸਾਂਝ ਤੇ ਏਕਤਾ ਦਾ ਸੰਦੇਸ਼ ਫੈਲਾਉਣਾ ਹੈ। ਪ੍ਰਿੰਸੀਪਲ ਡਾ. ਸਤਿੰਦਰ ਕੌਰ ਮਾਨ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ਼ਾਂਤੀ ਸਿਰਫ ਜੰਗ ਦੀ ਗੈਰ ਹਾਜ਼ਰੀ ਨਹੀਂ, ਸਗੋਂ ਪਿਆਰ ਸ਼ਹਿਣਸ਼ੀਲਤਾ ਅਤੇ ਆਪਸੀ ਸਮਝ ਦਾ ਨਾਮ ਹੈ। ਇਸ ਮੌਕੇ ਸਮੂਹ ਅਧਿਆਪਕਾਂ ਤੇ ਵਲੰਟੀਅਰਾਂ ਨੇ ਸੰਕਲਪ ਲਿਆ ਕਿ ਉਹ ਹਿੰਸਾ ਅਤੇ ਨਫਰਤ ਤੋਂ ਦੂਰ ਰਹਿ ਕੇ ਸ਼ਾਂਤੀਪੂਰਨ ਸਮਾਜ ਦੀ ਸਿਰਜਣਾ ਵਿੱਚ ਆਪਣਾ ਯੋਗਦਾਨ ਪਾਉਣਗੇ। ਇਸ ਮੌਕੇ ਪ੍ਰੋ. ਜਗਦੀਪ ਕੌਰ, ਪ੍ਰੋ. ਹਰਪਿੰਦਰ ਕੌਰ, ਪ੍ਰੋ. ਹਰਮਨਦੀਪ ਕੌਰ, ਪ੍ਰੋ. ਸੁਸ਼ਮਾ ਰਾਣੀ ਅਤੇ ਸਮੂਹ ਸਟਾਫ ਹਾਜ਼ਰ ਸਨ।

# ਸਿੱਖਿਆ ਬੋਰਡ ਦੀ ਨਵੀਂ ਨੀਤੀ ਦਾ ਸ਼ਿਕਾਰ ਪੇਪਰ ਦੇ ਰਹੇ ਵਿਦਿਆਰਥੀ ਹੋ ਰਹੇ ਨੇ ਖੱਜਲ-ਖੁਆਰ



ਬਰਨਾਲਾ, 3 ਮਾਰਚ (ਹਮੀਰ ਸਿੰਘ) : ਵਿਦਿਆਰਥੀ ਪਸ਼ੂਆਂ ਦੀ ਢੋਆ-ਢੁਆਈ ਵਾਲੇ ਵਹੀਕਲਾਂ 'ਤੇ ਆਪਣੇ ਰੁਪਏ ਖਰਚ ਕਰਕੇ ਜਾਣ ਲਈ ਮਜਬੂਰ-ਬਿੰਦੀ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਵੱਲੋਂ ਵਿਦਿਆਰਥੀਆਂ ਦੇ ਬੋਰਡ ਦੇ ਦਸਵੀਂ, ਬਾਰਵੀ ਤੇ ਅੱਠਵੀਂ ਜਮਾਤ ਦੇ ਇਮਤਿਹਾਨ ਲੈਣ ਲਈ ਸੈਂਟਰ ਦੂਜੇ ਸਕੂਲਾਂ ਵਿਚ ਬਣਾਉਣ ਦੀ ਬਣਾਈ ਗਈ ਨਵੀਂ ਨੀਤੀ ਤਹਿਤ ਪੰਜਾਬ ਭਰ ਦੇ ਗਰੀਬ ਪਰਿਵਾਰਾਂ ਨਾਲ ਸਬੰਧਿਤ ਇਮਤਿਹਾਨ ਦੇ ਰਹੇ ਹਜ਼ਾਰਾਂ ਵਿਦਿਆਰਥੀ ਖੱਜਲ- ਖੁਆਰ ਹੋ ਰਹੇ ਹਨ। ਸਿੱਖਿਆ ਵਿਭਾਗ ਦਾ ਕੋਈ ਅਧਿਕਾਰੀ ਪੀੜਤ ਵਿਦਿਆਰਥੀਆਂ ਦੀ ਸਾਰ ਨਹੀਂ ਲੈ ਰਿਹਾ ਹੈ। ਸਿੱਖਿਆ ਬੋਰਡ ਦੀ ਨੀਤੀ ਕਹਿ ਕੇ ਪੱਲਾ ਛੁਡਾਇਆ ਜਾ ਰਿਹਾ ਹੈ। ਗਰੀਬ ਪਰਿਵਾਰਾਂ ਦੇ ਮਜਬੂਰ ਵਿਦਿਆਰਥੀ ਪਸ਼ੂਆਂ ਦੀ ਢੋਆ ਢੁਆਈ ਲਈ ਵਰਤੇ ਜਾਣ ਵਹੀਕਲਾਂ ਦਾ ਆਪਣੇ ਖ਼ਰਚੇ 'ਤੇ ਪ੍ਰਬੰਧ ਕਰਕੇ ਜਾਣ ਲਈ ਮਜ਼ਬੂਰ ਹਨ। ਜਿਹਨਾਂ ਦੇ ਮਨਾਂ 'ਤੇ ਡੂੰਗਾ ਅਸਰ ਪੈ ਰਿਹਾ ਹੈ। ਕੀ ਮੱਧ ਵਰਗੀ ਪਰਿਵਾਰਾਂ ਨਾਲ ਸਬੰਧਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੇਪਰਾਂ ਲਈ ਖੱਜਲ ਖੁਆਰ ਕਰਨਾ ਸਰਕਾਰ ਦੀ ਇਹ ਸਿੱਖਿਆ ਕ੍ਰਾਂਤੀ ਹੈ। ਸਿੱਖਿਆ ਵਿਭਾਗ ਪੰਜਾਬ ਦਾ ਫਰਜ ਬਣਦਾ ਸੀ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਪੇਪਰਾਂ ਤੋਂ ਪਹਿਲਾ ਇਕ ਚੰਗਾਂ ਮਹੌਲ ਦਿੱਤਾ ਜਾਂਦਾ। ਇਕ ਸਕੂਲ ਵਿਚੋਂ ਦੂਸਰੇ ਸਕੂਲ ਡਿਊਟੀ ਤੇ ਅਧਿਆਪਕ ਸੌਖੇ ਤਰੀਕੇ ਨਾਲ ਜਾ ਸਕਦੇ ਸਨ ਕਿੱਥੇ ਹੁਣ 10 ਅਧਿਆਪਕਾਂ ਲਈ 200 ਤੋਂ 300 ਵਿਦਿਆਰਥੀ ਦੂਜੇ ਸਕੂਲਾਂ ਤੋਂ ਪੇਪਰ ਦੇਣ ਆ ਰਹੇ ਹਨ। ਜਾਣਕਾਰੀ ਦਿੰਦੇ ਹੋਏ ਪੱਛੜੀਆਂ ਸ਼੍ਰੇਣੀਆਂ ਵਿੰਗ ਭਾਰਤ ਪੰਜਾਬ ਦੇ ਪ੍ਰਧਾਨ ਰਵਿੰਦਰਜੀਤ ਸਿੰਘ ਬਿੰਦੀ ਨੇ ਦੱਸਿਆ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਮੋਹਾਲੀ ਨੇ ਬੋਰਡ ਦੀਆਂ ਜਮਾਤਾਂ ਦਸਵੀਂ, ਬਾਰਵੀਂ ਤੇ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਇਮਤਿਹਾਨ ਲੈਣ ਲਈ ਜਿਸ ਸਕੂਲ ਵਿਚ ਵਿਦਿਆਰਥੀ ਪੜਦਾ ਹੈ ਉਸ ਤੋਂ ਦੂਜੇ ਪਿੰਡ ਦੇ ਨੇੜਲੇ ਸਰਕਾਰੀ ਸਕੂਲ ਵਿਚ ਸੈਂਟਰ ਬਣਾਇਆ ਗਿਆ ਹੈ

ਜਿਸ ਸਕੂਲ ਦੇ ਕਰੀਬ 200 ਵਿਦਿਆਰਥੀਆਂ ਨੇ ਪੇਪਰ ਦੇਣ ਜਾਣਾ ਹੈ ਉਹ ਨਾ ਤਾਂ ਸਰਕਾਰੀ / ਪ੍ਰਾਈਵੇਟ ਬੱਸਾਂ ਤੇ ਸਫਰ ਕਰਕੇ ਪੇਪਰ ਦੇ ਸਹੀ ਟਾਈਮ 'ਤੇ ਜਾ ਸਕਦੇ ਹਨ। ਜਿਹੜੇ ਦਿਹਾੜੀਦਾਰ ਵਿਆਕਤੀਆਂ ਦੇ ਵਿਦਿਆਰਥੀ ਬੱਚਿਆਂ ਨੇ ਦਸਵੀਂ, ਬਾਰਵੀ ਜਮਾਤਾਂ ਦੇ ਪੇਪਰ ਦੇਣ ਲਈ ਜਾਣਾ ਹੈ। ਉਨਾਂ ਮਾਪਿਆਂ ਲਈ ਮੁਸ਼ਕਿਲਾਂ ਬਣੀਆਂ ਹੋਈਆਂ ਹਨ। ਇਕ ਪਾਸੇ ਤਾਂ ਸਕੂਲਾਂ ਵਿਚ ਸੈਮੀਨਾਰ ਕਰਕੇ 18 ਸਾਲ ਤੋਂ ਘੱਟ ਉਮਰ ਦੇ ਵਿਦਿਆਰਥੀਆਂ ਨੂੰ ਮੋਟਰਸਾਇਕਲ ਚਲਾਉਣ ਤੋਂ ਰੋਕਿਆ ਜਾ ਰਿਹਾ ਹੈ। ਹੁਣ ਸਿੱਖਿਆ ਵਿਭਾਗ ਦੀ ਇਸ ਨੀਤੀ ਕਾਰਨ ਮਜ਼ਬੂਰੀ ਵੱਸ ਸੈਂਕੜੇ ਵਿਦਿਆਰਥੀ ਆਪਣੇ ਨਿੱਜੀ ਮੋਟਰਸਾਇਕਲਾਂ 'ਤੇ ਗੈਰ ਕਾਨੂੰਨੀ ਤਿੰਨ ਤੋਂ ਚਾਰ ਬੈਠ ਕੇ ਜਾ ਰਹੇ ਹਨ। ਜਿਸ ਕਰਕੇ ਕੋਈ ਵੱਡਾ ਸੜਕ ਹਾਦਸਾ ਵਾਪਰਨ ਦਾ ਡਰ ਬਣਿਆ ਹੋਇਆ ਹੈ। ਸਵਾਲ ਉਠਦਾ ਹੈ ਕਿ ਜੇਕਰ ਵਿਦਿਆਰਥੀਆਂ ਦਾ ਕੋਈ ਜਾਨੀ ਵਾ ਮਾਲੀ ਨੁਕਸਾਨ ਹੁੰਦਾ ਹੈ ਤਾਂ ਸੁਰੱਖਿਆ ਲਈ ਕੌਣ ਜਿੰਮੇਵਾਰ ਹੈ। ਸਕੂਲਾਂ ਦੇ ਅਧਿਆਪਕਾਂ ਦਾ ਕਹਿਣਾ ਹੈ ਕਿ ਪਿਛਲੇ ਸਮੇਂ ਇ?ਯਮਤਿਹਾਨ ਸੈਂਟਰਾਂ ਵਿਚ ਪੇਪਰ ਲੈਣ ਵਾਲੇ ਸਟਾਫ ਅਧਿਆਪਕਾਂ ਦੀ ਡਿਊਟੀ ਦੂਜੇ ਸਕੂਲਾਂ ਦੇ ਅਧਿਆਪਕਾਂ ਦੀ ਲੱਗਦੀ ਹੁੰਦੀ ਸੀ। ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਲੋਂ ਡਿਊਟੀ ਭੱਤਾ ਦਿੱਤਾ ਜਾਂਦਾ ਸੀ। ਉਹ ਭੱਤਾ ਬਚਾਉਣ ਲਈ ਬੋਰਡ ਨੇ ਇਹ ਨੀਤੀ ਬਣਾਈ ਹੈ। ਜੇਕਰ ਬੋਰਡ ਨੇ ਨਕਲ ਰੋਕਣ ਦਾ ਪ੍ਰਬੰਧ ਕਰਨਾ ਹੈ ਤਾਂ ਸੀ.ਸੀ.ਟੀ.ਵੀ ਕੈਮਰਿਆਂ ਦੀ ਨਿਗਰਾਨੀ ਹੇਠ ਸਕੂਲਾਂ ਵਿਚ ਵਿਸ਼ੇਸ਼ ਰੂਮ ਬਣਾ ਕੇ ਬਲਾਕ ਪੱਧਰ 'ਤੇ ਨਿਗਰਾਨ ਕੰਟਰੋਲ ਰੂਮ ਬਣਾਇਆ ਜਾ ਸਕਦਾ ਸੀ। ਪੇਪਰ ਲੈਣ ਲਈ ਦੂਜੇ ਸਕੂਲਾਂ ਵਿਚੋਂ ਸਿਰਫ਼ 10 ਅਧਿਆਪਕਾਂ ਨੂੰ ਆਉਣਾ ਪੈਂਦਾ ਸੀ। ਹੁਣ ਕਰੀਬ 100 ਤੋਂ 200 ਵਿਦਿਆਰਥੀਆਂ ਨੂੰ ਦੂਜੇ ਸਕੂਲਾਂ ਵਿਚ ਜਾਣਾ ਪੈ ਰਿਹਾ ਹੈ। ਪ੍ਰਾਈਵੇਟ ਸਕੂਲ ਐਸੋਸੀਏਸ਼ਨ ਬਰਨਾਲਾ ਦੇ ਆਗੂ ਰਵਿੰਦਰਜੀਤ ਸਿੰਘ ਬਿੰਦੀ ਨੇ ਕਿਹਾ ਕਿ ਇਕ ਪਾਸੇ ਤਾਂ ਪੰਜਾਬ ਸਰਕਾਰ ਸਿੱਖਿਆ ਕ੍ਰਾਂਤੀ ਦੀ ਗੱਲ ਕਰ ਰਹੀ ਹੈ। ਦੂਜੇ ਪਾਸੇ ਇਮਤਿਹਾਨ ਦੀ ਨਵੀ ਨੀਤੀ ਨੇ ਵਿਦਿਆਰਥੀਆਂ 'ਤੇ ਮਾਨਸਿਕ ਬੋਝ ਬਣਾ ਦਿੱਤਾ ਹੈ। ਜੇਕਰ ਦੂਜੇ ਸਕੂਲਾਂ ਵਿਚ ਵਿਦਿਆਰਥੀਆਂ ਨੂੰ ਪੇਪਰ ਦੇਣ ਭੇਜਣਾ ਹੀ ਸੀ ਤਾਂ ਸਿੱਖਿਆ ਵਿਭਾਗ ਪੰਜਾਬ ਵਿਦਿਆਰਥੀਆਂ ਨੂੰ ਲੈ ਕੇ ਜਾਣ ਲਈ ਵਹੀਕਲਾਂ ਦਾ ਪ੍ਰਬੰਧ ਕਰਦਾ। ਸਰਕਾਰੀ ਸਕੂਲਾਂ ਨੂੰ ਵਿਸ਼ੇਸ਼ ਫੰਡ ਜਾਰੀ ਕੀਤਾ ਜਾਣਾ ਚਾਹੀਦਾ ਸੀ। ਪੰਜਾਬ ਵਿਚ

ਅਸਰੱਖਿਅਤ ਮਹੌਲ ਵਿਚ ਦਸਵੀਂ ਤੇ ਬਾਰਵੀ ਜਮਾਤ ਦੀਆਂ ਪੇਪਰ ਦੇਣ ਵਾਲੀਆਂ ਬੇਟੀਆਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਨੀਤੀ ਤੇ ਤੁਰੰਤ ਗੌਰ ਕਰਕੇ ਪੰਜਾਬ ਦੀਆਂ ਵਿਦਿਆਰਥਣਾਂ ਦੀ ਸੁਰੱਖਿਆ ਲਈ ਅਤੇ ਉਨਾਂ ਨੂੰ ਸੈਂਟਰਾਂ ਵਿਚ ਲੈ ਕੇ ਜਾਣ ਲਈ ਸਰਕਾਰ ਤੁਰੰਤ ਪ੍ਰਬੰਧ ਕਰੇ। ਇਹ ਨੀਤੀ ਦਫ਼ਤਰਾਂ ਵਿਚ ਬੈਠ ਕੇ ਪ੍ਰਬੰਧਕਾਂ ਵਲੋਂ ਬਣਾਈ ਗਈ ਹੈ। ਜਿਹੜੇ ਕਿ ਗਰਾਊਂਡ ਪੱਧਰ ਦੀਆਂ ਵਿਦਿਆਰਥੀਆਂ ਤੇ ਮਾਪਿਆਂ ਦੀਆਂ ਮੁਸ਼ਕਿਲਾਂ ਤੋਂ ਅਣਜਾਣ ਹਨ। ਕੀ ਕਹਿਣਾ ਹੈ ਅਧਿਕਾਰੀਆਂ ਦਾ ਜਦੋਂ ਇਸ ਸਬੰਧੀ ਇਮਤਿਹਾਨ ਕੰਟਰੋਲਰ ਪੰਜਾਬ ਨਾਲ ਸੰਪਰਕ ਕੀਤਾ ਤਾਂ ਉਨਾਂ ਕਿਹਾ ਕਿ ਪਾਲਿਸੀ ਸਿੱਖਿਆ ਵਿਭਾਗ ਦੇ ਪ੍ਰਬੰਧਕਾਂ ਦੀ ਮੀਟਿੰਗ ਉਪਰੰਤ ਬਣਦੀ ਹੈ ਇਹ ਉਨਾਂ ਦੇ ਕਰਨ ਦਾ ਮਸਲਾ ਨਹੀਂ ਹੈ।

# ਬੇਰੁਜ਼ਗਾਰੀ ਦੇ ਝੰਬੇ ਨੌਜਵਾਨ ਲੈ ਰਹੇ ਨੇ ਨਸ਼ਿਆਂ ਦਾ ਸਹਾਰਾ, ਸਰਕਾਰਾਂ ਰੁਜ਼ਗਾਰ ਪੈਦਾ ਕਰਨ ਲਈ ਠੋਸ ਕਦਮ ਚੁੱਕਣ : ਸੈਨਿਕ ਵਿੰਗ



ਬਰਨਾਲਾ, 3 ਮਾਰਚ (ਬਘੇਲ ਸਿੰਘ ਧਾਲੀਵਾਲ) : ਕੌੜੀ ਵੇਲ ਵਾਂਗ ਵੱਧ ਰਹੀ ਆਬਾਦੀ ਵੱਲ ਮੌਜੂਦਾ ਸਰਕਾਰਾਂ ਦਾ ਕੋਈ ਧਿਆਨ ਨਹੀਂ ਬੇਰੁਜ਼ਗਾਰੀ ਦੇ ਝੰਬੇ ਨੌਜਵਾਨ ਨਸ਼ਿਆਂ ਦਾ ਸਹਾਰਾ ਲੈ ਰਹੇ ਹਨ। ਹਰ ਰੋਜ਼ ਨੌਜਵਾਨ ਨਸ਼ਿਆਂ ਦੀ ਭੇਟ ਚੜ੍ਹ ਰਹੇ ਹਨ ਅਤੇ ਕੁੱਝ ਨੌਜਵਾਨ ਗੈਂਗਸਟਰਾਂ ਦੇ ਹੱਥ ਚੜ ਕੇ ਗਲਤ ਕੰਮ ਕਰ ਰਹੇ ਹਨ। ਕਾਨੂੰਨ ਵਿਵਸਥਾ ਬਹੁਤ ਮਾੜੀ ਹੈ। ਸਾਸ਼ਕਾਂ ਨੂੰ ਚਾਹੀਦਾ ਹੈ ਕਿ ਉਹ ਕੁਰਸੀ ਹਥਿਆਉਣ ਤੱਕ ਸੀਮਤ ਸਕੀਮਾਂ ਬਣਾਉਣ ਦੀ ਬਜਾਏ ਬੇਰੁਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇਣ ਦੀਆ ਸਕੀਮਾਂ ਬਣਾਉਣ। ਇਹ ਵਿਚਾਰ ਇੱਕ ਪ੍ਰੈਸ ਨੋਟ ਜਾਰੀ ਕਰਕੇ ਭਾਜਪਾ ਦੇ ਸੀਨੀਅਰ ਆਗੂ ਅਤੇ ਸੈਨਿਕ ਵਿੰਗ ਦੇ ਸੂਬਾ ਪ੍ਰਧਾਨ ਕੈਪਟਨ ਗੁਰਜਿੰਦਰ ਸਿੰਘ ਸਿੱਧੂ ਨੇ ਸਾਬਕਾ ਫੌਜੀਆਂ ਦੀ ਮੀਟਿੰਗ ਕਰਨ ਉਪਰੰਤ ਪ੍ਰਗਟ ਕੀਤੇ ਉਹਨਾਂ ਕਿਹਾ ਕਿ ਪੰਜਾਬ ਹਿੰਦੋਸਤਾਨ ਦਾ ਤਾਜ ਸੀ, ਜਿਸ ਨੂੰ ਮੌਜੂਦਾ ਸਰਕਾਰ ਜਿਸ ਨੂੰ ਗੱਦੀ 'ਤੇ ਬਿਠਾਉਣ ਸਮੇਂ ਰਾਜ ਦੇ ਲੋਕਾ ਨੂੰ ਬਹੁਤ ਉਮੀਦਾਂ ਸਨ ਉਹਨਾਂ ਨੇ ਸੂਬੇ ਨੂੰ ਭਿਖਾਰੀ ਅਤੇ ਕੰਗਾਲ ਕਰ ਦਿੱਤਾ ਅਤੇ ਪੰਜਾਬ ਨੂੰ ਸਵਾ ਚਾਰ ਲੱਖ ਕਰੋੜ ਦਾ ਕਰਜ਼ਾਈ ਕਰ ਦਿੱਤਾ ਹੈ ਅਤੇ ਮੌਜੂਦਾ ਕਾਰਜ ਕਾਲ ਖਤਮ ਹੋਣ ਤੱਕ ਇਹ ਪੰਜ ਲੱਖ ਕਰੋੜ ਤੇ ਪਹੁੰਚ ਜਾਵੇਗਾ ਪੰਜਾਬ 84 ਵਾਲੇ ਹਾਲਤਾਂ ਵੱਲ ਵਧ ਰਿਹਾ ਹੈ ਬੇਰੁਜ਼ਗਾਰੀ ਭਰਿਸ਼ਟਾਚਾਰ ਵਿੱਚ ਹਰ ਰੋਜ਼ ਵਾਧਾ ਹੋ ਰਿਹਾ ਹੈ।ਆਉਣ ਵਾਲੀ 2027 ਵਿੱਚ ਲੋਕਾ ਨੂੰ ਵਧੀਆ ਫੈਸਲਾ ਲੈਕੇ ਪੰਜਾਬ ਦੇ ਹਿੱਤਾਂ ਦੀ ਰਾਖੀ ਕਰਨੀ ਚਾਹੀਦੀ ਹੈ।ਇਸ ਮੌਕੇ ਸਿੱਧੂ ਤੋ ਇਲਾਵਾ ਕੈਪਟਨ ਬਿੱਕਰ ਸਿੰਘ ਲੈਫ ਭੋਲਾ ਸਿੰਘ ਸਿੱਧੂ ਵਾਰੰਟ ਸਮਸ਼ੇਰ ਸਿੰਘ ਸੇਖੋਂ ਵਾਰੰਟ ਅਫਸਰ ਅਵਤਾਰ ਸਿੰਘ ਸਿੱਧੂ ਸੂਬੇਦਾਰ ਮੇਜਰ ਅਮਰਜੀਤ ਸਿੰਘ ਦਰਾਜ਼ ਕੈਪਟਨ ਹਰਜਿੰਦਰ ਸਿੰਘ ਮਾਂਗੇਵਾਲ ਸੂਬੇਦਾਰ ਸੌਦਾਗਰ ਸਿੰਘ ਹਮੀਦੀ ਹੌਲਦਾਰ ਬਲਦੇਵ ਸਿੰਘ ਹਮੀਦੀ ਹੌਲਦਾਰ ਰੂਪ ਸਿੰਘ ਮਹਿਤਾ ਹੌਲਦਾਰ ਬਸੰਤ ਸਿੰਘ ਉੱਗੋਕੇ ਹੌਲਦਾਰ ਜੰਗੀਰ ਸਿੰਘ ਹੌਲਦਾਰ ਜਸਵੰਤ ਸਿੰਘ ਆਦਿ ਆਗੂ ਹਾਜ਼ਰ ਸਨ।

# ਹੋਲੀ ਦੇ ਤਿਉਹਾਰ ਮੌਕੇ ਕੈਮੀਕਲ ਰੰਗਾਂ ਤੋਂ ਗੁਰੇਜ਼ ਕਰੋ ਕੇਵਲ ਹਰਬਲ ਅਤੇ ਆਰਗੈਨਿਕ ਰੰਗਾਂ ਦੀ ਕਰੋ ਵਰਤੋਂ



ਬਰਨਾਲਾ, 3 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਹੋਲੀ ਦੌਰਾਨ ਚਮੜੀ ਅਤੇ ਵਾਲਾਂ 'ਤੇ ਰਸਾਇਣਿਕ ਰੰਗਾਂ ਦੇ ਮਾੜੇ ਪ੍ਰਭਾਵਾਂ ਤੋਂ ਬਚਣ ਲਈ ਅਤੇ ਹਰਬਲ ਰੰਗਾਂ ਦੀ ਵਰਤੋਂ ਕਰਨ ਬਾਰੇ ਲੋਕਾਂ ਨੂੰ ਜਾਗਰੂਕ ਕਰਨ ਲਈ ਕਰਵਾਈ ਵਿਚਾਰ ਚਰਚਾ ਦੌਰਾਨ ਬੋਲਦਿਆਂ ਪ੍ਰੋਫ਼ੈਸਰ (ਡਾ.) ਮਨਦੀਪ ਘਈ, ਸਮਾਜ ਸੇਵੀ ਰਾਕੇਸ਼ ਜਿੰਦਲ ਐਮ ਡੀ ਜਿੰਦਲ ਸਟੀਲ ਇੰਡਸਟਰੀਜ਼ ਬਰਨਾਲਾ ਅਤੇ ਕੋਲੋਨਾਈਜਰ ਪਿਆਰਾ ਲਾਲ ਰਾਏਸਰ ਵਾਲੇ ਨੇ ਕਿਹਾ ਕਿ ਹੋਲੀ ਸਾਨੂੰ ਆਪਸੀ ਪਿਆਰ, ਮਿਲਵਰਤਨ ਅਤੇ ਭਾਈਚਾਰਕ ਸਾਂਝ ਦਾ ਸੰਦੇਸ਼ ਦਿੰਦੀ ਹੈ। ਹੋਲੀ ਦਾ ਤਿਉਹਾਰ ਮਾਨਸਿਕ ਅਤੇ ਸਰੀਰਕ ਸਿਹਤ ਲਈ ਵੀ ਲਾਭਕਾਰੀ ਹੈ । ਉਨ੍ਹਾਂ ਲੋਕਾਂ ਨੂੰ ਹਰਬਲ ਰੰਗਾਂ ਨਾਲ ਹੋਲੀ ਮਨਾਉਣ ਦੀ ਅਪੀਲ ਕੀਤੀ। ਰਸਾਇਣਿਕ ਰੰਗਾਂ ਨਾਲ ਚਮੜੀ ਦੀਆਂ ਸਮੱਸਿਆਂਵਾਂ ਪੈਦਾ ਹੋ ਜਾਂਦੀਆਂ ਹਨ। ਕੈਮਿਕਲ ਵਾਲੇ ਰੰਗਾਂ ਨਾਲ ਚਮੜੀ ਦੀਆਂ ਬਿਮਾਰੀਆਂ, ਅੱਖਾਂ ਦੀ ਜਲਣ ਆਦਿ ਸਮੱਸਿਆਵਾਂ ਪੈਦਾ ਹੁੰਦੀਆਂ ਹਨ। ਇਨ੍ਹਾਂ ਤੋਂ ਬਚਣ ਲਈ ਫੁੱਲਾਂ ਨਾਲ ਹੋਲੀ ਖੇਡਣੀ ਸਭ ਤੋਂ ਵਧੀਆ ਹੈ। ਮਿਲਾਵਟੀ ਰੰਗਾਂ ਦੀ ਜਾਂ ਕੈਮੀਕਲ ਰੰਗਾਂ ਦੀ ਪਹਿਚਾਣ ਬਾਰੇ ਕਿਹਾ ਕਿ ਇਹ ਰੰਗ ਚਮਕਦਾਰ ਅਤੇ ਗੂੜ੍ਹੇ ਹੁੰਦੇ ਹਨ। ਇਨ੍ਹਾਂ ਰੰਗਾਂ 'ਚ ਕੱਚ ਦਾ ਪਾਊਡਰ, ਬਰੀਕ ਰੇਤ, ਪਾਰਾ ਸਲਫਾਈਡ ਆਦਿ ਮਿਲਾਇਆ ਜਾਂਦਾ ਹੈ। ਇਨ੍ਹਾਂ ਨਾਲ ਚਮੜੀ ਖਰਾਬ ਹੋ ਜਾਂਦੀ ਹੈ। ਗੁਲਾਲ ਖ਼ਰੀਦਣ ਤੋਂ ਪਹਿਲਾਂ ਇਸ ਨੂੰ ਆਪਣੇ ਹੱਥ ਵਿੱਚ ਫੜ ਕੇ ਦੇਖੋ। ਜੇਕਰ ਇਹ ਜਿਆਦਾਤਰ ਚਿਕਨਾਈ ਵਾਲਾ ਜਾਂ ਸੁੱਕਾ ਮਹਿਸੂਸ ਹੋਵੇ ਤਾਂ ਇਹ ਸਿੰਥੈਟਿਕ ਰਸਾਇਣਾਂ ਨਾਲ ਤਿਆਰ ਕੀਤਾ ਗਿਆ ਹੁੰਦਾ ਹੈ । ਰਸਾਇਣਿਕ ਰੰਗਾਂ ਦੀ ਸੁੰਘ ਕੇ ਵੀ ਜਾਂਚ ਕੀਤੀ ਜਾ ਸਕਦੀ ਹੈ । ਥੋੜਾ ਜਿਹਾ ਰੰਗ ਹੱਥ ਤੇ ਰੱਖ ਕੇ ਸੁੰਘੋ , ਜੇਕਰ ਇਸ ਵਿੱਚੋਂ ਪੈਟਰੋਲ, ਮਿੱਟੀ ਦੇ ਤੇਲ, ਡੀਜ਼ਲ ਆਦਿ ਦੀ ਬਦਬੂ ਆਵੇ ਤਾਂ ਇਹ ਰੰਗ ਨਕਲੀ ਹੈ। ਕੁਦਰਤੀ ਰੰਗਾਂ ਦੀ ਖੁਸ਼ਬੂ ਕਦੇ ਵੀ ਤੇਜ਼ ਨਹੀਂ ਹੁੰਦੀ। ਕੈਮੀਕਲ ਰੰਗਾਂ ਤੋਂ ਚਮੜੀ ਅਤੇ ਵਾਲਾਂ ਨੂੰ ਹੋਣ ਵਾਲੇ ਨੁਕਸਾਨ ਤੋਂ ਬਚਾਉਣ ਲਈ ਸਰ੍ਹੋਂ ਦਾ ਜਾਂ ਨਾਰੀਅਲ ਦਾ ਤੇਲ ਚੰਗੀ ਤਰ੍ਹਾਂ ਲਗਾਓ। ਰੰਗਾਂ ਦੇ ਰਾਸਾਇਣਕ ਪ੍ਰਭਾਵ ਤੋਂ ਬਚਣ ਲਈ ਫੁੱਲ ਸਲੀਵ ਵਾਲੀ ਟੀ ਸ਼ਰਟ ਪਹਿਣੋ। ਘੱਟੋ ਘੱਟ ਸਕਿਨ ਬਾਹਰ ਨਾ ਹੋਵੇ, ਕਾਟਨ ਦੇ ਕੱਪੜੇ ਪਹਿਣੋ। ਜੇਕਰ ਚਮੜੀ 'ਤੇ ਖੁਰਕ ਹੋਵੇ ਤਾਂ ਗੁਲਾਬ ਦਾ ਜਲ ਅਤੇ ਐਲੋਵੀਰਾ ਮਿਲਾ ਕੇ ਲਗਾਓ, ਐਲਰਜੀ ਅਤੇ ਖੁਜਲੀ ਹਟ ਜਾਵੇਗੀ। ਸਰੀਰ ਤੋਂ ਰੰਗ ਨੂੰ ਉਤਾਰਣ ਲਈ ਵੇਸਣ ਅਤੇ ਦਹੀਂ ਦੇ ਪੇਸਟ ਦੀ ਵਰਤੋਂ ਕਰੋ। ਠੰਡੇ ਜਾਂ ਕੋਸੇ ਪਾਣੀ ਨਾਲ ਨਹਾਉ।

# ਅੱਲ੍ਹੜਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਚਲਾਇਆ ਜਾਵੇਗਾ 'ਜ਼ਿੰਦਗੀ ਜ਼ਿੰਦਾਬਾਦ ਪ੍ਰੋਜੈਕਟ' : ਹਰਪ੍ਰੀਤ ਸਿੰਘ



ਬਰਨਾਲਾ, 3 ਮਾਰਚ (ਬਘੇਲ ਸਿੰਘ ਧਾਲੀਵਾਲ) : ਅੱਲ੍ਹੜ ਉਮਰ ਵਾਲਿਆਂ (ਟੀਨ ਏਜਰਜ਼) ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਇੱਛੁਕ ਸਮਾਜ ਸੇਵੀ ਜਥੇਬੰਦੀਆਂ ਦੇ ਸਹਿਯੋਗ ਨਾਲ 'ਜ਼ਿੰਦਗੀ ਜ਼ਿੰਦਾਬਾਦ' ਨਾਮ ਹੇਠ ਵਿਸ਼ੇਸ਼ ਪ੍ਰੋਜੈਕਟ ਚਲਾਇਆ ਜਾਵੇਗਾ ਜਿਸ ਤਹਿਤ ਕਾਲਜਾਂ ਅਤੇ ਯੂਥ ਕਲੱਬਾਂ ਦੇ ਸਹਿਯੋਗ ਨਾਲ ਟੀਮ ਤਿਆਰ ਕੀਤੀ ਜਾਵੇਗੀ ਜੋ ਕਿ ਸਕੂਲਾਂ ਅਤੇ ਕਾਲਜਾਂ ਵਿਚ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰੇਗੀ। ਇਹ ਪ੍ਰਗਟਾਵਾ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਆਈਏਐਸ ਨੇ ਅੱਜ ਇਥੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਵੀਸੀ ਹਾਲ ਵਿਚ 'ਜ਼ਿੰਦਗੀ ਜ਼ਿੰਦਾਬਾਦ' ਪ੍ਰੋਜੈਕਟ ਤਹਿਤ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਇਸ ਪ੍ਰੋਜੈਕਟ ਲਈ ਪੁਲਿਸ ਵਿਭਾਗ, ਸਿੱਖਿਆ ਵਿਭਾਗ ਤੇ ਸਿਹਤ ਵਿਭਾਗ ਦਾ ਵੀ ਸਹਿਯੋਗ ਲਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹੇ ਦੇ ਕਾਲਜਾਂ ਤੇ ਯੂਥ ਕਲੱਬਾਂ ਵਿਚੋਂ 'ਜ਼ਿੰਦਗੀ ਦੇ ਮਾਰਗਰਸ਼ਕਾਂ' ਦੀ ਚੋਣ ਕੀਤੀ ਜਾਵੇਗੀ। ਉਨ੍ਹਾਂ ਇਸ ਸਬੰਧੀ ਉਹਨਾਂ ਯੂਥ ਸੇਵਾਵਾਂ ਵਿਭਾਗ ਨੂੰ ਯੂਥ ਕਲੱਬਾਂ ਦੇ ਵੇਰਵੇ ਦੇਣ ਅਤੇ ਕਾਲਜਾਂ ਦੇ ਵੇਰਵੇ ਇਕੱਤਰ ਕਰਕੇ ਸ਼ਡਿਊਲ ਤਿਆਰ ਕਰਨ ਦੇ ਨਿਰਦੇਸ਼ ਦਿੱਤੇ। ਇਹ ਸਿਖਲਾਈ ਪ੍ਰਾਪਤ ਨੌਜਵਾਨ 'ਜ਼ਿੰਦਗੀ ਦੇ ਮਾਰਗਦਰਸ਼ਕ' ਅਖਵਾਉਣਗੇ ਅਤੇ ਅੱਗੇ ਸਕੂਲਾਂ ਤੇ ਕਾਲਜਾਂ ਵਿਚ ਬੱਚਿਆਂ ਨੂੰ ਨਸ਼ੇ ਨੂੰ ਨਾਂਹ ਕਰਨਾ ਸਿਖਾਉਣਗੇ। ਉਹਨਾਂ ਕਿਹਾ ਕਿ ਸਰਵੇਖਣ ਅਨੁਸਾਰ ਛੋਟੀ ਉਮਰ ਦੇ ਅੱਲ੍ਹੜ (ਕਿਸ਼ੋਰ) ਬੱਚਿਆਂ ਨੂੰ ਨਸ਼ੇ ਦੀ ਲਤ ਜ਼ਿਆਦਾਤਰ ਦੋਸਤਾਂ ਕੋਲੋਂ ਲੱਗਦੀ ਹੈ ਜਿੱਥੋਂ ਉਹ ਨਸ਼ੇ ਦੀ ਪਹਿਲੀ ਡੋਜ਼ ਲੈਂਦੇ ਹਨ। 83 ਫ਼ੀਸਦੀ ਨਸ਼ੇ ਦੀ ਲਤ ਦੋਸਤਾਂ ਦੇ ਦਬਾਅ ਹੇਠ ਲੱਗੀ ਪਾਈ ਗਈ ਹੈ। ਇਸ ਦੀ ਕਾਮਯਾਬੀ ਲਈ ਜ਼ਿਲ੍ਹਾ ਪ੍ਰਸ਼ਸਨ ਦੀ ਮਦਦ ਨਾਲ ਇਸ ਪ੍ਰੋਜੈਕਟ ਨੂੰ ਜਨਤਕ ਮੁਹਿੰਮ ਬਣਾਇਆ ਜਾਵੇਗਾ ਅਤੇ ਜ਼ਿੰਦਗੀ ਦੇ ਮਾਰਗਦਰਸ਼ਕ ਸਿਰਨਾਵੇਂ ਹੇਠ ਸਮਾਜ ਵਿਚੋਂ ਹੀ ਰਾਹ ਦਸੇਰਾ ਲੋਕਾਂ ਦੀ ਫੌਜ ਤਿਆਰ ਕੀਤੀ ਜਾਵੇਗੀ ਜੋ ਨਸ਼ੇ ਦੀ ਚੇਨ ਨੂੰ ਤੋੜਨ ਵਿਚ ਅਹਿਮ ਭੂਮਿਕਾ ਅਦਾ ਕਰੇਗੀ। ਇਸ ਪ੍ਰੋਗਰਾਮ ਨੂੰ ÷ਜ਼ਿੰਦਗੀ ਜ਼ਿੰਦਾਬਾਦ÷ ਦਾ ਨਾਮ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਮਾਪਿਆਂ ਨੂੰ ਵੀ ਬੱਚਿਆਂ ਦੀ ਪਰਵਰਿਸ਼ ਦੀ ਮਹੱਤਤਾ ਬਾਰੇ ਜਾਗਰੂਕ ਕੀਤਾ ਜਾਵੇਗਾ ਤਾਂ ਜੋ ਉਹ ਵੀ ਆਪਣੇ ਬੱਚਿਆਂ ਦੀ ਹਰ ਅਵਸਥਾ ਨੂੰ ਸਕਾਰਤਮਕ ਤਰੀਕੇ ਨਾਲ ਸਮਝ ਕੇ ਨਸ਼ਾ ਰਹਿਤ ਸਮਾਜ ਸਿਰਜਣ ਵਿਚ ਅਹਿਮ ਭੂਮਿਕਾ ਨਿਭਾਅ ਸਕਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਵਿਵੇਕ ਕੁਮਾਰ ਮੋਦੀ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਐਸ ਪੀ ਸ੍ਰੀ ਅਸ਼ੋਕ ਸ਼ਰਮਾ, ਐਸ ਡੀ ਐਮ ਬਰਨਾਲਾ ਡਾ. ਅਜੀਤਪਾਲ ਸਿੰਘ ਚਹਿਲ, ਜ਼ਿਲ੍ਹਾ ਸਿੱਖਿਆ ਅਫ਼ਸਰ ਸ. ਸੁਨੀਤਇੰਦਰ ਸਿੰਘ ਅਤੇ ਹੋਰ ਵਿਭਾਗਾਂ ਦੇ ਅਧਿਕਾਰੀ ਤੇ ਜ਼ਿਲ੍ਹੇ ਦੇ ਵੱਖ ਵੱਖ ਕਾਲਜਾਂ ਤੇ ਯੂਥ ਕਲੱਬਾਂ ਦੇ ਨੁਮਾਇੰਦੇ ਹਾਜ਼ਰ ਸਨ।

# ਐਸ.ਬੀ.ਐਸ. ਸਕੂਲ 'ਚ ਹੋਲੀ ਦਾ ਤਿਉਹਾਰ ਮਨਾਇਆ



ਬਰਨਾਲਾ ,3 ਮਾਰਚ (ਹਮੀਰ ਸਿੰਘ) : ਹੋਲੀ ਦਾ ਤਿਉਹਾਰ ਸਾਰਿਆ ਲਈ ਖ਼ੁਸ਼ੀਆਂ ਦੇ ਅਲੱਗ ਹੀ ਰੰਗ ਲੈ ਕੇ ਆਉਂਦਾ ਹੈ ਇਸ ਲਈ ਹੋਲੀ ਦੇ ਤਿਉਹਾਰ ਨੂੰ ਸਾਰਿਆਂ ਵੱਲੋਂ ਖ਼ੁਸ਼ੀ ਨਾਲ ਮਨਾਇਆ ਜਾਂਦਾ ਹੈ। ਐਸ ਬੀ ਐਸ ਪਬਲਿਕ ਸਕੂਲ, ਸੁਰਜੀਤਪੁਰਾ ਵਿਖੇ ਅਧਿਆਪਕ ਗੁਰਪ੍ਰੀ ਕੌਰ ਅਤੇ ਮੀਨਾਕਸ਼ੀ ਦੀ ਦੇਖ-ਰੇਖ ਹੇਠ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ ਹੋਲੀ ਦਾ ਤਿਉਹਾਰ ਮਨਾਇਆ। ਬੱਚਿਆਂ ਨੇ ਆਪਣੇ ਅਧਿਆਪਕਾਂ ਅਤੇ ਸਾਥੀਆਂ ਨੂੰ ਰੰਗ ਲਗਾ ਕੇ ਹੋਲੀ ਦੀ ਸ਼ੁਰੂਆਤ ਕੀਤੀ। ਨਰਸਰੀ ਅਧਿਆਪਕ ਮਨਦੀਪ ਕੌਰ ਵੱਲੋ ਬੱਚਿਆਂ ਨੂੰ ਹੋਲੀ ਦੇ ਸੰਬੰਧ ਵਿੱਚ ਗਤੀਵਿਧੀ ਕਰਵਾਈ ਗਈ ਜਿਸ ਵਿੱਚ ਬੱਚਿਆਂ ਨੇ ਆਪਣੇ ਹੱਥਾਂ ਨਾਲ ਵੱਖ-ਵੱਖ ਰੰਗਾਂ ਨਾਲ ਕਲਰ ਪ੍ਰੀਟਿੰਗ ਕੀਤੀ। ਕੋਆਰਡੀਨੇਟਰ ਗੁਰਜੀਤ ਕੌਰ ਨੇ ਬੱਚਿਆਂ ਨੂੰ ਹੋਲੀ ਦੇ ਤਿਉਹਾਰ ਦਾ ਮਹੱਤਵ ਦੱਸਦੇ ਹੋਏ ਕਿਹਾ ਕਿ ਹੋਲੀ ਖ਼ੁਸ਼ੀਆ ਦਾ ਤਿਉਹਾਰ ਹੈ ਜਿਸ ਨੂੰ ਸਾਨੂੰ ਸਭ ਨੂੰ ਇੱਕ ਦੂਜੇ ਨਾਲ ਖ਼ੁਸ਼ੀ-ਖ਼ੁਸ਼ੀ ਮਨਾਉਣਾ ਚਾਹੀਦਾ ਹੈ। ਨਰਸਰੀ ਕਲਾਸ ਦੇ ਬੱਚਿਆਂ ਨੇ ਸਕੂਲ ਪ੍ਰਿੰਸੀਪਲ ਅਤੇ ਵਾਈਸ ਪ੍ਰਿੰਸੀਪਲ ਨੂੰ ਹੋਲੀ ਦੇ ਰੰਗ ਲਗਾ ਕੇ ਹੋਲੀ ਦੀ ਵਧਾਈ ਦਿੱਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਕਮਲਜੀਤ ਕੌਰ ਅਤੇ ਵਾਈਸ ਪ੍ਰਿੰਸੀਪਲ ਡਾ. ਸੰਜੇ ਕੁਮਾਰ ਨੇ ਸਾਰਿਆਂ ਨੂੰ ਹੋਲੀ ਦੀਆਂ ਮੁਬਾਰਕਾ ਦਿੰਦੇ ਹੋਏ ਕਿਹਾ ਕਿ ਹੋਲੀ ਦਾ ਤਿਉਹਾਰ ਸਭ ਲਈ ਖ਼ੁਸ਼ੀਆਂ ਦੇ ਰੰਗ ਲੈ ਕੇ ਆਉਂਦਾ ਹੈ ਇਸ ਲਈ ਸਾਨੂੰ ਆਪਸੀ ਵੈਰ-ਵਿਰੋਧ ਨੂੰ ਤਿਆਗ ਕੇ ਇੱਕ ਦੂਜੇ ਨਾਲ ਰਲ-ਮਿਲ ਕੇ ਹੋਲੀ ਦਾ ਤਿਉਹਾਰ ਮਨਾਉਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜ਼ਿੰਦਗੀ ਦੇ ਹਰ ਰੰਗ ਨੂੰ ਉਭਾਰਨ ਲਈ ਸਕੂਲ ਵੱਲੋ ਹਮੇਸ਼ਾ ਬੱਚਿਆਂ ਦੇ ਸਰਵਪੱਖੀ ਵਿਕਾਸ ਹਰ ਸੰਭਵ ਉਪਰਾਲੇ ਕੀਤੇ ਜਾਂਦੇ ਹਨ। ਇਸ ਮੌਕੇ ਬੱਚੇ ਅਤੇ ਸਮੂਹ ਸਟਾਫ ਮੌਜੂਦ ਸੀ।

# 'ਸਾਰੀਆਂ ਖੁਸ਼ੀਆਂ ਦਾ ਆਧਾਰ ਤੰਦਰੁਸਤ ਜੀਵਨ 'ਚ ਮੌਜੂਦ' ਵਿਸ਼ਵ ਸਿਹਤ ਦਿਵਸ ਮੌਕੇ ਕਰਵਾਈ ਗੋਸ਼ਟੀ



ਬਰਨਾਲਾ, 3 ਮਾਰਚ (ਸੁਖਵਿੰਦਰ ਸਿੰਘ ਭੰਡਾਰੀ) : ਵਿਸ਼ਵ ਸਿਹਤ ਦਿਵਸ ਮੌਕੇ ਕਰਵਾਈ ਗੋਸ਼ਟੀ ਦੌਰਾਨ ਬੋਲਦਿਆਂ ਮਨ ਮਸੀਹਾ ਫਾਊਂਡੇਸ਼ਨ ਬਰਨਾਲਾ ਦੇ ਚੇਅਰਮੈਨ ਸੰਜੀਵ ਸ਼ਰਮਾ, ਫਾਊਂਡੇਸ਼ਨ ਦੇ ਪ੍ਰਧਾਨ ਕੁਲਦੀਪ ਸਿੰਘ ਸੰਧੂ (ਗੁੱਗ), ਪੱਤਰਕਾਰ ਬਲਵਿੰਦਰ ਸ਼ਰਮਾ ਨੇ ਕਿਹਾ ਕਿ ਵਿਸ਼ਵ ਸਿਹਤ ਦਿਵਸ ਮਨਾਉਣ ਦਾ ਉਦੇਸ਼ ਲੋਕਾਂ ਨੂੰ ਆਪਣੀ ਸਿਹਤ ਬਾਰੇ ਜਾਗਰੂਕ ਕਰਨਾ ਹੈ। ਜਿਹੜੀਆਂ ਚੀਜ਼ਾਂ ਸਿਹਤ ਤੇ ਮਾੜਾ ਪ੍ਰਭਾਵ ਪਾਉਂਦੀਆਂ ਹਨ, ਉਹਨਾਂ ਨੂੰ ਖਾਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਿਨਾਂ ਚ ਸਕੂਲਾਂ, ਕਾਲਜਾਂ ਤੇ ਜਨਤਕ ਥਾਵਾਂ ਤੇ ਸਿਹਤ ਜਾਗਰੂਕਤਾ ਸੈਮੀਨਾਰ, ਗੋਸ਼ਟੀਆਂ, ਨੁਕੜ ਨਾਟਕ ਕਰਵਾ ਕੇ ਲੋਕਾਂ ਚ ਜਾਗਰੂਕਤਾ ਪੈਦਾ ਕਰਕੇ ਹੀ ਅਸੀਂ ਤੰਦਰੁਸਤ ਜਿੰਦਗੀ ਜਿਉਂ ਸਕਦੇ ਹਾਂ । ਇਸ ਦਿਨ ਦਾ ਮਾਟੋ ਇਹ ਹੈ ਕਿ ਤੰਦਰੁਸਤ ਜੀਵਨ ਵਿੱਚ ਸਾਰੀਆਂ ਖ਼ੁਸ਼ੀਆਂ ਦਾ ਆਧਾਰ ਹੈ। ਇਸ ਲਈ ਮਨੁੱਖ ਨੂੰ ਚੰਗੇ ਖਾਣ ਪੀਣ, ਸਾਫ਼ ਸਫ਼ਾਈ ਅਤੇ ਕਸਰਤ ਕਰਨ ਦੇ ਨਾਲ ਨਾਲ ਹਰੀਆਂ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ। ਸਲਾਦ ਵੀ ਰੋਜ਼ਾਨਾ ਜ਼ਰੂਰ ਖਾਣਾ ਚਾਹੀਦਾ ਹੈ। ਨੀਂਦ ਵੀ ਪੂਰੀ ਲੈਣੀ ਚਾਹੀਦੀ ਹੈ । ਇਸ ਦੌਰਾਨ ਸਮਾਜ ਸੇਵੀ ਵਿੱਕੀ ਰਾਜਾ, ਸੀਨੀਅਰ ਐਡਵੋਕੇਟ ਤਲਵਿੰਦਰ ਸਿੰਘ ਮਸੌਣ ਅਤੇ ਸਮਾਜ ਸੇਵੀ ਹੈਪੀ ਠੀਕਰੀਵਾਲਾ ਨੇ ਕਿਹਾ ਕਿ ਸਾਨੂੰ ਆਪਣੇ ਅਤੇ ਆਪਣੇ ਬੱਚਿਆਂ ਨੂੰ ਜੰਕ ਫੂਡ ਤੋਂ ਦੂਰ ਰੱਖਣਾ ਚਾਹੀਦਾ ਹੈ। ਬਾਹਰ ਦੀਆਂ ਚੀਜ਼ਾਂ ਖਾਣ ਤੋਂ ਜਿੰਨਾ ਹੋ ਸਕੇ ਬਚਣਾ ਚਾਹੀਦਾ ਹੈ ਕਿਉਂਕਿ ਬਾਹਰਲੀਆਂ ਚੀਜ਼ਾਂ ਜਦੋਂ ਬਣਾਈਆਂ ਜਾਂਦੀਆਂ ਹਨ ਤਾਂ ਸਾਫ਼ ਸਫ਼ਾਈ ਦਾ ਪੂਰਾ ਧਿਆਨ ਨਹੀਂ ਰੱਖਿਆ ਜਾਂਦਾ। ਉਹਨਾਂ ਕਿਹਾ ਕਿ ਦੁੱਧ ਅਤੇ ਦੁੱਧ ਤੋਂ ਬਣੇ ਪਦਾਰਥਾਂ 'ਚ ਮਿਲਾਵਟਖੋਰੀ ਬਹੁਤ ਜ਼ਿਆਦਾ ਵੱਧ ਗਈ ਹੈ । ਸਾਲ 2024-25 'ਚ ਪੰਜਾਬ 'ਚ 22 ਫ਼ੀਸਦੀ ਭੋਜਨ ਦੇ ਨਮੂਨੇ ਫੇਲ੍ਹ ਪਾਏ ਗਏ। ਮਿਲਾਵਟੀ ਚੀਜ਼ਾਂ ਨਾਲ ਲੋਕ ਖਾਸ ਕਰਕੇ ਪੰਜਾਬੀ ਕੈਂਸਰ, ਜਿਗਰ ਅਤੇ ਗੁਰਦੇ ਨਾਲ ਸੰਬੰਧਿਤ ਬਿਮਾਰੀਆਂ ਤੋਂ ਇਲਾਵਾ ਦਸਤ, ਐਲਰਜੀ, ਬੀਪੀ ਅਤੇ ਸ਼ੂਗਰ ਦਾ ਸ਼ਿਕਾਰ ਹੋ ਰਹੇ ਹਨ। ਮਿਲਾਵਟੀ ਦੁੱਧ, ਮਿਲਾਵਟੀ ਪਨੀਰ ਅਤੇ ਮੱਖਣ ਆਦਿ ਸਿਹਤ ਤੇ ਮਾੜਾ ਪ੍ਰਭਾਵ ਪਾ ਰਹੇ ਹਨ। ਦੇਸ਼ ਅੰਦਰ ਕੁੱਲ 14 ਕਰੋੜ ਲੀਟਰ ਦੁੱਧ ਦਾ ਉਤਪਾਦਨ ਹੁੰਦਾ ਜਦਕਿ 64 ਕਰੋੜ ਲੀਟਰ ਦੁੱਧ ਦੀ ਖਪਤ ਹੁੰਦੀ ਹੈ।

# ਸਰਵਾਈਕਲ ਕੈਂਸਰ ਖ਼ਿਲਾਫ਼ ਟੀਕਾਕਰਨ ਮੁਹਿੰਮ 'ਚ 14 ਸਾਲ ਦੀਆਂ ਬੱਚੀਆਂ ਨੂੰ ਲਗਾਈ ਜਾਵੇਗੀ ਵੈਕਸੀਨ : ਡੀ.ਸੀ.



ਬਰਨਾਲਾ, 3 ਮਾਰਚ (ਬਘੇਲ ਸਿੰਘ ਧਾਲੀਵਾਲ) : ਪੰਜਾਬ ਦੀਆਂ ਧੀਆਂ ਦੀ ਸਿਹਤਯਾਬੀ ਲਈ ਉਪਰਾਲੇ ਕਰਦੇ ਹੋਏ ਸਿਹਤ ਵਿਭਾਗ ਵਲੋਂ ਸਰਵੀਕਲ ਕੈਂਸਰ (ਬੱਚੇਦਾਨੀ ਦੇ ਮੂੰਹ ਦੇ ਕੈਂਸਰ) ਖ਼ਿਲਾਫ਼ ਐਚਪੀਵੀ ਟੀਕਾਕਰਨ ਮੁਹਿੰਮ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਜ਼ਿਲ੍ਹਾ ਪੱਧਰੀ ਟਾਸਕ ਫੋਰਸ ਦੀ ਮੀਟਿੰਗ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਹਰਪ੍ਰੀਤ ਸਿੰਘ ਆਈ ਏ ਐਸ ਦੀ ਅਗਵਾਈ ਹੇਠ ਕੀਤੀ ਗਈ। ਡਿਪਟੀ ਕਮਿਸ਼ਨਰ ਬਰਨਾਲਾ ਨੇ ਦੱਸਿਆ ਕਿ ਟੀਕਾਕਰਨ ਮੁਹਿੰਮ ਤਹਿਤ ਸਿਹਤ ਵਿਭਾਗ ਵਲੋਂ ਸਿੱਖਿਆ ਵਿਭਾਗ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦਾ ਸਹਿਯੋਗ ਲਿਆ ਜਾਵੇਗਾ। ਉਹਨਾਂ ਸਬੰਧਤ ਵਿਭਾਗਾਂ ਨੂੰ ਇਸ ਭਲਾਈ ਕਾਰਜ ਵਿੱਚ ਪੂਰਾ ਸਹਿਯੋਗ ਦੇਣ ਦਾ ਸੱਦਾ ਦਿੱਤਾ। ਸਿਵਲ ਸਰਜਨ ਬਰਨਾਲਾ ਡਾ. ਹਰੀਪਾਲ ਸਿੰਘ ਸਿੱਧੂ ਨੇ ਦੱਸਿਆ ਕਿ ਇਹ ਵੈਕਸੀਨ ਉਨ੍ਹਾਂ 14 ਸਾਲ ਦੀਆਂ ਬੱਚੀਆਂ ਨੂੰ ਮੁਫ਼ਤ ਲਗਾਈ ਜਾਵੇਗੀ ਜਿਨ੍ਹਾਂ ਦਾ 14ਵਾਂ ਜਨਮ ਦਿਨ ਲੰਘ ਚੁੱਕਾ ਹੈ ਅਤੇ 15ਵਾਂ ਜਨਮ ਦਿਨ ਆਉਣਾ ਹੈ। ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਹਰਜੀਤ ਸਿੰਘ ਨੇ ਦੱਸਿਆ ਕਿ ਔਰਤਾਂ ਵਿੱਚ ਬੱਚੇਦਾਨੀ ਦੇ ਮੂੰਹ ਦੇ ਗੰਭੀਰ ਕੈਂਸਰ ਦਾ ਮੁੱਖ ਕਾਰਨ ਐਚ ਪੀ ਵੀ (ਹਿਊਮਨ ਪੈਪੀਲੋਮਾ ਵਾਇਰਸ) ਹੁੰਦਾ ਹੈ।ਇਸ ਬਿਮਾਰੀ ਤੋਂ ਬਚਾਅ ਲਈ ਸਮੇਂ ਸਿਰ ਐਚ ਪੀ ਵੀ ਟੀਕਾਕਰਨ ਬਹੁਤ ਜ਼ਰੂਰੀ ਹੈ। ਸਿਹਤ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਜ਼ਿਲ੍ਹਾ ਬਰਨਾਲਾ ਦੇ ਸਿਹਤ ਕੇਂਦਰਾਂ ਵਿੱਚ ਟੀਕਾਕਰਨ ਸਬੰਧੀ ਸਿਹਤ ਵਿਭਾਗ ਦੇ ਕਰਮਚਾਰੀਆਂ ਨੂੰ ਸਿਖਲਾਈ ਦਿੱਤੀ ਜਾ ਚੁੱਕੀ ਹੈ ਅਤੇ ਇਸ ਸਬੰਧੀ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਟੀਕਾਕਰਨ ਤੋਂ ਪਹਿਲਾਂ ਯੂ-ਵਿਨ ਪੋਰਟਲ @ਤੇ ਰਜਿਸਟਰੇਸ਼ਨ ਕਰਵਾਉਣੀ ਬਹੁਤ ਜ਼ਰੂਰੀ ਹੈ। ਇਸ ਮੌਕੇ ਪੰਚਾਇਤੀ ਵਿਭਾਗ, ਸਿੱਖਿਆ ਵਿਭਾਗ, ਸਿਹਤ ਵਿਭਾਗ ਤੋਂ ਜ਼ਿਲ੍ਹਾ ਪ੍ਰੋਗਰਾਮ ਅਫਸਰ, ਸੀਨੀਅਰ ਮੈਡੀਕਲ ਅਫ਼ਸਰ ਤੇ ਕਲੱਬਾਂ ਦੇ ਅਹੁਦੇਦਾਰ ਮੌਜੂਦ ਸਨ।

# ਇੰਪੈਕਟ 2026-ਵਾਈਐਸ ਜੈਨਨੇਕਸਟ ਵਿੱਚ ਪ੍ਰਤਿਭਾ ਦਾ ਸ਼ਾਨਦਾਰ ਮੰਚ




ਬਰਨਾਲਾ, 3 ਮਾਰਚ (ਇਸ਼ੇਨ ਕੰਗ) : ਵਾਈਐਸ ਜੈਨਨੇਕਸਟ - ਸਕੂਲ ਆਫ ਸਮਾਇਲਜ਼ ਵੱਲੋਂ ਸਾਲਾਨਾ ਸੱਭਿਆਚਾਰਕ ਸਮਾਰੋਹ ਇੰਪੈਕਟ 2026 ਦਾ ਦੋ ਦਿਨਾਂ ਤੱਕ ਸ਼ਾਨਦਾਰ ਆਯੋਜਨ ਕੀਤਾ ਗਿਆ। ਪ੍ਰੋਗਰਾਮ ਪਲੇਵੇ ਤੋਂ ਯੂਕੇਜੀ ਤੱਕ ਦੀਆਂ ਕਲਾਸਾਂ ਅਨੁਸਾਰ ਕਰਵਾਇਆ ਗਿਆ, ਜਿਸ ਵਿੱਚ ਹਰ ਬੱਚੇ ਨੂੰ ਵੱਡੇ ਮੰਚ 'ਤੇ ਆਪਣੀ ਪ੍ਰਤਿਭਾ ਦਿਖਾਉਣ ਦਾ ਮੌਕਾ ਮਿਲਿਆ। ਲਗਭਗ 250 ਨੰਨੇ ਵਿਦਿਆਰਥੀਆਂ ਨੇ ਨਾਚ ਅਤੇ ਸੰਵਾਦਾਂ ਰਾਹੀਂ ਆਪਣਾ ਹੁਨਰ ਅਤੇ ਆਤਮਵਿਸ਼ਵਾਸ ਦਰਸਾਇਆ। ਕਈ ਬੱਚਿਆਂ ਲਈ ਇਹ ਉਹਨਾਂ ਦਾ ਪਹਿਲਾ ਮੰਚ ਅਨੁਭਵ ਸੀ, ਜੋ ਯਾਦਗਾਰ ਬਣ ਗਿਆ। ਦੋਵੇਂ ਦਿਨਾਂ ਦੌਰਾਨ 20 ਤੋਂ ਵੱਧ ਮਾਣਯੋਗ ਮਹਿਮਾਨਾਂ ਦੀ ਹਾਜ਼ਰੀ ਨੇ ਸਮਾਰੋਹ ਦੀ ਰੌਣਕ ਵਧਾਈ। ਮਾਪਿਆਂ ਵੱਲੋਂ ਆਪਣੇ ਬੱਚਿਆਂ ਅਤੇ ਅਧਿਆਪਕਾਂ ਲਈ ਲਿਆਂਦੇ ਚੀਅਰਿੰਗ ਕਾਰਡਾਂ ਨੇ ਮਾਹੌਲ ਨੂੰ ਹੋਰ ਵੀ ਉਤਸ਼ਾਹਪੂਰਨ ਬਣਾ ਦਿੱਤਾ। ਇਹ ਸਮਾਰੋਹ ਪ੍ਰਤਿਭਾ, ਆਤਮਵਿਸ਼ਵਾਸ ਅਤੇ ਸਾਂਝੀ ਖੁਸ਼ੀ ਦਾ ਪ੍ਰਤੀਕ ਬਣਿਆ।

# ਯੂਨੀਵਰਸਿਟੀ ਕਾਲਜ ਢਿੱਲਵਾਂ ਵਿਚ ਸਾਇੰਸ ਮੇਲਾ



ਤਪਾ, 3 ਮਾਰਚ (ਰਾਜੂ ਮਹਿਰਾ) : ਯੂਨੀਵਰਸਿਟੀ ਕਾਲਜ ਢਿੱਲਵਾਂ ਵਿਖੇ ਸਾਇੰਸ ਵਿਭਾਗ ਵੱਲੋਂ ਸਾਇੰਸ ਮੇਲਾ ਕਰਵਾਇਆ ਗਿਆ। ਇਸ ਸਾਇੰਸ ਮੇਲੇ ਵਿੱਚ ਸਾਇੰਸ ਵਿਭਾਗ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਭਾਗ ਲਿਆ। ਕਾਲਜ ਪ੍ਰਿੰਸੀਪਲ ਡਾ. ਲਖਵਿੰਦਰ ਸਿੰਘ ਰੱਖੜਾ ਨੇ ਦੱਸਿਆ ਕਿ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਜਿਵੇਂ ਕਿ ਇਨੋਵੇਟਿਵ ਮਾਡਲ ਮੇਕਿੰਗ, ਸਾਇੰਟੀਫਿਕ ਰੰਗੋਲੀ, ਕੁਇਜ਼, ਪੇਪਰ ਰੀਡਿੰਗ ਅਤੇ ਸਾਇੰਸ ਖੇਤਰੀ ਭਾਸ਼ਾਵਾਂ ਵਿੱਚ ਸਾਇੰਟਿਫਿਕ ਸਲੋਗਨ ਰਾਈਟਿੰਗ ਵਿੱਚ ਭਾਗ ਲਿਆ ਗਿਆ। ਉਨ੍ਹਾਂ ਦੱਸਿਆ ਕਿ ਕਾਲਜਾਂ ਵਿੱਚ ਕਰਵਾਏ ਜਾਣ ਵਾਲੇ ਸਾਇੰਸ ਮੇਲੇ ਵਿਦਿਆਰਥੀਆਂ ਵਿੱਚ ਵਿਗਿਆਨਕ ਸੋਚ, ਨਵੀਨਤਾ ਅਤੇ ਪ੍ਰਯੋਗਸ਼ੀਲਤਾ ਨੂੰ ਉਤਸ਼ਾਹਿਤ ਕਰਦੇ ਹਨ। ਪ੍ਰੋ. ਜੌਨੀ ਲਾਲ ਨੇ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਗਣਿਤ ਦੇ ਮਾਡਲ, ਪੋਸਟਰ ਮੇਕਿੰਗ, ਕੁਇਜ਼ ਅਤੇ ਨਵੀਨਤਮ ਤਕਨਾਲੋਜੀ ਪ੍ਰਦਰਸ਼ਿਤ ਕੀਤੀ। ਇਸ ਦੌਰਾਨ ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਵੰਡੇ। ਇਸ ਮੌਕੇ ਸਾਇੰਸ ਵਿਭਾਗ ਦੇ ਪ੍ਰੋ. ਜੌਨੀ ਲਾਲ, ਪ੍ਰੋ. ਸੰਦੀਪ ਸ਼ਰਮਾ, ਪ੍ਰੋ. ਜਗਵਿੰਦਰ ਸਿੰਘ, ਪ੍ਰੋ. ਹਰਪ੍ਰੀਤ ਕੌਰ, ਸ. ਸੁਰਜੀਤ ਸਿੰਘ ਅਤੇ ਸਮੂਹ ਸਟਾਫ਼ ਹਾਜ਼ਰ ਸਨ।

# ਆਜ਼ਾਦ ਸਪੋਰਟਸ ਕਲੱਬ ਚੀਮਾ ਨੇ ਅੱਖਾਂ ਦਾ ਮੁਫ਼ਤ ਆਪ੍ਰੇਸ਼ਨ ਅਤੇ ਡਾਕਟਰੀ ਜਾਂਚ ਕੈਂਪ ਲਗਾਇਆ



ਬਰਨਾਲਾ, 3 ਮਾਰਚ (ਬਘੇਲ ਸਿੰਘ ਧਾਲੀਵਾਲ) : ਆਜ਼ਾਦ ਸਪੋਰਟਸ ਐਂਡ ਵੈਲਫੇਅਰ ਕਲੱਬ ਚੀਮਾ ਵੱਲੋਂ ਗ੍ਰਾਮ ਪੰਚਾਇਤ, ਐਨਆਰਆਈ ਵੀਰ ਅਤੇ ਸਮੂਹ ਪਿੰਡ ਵਾਸੀਆਂ ਦੇ ਸਹਿਯੋਗ ਨਾਲ 29ਵਾਂ ਅੱਖਾਂ ਦਾ ਮੁਫ਼ਤ ਆਪਰੇਸ਼ਨ ਕੈਂਪ ਅਤੇ ਪਹਿਲਾ ਮੈਡੀਕਲ ਚੈਕਅਪ ਕੈਂਪ ਲਗਾਇਆ ਗਿਆ। ਇਸ ਕੈਂਪ ਦੌਰਾਨ ਪ੍ਰੇਮ ਅੱਖਾਂ ਦਾ ਹਸਪਤਾਲ ਬਰਨਾਲਾ ਦੇ ਡਾ. ਰੁਪੇਸ਼ ਸਿੰਗਲਾ ਦੀ ਟੀਮ ਵੱਲੋਂ 745 ਦੇ ਕਰੀਬ ਮਰੀਜ਼ਾਂ ਦੀਆਂ ਅੱਖਾਂ ਦੇ ਚੈੱਕਅੱਪ ਕੀਤੇ ਗਏ, ਜਿਨਾਂ ਵਿੱਚੋਂ 125 ਮਰੀਜ਼ ਲੈਂਨਜ਼ ਲਈ ਚੁਣੇ ਗਏ। ਇਸਤੋਂ ਇਲਾਵਾ 300 ਦੇ ਕਰੀਬ ਮਰੀਜ਼ਾਂ ਨੂੰ ਐਨਕਾਂ ਤੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ। ਉੱਥੇ ਬੀਐਮਸੀ ਹਸਪਤਾਲ ਬਰਨਾਲਾ ਦੇ ਡਾ.ਪ੍ਰਵੀਨ ਗਰਗ, ਡਾ. ਵਿਕਾਸ ਗੁਪਤਾ ਅਤੇ ਉਹਨਾਂ ਦੀ ਟੀਮ ਵੱਲੋਂ 290 ਦੇ ਕਰੀਬ ਮਰੀਜ਼ਾਂ ਦੀ ਜਾਂਚ ਕੀਤੀ ਗਈ। ਇਸ ਮੈਡੀਕਲ ਚੈੱਕਅੱਪ ਦੌਰਾਨ ਔਰਤਾਂ ਦੇ ਰੋਗ, ਪੇਟ, ਜਿਗਰ, ਨੱਕ, ਕੰਨ, ਗਲਾ ਅਤੇ ਹੋਰ ਅਲੱਗ-ਅਲੱਗ ਬਿਮਾਰੀਆਂ ਦੇ ਚੈੱਕਅਪ ਕੀਤੇ ਗਏ ਅਤੇ ਦਵਾਈਆਂ ਦਿੱਤੀਆਂ ਗਈਆਂ। ਇਸ ਤੋਂ ਪਹਿਲਾਂ ਇਸ ਕੈਂਪ ਦਾ ਰਸਮੀ ਉਦਘਾਟਨ ਭਾਜਪਾ ਦੇ ਜ਼ਿਲ੍ਹਾ ਯੂਥ ਪ੍ਰਧਾਨ ਰਮਨ ਜਵੰਦਾ, ਸਰਪੰਚ ਮਲੂਕ ਸਿੰਘ ਧਾਲੀਵਾਲ, ਬਸੰਤ ਸਿੰਘ ਪੇਸ਼ੀ, ਸੁਖਦੇਵ ਸਿੰਘ ਬਾਸੇਕਾ ਇਟਲੀ, ਨੰਬਰਦਾਰ ਚਰਨਜੀਤ ਸਿੰਘ ਸਮੂਹ ਡਾਕਟਰ ਅਤੇ ਕਲੱਬ ਆਗੂਆਂ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਇਸ ਕੈਂਪ ਵਿੱਚ ਬੂਟਾ ਸਿੰਘ ਸਾਦੇਕਾ, ਹਰਵਿੰਦਰ ਸਿੰਘ ਬੁਰਜ ਹਮੀਰਾ ਕੈਨੇਡਾ, ਜਸਵਿੰਦਰ ਸਿੰਘ ਨੱਥੂਵਾਲਾ, ਗੁਰਪ੍ਰੀਤ ਹੰਡਿਆਇਆ, ਗੁਰਦੇਵ ਸਿੰਘ ਫੌਜੀ ਕੈਨੇਡਾ, ਕੈਨੇਡੀਅਨ ਦਲਜੀਤ ਸਿੰਘ ਸਾਬਕਾ ਪ੍ਰਧਾਨ, ਪ੍ਰਿੰਸੀਪਲ ਜਨਕ ਰਾਜ ਸ਼ਰਮਾ, ਹਰਦੀਪ ਕੌਰ ਨਿਊਜ਼ੀਲੈਂਡ, ਅਮਨਦੀਪ ਕੌਰ ਸੇਖੋਂ ਨਿਊਜ਼ੀਲੈਂਡ, ਕਰਮਜੀਤ ਸਿੰਘ ਪੱਤੀ ਨਿਊਜ਼ੀਲੈਂਡ, ਮੀਕਾ ਮਹਿਲ ਕਲਾਂ ਕੈਨੇਡਾ, ਅਵੀਜੋਤ ਕਨੇਡਾ, ਦਿਲਪ੍ਰੀਤ ਕੈਨੇਡਾ, ਭੱਪਾ ਚੀਮਾ ਕੈਨੇਡਾ, ਗਗਨਦੀਪ ਸਿੰਘ ਕੈਨੇਡਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਅਤੇ ਐਨਆਰਆਈ ਵੀਰਾਂ ਦਾ ਸਹਿਯੋਗ ਰਿਹਾ। ਇਸ ਮੌਕੇ ਹਰਮਿਲਾਪ ਸਿੰਘ ਕੈਨੇਡਾ, ਅਵਤਾਰ ਸਿੰਘ ਕਨੇਡੀਅਨ, ਕੈਨੇਡੀਅਨ ਗੁਰਸੇਵਕ ਸਿੰਘ ਗੰਗੋਹਰ ਪਰਿਵਾਰ, ਚਮਕੌਰ ਸਿੰਘ ਸੁਖਪੁਰਾ, ਭੋਲਾ ਸਿੰਘ ਮਣਕੂ, ਭੁਪਿੰਦਰ ਸਿੰਘ ਮਣਕੂ, ਰੇਸ਼ਮ ਸਿੰਘ ਵੜੈਚ, ਰਮਨਦੀਪ ਪੇਸ਼ੀ, ਮਾਸਟਰ ਲਛਮਣ ਸਿੰਘ, ਸਤਨਾਮ ਸਿੰਘ ਸਰਪੰਚ, ਗੀਤਕਾਰ ਸਰਬਾ ਮਾਨ, ਸ਼ਿੰਗਾਰਾ ਸਿੰਘ, ਡਾ. ਦਰਸ਼ਨ ਕੁਮਾਰ ਚੀਮਾ, ਬਿੰਦਰ ਸਿੰਘ ਵੜੈਚ, ਪ੍ਰਦੀਪ ਸਿੰਘ ਵੜੈਚ ਆਦਿ ਨੇ ਹਾਜ਼ਰੀ ਲਗਵਾਈ। ਇਸ ਮੌਕੇ ਕਲੱਬ ਪ੍ਰਧਾਨ ਜੀਵਨ ਸਿੰਘ ਧਾਲੀਵਾਲ, ਲਖਵਿੰਦਰ ਸਿੰਘ ਸੀਰਾ, ਗੁਰਮੇਲ ਸਿੰਘ ਗੇਲਾ, ਕਰਮਜੀਤ ਸਿੰਘ ਜੀਤਾ, ਡਾ. ਕਰਮਜੀਤ ਸਿੰਘ ਬੱਬੂ ਵੜੈਚ, ਪਟਵਾਰੀ ਰਣਵੀਰ ਸਿੰਘ ਚੀਮਾ, ਅਮਨਦੀਪ ਸਿੰਘ ਅਮਨਾ, ਸੈਕਟਰੀ ਕਰਮਜੀਤ ਸਿੰਘ, ਵਾਹਿਗੁਰੂ ਪਾਲ ਸਿੰਘ ਗੋਰਾ, ਅਵਤਾਰ ਸਿੰਘ ਬਬਲੀ, ਮਿ. ਕੁਲਦੀਪ ਸਿੰਘ, ਪਰਗਟ ਸਿੰਘ ਧਾਲੀਵਾਲ, ਜਸਪ੍ਰੀਤ ਸਿੰਘ ਜੱਸੂ, ਨਵਜੀਤ ਸਿੰਘ ਪੇਸ਼ੀ, ਜਸਪ੍ਰੀਤ ਸਿੰਘ ਧਾਲੀਵਾਲ, ਬਲਵੀਰ ਸਿੰਘ ਬੀਰਾ, ਡਾ.ਗੁਰਪ੍ਰੀਤ ਸਿੰਘ ਚੀਮਾ, ਗੁਰਦਾਸ ਸਿੰਘ ਪੇਸ਼ੀ, ਸਵਰਨਜੀਤ ਸਿੰਘ ਫੌਜੀ, ਕੁਲਦੀਪ ਸਿੰਘ ਪੇਸ਼ੀ, ਵਿਸ਼ਵਜੀਤ ਸਿੰਘ, ਸਤਨਾਮ ਸਿੰਘ,ਗਗਨਦੀਪ ਸਿੰਘ, ਕਾਲਾ ਸਿੰਘ ਗੱਜੂਕਾ, ਡਾ.ਬੌਬੀ, ਹਰਪ੍ਰੀਤ ਧਾਲੀਵਾਲ, ਕਰਮਾ ਸਿੰਘ, ਅੰਮ੍ਰਿਤ ਸਿੰਘ, ਕੇਵਲ ਸਿੰਘ ਪੇਸ਼ੀ, ਹਰਮਨ ਸਿੰਘ, ਜੋਬਨਜੀਤ ਧਾਲੀਵਾਲ, ਅਰਮਾਨ, ਸਾਹਿਲ ਆਦਿ ਨੇ ਮਹਿਮਾਨਾਂ ਅਤੇ ਡਾਕਟਰਾਂ ਦਾ ਸਨਮਾਨ ਕੀਤਾ।

# ਕਵੀ ਦਰਬਾਰ ਅਤੇ ਸਨਮਾਨ ਸਮਾਰੋਹ 8 ਮਾਰਚ ਨੂੰ



ਬਰਨਾਲਾ, 3 ਮਾਰਚ (ਬਘੇਲ ਸਿੰਘ ਧਾਲੀਵਾਲ) : ਮਾਲਵਾ ਸਾਹਿਤ ਸਭਾ ਬਰਨਾਲਾ ਵੱਲੋਂ ਅੰਤਰਰਾਸ਼ਟਰੀ ਔਰਤ ਦਿਹਾੜੇ ਨੂੰ ਸਮਰਪਿਤ ਮਹੀਨਾਵਾਰ ਸਾਹਿਤਕ ਸਮਾਗਮ ਸਥਾਨਕ ਪੰਜਾਬ ਆਈਟੀਆਈ ਹੰਢਿਆਇਆ ਰੋਡ ਬਰਨਾਲਾ ਵਿਖੇ ਮਿਤੀ 8 ਮਾਰਚ ਦਿਨ ਐਤਵਾਰ ਨੂੰ ਸਵੇਰੇ

10 :30ਵਜੇ ਕਰਵਾਇਆ ਜਾ ਰਿਹਾ ਹੈ ਜਾਣਕਾਰੀ ਦਿੰਦਿਆਂ ਡਾ ਅਮਨਦੀਪ ਸਿੰਘ ਟੱਲੇਵਾਲੀਆ ਨੇ ਦੱਸਿਆ ਕਿ ਇਸ ਸਮਾਗਮ ਵਿੱਚ ਚਮਕੌਰ ਸਿੰਘ ਸੇਖੋਂ ਭੋਤਨਾ ਦੀ ਪੁਸਤਕ ਕਿੱਸਾ ਸ਼ੀਰੀ ਫ਼ਰਿਹਾਦ ਤੇ ਕਾਕਾ ਪਰਤਾਪੀ (ਕਿੱਸਾ ਕਾਵਿ) ਦਾ ਲੋਕ ਅਰਪਣ ਕੀਤਾ ਜਾਵੇਗਾ । ਪੰਜਾਬੀ ਕਵੀ ਸਿੰਦਰ ਧੌਲਾ ਅਤੇ ਪਰਿਵਾਰ ਵੱਲੋਂ ਬੇਬੇ ਬਿਮਲਾ ਦੇਵੀ ਅਤੇ ਬਾਪੂ ਸੂਬੇਦਾਰ ਬਚਨ ਸਿੰਘ ਧੌਲਾ ਦੀ ਨਿੱਘੀ ਯਾਦ ਨੂੰ ਸਮਰਪਿਤ ਪੰਜਵਾਂ ਪੁਰਸਕਾਰ ਪ੍ਰਸਿੱਧ ਗੀਤਕਾਰ ਹਰਦੇਵ ਸਿੰਘ ਗਿਆਨੀ (ਦੇਵ ਖੁੱਡੀ ਕਲਾਂ ) ਨੂੰ ਦਿੱਤਾ ਜਾਵੇਗਾ। ਕਹਾਣੀਕਾਰ ਪਰਮਜੀਤ ਮਾਨ ਅਤੇ ਪਰਿਵਾਰ ਵੱਲੋਂ ਬਾਪੂ ਗਿਆਨੀ ਤਾਰਾ ਸਿੰਘ ਪ੍ਰਦੇਸੀ ਜੀ ਦੀ ਯਾਦ ਨੂੰ ਸਮਰਪਿਤ ਇਨਾਮੀ ਕਵੀ ਦਰਬਾਰ ਕਰਵਾਇਆ ਜਾਵੇਗਾ। ਤੇਜਾ ਸਿੰਘ ਤਿਲਕ ਭੋਲਾ ਸਿੰਘ ਸੰਘੇੜਾ ਡਾਕਟਰ ਸੰਪੂਰਨ ਸਿੰਘ ਟੱਲੇਵਾਲੀਆ ਦਰਸ਼ਨ ਸਿੰਘ ਗੁਰੂ ਅਤੇ ਹਾਕਮ ਸਿੰਘ ਰੂੜੇਕੇ ਇਸ ਸਮਾਗਮ ਦੇ ਮੁੱਖ ਬੁਲਾਰੇ ਹੋਣਗੇ।

# ਜੈ ਵਾਟਿਕਾ ਪਬਲਿਕ ਸਕੂਲ ਵੱਲੋਂ ਵਿਕਟਰੀ ਵਾਈਬਸ ਕਾਰਨੀਵਲ ਦੀ ਮੇਜ਼ਬਾਨੀ



ਬਰਨਾਲਾ, 3 ਮਾਰਚ (ਇਸ਼ੇਨ ਕੰਗ) : ਬਚਪਨ ਖੁਸ਼ੀ ਦੀ ਇੱਕ ਸੁੰਦਰ ਯਾਤਰਾ ਹੈ, ਅਤੇ ਹਰ ਮੁਸਕਰਾਹਟ ਇੱਕ ਅਨਮੋਲ ਪ੍ਰਾਪਤੀ ਹੈ। ਇਸ ਭਾਵਨਾ ਦੇ ਅਨੁਸਾਰ, ਜੈ ਵਾਟਿਕਾ ਪਬਲਿਕ ਸਕੂਲ ਨੇ ਮੋਂਟੇਸਰੀ ਤੋਂ ਲੈ ਕੇ ਤੀਜੀ ਜਮਾਤ ਤੱਕ ਦੇ ਵਿਦਿਆਰਥੀਆਂ ਲਈ ਬਹੁਤ ਉਮੀਦ ਕੀਤੀ ਗਈ ਵਿਕਟਰੀ ਵਾਈਬਸ ਕਾਰਨੀਵਲ ਦੀ ਮੇਜ਼ਬਾਨੀ ਕੀਤੀ। ਇਸ ਖਾਸ ਮੌਕੇ ਤੇ ਸਕੂਲ ਕੈਂਪਸ ਹਾਸੇ, ਖੁਸ਼ੀ, ਉਤਸ਼ਾਹ ਅਤੇ ਰੰਗੀਨ ਸਜਾਵਟ ਨਾਲ ਭਰਿਆ ਹੋਇਆ ਸੀ। ਛੋਟੇ ਵਿਦਿਆਰਥੀਆਂ ਦੇ ਚਿਹਰਿਆਂ ਤੇ ਖੁਸ਼ੀ ਅਤੇ ਚਮਕਦਾਰ ਮੁਸਕਰਾਹਟ ਇਸ ਪ੍ਰੋਗਰਾਮ ਦੀ ਸਫਲਤਾ ਦਾ ਪ੍ਰਮਾਣ ਸੀ। ਸਕੂਲ ਕੈਂਪਸ ਨੂੰ ਆਕਰਸ਼ਕ ਗੁਬਾਰਿਆਂ, ਰੰਗੀਨ ਝੰਡਿਆਂ ਅਤੇ ਮਨਮੋਹਕ ਸਜਾਵਟ ਨਾਲ ਇੱਕ ਮਿੰਨੀ ਮਜ਼ੇਦਾਰ ਸ਼ਹਿਰ ਵਿੱਚ ਬਦਲ ਦਿੱਤਾ ਗਿਆ ਸੀ, ਜਿਸ ਨਾਲ ਬੱਚਿਆਂ ਨੂੰ ਇੱਕ ਜਾਦੂਈ ਦੁਨੀਆ ਵਿੱਚ ਲਿਜਾਇਆ ਗਿਆ ਸੀ। ਉਤਸ਼ਾਹ ਦਾ ਮਾਹੌਲ ਰਾਜ ਕਰਦਾ ਸੀ, ਅਤੇ ਹਰ ਕੋਨਾ ਖੁਸ਼ੀ ਅਤੇ ਉਤਸ਼ਾਹ ਨਾਲ ਭਰਿਆ ਹੋਇਆ ਸੀ। ਕਾਰਨੀਵਲ ਵਿੱਚ ਕਈ ਤਰ੍ਹਾਂ ਦੀਆਂ ਉਮਰ-ਮੁਤਾਬਕ ਅਤੇ ਸੁਰੱਖਿਅਤ ਗਤੀਵਿਧੀਆਂ ਸ਼ਾਮਲ ਸਨ, ਜਿਨ੍ਹਾਂ ਵਿੱਚ ਟ੍ਰੈਂਪੋਲਾਈਨ, ਡਾਰਟ ਗੇਮਜ਼, ਕਾਰਟੂਨ ਪਾਤਰਾਂ ਨਾਲ ਮੁਲਾਕਾਤਾਂ, ਇੱਕ ਮਿੰਨੀ ਟ੍ਰੇਨ ਸਵਾਰੀ ਅਤੇ ਇੱਕ ਜ਼ੋਰਬ ਪੂਲ ਸ਼ਾਮਲ ਸਨ। ਇਸ ਪ੍ਰੋਗਰਾਮ ਦਾ ਮੁੱਖ ਉਦੇਸ਼ ਵਿਦਿਆਰਥੀਆਂ ਵਿੱਚ ਸਰੀਰਕ ਤੰਦਰੁਸਤੀ, ਟੀਮ ਵਰਕ, ਆਤਮਵਿਸ਼ਵਾਸ ਅਤੇ ਖੇਡ ਭਾਵਨਾ ਦਾ ਵਿਕਾਸ ਕਰਨਾ ਸੀ । ਕਾਰਨੀਵਲ ਸਿਰਫ਼ ਮਨੋਰੰਜਨ ਤੱਕ ਹੀ ਸੀਮਿਤ ਨਹੀਂ ਸੀ; ਇਹ ਸਿੱਖਣ ਅਤੇ ਸ਼ਖਸੀਅਤ ਵਿਕਾਸ ਲਈ ਇੱਕ ਸ਼ਕਤੀਸ਼ਾਲੀ ਮਾਧਿਅਮ ਵਜੋਂ ਵੀ ਕੰਮ ਕਰਦਾ ਸੀ। ਇਸ ਸਮਾਗਮ ਨੇ ਬੱਚਿਆਂ ਨੂੰ ਸਮਾਜਿਕ ਹੁਨਰ ਵਿਕਸਤ ਕਰਨ, ਨਵੇਂ ਦੋਸਤ ਬਣਾਉਣ ਅਤੇ ਭਾਈਚਾਰਕ ਭਾਗੀਦਾਰੀ ਦੀ ਭਾਵਨਾ ਨੂੰ ਮਜ਼ਬੂਤ ਕਰਨ ਦਾ ਮੌਕਾ ਪ੍ਰਦਾਨ ਕੀਤਾ। ਅਧਿਆਪਕਾਂ ਨੇ ਵੀ ਬੱਚਿਆਂ ਨਾਲ ਹਿੱਸਾ ਲਿਆ ਅਤੇ ਉਨ੍ਹਾਂ ਦਾ ਮਾਰਗਦਰਸ਼ਨ ਕੀਤਾ, ਜਿਸ ਨਾਲ ਸਮਾਗਮ ਹੋਰ ਵੀ ਸਫਲ ਅਤੇ ਸੰਗਠਿਤ ਹੋ ਗਿਆ। ਇਸ ਮੌਕੇ ਬੱਚਿਆਂ ਲਈ ਸੁਆਦੀ ਰਿਫਰੈਸ਼ਮੈਂਟ ਦਾ ਵੀ ਵਿਸ਼ੇਸ਼ ਤੌਰ 'ਤੇ ਪ੍ਰਬੰਧ ਕੀਤਾ ਗਿਆ ਸੀ। ਆਕਰਸ਼ਕ ਵਾਪਸੀ ਤੋਹਫ਼ਿਆਂ ਨੇ ਉਨ੍ਹਾਂ ਦੀ ਖੁਸ਼ੀ ਨੂੰ ਹੋਰ ਵਧਾ ਦਿੱਤਾ। ਹਰੇਕ ਬੱਚੇ ਦੇ ਚਿਹਰੇ ਤੇ ਸੰਤੁਸ਼ਟੀ ਅਤੇ ਖੁਸ਼ੀ ਦੀ ਝਲਕ ਸਾਫ਼ ਦਿਖਾਈ ਦੇ ਰਹੀ ਸੀ। ਸਕੂਲ ਪ੍ਰਿੰਸੀਪਲ ਡਾ. ਪਰਵਿੰਦਰ ਕੌਰ ਨੇ ਇਸ ਸਮਾਗਮ ਨੂੰ ਸਫਲ ਬਣਾਉਣ ਲਈ ਸਮਰਪਿਤ ਅਧਿਆਪਕਾਂ, ਸਟਾਫ਼ ਮੈਂਬਰਾਂ ਅਤੇ ਸਹਿਯੋਗੀ ਮਾਪਿਆਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਦੇ ਸਹਿਯੋਗ ਅਤੇ ਯਤਨਾਂ ਨੇ ਇਸ ਕਾਰਨੀਵਲ ਨੂੰ ਇੱਕ ਸ਼ਾਨਦਾਰ ਸਫਲਤਾ ਦਿੱਤੀ।ਕੈਂਪਸ ਵਿੱਚ ਗੂੰਜਦੇ ਬੱਚਿਆਂ ਦੇ ਹਾਸੇ ਅਤੇ ਖੁਸ਼ੀ ਭਰੇ ਮਾਹੌਲ ਨੂੰ ਵੇਖਦਿਆਂ, ਸਕੂਲ ਡਾਇਰੈਕਟਰ ਸ਼੍ਰੀਮਤੀ ਵਨੀਸ਼ਾ ਬਾਂਸਲ ਨੇ ਇਹ ਸੰਦੇਸ਼ ਦਿੱਤਾ ਕਿ ਜ਼ਿੰਦਗੀ ਦੀਆਂ ਸਭ ਤੋਂ ਸਰਲ ਅਤੇ ਸਭ ਤੋਂ ਮਾਸੂਮ ਖੁਸ਼ੀਆਂ ਸਭ ਤੋਂ ਵੱਡੀਆਂ ਅਤੇ ਸਭ ਤੋਂ ਕੀਮਤੀ ਹੁੰਦੀਆਂ ਹਨ।



# ਪਟਿਆਲਾ–ਆਸ/ਪਾਸ



# ਗੁਰਦੁਆਰਾ ਸਾਹਿਬ ਸੂਰਾਜਪੁਰ ਵਿਖੇ ਮਹਾਨ ਗੁਰਮਤਿ ਸਮਾਗਮ ਖ਼ਾਲਸਾਈ ਜਾਹੋ-ਜਲਾਲ ਨਾਲ ਸੰਪੰਨ

## ➢ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਸਾਨੂੰ ਹਿਰਦੇ ਦਾ ਪ੍ਰਕਾਸ਼ ਬਖ਼ਸ਼ਦੀ ਹੈ : ਬਾਬਾ ਬਲਬੀਰ ਸਿੰਘ



ਨਾਭਾ, 3 ਮਾਰਚ (ਬਲਜਿੰਦਰ ਮਾਨ) : ਰਿਆਸਤੀ ਸ਼ਹਿਰ ਨਾਭਾ ਦੇ ਨੇੜਲੇ ਪਿੰਡ ਸੁਰਾਜਪੁਰ ਵਿਖੇ ਸੁਸ਼ੋਭਿਤ ਗੁਰ ਅਸਥਾਨ ਗੁਰਦੁਆਰਾ ਸੰਤ ਈਸਰ ਸਿੰਘ ਜੀ ਆਸ਼ਰਮ ਸਰਾਜਪੁਰ ਵਿਖੇ ਦਸਾਂ ਪਾਤਸ਼ਾਹੀਆਂ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਤੇ ਨਵੇ ਬਣੇ ਦਰਬਾਰ ਸਾਹਿਬ ਵਿੱਚ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਹਰਭਜਨ ਸਿੰਘ ਜੀ ਦੁਆਰਾ ਚਲਾਈ ਪਰਪਾਟੀ ਅਨੁਸਾਰ ਗੁਰ ਅਸਥਾਨ ਦੇ ਮੌਜੂਦਾ ਮੁਖੀ ਸੰਤ ਬਾਬਾ ਬਲਬੀਰ ਸਿੰਘ ਜੀ ਦੇ ਉੱਦਮ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਸਦਕਾ ਕਰਵਾਇਆ ਗਿਆ ਮਹਾਨ ਗੁਰਮਤਿ ਸਮਾਗਮ ਖਾਲਸਾਈ ਜਾਹੋ ਜਲਾਲ ਨਾਲ ਸੰਪੂਰਨ ਹੋਇਆ। ਗੁਰਮਤਿ ਸਮਾਗਮ ਦੌਰਾਨ ਪੰਥ ਦੇ ਮਹਾਨ ਰਾਗੀ ਢਾਡੀ ਪ੍ਰਚਾਰਕਾਂ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਪੰਥ ਦੇ ਮਹਾਨ ਕੀਰਤਨੀਏ ਸੰਤ ਬਾਬਾ ਅਵਤਾਰ ਸਿੰਘ ਜੀ ਧੂਲਕੋਟ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਰਾਹੀਂ ਗੁਰੂ ਚਰਨਾਂ ਨਾਲ ਜੋੜਿਆ। ਇਸ ਮੌਕੇ ਸਮਾਗਮ ਦੀ ਸੰਪੂਰਨਤਾ ਮੌਕੇ ਬਾਬਾ ਬਲਬੀਰ ਸਿੰਘ ਨੇ ਸੰਗਤਾਂ ਅਤੇ ਆਏ ਰਾਗੀ ਢਾਡੀ, ਪ੍ਰਚਾਰਕ, ਸੰਤਾਂ ਮਹਾਂਪੁਰਖਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਹਮੇਸ਼ਾ ਹੀ ਸਿੱਖ ਕੌਮ ਦੇ ਸਾਨਾਮਤੀ ਅਤੇ ਵਿਲੱਖਣ ਅਤੇ ਇਤਿਹਾਸ ਨੂੰ ਹਮੇਸ਼ਾ ਹੀ ਯਾਦ ਰੱਖਦਿਆਂ ਖੰਡੇ ਬਾਟੇ ਦੀ ਪਾਹੁਲ ਛੱਕ ਸ਼ਬਦ ਗੁਰੂ ਦੇ ਲੜ ਲੱਗਣਾ ਚਾਹੀਦਾ ਹੈ ਇਸ ਮੌਕੇ ਸੰਤ ਬਾਬਾ ਰਣਜੀਤ ਸਿੰਘ ਢੀਂਗੀ ਵਾਲੇ, ਸੰਤ ਬਾਬਾ ਰੋਸ਼ਨ ਸਿੰਘ ਦਬਲਾਨ ਵਾਲੇ ਸੰਤ ਬਾਬਾ ਗੁਰਮੁਖ ਸਿੰਘ ਆਲੋਵਾਲ ਵਾਲੇ, ਸੰਤ ਬਾਬਾ ਹਰਨੇਕ ਸਿੰਘ ਰਾਮਪੁਰ ਵਾਲੇ, ਸੰਤ ਬਾਬਾ ਸਤਨਾਮ ਸਿੰਘ ਭੀਖੀ ਵਾਲਿਆਂ ਦਾ ਜੱਥਾ, ਗਿਆਨੀ ਅਵਤਾਰ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਪਾਤਸ਼ਾਹੀ ਨੌਵੀਂ ਬਹਾਦਰਗੜ੍ਹ, ਗਿਆਨੀ ਜਸਵਿੰਦਰ ਸਿੰਘ ਹਜ਼ੂਰੀ ਕਥਾਵਾਚਕ ਗੁ: ਸਾਹਿਬ ਪਿੰਡ ਤੁੰਗਾਂ ਬਾਬਾ ਪਰਮਜੀਤ ਸਿੰਘ ਖੇੜੀ ਮਾਨੀਆ ਤੋਂ ਇਲਾਵਾ ਹੋਰ ਬਹੁਤ ਸਾਰੇ ਰਾਗੀ ਢਾਡੀ ਪ੍ਰਚਾਰਕਾਂ ਦੁਆਰਾ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ ਗਿਆ। ਸਟੇਜ ਸਕੱਤਰ ਦੀ ਸੇਵਾ ਗੁਰਮੁਖ ਸਿੰਘ ਭੋਜੋ ਮਾਜਰੀ ਅਤੇ ਜਥੇਦਾਰ ਜਸਵਿੰਦਰ ਸਿੰਘ ਦੁਬਾਰਾ ਬਾਖੂਬੀ ਨਿਭਾਈ ਗਈ। ਇਸ ਦੌਰਾਨ ਵਿਸ਼ੇਸ਼ ਤੌਰ ਤੇ ਲਗਾਏ ਗਏ ਖ਼ੂਨ ਦਾਨ ਕੈਂਪ ਵਿੱਚ ਵੱਡੀ ਗਿਣਤੀ ਵਿੱਚ ਨੌਜਵਾਨਾਂ ਵੱਲੋਂ ਖ਼ੂਨ ਦਾਨ ਕਰਕੇ ਆਪਣਾ ਯੋਗਦਾਨ ਪਾਇਆ। ਇਸ ਮੌਕੇ ਬਾਬਾ ਲਾਲ ਸਿੰਘ, ਬਾਬਾ ਹਰਕੀਰਤ ਸਿੰਘ ਤੁੰਗਾਂ, ਬਾਬਾ ਅਮਰਜੀਤ ਸਿੰਘ ਪੇਧਨ ਵਾਲੇ, ਬਾਬਾ ਮੋਹਨ ਸਿੰਘ ਰਾਜਗੜ੍ਹ, ਬਾਬਾ ਪਰਗਟ ਸਿੰਘ, ਕਰਮਜੀਤ ਸਿੰਘ ਅਲੌਹਰਾਂ ਪ੍ਰਧਾਨ ਆੜ੍ਹਤੀਆ ਐਸੋਸੀਏਸ਼ਨ ਅਨਾਜ ਮੰਡੀ ਨਾਭਾ, ਮੇਜਰ ਸਿੰਘ ਮਸਾਣੀ ਅਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸਾਹਿਬਜ਼ਾਦਾ ਬਾਬਾ ਅਜੀਤ ਸਿੰਘ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਲੋੜਵੰਦ ਲੜਕੀਆਂ ਦੇ ਆਨੰਦ ਕਾਰਜ ਕਰਵਾਏ



ਨਾਭਾ, 3 ਮਾਰਚ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਨਾਭੇ ਨੇੜੇ ਪਿੰਡ ਕਕਰਾਲਾ ਦੇ ਗੁਰਦੁਆਰਾ ਪਰਮਸਰ ਸਾਹਿਬ ਵਿਖੇ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਲੋੜਵੰਦ ਗਰੀਬ ਪਰਿਵਾਰ ਦੀਆਂ ਚਾਰ ਲੜਕੀਆਂ ਦੇ ਸ਼ੁਭ ਅਨੰਦ ਕਾਰਜ ਕਰਵਾਏ। ਮੁੱਖ ਪ੍ਰਬੰਧਕ ਭਾਈ ਜਗਜੀਤ ਸਿੰਘ ਕਕਰਾਲਾ ਵੱਲੋਂ ਕੀਤੇ ਗਏ ਮਹਾਨ ਉੱਦਮ ਸਦਕਾ ਸੰਗਤਾਂ ਦੇ ਸਹਿਯੋਗ ਨਾਲ ਇਸ ਮਹਾਨ ਗੁਰਮਤਿ ਸਮਾਗਮ ਵਿੱਚ ਕਥਾ ਕੀਰਤਨ ਅਤੇ ਗੁਰਮਤ ਦੀਆਂ ਵਿਚਾਰਾਂ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਪ੍ਰਸਿੱਧ ਕਥਾਵਾਚਕ ਗਿਆਨੀ ਰਾਜਿੰਦਰਪਾਲ ਸਿੰਘ, ਸੰਤ ਅਮਰੀਕ ਸਿੰਘ ਪੰਜ ਭੈਣੀਆਂ ਵਾਲੇ, ਸੰਤ ਬਾਬਾ ਨਰਿੰਦਰ ਸਿੰਘ ਜੀ ਅਲੌਹਰਾਂ ਸਾਹਿਬ ਵਾਲੇ ਬਾਬਾ ਰਾਜਨਦੀਪ ਸਿੰਘ ਅਨੰਦਪੁਰ ਸਾਹਿਬ ਵਾਲੇ, ਸੰਤ ਬਾਬਾ ਅਜੀਤ ਸਿੰਘ ਸੁਲਤਾਨਪੁਰ ਲੋਧੀ ਵਾਲੇ, ਬਾਬਾ ਹਰਬੰਸ ਸਿੰਘ ਜੈਨਪੁਰ ਵਾਲੇ, ਬਾਬਾ ਮੁਖਤਿਆਰ ਸਿੰਘ ਮੁਖੀ ਯੂਐਸਏ ਵਾਲਿਆਂ ਬੀਬੀ ਸੁਮਨਦੀਪ ਕੌਰ ਕੁੱਪਰਹੀੜਾ ਢਾਡੀ ਜਥਾ, ਬਾਬਾ ਗੁਰਪ੍ਰੀਤ ਸਿੰਘ ਮੋਲਗੜ ਵਾਲੇ, ਬਾਬਾ ਹੀਰਾ ਸਿੰਘ ਖੁਰਾਲਗੜ੍ਹ ਵਾਲੇ, ਬਾਬਾ ਸਰਬ ਜੋਤ ਸਿੰਘ ਡਾਂਗੋ ਵਾਲੇ, ਜਥੇ ਵੱਲੋਂ ਅਤੇ ਹੋਰ ਮਹਾਂਪੁਰਖਾਂ ਤੇ ਪ੍ਰਚਾਰਕਾਂ ਨੇ ਗੁਰਮਤ ਵਿਚਾਰਾਂ ਦੀ ਸਾਂਝ ਪਾਈ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਵਰਤਮਾਨ ਸਮੇਂ ਨੌਜਵਾਨ ਬੱਚੇ ਬੱਚਿਆਂ ਨੂੰ ਗੁਰੂ ਦੇ ਲੜ ਲੱਗ ਕੇ ਆਪਣਾ ਜਨਮ ਜੀਵਨ ਸਫਲਾ ਕਰਨਾ ਚਾਹੀਦਾ ਹੈ. ਨੌਜਵਾਨਾਂ ਨੂੰ ਨਸ਼ਿਆਂ ਤੋਂ ਮੁਕਤ ਇਕ ਸੁਚੱਜਾ ਜੀਵਨ ਜਿਉਣਾ ਚਾਹੀਦਾ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੰਤ ਬਾਬਾ ਦਾਰਾ ਸਿੰਘ ਮੂਲਾਬੱਧਾ, ਜਸਵੀਰ ਸਿੰਘ ਜੱਸੀ ਸੋਹੀਆਂਵਾਲੇ ਚੇਅਰਮੈਨ, ਮੱਖਣ ਸਿੰਘ ਲਾਲਕਾ ਹਲਕਾ ਇੰਚਾਰਜ ਸ਼੍ਰੋਮਣੀ ਅਕਾਲੀ ਦਲ ਨਾਭਾ, ਪਰਮਜੀਤ ਸਿੰਘ ਕੈਂਥ ਸੀਨੀਅਰ ਲੀਡਰ ਭਾਜਪਾ, ਐਡਵੋਕੇਟ ਰਵਿੰਦਰ ਸਿੰਘ ਸ਼ਾਹਪੁਰ, ਬ੍ਰਹਮਕੁਮਾਰੀ ਕੁਮਾਰੀ ਭੈਣ ਬੀਨਾ ਦੇਵੀ, ਐਡਵੋਕੇਟ ਬਬਲੂ ਖੋਰਾ, ਰਵਿੰਦਰ ਰਵੀ ਕੈਨੇਡਾ, ਚਰਨਪ੍ਰੀਤ ਸਿੰਘ ਪ੍ਰਚਾਰਕ ਮਾਹੋਰਾਣਾ ਆਦਿ ਨੇ ਵਿਸ਼ੇਸ਼ ਸ਼ਿਰਕਤ ਕੀਤੀ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ।

**ਜਥੇਬੰਦਕ ਢਾਂਚੇ ਦਾ ਵਿਸਥਾਰ**

# ਐਂਟੀ ਡਰੱਗ ਫੈਡਰੇਸ਼ਨ ਆਫ ਇੰਡੀਆ ਦੇ ਕੌਮੀ ਚੇਅਰਮੈਨ ਰਣਜੀਤ ਸਿੰਘ ਨਿਕੜਾ ਵੱਲੋਂ ਵਾਰਡਾਂ ਦੇ ਪ੍ਰਧਾਨ ਨਿਯੁਕਤ

## ➢ਨਵੀਨ ਸ਼ਰਮਾ ਪਟਿਆਲਾ ਸ਼ਹਿਰ ਦੇ ਐਕਟਿੰਗ ਪ੍ਰਧਾਨ ਬਣੇ



ਪਟਿਆਲਾ, 3 ਮਾਰਚ (ਚ.ਨ.ਸ.) : ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਟੀਚਾ ਲੈ ਕੇ ਚੱਲੀ ਐਂਟੀ ਡਰੱਗ ਫੈਡਰੇਸ਼ਨ ਆਫ ਇੰਡੀਆ ਦੇ ਕੌਮੀ ਚੇਅਰਮੈਨ ਰਣਜੀਤ ਸਿੰਘ ਨਿਕੜਾ ਨੇ ਜਥੇਬੰਦਕ ਢਾਂਚੇ ਦੇ ਵਿਸਥਾਰ ਦਾ ਐਲਾਨ ਕਰਦੇ ਹੋਏ ਸ਼ਹਿਰ ਦੇ 18 ਵਾਰਡਾਂ ਦੇ ਪ੍ਰਧਾਨ ਨਿਯੁਕਤ ਕਰ ਦਿੱਤੇ ਹਨ ਅਤੇ ਨਾਲ ਹੀ ਨਵੀਨ ਸ਼ਰਮਾ ਨੂੰ ਪਟਿਆਲਾ ਸ਼ਹਿਰ ਦਾ ਐਕਟਿੰਗ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਕੌਮੀ ਚੇਅਰਮੈਨ ਨਿਕੜਾ ਨੇ ਐਲਾਨ ਕੀਤਾ ਹੈ ਕਿ ਜਲਦੀ ਹੀ ਸ਼ਹਿਰ ਦੇ ਸਾਰੇ 60 ਵਾਰਡਾਂ ਦੇ ਪ੍ਰਧਾਨ ਨਿਯੁਕਤ ਕਰਕੇ ਪੂਰਾ ਜਥੇਬੰਦਕ ਢਾਂਚਾ ਖੜਾ ਕੀਤਾ ਜਾਵੇਗਾ। ਕੌਮੀ ਚੇਅਰਮੈਨ ਰਣਜੀਤ ਸਿੰਘ ਨਿਕੜਾ ਨੇ ਜਿਹੜੇ ਆਗੂਆਂ ਨੂੰ ਵਾਰਡ ਪ੍ਰਧਾਨਾਂ ਦੀ ਜਿੰਮੇਵਾਰੀ ਸੌਂਪੀ ਹੈ, ਉਨ੍ਹਾਂ ਵਿਚ ਇੰਦਰਦੀਪ ਸਿੰਘ ਨੂੰ ਵਾਰਡ ਨੰ:51 ਦਾ ਪ੍ਰਧਾਨ, ਤਰੁਣ ਬਿੰਦਰਾ ਨੂੰ ਵਾਰਡ ਨੰ: 58, ਸੁਖਜੀਵਨ ਸੰਧੂ ਨੂੰ ਵਾਰਡ ਨੰ:25, ਮਨਿੰਦਰ ਮਨੀ ਨੂੰ ਵਾਰਡ ਨੰ: 6, ਰਾਜੀਵ ਦੱਤ ਸ਼ਰਮਾ ਨੂੰ ਵਾਰਡ ਨੰ:3, ਸੁਖਪ੍ਰੀਤ ਸਿੰਘ ਨੂੰ ਵਾਰਡ ਨੰ:5, ਇੰਦਰਜੀਤ ਸਿੰਘ ਨੂੰ ਵਾਰਡ ਨੰ:49, ਗੁਰਵਿੰਦਰ ਸਿੰਘ ਨੂੰ ਵਾਰਡ ਨੰ:27, ਸੰਤੋਸ਼ ਕੁਮਾਰ ਨੂੰ ਵਾਰਡ ਨੰ:47, ਦੀਪਕ ਸ਼ਰਮਾ ਨੂੰ ਵਾਰਡ ਨੰ:30, ਸੋਮ ਦੱਤ ਸ਼ਰਮਾ ਨੂੰ ਵਾਰਡ ਨੰ:24, ਸੋਨੂੰ ਰਾਜਪੂਤ ਨੂੰ ਵਾਰਡ ਨੰ:60, ਗੁਰਚਰਨ ਸਿੰਘ ਨੂੰ ਵਾਰਡ ਨੰ:18, ਧਰਮਿੰਦਰ ਸਿੰਘ ਵਾਰਡ ਨੰ:10, ਅਮਰਜੀਤ ਸਿੰਘ ਨੂੰ ਵਾਰਡ ਨੰ:41, ਸੰਤੋਸ਼ ਕੁਮਾਰ ਨੂੰ ਵਾਰਡ ਨੰ:47, ਕਮਲਪ੍ਰੀਤ ਸਿੰਘ ਮਲਹੋਤਰਾ ਨੂੰ ਵਾਰਡ ਨੰ: 40, ਸ਼ਰਨਜੀਤ ਸਿੰਘ ਨੂੰ ਵਾਰਡ ਨੰ:42, ਜੰਗ ਸਿੰਘ ਨੂੰ ਵਾਰਡ ਨੰ:15 ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਜਦੋਂ ਕਿ ਹਰਜੋਤ ਸਿੰਘ ਨੂੰ ਵਾਰਡ ਨੰ:15 ਦਾ ਕੋ ਇੰਚਾਰਜ਼ ਲਗਾਇਆ ਗਿਆ ਹੈ। ਇਸ ਮੌਕੇ ਹਰਿੰਦਰ ਸਿੰਘ ਖਾਲਸਾ ਕੌਮੀ ਜਨਰਲ ਸਕੱਤਰ, ਪਰਮਜੀਤ ਸਿੰਘ ਸੰਧੂ ਮੁੱਖ ਸਲਾਹਕਾਰ, ਜਸਵਿੰਦਰ ਬੇਦੀ ਆਫਿਸ ਸਕੱਤਰ, ਸੁਖਜੀਵਨ ਸੰਧੂ ਜਥੇਬੰਦਕ ਸਕੱਤਰ, ਗੁਰਬਚਨ ਸਿੰਘ ਖਾਲਸਾ ਜਥੇਬੰਦਕ ਸਕੱਤਰ, ਅਰਵਿੰਦਰ ਖੁਰਾਣਾ ਪ੍ਰਧਾਨ ਪਟਿਆਲਾ ਦਿਹਾਤੀ, ਗੁਰਮੀਤ ਸਿੰਘ ਢੀਂਡਸਾ ਨੂੰ ਜਥੇਬੰਦਕ ਸਕੱਤਰ ਅਤੇ ਸੁਖਵਿੰਦਰ ਸਿੰਘ ਮੀਤ ਪ੍ਰਧਾਨ ਪਟਿਆਲਾ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਨਾਟਕ ਮੇਲੇ ਸਮਾਜਿਕ ਚੇਤਨਾ ਜਗਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਨੇ : ਡਾ. ਸਵਰਾਜ ਸਿੰਘ

ਪਟਿਆਲਾ, 3 ਮਾਰਚ (ਚ.ਨ.ਸ.) : ਦੋ ਦਿਨਾਂ ਬਸੰਤ ਨਾਟਕ ਮੇਲੇ ਦੀ ਉਦਘਾਟਨੀ ਅਤੇ ਸਮਾਪਤੀ ਸਮਾਗਮ



'ਚ ਬੋਲਦਿਆਂ ਅੰਤਰਰਾਸ਼ਟਰੀ ਮਾਮਲਿਆਂ ਦੇ ਮਾਹਰ ਵਿਸ਼ਵ ਚਿੰਤਕ ਅਤੇ ਸ਼੍ਰੋਮਣੀ ਦਾਰਸ਼ਨਿਕ ਅਵਾਰਡ ਨਾਲ ਸਨਮਾਨਿਤ ਡਾਕਟਰ ਸਵਰਾਜ ਸਿੰਘ ਨੇ ਕਿਹਾ ਕਿ ਨਾਟਕ ਮੇਲੇ ਸਮੁੱਚੇ ਤੌਰ ਤੇ ਆਪਣੇ ਮੰਤਵ ਨਾਲ ਅਰਥਾਤ ਸਮਾਜਿਕ ਚੇਤਨਾ ਜਗਾਉਣ ਵਿੱਚ ਬਹੁਤ ਹੀ ਅਹਿਮ ਰੋਲ ਨਿਭਾਉਂਦੇ ਹਨ ਅਤੇ ਅਜਿਹੇ ਮੇਲਿਆਂ ਨੂੰ ਕਾਮਯਾਬ ਕਰਨ ਲਈ ਸਮਾਜ ਦੇ ਜੁੜੇ ਉਸ ਵਰਗ ਦੇ ਲੋਕਾਂ ਦੀ ਲੋੜ ਹੈ ਜੋ ਕਿ ਰੰਗ ਮੰਚ ਦੀ ਪ੍ਰਫੁਲਤਾ ਲਈ ਵੱਧ ਚੜ ਕੇ ਅੱਗੇ ਆਉਂਦੇ ਹਨ। ਡਾਕਟਰ ਸਵਰਾਜ ਸਿੰਘ ਨੇ ਕਿਹਾ ਕਿ ਮੇਲਾ ਬਹੁਤ ਸਫਲ ਰਿਹਾ ਜਿਸਨੇ ਜੀਵਨ ਦੇ ਦੋਨੋਂ ਪੱਖ ਟਰੈਜਡੀ ਅਤੇ ਕਾਮੇਡੀ ਨਾਲ ਸਮਾਜ ਨੂੰ ਜਾਗ੍ਰਿਤ ਕਰਨ ਦਾ ਸੁਨੇਹਾ ਦਿੱਤਾ। ਜਿੱਥੇ ਨਾਟਕ ਛੱਲਾ ਪਰਵਾਸ ਦਾ ਦੁਖਾਂਤ ਬਹੁਤ ਹੀ ਭਾਵਪੂਰਕ ਅਤੇ ਅਸਰਦਾਰ ਢੰਗ ਨਾਲ ਪੇਸ਼ ਕਰਦਾ ਹੈ ਤਾਂ ਉੱਥੇ ਨਾਲ ਹੀ ਨਾਟਕ ਗਧੇ ਕੀ ਬਰਾਤ ਸਮਾਜ ਦੇ ਵੱਖ-ਵੱਖ ਪੱਖਾਂ ਵਿੱਚ ਆਈ ਗਿਰਾਵਟ ਨੂੰ ਵਿਅੰਗ ਦੇ ਰੂਪ ਵਿੱਚ ਪੇਸ਼ ਕਰਦਾ ਹੈ। ਨਾਟਕ ਵਿੱਚ ਅਮੀਰਾਂ ਅਤੇ ਗਰੀਬਾਂ ਵਿੱਚ ਇੱਕ ਪੁੱਲ ਬਣਾਇਆ ਗਿਆ ਹੈ। ਪਰੰਤੂ ਅੰਤ ਵਿੱਚ ਉਸ ਪੁਲ ਨੂੰ ਤੋੜਨਾ ਪੈਂਦਾ ਹੈ। ਇਹੀ ਨਾਟਕ ਮੇਲੇ ਦੀ ਸਫਲਤਾ ਹਨ ਜੋ ਕਿ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਬਹੁਤ ਸਫਲ ਸਿੱਧ ਹੋ ਰਹੇ ਹਨ। ਉਹਨਾਂ ਨਾਟਕ ਮੇਲੇ ਦੀ ਸਫਲਤਾ ਲਈ ਫੈਸਟੀਵਲ ਡਾਇਰੈਕਟਰ ਪਰਮਿੰਦਰ ਪਾਲ ਕੌਰ ਤੇ ਗੋਪਾਲ ਸ਼ਰਮਾ ਨੂੰ ਵਧਾਈ ਦਿੱਤੀ ਅਤੇ ਉਹਨਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ।

# ਦੋ ਧਿਰਾਂ ਵਿਚਾਲੇ ਹੋਏ ਝਗੜੇ ਦੌਰਾਨ ਮਹਿਲਾ ਸਮੇਤ ਪੰਜ ਜ਼ਖ਼ਮੀ, 10 ਵਿਰੁੱਧ ਮਾਮਲਾ ਦਰਜ

ਸਮਾਣਾ, 3 ਮਾਰਚ (ਵਿਜੇ ਕੁਮਾਰ) : ਐਤਵਾਰ ਰਾਤ ਪਿੰਡ ਗਾਜੇਵਾਸ ਵਿੱਚ ਦੋ ਧਿਰਾਂ ਵਿਚਾਲੇ ਮਾਮੂਲੀ ਕਹਾ-ਸੁਣੀ ਤੋਂ ਬਾਅਦ ਹੋਏ ਝਗੜੇ ਦੌਰਾਨ ਲਾਠੀ-ਡੰਡਿਆਂ ਅਤੇ ਤੇਜ਼ਧਾਰ ਹਥਿਆਰਾਂ ਦੀ ਵਰਤੋਂ ਕਾਰਨ ਇੱਕ ਮਹਿਲਾ ਸਮੇਤ ਪੰਜ ਲੋਕ ਜ਼ਖ਼ਮੀ ਹੋ ਗਏ। ਜ਼ਖ਼ਮੀਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਸਮਾਣਾ ਲਿਜਾਇਆ ਗਿਆ, ਜਿੱਥੇ ਪਿੰਡ ਗਾਜੇਵਾਸ ਦੇ ਨਿਵਾਸੀ ਜੀਵਨ ਸਿੰਘ ਦੀ ਗੰਭੀਰ ਹਾਲਤ ਨੂੰ ਦੇਖਦਿਆਂ ਡਾਕਟਰਾਂ ਨੇ ਉਸ ਨੂੰ ਪਟਿਆਲਾ ਰੈਫਰ ਕਰ ਦਿੱਤਾ। ਮਾਮਲੇ ਦੇ ਜਾਂਚ ਅਧਿਕਾਰੀ, ਗਾਜੇਵਾਸ ਪੁਲਿਸ ਚੌਕੀ ਦੇ ਹੈੱਡ ਕਾਂਸਟੇਬਲ ਸਾਹਿਬ ਸਿੰਘ ਨੇ ਦੱਸਿਆ ਕਿ ਜਗਜੀਤ ਸਿੰਘ (ਨਿਵਾਸੀ ਪਿੰਡ ਗਾਜੇਵਾਸ ਕਲੋਨੀ) ਅਤੇ ਜੀਵਨ ਸਿੰਘ (ਨਿਵਾਸੀ ਪਿੰਡ ਗਾਜੇਵਾਸ) ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ 10 ਲੋਕਾਂ ਖਿਲਾਫ ਮਾਮਲਾ ਦਰਜ ਕੀਤਾ ਹੈ। ਨਾਮਜ਼ਦ ਮੁਲਜ਼ਮ ਪਹਿਲੀ ਧਿਰ: ਹੈਪੀ ਸਿੰਘ, ਗੁਰਸੇਵਕ ਸਿੰਘ, ਪ੍ਰਤਾਪ ਸਿੰਘ, ਸੁੱਚਾ ਸਿੰਘ, ਕੁਲਵਿੰਦਰ ਕੌਰ, ਜੀਵਨ ਸਿੰਘ (ਸਾਰੇ ਨਿਵਾਸੀ ਪਿੰਡ ਗਾਜੇਵਾਸ) ਅਤੇ ਸੋਨੀ (ਨਿਵਾਸੀ ਪਿੰਡ ਲੋਪੋ)। ਦੂਜੀ ਧਿਰ: ਤਿੰਨ ਸਕੇ ਭਰਾ ਅਮਨਦੀਪ ਸਿੰਘ, ਜੱਗਾ ਅਤੇ ਨੀਮਾ (ਸਾਰੇ ਨਿਵਾਸੀ ਪਿੰਡ ਗਾਜੇਵਾਸ)। ਦੋਵਾਂ ਧਿਰਾਂ ਨੇ ਇੱਕ-ਦੂਜੇ 'ਤੇ ਲੜਾਈ-ਝਗੜਾ ਅਤੇ ਹਮਲਾ ਕਰਨ ਦੇ ਦੋਸ਼ ਲਗਾਏ ਹਨ। ਸ਼ਿਕਾਇਤ ਅਨੁਸਾਰ, ਐਤਵਾਰ ਰਾਤ ਜਦੋਂ ਉਹ ਆਪਣੇ ਘਰਾਂ ਦੇ ਬਾਹਰ ਖੜ੍ਹੇ ਸਨ, ਤਾਂ ਮਾਮੂਲੀ ਗੱਲ ਨੂੰ ਲੈ ਕੇ ਹੋਈ ਬਹਿਸ ਤੋਂ ਬਾਅਦ ਮਾਮਲਾ ਵਧ ਗਿਆ ਅਤੇ ਦੋਵਾਂ ਧਿਰਾਂ ਦੇ ਸਮਰਥਕਾਂ ਨੇ ਲਾਠੀ-ਡੰਡਿਆਂ ਤੇ ਤੇਜ਼ਧਾਰ ਹਥਿਆਰਾਂ ਨਾਲ ਇੱਕ-ਦੂਜੇ 'ਤੇ ਹਮਲਾ ਕਰ ਦਿੱਤਾ। ਪੁਲਿਸ ਅਧਿਕਾਰੀ ਅਨੁਸਾਰ ਮਾਮਲੇ ਦੀ ਜਾਂਚ ਜਾਰੀ ਹੈ ਅਤੇ ਮੁਲਜ਼ਮਾਂ ਦੀ ਭਾਲ ਕੀਤੀ ਜਾ ਰਹੀ ਹੈ।

# ਗ਼ਲਤੀ ਨਾਲ ਨਸ਼ੀਲੀ ਚੀਜ਼ ਖਾਣ ਨਾਲ ਨੌਜਵਾਨ ਦੀ ਸ਼ੱਕੀ ਹਾਲਾਤਾਂ 'ਚ ਮੌਤ

ਸਮਾਣਾ, 3 ਮਾਰਚ (ਵਿਜੇ ਕੁਮਾਰ) : ਆਪਣੀ ਦਵਾਈ ਦੀ ਜਗ੍ਹਾ ਗਲਤੀ ਨਾਲ ਕੋਈ ਨਸ਼ੀਲੀ ਚੀਜ਼ ਖਾ ਲੈਣ ਕਾਰਨ ਇੱਕ 32 ਸਾਲਾ ਨੌਜਵਾਨ ਦੀ ਮੌਤ ਹੋ ਗਈ, ਜਿਸ ਤੋਂ ਬਾਅਦ ਉਸ ਦੀ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਸਮਾਣਾ ਲਿਆਂਦਾ ਗਿਆ। ਮਾਮਲੇ ਦੇ ਜਾਂਚ ਅਧਿਕਾਰੀ ਪਾਤੜਾਂ ਪੁਲਿਸ ਦੇ ਏ.ਐੱਸ.ਆਈ. ਰਾਜਿੰਦਰ ਸਿੰਘ ਨੇ ਦੱਸਿਆ ਕਿ ਮ੍ਰਿਤਕ ਅਰੁਣ ਕੁਮਾਰ ਦੇ ਭਰਾ ਅਨਿਲ ਕੁਮਾਰ (ਨਿਵਾਸੀ ਪਾਤੜਾਂ) ਵੱਲੋਂ ਦਰਜ ਕਰਵਾਏ ਬਿਆਨਾਂ ਅਨੁਸਾਰ, ਉਸ ਦਾ ਭਰਾ ਮੋਟਰਸਾਈਕਲ ਸੇਲ-ਪਰਚੇਜ਼ ਦਾ ਕੰਮ ਕਰਦਾ ਸੀ। ਉਹ ਗਲਤ ਸੰਗਤ ਵਿੱਚ ਪੈ ਕੇ ਨਸ਼ਾ ਆਦਿ ਕਰਨ ਲੱਗ ਪਿਆ ਸੀ ਅਤੇ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਰਹਿੰਦਾ ਸੀ। ਬੀਤੀ ਰਾਤ ਆਪਣੀ ਦਵਾਈ ਦੀ ਥਾਂ ਗਲਤੀ ਨਾਲ ਕੋਈ ਨਸ਼ੀਲੀ ਚੀਜ਼ ਖਾ ਲੈਣ ਤੋਂ ਬਾਅਦ ਉਸ ਦੀ ਤਬੀਅਤ ਅਚਾਨਕ ਵਿਗੜ ਗਈ। ਉਸ ਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਅਧਿਕਾਰੀ ਅਨੁਸਾਰ, ਪੁਲਿਸ ਨੇ ਦਰਜ ਬਿਆਨਾਂ ਦੇ ਆਧਾਰ 'ਤੇ ਭਾਰਤੀ ਨਿਆ ਸੰਹਿਤਾ ਦੀ ਧਾਰਾ 194 ਤਹਿਤ ਕਾਰਵਾਈ ਕਰਦਿਆਂ ਪੋਸਟਮਾਰਟਮ ਤੋਂ ਬਾਅਦ ਲਾਸ਼ ਵਾਰਸਾਂ ਦੇ ਹਵਾਲੇ ਕਰ ਦਿੱਤੀ ਹੈ। ਮ੍ਰਿਤਕ ਦੇ ਵਿਸਰੇ ਦੀ ਜਾਂਚ ਲਈ ਨਮੂਨੇ ਲੈਬ ਭੇਜ ਦਿੱਤੇ ਗਏ ਹਨ। ਮ੍ਰਿਤਕ ਅਜੇ ਕੁਆਰਾ ਸੀ ਅਤੇ ਪੁਲਿਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ।

## ਕੁੱਟਮਾਰ ਸਬੰਧੀ ਮਾਮਲਾ ਦਰਜ

ਘਨੌਰ, 3 ਮਾਰਚ (ਮਦਨ ਲਾਲ) : ਥਾਣਾ ਖੇੜੀ ਗੰਡਿਆ ਪੁਲਿਸ ਕੋਲ ਸੁਖਚੈਨ ਸਿੰਘ ਪੁੱਤਰ ਕੁਲਵੰਤ ਸਿੰਘ ਵਾਸੀ ਕੁੱਥਾਖੇੜੀ ਨੇ ਕਥਿਤ ਦੋਸ਼ੀਆਂ ਬਿੱਟੂ, ਸੋਨੂੰ, ਮੋਨੂੰ, ਸੰਦੀਪ ਸਿੰਘ, ਡੋਗਰ ਵਾਸੀ ਕੁੱਥਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ ਕਿ ਉਹ ਆਪਣੇ ਖੇਤਾਂ ਤੋਂ ਘਰ ਨੂੰ ਆ ਰਿਹਾ ਸੀ ਤਾ ਪਿੰਡ ਦੇ ਸ਼ਮਸ਼ਾਨਘਾਟ ਪਾਸ ਮੁਦਈ ਦਾ ਭਰਾ ਗੁਰਧਿਆਨ ਸਿੰਘ ਖੜ੍ਹਾ ਸੀ, ਜੋ ਕਥਿਤ ਦੋਸ਼ੀ ਕਾਰ ਪਰ ਸਵਾਰ ਹੋ ਕੇ ਆਏ ਅਤੇ ਉਸ ਦੇ ਭਰਾ ਦੀ ਕੁੱਟਮਾਰ ਕਰਨ ਲੱਗ ਪਏ, ਜਦੋਂ ਮੁਦਈ ਛੁਡਾਉਣ ਲੱਗਾ ਤਾਂ ਕਥਿਤ ਦੋਸ਼ੀਆਂ ਨੇ ਉਸ ਦੀ ਵੀ ਕੁੱਟਮਾਰ ਕੀਤੀ ਅਤੇ ਉਸ ਦਾ ਮੋਟਰਸਾਈਕਲ, ਮੋਬਾਇਲ ਫੋਨ ਅਤੇ ਸੋਨੇ ਦਾ ਕੜ੍ਹਾ ਖੋਹ ਕਰਕੇ ਲੈ ਗਏ। ਪੁਲਿਸ ਨੇ ਧਾਰਾ 115(2), 126(2), 304, 190, 191(3) ਬੀਐਨਐਸ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਸੱਤ ਰੋਜ਼ਾ ਕੈਂਪ ਦਾ ਸਮਾਪਤੀ ਸਮਾਰੋਹ ਯੂਨੀਵਰਸਿਟੀ ਕਾਲਜ ਘਨੌਰ 'ਚ ਧੂਮਧਾਮ ਨਾਲ ਸੰਪੰਨ




ਘਨੌਰ, 3 ਮਾਰਚ (ਰਾਜਿੰਦਰ ਸਿੰਘ ਕੰਬੋਜ) : ਯੂਨੀਵਰਸਿਟੀ ਕਾਲਜ ਘਨੌਰ ਵੱਲੋਂ ਐਨਐਸਐਸ ਸੱਤ ਰੋਜ਼ਾ ਕੈਂਪ ਦਾ ਸਮਾਪਤੀ ਸਮਾਰੋਹ ਬੜੀ ਸ਼ਾਨ ਨਾਲ ਕਰਵਾਇਆ ਗਿਆ। ਸਮਾਗਮ ਦੌਰਾਨ ਮੁੱਖ ਮਹਿਮਾਨ ਵਜੋਂ ਸੰਸਦ ਮੈਂਬਰ ਪਟਿਆਲਾ ਡਾ. ਧਰਮਵੀਰ ਗਾਂਧੀ ਦੇ ਦਫ਼ਤਰ ਤੋਂ ਡੀਐਸਪੀ ਦਰਸ਼ਨ ਸਿੰਘ ਅਨੰਦ ਹਾਜ਼ਰ ਹੋਏ। ਇਸ ਮੌਕੇ ਪ੍ਰੋ. ਜਸਵੰਤ ਸਿੰਘ ਸਰਾਓ ਮੈਂਬਰ ਸੰਸਦ ਪਟਿਆਲਾ ਦੇ ਅਧਿਕਾਰਕ ਨਿੱਜੀ ਸਕੱਤਰ, ਗੁਲਜ਼ਾਰ ਪਟਿਆਲਵੀ, ਸ. ਬਲਬੀਰ ਸਿੰਘ ਅਤੇ ਹੋਰ ਪਤਵੰਤੇ ਸੱਜਣ ਵੀ ਸ਼ਾਮਿਲ ਹੋਏ। ਕਾਲਜ ਵੱਲੋਂ ਆਏ ਮਹਿਮਾਨਾਂ ਦਾ ਤਹਿ ਦਿਲੋਂ ਸਵਾਗਤ ਕੀਤਾ ਗਿਆ। ਕੈਂਪ ਦੀ ਅਗਵਾਈ ਐਨਐਸਐਸ ਅਫਸਰ ਡਾ. ਮਨਿੰਦਰ ਕੌਰ ਅਤੇ ਡਾ. ਜਸਵਿੰਦਰ ਕੌਰ ਨੇ ਕੀਤੀ, ਪਿੰਡ ਦੇ ਸਰਪੰਚ ਦਵਿੰਦਰ ਸਿੰਘ ਭੰਗੂ ਨੇ ਭਰਪੂਰ ਸਹਿਯੋਗ ਦਿੱਤਾ। ਕੈਂਪ ਦੀ ਸ਼ੁਰੂਆਤ ਕਾਲਜ ਦੇ ਪ੍ਰਿੰਸੀਪਲ ਡਾ. ਲਖਬੀਰ ਸਿੰਘ ਦੀ ਹਾਜ਼ਰੀ ਵਿੱਚ ਹੋਈ। ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ ਭੇਟ ਕੀਤੇ ਗਏ। ਗੁਰਦੁਆਰਾ ਸਾਹਿਬ ਅਤੇ ਗਰਾਊਂਡ ਦੀ ਸਫ਼ਾਈ ਕੀਤੀ ਗਈ। ਨਸ਼ਾ ਮੁਕਤ ਭਾਰਤ ਅਭਿਆਨ ਸਬੰਧੀ ਜਾਗਰੂਕਤਾ ਲੈਕਚਰ ਕਰਵਾਇਆ ਗਿਆ।

# ਪੰਜਾਬ ਪਬਲਿਕ ਸਕੂਲ ਨਾਭਾ ਵਿਖੇ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ

ਨਾਭਾ, 3 ਮਾਰਚ (ਬਲਜਿੰਦਰ ਮਾਨ/ਗੁਰਚਰਨ ਸਿੰਘ ਚੌਧਰੀਮਾਜਰਾ) : ਪੰਜਾਬ ਪਬਲਿਕ ਸਕੂਲ, ਨਾਭਾ ਦੇ ਵਿਦਿਆਰਥੀਆਂ ਨੇ 28 ਫਰਵਰੀ, 2026 ਨੂੰ ਰਾਸ਼ਟਰੀ ਵਿਗਿਆਨ ਦਿਵਸ ਬਹੁਤ ਉਤਸ਼ਾਹ ਅਤੇ ਵਿਗਿਆਨਕ ਜੋਸ਼ ਨਾਲ ਮਨਾਇਆ। ਇਸ ਸਮਾਗਮ ਨੇ ਜੂਨੀਅਰ ਅਤੇ ਸੀਨੀਅਰ ਸਕੂਲ ਦੋਵਾਂ ਦੇ ਵਿਦਿਆਰਥੀਆਂ ਦੀ ਨਵੀਨਤਾਕਾਰੀ ਭਾਵਨਾ ਅਤੇ ਖੋਜ ਯੋਗਤਾ ਨੂੰ ਪ੍ਰਦਰਸ਼ਿਤ ਕੀਤਾ। ਵਿਗਿਆਨ ਪ੍ਰਦਰਸ਼ਨੀ ਦਾ ਉਦਘਾਟਨ ਨਵੀਨਤਾ ਅਤੇ ਖੋਜ ਕੇਂਦਰ ਵਿਖੇ ਖੇਤੀਬਾੜੀ ਅਤੇ ਬਾਗਬਾਨੀ ਦੇ ਖੇਤਰ ਵਿੱਚ ਇੱਕ ਪ੍ਰਸਿੱਧ ਉੱਦਮੀ ਸ਼੍ਰੀ ਭੁਪਿੰਦਰ ਸਿੰਘ ਢੀਂਡਸਾ ਦੁਆਰਾ ਕੀਤਾ ਗਿਆ, ਜਿਨ੍ਹਾਂ ਨੇ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਸਾਲ ਦੇ ਰਾਸ਼ਟਰੀ ਵਿਗਿਆਨ ਦਿਵਸ ਦਾ ਵਿਸ਼ਾ ਹੈ 'ਵਿਗਿਆਨ ਵਿੱਚ ਔਰਤਾਂ' ਵਿਕਾਸ ਭਾਰਤ ਨੂੰ ਉਤਪ੍ਰੇਰਕ ਕਰਨਾ। ਇਸ ਮੌਕੇ




ਸਕੂਲ ਦੇ ਪਾਵਤੇ ਹਾਲ ਵਿੱਚ ਇੱਕ ਵਿਸ਼ੇਸ਼ ਅਸੈਂਬਲੀ ਦਾ ਆਯੋਜਨ ਕੀਤਾ ਗਿਆ। ਹਿਜਨੂਰ ਕੌਰ ਅਤੇ ਰਿਧਮ ਕੌਰ ਨੇ ਬਾਇਓਟੈਕਨਾਲੋਜੀ 'ਤੇ ਇੱਕ ਪੇਸ਼ਕਾਰੀ ਦਿੱਤੀ। ਸ਼ੋਬਿਤ ਨੇ ਭੌਤਿਕ ਵਿਗਿਆਨ ਵਿੱਚ ਬਲੈਕ ਹੋਲਜ਼ ਦੇ ਦਿਲਚਸਪ ਸੰਕਲਪ ਦੀ ਪੜਚੋਲ ਕੀਤੀ, ਜਦੋਂ ਕਿ ਵਿਪਰਾ ਨੇ ਔਸ਼ਧੀ ਪੌਦਿਆਂ 'ਤੇ ਚਰਚਾ ਕੀਤੀ। ਰਬਾਬਪ੍ਰੀਤ ਕੌਰ ਨੇ ਵਿਸ਼ਵ ਯੁੱਧਾਂ ਵਿੱਚ ਰਸਾਇਣਾਂ 'ਤੇ ਇੱਕ ਸੂਝਵਾਨ ਪੇਸ਼ਕਾਰੀ ਦਿੱਤੀ ਅਤੇ ਪਰੀਕਸ਼ਿਤ ਗੁਪਤਾ ਨੇ ਵਿਸ਼ਵ ਦਵਾਈ ਸੰਕਟ ਨੂੰ ਸੰਬੋਧਿਤ ਕੀਤਾ। ਵੇਦਾਂਤ ਪੀ. ਕੁਲਕਰਨੀ ਅਤੇ ਰਿਤਵਿਕ ਪਾਤਰਾ ਨੇ ਉੱਘੇ ਵਿਗਿਆਨੀਆਂ ਦੇ ਯੋਗਦਾਨ ਨੂੰ ਉਜਾਗਰ ਕੀਤਾ, ਜਦੋਂ ਕਿ ਉਦੈਵੀਰ ਅਤੇ ਜਪੁਜੀ ਨੇ ਉੱਚ ਅਧਿਐਨ ਅਤੇ ਖੋਜ ਲਈ ਭਾਰਤੀ ਸੰਸਥਾਵਾਂ ਬਾਰੇ ਗੱਲ ਕੀਤੀ। ਆਪਣੇ ਸੰਬੋਧਨ ਵਿੱਚ, ਸ੍ਰੀ ਢੀਂਡਸਾ ਨੇ ਵਿਦਿਆਰਥੀ ਭਾਈਚਾਰੇ ਨੂੰ ਮਨੁੱਖਤਾ ਦੀ ਭਲਾਈ ਲਈ ਵਿਗਿਆਨਕ ਗਿਆਨ ਅਤੇ ਨਵੀਨਤਾ ਨੂੰ ਲਾਗੂ ਕਰਨ ਅਤੇ ਇੱਕ ਪ੍ਰਗਤੀਸ਼ੀਲ ਅਤੇ ਵਿਕਸਤ ਰਾਸ਼ਟਰ ਦੇ ਨਿਰਮਾਣ ਵਿੱਚ ਅਰਥਪੂਰਨ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ। ਮੁੱਖ ਅਧਿਆਪਕ ਡਾ. ਡੀ.ਸੀ. ਸ਼ਰਮਾ ਨੇ ਮੁੱਖ ਮਹਿਮਾਨ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ।

# ਸਨੌਰ-ਨਨਿਉਲਾ 18 ਫੁੱਟ ਸੜਕ ਦੀ ਹਾਲਤ ਤਰਸਯੋਗ, ਕਿਸਾਨਾਂ ਵੱਲੋਂ ਮੁਰੰਮਤ ਦੀ ਮੰਗ

ਸਨੌਰ, 3 ਮਾਰਚ (ਪ੍ਰਥਮ ਕੁਮਾਰ) : : ਸਨੌਰ ਤੋਂ ਨਨਿਉਲਾ ਤੱਕ ਬਣੀ 18 ਫੁੱਟ ਚੌੜੀ ਸੜਕ ਦੀ ਹਾਲਤ ਪਿਛਲੇ ਲੰਮੇ ਸਮੇਂ ਤੋਂ ਬਹੁਤ ਹੀ ਖਰਾਬ ਬਣੀ ਹੋਈ ਹੈ। ਇਲਾਕਾ ਵਾਸੀਆਂ ਅਤੇ ਕਿਸਾਨਾਂ ਅਨੁਸਾਰ ਸੜਕ ਉੱਤੇ ਵੱਡੇ-ਵੱਡੇ ਖੱਡੇ ਪਏ ਹੋਏ ਹਨ, ਜਿਸ ਕਾਰਨ ਆਵਾਜਾਈ ਕਰਨ ਵਾਲਿਆਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਖ਼ਾਸ ਕਰਕੇ ਬਰਸਾਤ ਦੇ ਦਿਨਾਂ



ਵਿੱਚ ਸੜਕ ਦੀ ਹਾਲਤ ਹੋਰ ਵੀ ਬੇਹਾਲ ਹੋ ਜਾਂਦੀ ਹੈ ਅਤੇ ਕਈ ਵਾਰ ਹਾਦਸਿਆਂ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪ੍ਰਮੁੱਖ ਕਿਸਾਨ ਆਗੂ ਨੇ ਦੱਸਿਆ ਕਿ ਇਹ ਸੜਕ ਸਾਬਕਾ ਕੈਬਿਨੇਟ ਮੰਤਰੀ ਵੱਲੋਂ ਆਪਣੇ ਕਾਰਜਕਾਲ ਦੌਰਾਨ ਬਣਵਾਈ ਗਈ ਸੀ। ਉਨ੍ਹਾਂ ਕਿਹਾ ਕਿ ਸੜਕ ਬਣਨ ਤੋਂ ਬਾਅਦ ਕਿਸੇ ਵੀ ਸਰਕਾਰ ਵੱਲੋਂ ਇਸ ਦੀ ਢੰਗ ਨਾਲ ਸੰਭਾਲ ਨਹੀਂ ਕੀਤੀ ਗਈ, ਜਿਸ ਕਾਰਨ ਅੱਜ ਇਸ ਦੀ ਹਾਲਤ ਬਹੁਤ ਹੀ ਦਯਨੀਆ ਬਣ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਸਨੌਰ ਅਤੇ ਨਨਿਉਲਾ ਦੇ ਵਿਚਕਾਰ ਇਹ ਸੜਕ ਕਈ ਪਿੰਡਾਂ ਨੂੰ ਆਪਸ ਵਿੱਚ ਜੋੜਦੀ ਹੈ ਅਤੇ ਰੋਜ਼ਾਨਾ ਸੈਂਕੜਿਆਂ ਵਾਹਨਾਂ ਦੀ ਆਵਾਜਾਈ ਇੱਥੋਂ ਹੁੰਦੀ ਹੈ। ਖੇਤੀਬਾੜੀ ਨਾਲ ਜੁੜੇ ਹੋਣ ਕਰਕੇ ਇਸ ਰਸਤੇ ਦੀ ਮਹੱਤਤਾ ਹੋਰ ਵੀ ਵੱਧ ਜਾਂਦੀ ਹੈ। ਹੁਣ ਜਦੋਂ ਕਿ ਕਣਕ ਦਾ ਸੀਜ਼ਨ ਸ਼ੁਰੂ ਹੋਣ ਵਾਲਾ ਹੈ, ਕਿਸਾਨਾਂ ਨੂੰ ਆਪਣੀ ਫਸਲ ਮੰਡੀ ਤੱਕ ਲਿਜਾਣ ਲਈ ਇਸੀ ਸੜਕ ਦਾ ਸਹਾਰਾ ਲੈਣਾ ਪੈਂਦਾ ਹੈ। ਖਰਾਬ ਸੜਕ ਕਾਰਨ ਟ੍ਰੈਕਟਰ-ਟਰਾਲੀਆਂ ਅਤੇ ਹੋਰ ਵਾਹਨਾਂ ਦੀ ਆਵਾਜਾਈ ਵਿੱਚ ਰੁਕਾਵਟ ਪੈਂਦੀ ਹੈ ਅਤੇ ਸਮੇਂ ਨਾਲ ਨਾਲ ਆਰਥਿਕ ਨੁਕਸਾਨ ਵੀ ਝੱਲਣਾ ਪੈਂਦਾ ਹੈ। ਕਿਸਾਨ ਆਗੂ ਨੇ ਕਿਹਾ ਕਿ ਜੇਕਰ ਸਮੇਂ ਸਿਰ ਸੜਕ ਦੀ ਮੁਰੰਮਤ ਨਾ ਕੀਤੀ ਗਈ ਤਾਂ ਆਉਣ ਵਾਲੇ ਦਿਨਾਂ ਵਿੱਚ ਸਮੱਸਿਆ ਹੋਰ ਗੰਭੀਰ ਹੋ ਸਕਦੀ ਹੈ। ਉਨ੍ਹਾਂ ਸਰਕਾਰ ਅਤੇ ਸੰਬੰਧਿਤ ਵਿਭਾਗ ਤੋਂ ਮੰਗ ਕੀਤੀ ਕਿ ਇਸ ਸੜਕ ਨੂੰ ਤੁਰੰਤ ਚੌੜਾ ਕਰਕੇ ਨਵੀਂ ਤਰ੍ਹਾਂ ਤਿਆਰ ਕੀਤਾ ਜਾਵੇ ਤਾਂ ਜੋ ਲੋਕਾਂ ਨੂੰ ਸੁਵਿਧਾਜਨਕ ਆਵਾਜਾਈ ਮਿਲ ਸਕੇ। ਇਲਾਕਾ ਨਿਵਾਸੀਆਂ ਨੇ ਵੀ ਪ੍ਰਸ਼ਾਸਨ ਤੋਂ ਅਪੀਲ ਕੀਤੀ ਹੈ ਕਿ ਲੋਕ ਹਿੱਤ ਨੂੰ ਧਿਆਨ ਵਿੱਚ ਰੱਖਦਿਆਂ ਇਸ ਮੁੱਦੇ ਦਾ ਜਲਦ ਹੱਲ ਕੀਤਾ ਜਾਵੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਜਲਦੀ ਕਾਰਵਾਈ ਨਾ ਕੀਤੀ ਗਈ ਤਾਂ ਉਹ ਸੰਘਰਸ਼ ਕਰਨ ਲਈ ਮਜਬੂਰ ਹੋਣਗੇ। ਇਸ ਮੌਕੇ ਕ੍ਰਿਸ਼ਨ ਸਿੰਘ ਭਾਖਰ, ਗੁਰਪ੍ਰੀਤ ਸਿੰਘ, ਲਾਲ ਸਿੰਘ ਦਿਵਾਨਵਾਲਾ, ਭੁਪਿੰਦਰ ਸਿੰਘ ਮੰਡੀ, ਸਿਆਮ ਲਾਲ, ਸੰਪੂਰਨ ਸਿੰਘ, ਜੱਗਾ ਸਿੰਘ, ਹਰਵਿੰਦਰ ਸਿੰਘ ਗਗਰੋਲੀ, ਭਾਨਾ ਪੰਡਤ, ਲਕਸ਼ ਪੰਡਤ, ਅਜੈਬ ਸਿੰਘ, ਗੋਨੀ ਭਾਖਰ, ਕਾਲਾ, ਅਮਰੀਕ ਸਿੰਘ, ਜਰਨੈਲ ਸਿੰਘ, ਜਸਵਿੰਦਰ ਸਿੰਘ ਮੈਂਬਰ ਪੰਚਾਇਤ, ਰਣਜੀਤ ਸਿੰਘ, ਭਾਖਰ, ਕਾਕਾ ਖਾਨ ਬੱਲਾ, ਮਨਪ੍ਰੀਤ ਸਿੰਘ ਭਾਖਰ, ਅਵਤਾਰ ਸਿੰਘ ਭਾਖਰ, ਲਾਲਾ ਸਿੰਘ, ਜਸਪਾਲ ਸਿੰਘ ਤੇ ਹੋਰ ਮੌਜੂਦ ਸਨ।

# ਖ਼ਾਲਸਾ ਕਾਲਜ ਵਿਖੇ ਵਿਦਿਆਰਥੀਆਂ ਲਈ 'ਮੌਕ ਇੰਟਰਵਿਊ ਸੈਸ਼ਨ: ਕੈਂਪਸ-ਟੂ-ਕਾਰਪੋਰੇਟ' ਕਰਵਾਇਆ

ਪਟਿਆਲਾ, 3 ਮਾਰਚ (ਰੁਪਾਣਾ) : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ ਦੇ ਸਕੱਤਰ ਵਿੱਦਿਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਖ਼ਾਲਸਾ ਕਾਲਜ, ਪਟਿਆਲਾ ਦੇ ਡਾ. ਗੰਡਾ ਸਿੰਘ ਕੈਰੀਅਰ ਗਾਈਡੈਂਸ, ਕੌਂਸਲਿੰਗ ਅਤੇ ਪਲੇਸਮੈਂਟ ਸੈੱਲ ਵੱਲੋਂ ਅੰਤਿਮ ਸਾਲ ਦੇ ਵਿਦਿਆਰਥੀਆਂ ਲਈ 'ਮੌਕ ਇੰਟਰਵਿਊ ਸੈਸ਼ਨ: ਕੈਂਪਸ-ਟੂ-ਕਾਰਪੋਰੇਟ' ਦਾ



ਆਯੋਜਨ ਕੀਤਾ ਗਿਆ। ਇਸ ਸੈਸ਼ਨ ਦਾ ਮੁੱਖ ਉਦੇਸ਼ ਆਉਣ ਵਾਲੀ ਮੈਗਾ ਪਲੇਸਮੈਂਟ ਡਰਾਈਵ ਲਈ ਵਿਦਿਆਰਥੀਆਂ ਦੇ ਹੁਨਰ ਨੂੰ ਨਿਖਾਰਨਾ ਸੀ। ਵਿਦਿਆਰਥੀਆਂ ਦੀ ਵੱਡੀ ਗਿਣਤੀ ਨੂੰ ਮੁੱਖ ਰੱਖਦਿਆਂ ਡਾ. ਜਸਪ੍ਰੀਤ ਕੌਰ, ਡਾ. ਨਵਦੀਪ ਕੌਰ, ਪ੍ਰੋ. ਸਤਵੀਰ ਕੌਰ ਅਤੇ ਡਾ. ਰੋਜ਼ੀ ਬਾਂਸਲ ਵੱਲੋਂ ਸਮਾਨਾਂਤਰ ਸੈਸ਼ਨ ਲਏ ਗਏ। ਇਹਨਾਂ ਸੈਸ਼ਨਾਂ ਰਾਹੀਂ ਵਿਦਿਆਰਥੀਆਂ ਨੂੰ ਆਪਣੇ ਮੈਂਟਰਾਂ ਦੇ ਤਜ਼ਰਬੇ ਤੋਂ ਸਿੱਖਣ ਅਤੇ ਇੰਟਰਵਿਊ ਪ੍ਰਕਿਰਿਆ ਬਾਰੇ ਮਹੱਤਵਪੂਰਨ ਜਾਣਕਾਰੀ ਹਾਸਲ ਕਰਨ ਦਾ ਮੌਕਾ ਮਿਲਿਆ। ਕਾਲਜ ਦੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉਭਾ ਨੇ ਸੈੱਲ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਸੈਸ਼ਨ ਵਿਦਿਆਰਥੀਆਂ ਨੂੰ ਅਜਿਹੇ ਮੌਕੇ ਪ੍ਰਦਾਨ ਕਰਦੇ ਹਨ ਜੋ ਉਹਨਾਂ ਦੀ ਰੁਜ਼ਗਾਰ ਯੋਗਤਾ ਵਿੱਚ ਵਾਧਾ ਕਰਦੇ ਹਨ ਅਤੇ ਉਹਨਾਂ ਨੂੰ ਆਧੁਨਿਕ ਕੰਮਕਾਜੀ ਖੇਤਰ ਦੀਆਂ ਚੁਣੌਤੀਆਂ ਲਈ ਤਿਆਰ ਕਰਦੇ ਹਨ। ਉਨ੍ਹਾਂ ਕਿਹਾ ਕਿ ਇਹ ਮੌਕ ਇੰਟਰਵਿਊ ਸੈਸ਼ਨ ਇਸੇ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਡੀਨ ਪਲੇਸਮੈਂਟ ਡਾ. ਜਸਪ੍ਰੀਤ ਕੌਰ ਨੇ ਸੈੱਲ ਦੇ ਮੈਂਬਰਾਂ ਦੀ ਅਣਥੱਕ ਮਿਹਨਤ ਦੀ ਤਾਰੀਫ਼ ਕੀਤੀ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਲੋੜੀਂਦੇ ਇੰਟਰਵਿਊ ਹੁਨਰਾਂ ਨਾਲ ਲੈਸ ਕਰਨ ਲਈ ਵਿਸ਼ੇਸ਼ ਉਪਰਾਲਾ ਕੀਤਾ। ਵਿਦਿਆਰਥੀਆਂ ਨੇ ਵੀ ਸੈੱਲ ਦੀ ਇਸ ਕੋਸ਼ਿਸ਼ ਦੀ ਸ਼ਲਾਘਾ ਕੀਤੀ।

# ਸੈਂਟ ਥੇਰੇਸਾ ਕਾਨਵੈਂਟ ਸਕੂਲ 'ਚ ਯੂ.ਕੇ.ਜੀ. ਕਲਾਸ ਦੀ ਗ੍ਰੈਜੂਏਸ਼ਨ ਸੈਰੇਮਨੀ

ਸਮਾਣਾ, 3 ਮਾਰਚ (ਜਵੰਦਾ) : ਸੈਂਟ ਥੇਰੇਸਾ ਕਾਨਵੈਂਟ ਸਕੂਲ, ਸਮਾਣਾ ਵਿਚ




ਯੂਕੇਜੀ ਕਲਾਸ ਦੇ ਨੰਨੇ ਵਿਦਿਆਰਥੀਆਂ ਲਈ ਸ਼ਾਨਦਾਰ ਗ੍ਰੈਜੂਏਸ਼ਨ ਸਮਾਰੋਹ ਬੜੇ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਪ੍ਰੋਗਰਾਮ ਦੀ ਸ਼ੁਰੂਆਤ ਮੁੱਖ ਮਹਿਮਾਨ ਦੇ ਸਵਾਗਤ ਨਾਲ ਹੋਈ, ਜਿੱਥੇ ਨੰਨੇ-ਮੁੰਨੇ ਬੱਚਿਆਂ ਨੇ ਫੁੱਲ ਭੇਟ ਕਰਕੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਯੂਕੇਜੀ ਦੇ ਵਿਦਿਆਰਥੀਆਂ ਨੇ ਰੰਗਾਰੰਗ ਸਾਂਸਕ੍ਰਿਤਿਕ ਪ੍ਰੋਗਰਾਮ ਪੇਸ਼ ਕੀਤੇ। ਬੱਚਿਆਂ ਨੇ ਮਨਮੋਹਕ ਨਾਚ, ਮਿੱਠੇ ਗੀਤ ਅਤੇ ਸੁੰਦਰ ਕਵਿਤਾਵਾਂ ਪੇਸ਼ ਕੀਤੀਆਂ। ਸਭ ਨੇ ਸਕੂਲ ਵੱਲੋਂ ਕਰਵਾਏ ਗਏ ਇਸ ਪ੍ਰੋਗਰਾਮ ਦੀ ਪ੍ਰਸ਼ੰਸਾ ਕੀਤੀ। ਸਮਾਰੋਹ ਦੇ ਅੰਤ ਵਿੱਚ ਮੁੱਖ ਮਹਿਮਾਨ ਅਤੇ ਸਕੂਲ ਦੀ ਪ੍ਰਿੰਸੀਪਲ ਵੱਲੋਂ ਵਿਦਿਆਰਥੀਆਂ ਨੂੰ ਗ੍ਰੈਜੂਏਸ਼ਨ ਸਰਟੀਫਿਕੇਟ ਦਿੱਤੇ ਗਏ। ਇਸ ਮੌਕੇ ਪ੍ਰਿੰਸੀਪਲ ਸਿਸਟਰ ਸਨੀਤਾ ਨੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

# ਨੰਬਰਦਾਰ ਯੂਨੀਅਨ ਸਮਰਾ ਨੇ ਐਸ.ਡੀ.ਐਮ. ਨਾਭਾ ਨੂੰ ਮੰਗ ਪੱਤਰ ਦਿੱਤਾ

ਨਾਭਾ, 3 ਮਾਰਚ (ਬਲਜਿੰਦਰ ਮਾਨ) : ਪੰਜਾਬ ਨੰਬਰਦਾਰ ਯੂਨੀਅਨ ਸਮਰਾ ਬਲਾਕ ਨਾਭਾ ਦੀ ਮੀਟਿੰਗ ਬਲਾਕ ਪ੍ਰਧਾਨ ਹਾਕਮ ਸਿੰਘ ਦੀ ਪ੍ਰਧਾਨਗੀ ਹੇਠ ਐਸ ਡੀ ਐਮ ਨਾਭਾ ਦੇ ਦਫ਼ਤਰ ਵਿਖੇ ਹੋਈ। ਮੀਟਿੰਗ ਵਿੱਚ ਮਤਾ ਪਾਸ ਕੀਤਾ ਗਿਆ ਕਿ ਕਿਸੇ ਵੀ ਨੰਬਰਦਾਰ ਵੱਲੋ ਨਸ਼ਾ ਵੇਚਣ ਵਾਲੇ ਵਿਅਕਤੀ ਦੀ ਜਮਾਨਤ ਨਹੀ ਦਿੱਤੀ ਜਾਵੇਗੀ। ਜੇਕਰ ਕੋਈ ਨੰਬਰਦਾਰ ਨਸ਼ੇ ਵੇਚਣ ਵਾਲੇ ਵਿਅਕਤੀ ਦੀ ਜ਼ਮਾਨਤ ਕਰਵਾਉਂਦਾ ਹੈ ਤਾ ਉਸ ਖ਼ਿਲਾਫ਼



ਨੰਬਰਦਾਰ ਯੂਨੀਅਨ ਉਸ ਦਾ ਬਾਈਕਾਟ ਕੀਤਾ ਜਾਵੇਗਾ। ਉਸ ਨੂੰ ਯੂਨੀਅਨ ਦੀ ਮੈਂਬਰਸਿਪ ਤੋਂ ਬਰਖ਼ਾਸਤ ਕੀਤਾ ਜਾਵੇਗਾ ਅਤੇ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕਰਵਾਈ ਜਾਵੇਗੀ। ਮੀਟਿੰਗ ਵਿੱਚ ਪੰਜਾਬ ਸਰਕਾਰ ਵੱਲੋਂ ਨੰਬਰਦਾਰਾਂ ਨਾਲ ਮਾਣਭੱਤਾ ਵਧਾਉਣ ਦਾ ਵਾਅਦਾ ਕੀਤਾ ਗਿਆ ਸੀ, ਜੋਕਿ 5000 ਰੁਪਏ ਕਰਨਾ ਸੀ ਉਹ ਵਾਅਦਾ ਪੂਰਾ ਕੀਤਾ ਜਾਵੇ। ਨੰਬਰਦਾਰਾ ਨੂੰ ਬੱਸ ਤੇ ਟੋਲਪਲਾਜ਼ਾ ਮਾਫ਼ ਕੀਤਾ ਜਾਵੇ ਕਿਉਂਕਿ ਲੋਕਾਂ ਦੇ ਕੰਮਕਾਰ ਕਰਵਾਉਣ ਲਈ ਨੰਬਾਦਾਰਾਂ ਨੂੰ ਵੱਖ-ਵੱਖ ਥਾਵਾਂ 'ਤੇ ਜਾਣਾ ਪੈਂਦਾ ਹੈ। ਨੰਬਰਦਾਰੀ ਨੂੰ ਜੋ ਕੇ ਪਹਿਲਾਂ ਜੱਦੀਪੁਸ਼ਤੀ ਚੱਲਦੀ ਸੀ। ਉਸ ਨੂੰ ਦੁਬਾਰਾ ਲਾਗੂ ਕੀਤਾ ਜਾਵੇ। ਇਹਨਾਂ ਸਾਰੀਆਂ ਮੰਗਾਂ ਦਾ ਇਕ ਮੰਗ ਪੱਤਰ ਐਸ ਡੀ ਐਮ ਨਾਭਾ ਨੂੰ ਪੰਜਾਬ ਸਰਕਾਰ ਦੇ ਨਾਮ ਸੌਂਪਿਆ ਗਿਆ। ਇਸ ਮੀਟਿੰਗ ਵਿਚ ਮੀਤ ਪ੍ਰਧਾਨ ਜਗਮੋਹਨ ਸਿੰਘ ਗੁਣੀਕੇ, ਸਕੱਤਰੀ ਗੁਰਬਖ਼ਸ਼ੀਸ਼ ਸਿੰਘ ਗੋਪੀ ਕੌਲ, ਗੁਰਚਰਨ ਸਿੰਘ ਘਾਣੀਵਾਲ, ਰਣਜੀਤ ਸਿੰਘ ਚੌਧਰੀਮਾਜਰਾ, ਸਤਨਾਮ ਸਿੰਘ ਧਨੌਰਾ, ਅਮਰੀਕ ਸਿੰਘ ਕਨਸੂਹਾ, ਹਰਸਿਮਰਤ ਸਿੰਘ ਗਲਵੱਟੀ ਆਦਿ ਸ਼ਾਮਲ ਸਨ।

# ਸਮੂਹਿਕ ਸਿਹਤ ਕੇਂਦਰ ਦੁਧਨਸਾਧਾਂ ਵਿਖੇ ਧੀਆਂ ਦੀ ਸਿਹਤ ਸੁਰੱਖਿਆ ਲਈ ਐੱਚ.ਪੀ.ਵੀ. ਟੀਕਾਕਰਨ ਮੁਹਿੰਮ ਦੀ ਸ਼ੁਰੂਆਤ

ਦੁਧਨਸਾਧਾਂ, 3 ਮਾਰਚ (ਗੁਰਜੀਤ ਸਿੰਘ ਢੌਟ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਦੇ ਦਿਸ਼ਾ-ਨਿਰਦੇਸ਼ ਤਹਿਤ ਅਤੇ ਸਿਵਲ ਸਰਜਨ ਪਟਿਆਲਾ ਦੇ ਹੁਕਮਾਂ ਅਨੁਸਾਰ ਅੱਜ ਸਰਵਾਈਕਲ ਕੈਂਸਰ ਵਿਰੁੱਧ ਬਲਾਕ ਪੱਧਰੀ ਐੱਚ ਪੀ ਵੀ ਟੀਕਾਕਰਣ ਮੁਹਿੰਮ ਦੀ ਸ਼ੁਰੂਆਤ ਸਮੂਹਿਕ ਸਿਹਤ ਕੇਂਦਰ ਦੁਧਨ ਸਾਧਾਂ ਤੋਂ ਡਾ ਅਨੁਜ ਬਾਂਸਲ ਕਾਰਜਕਾਰੀ ਸੀਨੀਅਰ ਮੈਡੀਕਲ ਅਫ਼ਸਰ ਦੀ ਅਗਵਾਈ ਹੇਠ ਕੀਤੀ ਗਈ। ਜਿਸ ਨਾਲ ਬਲਾਕ ਭਰ ਵਿੱਚ ਬੱਚੀਆਂ ਨੂੰ ਘਾਤਕ ਬਿਮਾਰੀ ਤੋਂ ਬਚਾਉਣ ਲਈ ਵਿਆਪਕ ਜਾਗਰੂਕਤਾ ਅਤੇ ਟੀਕਾਕਰਨ ਪ੍ਰਕਿਰਿਆ ਸ਼ੁਰੂ ਕੀਤੀ ਗਈ। ਡਾ ਅਨੁਜ ਬਾਂਸਲ ਨੇ ਕਿਹਾ ਕਿ



ਪੰਜਾਬ ਸਰਕਾਰ ਸਿਹਤਮੰਦ ਅਤੇ ਸੁਰੱਖਿਅਤ ਪੰਜਾਬ ਦੇ ਨਿਰਮਾਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਸਰਵਾਈਕਲ ਕੈਂਸਰ ਮਹਿਲਾਵਾਂ ਵਿੱਚ ਪਾਏ ਜਾਣ ਵਾਲੇ ਗੰਭੀਰ ਕੈਂਸਰਾਂ ਵਿੱਚੋਂ ਇੱਕ ਹੈ, ਜੋ ਬੱਚੇਦਾਨੀ ਦੇ ਹੇਠਲੇ ਹਿੱਸੇ ਵਿੱਚ ਹੁੰਦਾ ਹੈ ਅਤੇ ਇਸਦਾ ਮੁੱਖ ਕਾਰਨ ਹਿਊਮਨ ਪੈਪੀਲੋਮਾ ਵਾਇਰਸ (ਐੱਚ ਪੀ ਵੀ) ਹੈ। ਡਾ ਅਨੁਜ ਬਾਂਸਲ ਨੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਧੀਆਂ ਦਾ ਐੱਚ ਪੀ ਵੀ ਟੀਕਾਕਰਨ ਜ਼ਰੂਰ ਕਰਵਾਉਣ ਤਾਂ ਜੋ ਭਵਿੱਖ ਵਿੱਚ ਉਹ ਇਸ ਜਾਨਲੇਵਾ ਰੋਗ ਤੋਂ ਸੁਰੱਖਿਅਤ ਰਹਿ ਸਕਣ। ਉਨਾਂ ਹੋਰ ਕਿਹਾ ਕਿ ਇਹ ਵੈਕਸੀਨ 14 ਸਾਲ ਦੀਆਂ ਉਹਨਾਂ ਲੜਕੀਆਂ ਨੂੰ ਦਿੱਤੀ ਜਾਵੇਗੀ, ਜਿਨ੍ਹਾਂ ਦਾ 14ਵਾਂ ਜਨਮਦਿਨ ਲੰਘ ਚੁੱਕਾ ਹੈ ਪਰ 15ਵਾਂ ਅਜੇ ਨਹੀਂ ਆਇਆ। ਉਨ੍ਹਾਂ ਇਹ ਵੀ ਦੱਸਿਆ ਕਿ ਟੀਕਾਕਰਨ ਤੋਂ ਪਹਿਲਾਂ ਯੂ-ਵਿਨ ਪੋਰਟਲ 'ਤੇ ਰਜਿਸਟ੍ਰੇਸ਼ਨ ਲਾਜ਼ਮੀ ਹੈ, ਜਿਸ ਰਾਹੀਂ ਪੂਰੀ ਪ੍ਰਕਿਰਿਆ ਨੂੰ ਡਿਜ਼ਿਟਲ ਅਤੇ ਪਾਰਦਰਸ਼ੀ ਬਣਾਇਆ ਗਿਆ ਹੈ। ਓਹਨਾ ਜਾਣਕਾਰੀ ਦਿੱਤੀ ਕਿ 02 ਬੱਚੀਆਂ ਦੇ ਟੀਕਾਕਰਨ ਕਰ ਕੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਮੌਕੇ ਪੁਸ਼ਪਾ ਦੇਵੀ ਅਤੇ ਡਿੰਪਲ ਦੋਵੇਂ ਮਪਹਸ(ਫੀਮੇਲ), ਪਰਮਜੀਤ ਕੌਰ ਏ ਐਨ ਐਮ ਤੋਂ ਇਲਾਵਾ ਆਸ਼ਾ ਵਰਕਰ ਮੌਜੂਦ ਸਨ।



# ਪਟਿਆਲਾ-ਆਸ/ਪਾਸ



## ਹਰਚੰਦ ਸਿੰਘ ਬਰਸਟ ਨੇ ਝੂਠੇ ਸ਼ਰਾਬ ਘੁਟਾਲੇ ਮਾਮਲੇ 'ਚੋਂ ਬਰੀ ਹੋਣ 'ਤੇ ਅਰਵਿੰਦ ਕੇਜਰੀਵਾਲ ਨੂੰ ਮਿਲ ਕੇ ਵਧਾਈਆਂ ਦਿੱਤੀਆਂ

ਸਮਾਣਾ, 3 ਮਾਰਚ (ਵਿਜੇ ਕੁਮਾਰ/ਜਵੰਦਾ) : ਆਮ ਆਦਮੀ ਪਾਰਟੀ, ਪੰਜਾਬ ਦੇ ਸੂਬਾ ਜਨਰਲ ਸਕੱਤਰ ਅਤੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਸ. ਹਰਚੰਦ ਸਿੰਘ ਬਰਸਟ ਨੇ ਅੱਜ ਦਿੱਲੀ ਵਿਖੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਸ੍ਰੀ ਅਰਵਿੰਦ ਕੇਜਰੀਵਾਲ ਨਾਲ ਵਿਸ਼ੇਸ਼ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਦਿੱਲੀ ਦੀ ਮਾਣਯੋਗ ਅਦਾਲਤ ਵੱਲੋਂ ਬਰੀ ਹੋਣ ਤੇ ਵਧਾਈਆਂ ਦਿੱਤੀਆਂ। ਇਸ ਦੌਰਾਨ ਸ. ਬਰਸਟ ਨੇ ਦਿੱਲੀ ਦੀ ਮਾਣਯੋਗ ਅਦਾਲਤ ਦੇ ਫੈਸਲੇ ਦਾ ਸਵਾਗਤ ਕਰਦਿਆਂ ਕਿਹਾ ਕਿ ਆਖ਼ਰ ਸੱਚ ਦੀ ਜਿੱਤ ਹੋਈ ਹੈ। ਸੱਚ ਨੂੰ ਕੁਝ ਸਮੇਂ ਲਈ ਦਬਾਇਆ ਜਾ ਸਕਦਾ ਹੈ, ਪਰ ਇਸਨੂੰ ਹਰਾਇਆ ਨਹੀਂ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਮਾਣਯੋਗ ਅਦਾਲਤ ਦੇ ਫੈਸਲੇ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਆਮ ਆਦਮੀ ਪਾਰਟੀ ਵਿਰੁੱਧ ਬਣਾਇਆ ਇਹ ਪੂਰਾ ਮਾਮਲਾ ਸਿਰਫ਼ ਤੇ ਸਿਰਫ਼ ਸਿਆਸੀ ਬਦਲਾਖੋਰੀ ਦੀ ਭਾਵਨਾ ਤੋਂ ਪ੍ਰੇਰਿਤ ਸੀ। ਉਨ੍ਹਾਂ ਮਾਣਯੋਗ ਅਦਾਲਤ ਵੱਲੋਂ 'ਆਪ' ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ, ਪੰਜਾਬ ਪ੍ਰਭਾਰੀ ਸ੍ਰੀ ਮਨੀਸ਼ ਸਿਸੋਦੀਆ ਅਤੇ ਹੋਰਨਾਂ ਨੂੰ ਬਰੀ ਕੀਤੇ ਜਾਣ ਦੇ ਫੈਸਲੇ ਨੂੰ ਸੱਚਾਈ, ਇਨਸਾਫ਼ ਅਤੇ ਇਮਾਨਦਾਰ ਰਾਜਨੀਤੀ ਦੀ ਵੱਡੀ ਅਤੇ ਇਤਿਹਾਸਕ ਜਿੱਤ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਇਹ ਸਿਰਫ਼ ਆਮ ਆਦਮੀ ਪਾਰਟੀ ਜਾਂ ਸ੍ਰੀ ਅਰਵਿੰਦ ਕੇਜਰੀਵਾਲ ਦੀ ਜਿੱਤ ਨਹੀਂ, ਸਗੋਂ ਇਮਾਨਦਾਰ ਰਾਜਨੀਤੀ ਅਤੇ ਸੱਚਾਈ ਦੀ ਜਿੱਤ ਹੈ। ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਸ੍ਰੀ ਅਰਵਿੰਦ ਕੇਜਰੀਵਾਲ ਵਰਗੇ ਇਮਾਨਦਾਰ ਨੇਤਾ ਨੂੰ ਝੂਠੇ ਮਾਮਲੇ ਵਿੱਚ ਫਸਾਉਣ ਦੀਆਂ ਸਾਜ਼ਿਸ਼ਾਂ ਆਖ਼ਿਰਕਾਰ ਨਾਕਾਮ ਰਹੀਆਂ ਹਨ ਅਤੇ ਹੁਣ ਇਸ ਫੈਸਲੇ ਨਾਲ ਕੇਂਦਰ ਸਰਕਾਰ ਦੇ ਝੂਠ ਦਾ ਪਰਦਾਫਾਸ਼ ਹੋ ਗਿਆ ਹੈ। ਇਸ ਮੌਕੇ ਐਡਵੋਕੇਟ ਗਗਨਇੰਦਰ ਸਿੰਘ ਬਰਸਟ ਵੀ ਮੌਜੂਦ ਰਹੇ।



## ਸਬ-ਇੰਸਪੈਕਟਰ ਨਰਿੰਦਰ ਸਿੰਘ ਬਣੇ ਇੰਸਪੈਕਟਰ

### ➢ਐਸ.ਐਸ.ਪੀ.ਵਰੁਣ ਸ਼ਰਮਾ ਅਤੇ ਐਸ.ਪੀ. ਵੈਭਵ ਚੌਧਰੀ ਨੇ ਤਰੱਕੀ ਦਾ ਸਟਾਰ ਲਗਾਇਆ

ਘਨੌਰ, 3 ਮਾਰਚ (ਰਾਜਿੰਦਰ ਸਿੰਘ ਕੰਬੋਜ) : ਪੰਜਾਬ ਪੁਲਿਸ ਵਿੱਚ ਬਿਹਤਰ ਸੇਵਾਵਾਂ ਨਿਭਾਉਣ ਵਾਲੇ ਅਧਿਕਾਰੀਆਂ ਦੀ ਹੌਸਲਾ ਅਫ਼ਜ਼ਾਈ ਕਰਦਿਆਂ ਜ਼ਿਲ੍ਹਾ ਪੁਲਿਸ ਮੁਖੀ ਐਸ.ਐਸ.ਪੀ. ਪਟਿਆਲਾ ਵਰੁਣ ਸ਼ਰਮਾ ਅਤੇ ਐਸ.ਪੀ. ਹੈੱਡਕੁਆਰਟਰ ਵੈਭਵ ਚੌਧਰੀ ਵੱਲੋਂ ਸਬ-ਇੰਸਪੈਕਟਰ ਨਰਿੰਦਰ ਸਿੰਘ ਨੂੰ ਤਰੱਕੀ ਦੇ ਕੇ ਇੰਸਪੈਕਟਰ ਬਣਾਇਆ ਗਿਆ ਹੈ। ਅੱਜ ਇੱਥੇ ਕਰਵਾਏ ਗਏ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਐਸ.ਐਸ.ਪੀ. ਵਰੁਣ ਸ਼ਰਮਾ ਅਤੇ ਐਸ.ਪੀ. ਵੈਭਵ ਚੌਧਰੀ ਨੇ ਸਾਂਝੇ ਤੌਰ 'ਤੇ ਨਰਿੰਦਰ ਸਿੰਘ ਦੇ ਮੋਢਿਆਂ 'ਤੇ ਸਿਤਾਰੇ ਲਗਾ ਕੇ ਉਨ੍ਹਾਂ ਨੂੰ ਨਵੇਂ ਅਹੁਦੇ ਦੀ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਗੱਲਬਾਤ ਕਰਦਿਆਂ ਐਸ.ਐਸ.ਪੀ. ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਪੁਲਿਸ ਵੱਲੋਂ ਹਮੇਸ਼ਾ ਉਨ੍ਹਾਂ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ ਜੋ ਪੂਰੀ ਤਨਦੇਹੀ ਅਤੇ ਇਮਾਨਦਾਰੀ ਨਾਲ ਜਨਤਾ ਦੀ ਸੇਵਾ ਵਿੱਚ ਜੁਟੇ ਰਹਿੰਦੇ ਹਨ।



## ਵਿਧਾਇਕ ਕੋਹਲੀ ਤੇ ਮੇਅਰ ਗੋਗੀਆ ਵੱਲੋਂ 45 ਲੱਖ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦੀ ਸ਼ੁਰੂਆਤ

ਪਟਿਆਲਾ, 3 ਮਾਰਚ (ਰੁਪਾਣਾ) : ਪਟਿਆਲਾ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ ਅਤੇ ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ ਨੇ 45 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀਆਂ ਸੜਕਾਂ ਦਾ ਨਿਰਮਾਣ ਕਾਰਜ ਸ਼ੁਰੂ ਕਰਵਾਇਆ। ਸਫ਼ਾਬਾਦੀ ਗੇਟ ਤੋਂ ਦਰਸ਼ਨੀ ਗੇਟ ਅਤੇ ਖੱਦਰ ਭੰਡਾਰ ਚੌਂਕ ਤੋਂ ਸੀਆਈਏ ਸਟਾਫ਼ ਤੱਕ ਨਵੀਆਂ ਬਣਨ ਵਾਲੀਆਂ ਇਨ੍ਹਾਂ ਸੜਕਾਂ ਦਾ ਸਥਾਨਕ ਵਾਸੀਆਂ ਨੂੰ ਭਰਵਾਂ ਲਾਭ ਹੋਵੇਗਾ। ਵਿਧਾਇਕ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪਟਿਆਲਾ ਸ਼ਹਿਰ ਦੇ ਵਿਕਾਸ ਲਈ ਬਿਨਾਂ ਕਿਸੇ ਵਿਤਕਰੇ ਤੋਂ ਫੰਡ ਮੁਹੱਈਆ ਕਰਵਾਏ ਜਾ ਰਹੇ ਹਨ, ਜਿਸ ਨਾਲ ਸਾਰੀਆਂ ਵਾਰਡਾਂ ਦੇ ਵਿਕਾਸ ਕਾਰਜ ਤੇਜ਼ੀ ਨਾਲ ਚੱਲ ਰਹੇ ਹਨ। ਕੋਹਲੀ ਨੇ ਕਿਹਾ ਇਨ੍ਹਾਂ ਕਾਰਜਾਂ ਨਾਲ ਨਾ ਸਿਰਫ ਟ੍ਰੈਫਿਕ ਪ੍ਰਬੰਧਨ ਸੁਧਰੇਗਾ, ਸਗੋਂ ਇਲਾਕੇ ਦੀ ਸੂਰਤ ਵੀ ਨਿਖਰੇਗੀ। ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਸਫ਼ਾਬਾਦੀ ਗੇਟ ਤੋਂ ਦਰਸ਼ਨੀ ਗੇਟ ਅਤੇ ਖੱਦਰ ਭੰਡਾਰ ਚੌਂਕ ਤੋਂ ਸੀਆਈਏ ਸਟਾਫ਼ ਤੱਕ ਇਹ ਸੜਕਾਂ ਨਵੀਆਂ ਬਣਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਨਗਰ ਨਿਗਮ ਇਹ ਯਕੀਨੀ ਬਣਾ ਰਿਹਾ ਹੈ ਕਿ ਸਾਰੇ ਵਿਕਾਸ ਕਾਰਜ ਮਿਆਰੀ ਤਰੀਕੇ ਨਾਲ ਸਮੇਂ ਸਿਰ ਮੁਕੰਮਲ ਕਰਵਾਏ ਜਾਣ। ਵਿਧਾਇਕ ਨੇ ਸ਼ਹਿਰ ਵਾਸੀਆਂ ਨੂੰ ਭਰੋਸਾ ਦਿਵਾਇਆ ਕਿ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖਦਿਆਂ ਪਾਰਦਰਸ਼ੀ ਪ੍ਰਸ਼ਾਸਨ ਅਤੇ ਤੇਜ਼ ਗਤੀ ਨਾਲ ਵਿਕਾਸ ਕਾਰਜ ਜਾਰੀ ਰਹਿਣਗੇ।ਇਸ ਮੌਕੇ ਕੌਂਸਲਰ ਅਮਨਪ੍ਰੀਤ ਕੌਰ, ਯੋਗੇਸ਼ ਟੰਡਨ, ਸਿਮਰਨਪ੍ਰੀਤ ਸਿੰਘ, ਜਗਤਾਰ ਜੱਗੀ, ਕੁਸ਼ਲ ਚੋਪੜਾ ਤੋਂ ਇਲਾਵਾ ਵੱਖ-ਵੱਖ ਗਿਣਤੀ ਇਲਾਕਾ ਵਾਸੀ ਮੌਜੂਦ ਸਨ।



## ਭਗਵਤੀ ਜਾਗਰਣ ਕਰਵਾਇਆ

ਸਮਾਣਾ, 3 ਮਾਰਚ (ਵਿਜੇ ਕੁਮਾਰ/ਨਿਖਿਲ ਗਰਗ) : ਸ਼੍ਰੀ ਸ਼ਿਵ ਸ਼ਕਤੀ ਦੁਰਗਾ ਮੰਦਿਰ, ਮਹਿਲਾ ਸੰਕਿਰਤਨ ਮੰਡਲ ਅਤੇ ਖਤਰੀਆਂ ਮੁਹੱਲਾ ਨਿਵਾਸੀਆਂ ਵੱਲੋਂ 32ਵਾਂ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਗਿਆ। ਸੰਸਥਾ ਸਰਪ੍ਰਸਤ ਪ੍ਰਦੀਪ ਮੋਦਗਿਲ, ਪ੍ਰਧਾਨ ਮੋਤੀ ਜੈਨ, ਉਪ ਪ੍ਰਧਾਨ ਸੰਦੀਪ ਚੋਪੜਾ ਅਤੇ ਸੈਕਟਰੀ ਰਾਜੇਸ਼ ਮੋਦਗਿਲ ਦੀ ਅਗਵਾਈ 'ਚ ਪ੍ਰਚੀਨ ਸ਼ਿਵ ਮੰਦਿਰ ਵਿਚ ਕਰਵਾਏ ਇਸ ਜਾਗਰਣ 'ਚ ਮੁੱਖ ਮਹਿਮਾਨ ਵਜੋਂ ਅਸ਼ੋਕ ਮੋਦਗਿਲ ਨੇ ਆਪਣੇ ਪ੍ਰੀਵਾਰ ਸਣੇ ਸ਼ਾਮਲ ਹੋ ਕੇ ਜੋਤੀ ਪ੍ਰਚੰਡ ਕਰਕੇ ਸਮਾਗਮ ਦੀ ਆਰੰਭਤਾ ਕੀਤੀ। ਇਸ ਮੌਕੇ ਜਾਗਰਣ ਕਰਤਾ ਨੂਰ ਕਮਲ ਐਂਡ ਪਾਰਟੀ ਪਟਿਆਲਾ ਵਾਲਿਆਂ ਨੇ ਮਾਤਾ ਜੀ ਦੀਆਂ ਭੇਟਾਂ ਦਾ ਗੁਣਗਾਨ ਕਰਦਿਆਂ ਭਗਤਾਂ ਨੂੰ ਝੂਮਣ ਲਈ ਮਜ਼ਬੂਰ ਕਰ ਦਿੱਤਾ। ਇਸ ਮੌਕੇ ਜੋਲੀ ਜੈਨ, ਸੀਨੀਅਰ ਅਕਾਲੀ ਆਗੂ ਜਗਮੀਤ ਸਿੰਘ ਹਰਿਆਉ, ਕੌਂਸਲਰ ਦਰਸ਼ਨ ਮਿੱਤਲ, ਮਨਜੀਤ ਜੇ.ਈ, ਨੀਟਾ ਸ਼ਰਮਾ, ਹੀਰਾ ਜੈਨ, ਯਤਿੰਦਰ ਸ਼ਰਮਾ, ਬਿੱਟੂ ਧੀਮਾਨ ਤੋਂ ਵੱਡੀ ਗਿਣਤੀ ਵਿਚ ਸੰਗਤਾਂ ਨੇ ਵੀ ਸਮਾਗਮ ਵਿਚ ਸ਼ਮੂਲੀਅਤ ਕਰਕੇ ਮਾਤਾ ਦਾ ਅਸ਼ੀਰਵਾਦ ਪ੍ਰਾਪਤ ਕੀਤਾ।



## ਸਮਾਜ ਸੇਵੀ ਰਵਿੰਦਰ ਭਿੰਡਰ ਕਾਰ ਡੀਲਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਬਣੇ

### ➢ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਸਮੇਤ 'ਆਪ' ਲੀਡਰਸ਼ਿਪ ਨੇ ਦਿੱਤੀ ਵਧਾਈ

ਪਾਤੜਾਂ, 3 ਮਾਰਚ (ਹਰਮਿੰਦਰ ਕਰਤਾਰਪੁਰ): ਪੰਜਾਬ ਵਿੱਚ ਪੁਰਾਣੀਆਂ ਕਾਰਾਂ ਖਰੀਦਣ ਅਤੇ ਵੇਚਣ ਵਾਲੇ ਕਾਰੋਬਾਰ ਨੂੰ ਸਹੀ ਤਰੀਕੇ ਨਾਲ ਚਲਾਉਣ ਲਈ ਬਣੀਆਂ ਵੱਖ -ਵੱਖ ਐਸੋਸੀਏਸ਼ਨ ਦੇ ਕਮੇਟੀਆਂ ਦੀਆਂ ਚੋਣ ਲਗਾਤਾਰ ਜਾਰੀ ਹੈ। ਬੀਤੇ ਕੱਲ ਦਿੱਲੀ ਵਿੱਚ ਉੱਤਰੀ ਭਾਰਤ ਦੇ ਕਾਰ ਡੀਲਰਾਂ ਦੀ ਹੋਈ ਇੱਕ ਅਹਿਮ ਮੀਟਿੰਗ ਦੌਰਾਨ ਸਮਾਜ ਸੇਵੀ ਅਤੇ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ ਦੇ ਸਾਬਕਾ ਪ੍ਰਧਾਨ ਰਵਿੰਦਰ ਸਿੰਘ ਭਿੰਡਰ ਨੂੰ ਮਾਲਵਾ ਜੋਨ ਕਾਰ ਡੀਲਰ ਐਸੋਸੀਏਸ਼ਨ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਧਾਨ ਸਭਾ ਹਲਕਾ ਸ਼ੁਤਰਾਣਾ ਦੇ ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਦੱਸਿਆ ਕਿ ਨਵ ਨਿਯੁਕਤ ਪ੍ਰਧਾਨ ਰਵਿੰਦਰ ਸਿੰਘ ਭਿੰਡਰ ਇਸ ਤੋਂ ਪਹਿਲਾਂ ਉੱਤਰੀ ਭਾਰਤ ਦੇ ਸਭ ਵੱਡੇ ਕਾਰ ਬਜ਼ਾਰ ਪਾਤੜਾਂ ਦੇ ਪ੍ਰਧਾਨ ਰਹਿ ਚੁੱਕੇ ਹਨ । ਉਨ੍ਹਾਂ ਦੱਸਿਆ ਕਿ ਰਵਿੰਦਰ ਸਿੰਘ ਭਿੰਡਰ ਦੀ ਅਗਵਾਈ 'ਚ ਕਾਰ ਬਜ਼ਾਰ ਪਾਤੜਾਂ ਵੱਲੋਂ ਤਰੱਕੀ ਦਾ ਨਵਾਂ ਇਤਿਹਾਸ ਸਿਰਜਿਆ ਗਿਆ ਸੀ। ਵਿਧਾਇਕ ਕੁਲਵੰਤ ਸਿੰਘ ਬਾਜ਼ੀਗਰ ਨੇ ਕਿਹਾ ਕਿ ਉਹ ਆਸ ਕਰਦੇ ਹਨ ਰਵਿੰਦਰ ਸਿੰਘ ਭਿੰਡਰ ਪਹਿਲਾਂ ਨਾਲੋਂ ਵੱਧ ਜ਼ਿਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਣਗੇ।ਨਵ ਨਿਯੁਕਤ ਪ੍ਰਧਾਨ ਰਵਿੰਦਰ ਸਿੰਘ ਭਿੰਡਰ ਨੇ ਕਿਹਾ ਕਿ ਪੰਜਾਬ ਅਤੇ ਹਰਿਆਣਾ ਸਮੇਤ ਉੱਤਰੀ ਭਾਰਤ ਦੇ ਕਿਸੇ ਵੀ ਕੋਨੇ ਵਿੱਚ ਕਾਰ ਡੀਲਰਾਂ ਅਤੇ ਕਾਰਾਂ ਖਰੀਦਣ ਵਾਲੇ ਗਾਹਕਾਂ ਨੂੰ ਕੋਈ ਵੀ ਦਿੱਕਤ ਨਹੀਂ ਆਉਂਦੀ ਤਾਂ ਸਾਡੀ ਟੀਮ ਨਾਲ ਸੰਪਰਕ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਨਾਲ ਕਾਰ ਡੀਲਰ ਐਸੋਸੀਏਸ਼ਨ ਪਾਤੜਾਂ ਦੇ ਚੇਅਰਮੈਨ ਸੁਖਪਾਲ ਸਿੰਘ ਵਿਰਕ, ਹਰਜੀਤ ਸਿੰਘ, ਜੋਗਿੰਦਰ ਸਿੰਘ ਭੁੱਲਰ, ਟੀਨੂੰ ਗਰਗ,ਦੀਪ ਕਲੇਰ,ਗੁਰਬੇਜ ਸਿੰਘ,ਰਾਜ ਸ਼ਰਮਾ, ਦੁਰਗਾ ਦਾਸ, ਚੀਨੂੰ ਇੰਸਾਂ, ਅਜੇ ਅਰੋੜਾ, ਹਰਭਜਨ ਲਾਲ, ਗੁਰਮੀਤ ਅਰੋੜਾ,ਗੌਰਵ ਜੈਨ, ਬਿੱਟੂ ਗੋਇਲ, ਗਗਨ ਸਿੰਘ, ਜਗਤਾਰ ਸਿੰਘ ਭੁੱਲਰ, ਸੁਰਿੰਦਰ ਸ਼ਰਮਾ, ਹੈਪੀ ਰੇਤਗੜ ਆਦਿ ਪ੍ਰਮੁੱਖ ਤੌਰ 'ਤੇ ਹਜ਼ਾਰ।



## ਅੰਤਰਰਾਸ਼ਟਰੀ ਗੋਲਡ ਮੈਡਲਿਸਟ ਖਿਡਾਰਨ ਅਮਨਜੋਤ ਕੌਰ ਇੰਸਪੈਕਟਰ ਬਣੇ

ਡਕਾਲਾ/ਬਲਬੇੜ੍ਹਾ, 3 ਮਾਰਚ (ਗੁਰਸੇਵਕ ਸਿੰਘ) : ਲੰਘੇ ਵਰੇ ਜੁਲਾਈ ਮਹੀਨੇ 'ਚ ਅਮਰੀਕਾ ਦੇ ਬਿਰਮੰਘਮ ਸ਼ਹਿਰ 'ਚ ਹੋਏ ਅੰਤਰਰਾਸ਼ਟਰੀ ਪੁਲਿਸ ਖੇਡਾਂ ਦੌਰਾਨ ਰੋਇੰਗ ਗੇਮ (ਕਰੂ) ਵਰਲਡ ਖੇਡ ਮੁਕਾਬਲਿਆਂ 'ਚ ਦੋ ਗੋਲਡ ਮੈਡਲ ਜਿੱਤ ਕੇ ਇੰਟਰਨੈਸ਼ਨਲ ਪੱਧਰ 'ਤੇ ਪੰਜਾਬ ਪੁਲਿਸ ਅਤੇ ਦੇਸ਼ ਦਾ ਪ੍ਰਚਮ ਲਹਿਰਾਉਣ ਵਾਲੀ ਇਤਿਹਾਸਿਕ ਨਗਰ ਕਰਹਾਲੀ ਸਾਹਿਬ ਦੀ ਜੰਮਪਲ ਧੀ ਅਮਨਜੋਤ ਕੌਰ ਨੂੰ ਪੰਜਾਬ ਪੁਲਿਸ ਡਿਪਾਰਟਮੈਂਟ ਦੇ ਉੱਚ ਅਧਿਕਾਰੀਆਂ ਵੱਲੋਂ ਉਹਨਾਂ ਦੇ ਮੋਢਿਆਂ 'ਤੇ ਤਰੱਕੀ ਦੇ ਸਟਾਰ ਲਗਾ ਕੇ ਇੰਸਪੈਕਟਰ ਰੈਂਕ ਨਾਲ ਪ੍ਰਮੋਟ ਕੀਤਾ ਗਿਆ ਹੈ। ਅਦਾਰਾ ਚੜ੍ਹਦੀਕਲਾ ਨਾਲ ਗੱਲਬਾਤ ਕਰਦਿਆਂ ਐਸ ਆਈ ਤੋਂ ਪ੍ਰਮੋਟ ਹੋ ਕੇ ਇੰਸਪੈਕਟਰ ਬਣੀ ਅਮਨਜੋਤ ਕੌਰ ਨੇ ਦੱਸਿਆ ਕਿ ਉਹ ਸਾਲ 2017 'ਚ ਪੰਜਾਬ ਪੁਲਿਸ 'ਚ ਬਤੌਰ ਸਬ ਇੰਸਪੈਕਟਰ ਭਰਤੀ ਹੋਏ ਸਨ। ਉਹਨਾਂ ਦੱਸਿਆ ਕਿ ਉਹ ਇਸ ਮੌਕੇ ਪੰਜਾਬ ਪੁਲਿਸ ਦੇ ਸਪੋਰਟਸ ਸੈਲ ਸੈਂਟਰ ਦੇ ਨਾਲ ਨਾਲ 82 ਬਟਾਲੀਅਨ ਚੰਡੀਗੜ੍ਹ ਵਿਖੇ ਆਪਣੀ ਡਿਊਟੀ ਨਿਭਾਅ ਰਹੇ ਹਨ।



## ਟੌਹੜਾ ਕਬੱਡੀ ਕੱਪ ਦੀਆਂ ਤਿਆਰੀਆਂ ਮੁਕੰਮਲ, ਸ੍ਰੀ ਅਖੰਡ ਪਾਠ ਸਾਹਿਬ ਆਰੰਭ

### ➢5 ਨੂੰ ਕਬੱਡੀ ਕੱਪ ਦੀ ਹੋਵੇਗੀ ਸ਼ੁਰੂਆਤ



ਭਾਦਸੋਂ, 3 ਮਾਰਚ (ਭਰਪੂਰ ਸਿੰਘ ਮੱਟਰਾਂ) : ਪੰਥ ਰਤਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਯਾਦ ਵਿਚ ਪਿੰਡ ਟੌਹੜਾ ਵਿਖੇ 5, 6 ਮਾਰਚ 2026 ਨੂੰ ਹੋਣ ਵਾਲੇ ਸਲਾਨਾ ਪੰਜਾਬ ਦੇ ਮਸ਼ਹੂਰ 16ਵਾਂ ਟੌਹੜਾ ਕਬੱਡੀ ਕੱਪ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਮੈਬਰ ਜਥੇਦਾਰ ਸਤਵਿੰਦਰ ਸਿੰਘ ਟੌਹੜਾ ਨੇ ਦਸਿਆ ਕਿ ਇਹ ਟੂਰਨਾਮੈਂਟ ਦੋ ਦਿਨਾਂ ਦਾ ਹੋਵੇਗਾ, ਜਿਸ ਵਿਚ ਦੇਸ਼-ਵਿਦੇਸ਼ ਦੇ ਖਿਡਾਰੀ ਹਿੱਸਾ ਲੈਣਗੇ।ਉਨਾ ਦੱਸਿਆ ਕਿ ਕਬੱਡੀ ਕੱਪ ਸਬੰਧੀ ਸਾਰੀਆ ਤਿਆਰੀਆਂ ਮੁਕੰਮਲ ਹਨ ਅਤੇ ਅੱਜ ਸ਼੍ਰੀ ਆਖੰਡ ਪਾਠ ਸਾਹਿਬ ਆਰੰਭ ਕੀਤੇ ਜਾ ਰਹੇ ਹਨ ਜਿਨਾਂ ਦੇ ਭੋਗ 5 ਮਾਰਚ ਨੂੰ ਪਾਏ ਜਾਣਗੇ । ਉਨਾ ਦੱਸਿਆ ਕਿ ਦੋ ਦਿਨ ਚੱਲਣ ਵਾਲੇ ਇਸ ਟੂਰਨਾਮੈਂਟ ਵਿਚ ਜਿਥੇ ਪਹਿਲੇ ਦਿਨ 32,37 ਅਤੇ 47 ਕਿਲੋ ਦੀਆਂ ਟੀਮਾਂ ਦੇ ਕਬੱਡੀ ਦੇ ਮੈਚ ਹੋਣਗੇ, ਜਿਸ ਵਿਚ ਟਰਾਲੀ ਬੈਕ ਮੁਕਾਬਲੇ ਅਤੇ ਹੋਰ ਪੇਂਡੂ ਵਿਰਾਸਤੀ ਖੇਡਾਂ ਹੋਣਗੀਆਂ। ਇਸ ਮੌਕੇ ਹੋਰਨਾਂ ਤੋ ਇਲਾਵਾ ਟੌਹੜਾ ਕਬੱਡੀ ਕੱਪ ਦੇ ਪ੍ਰਧਾਨ ਮੈਨੇਜਰ ਅਮਰੀਕ ਸਿੰਘ, ਸੀਨੀਅਰ ਮੀਤ ਪ੍ਰਧਾਨ ਰਾਜਵਿੰਦਰ ਸਿੰਘ ਭੰਗੂ, ਰਣਧੀਰ ਸਿੰਘ ਢੀਂਡਸਾ, ਪ੍ਰੀਤ ਬੱਤਰਾ ਜਨਰਲ ਸਕੱਤਰ, ਗੁਰਜੀਤ ਸਿੰਘ ਮੀਤ ਪ੍ਰਧਾਨ, ਜਸਪਾਲ ਸਿੰਘ ਕਲਿਆਣ ਸਾਬਕਾ ਚੇਅਰਮੈਨ ਜਿਲਾ ਪਰਿਸ਼ਦ ਪਟਿਆਲਾ, ਡਾ ਪ੍ਰਦੀਪ ਕੁੰਦਰਾ, ਲੈਕਚਰਚਾਰ ਗੁਰਪ੍ਰੀਤ ਸਿੰਘ ਜਿੰਦਲਪੁਰ, ਲੰਬੜਦਾਰ ਮਲਕੀਤ ਸਿੰਘ ਵਜੀਦੜੀ, ਬਹਾਦਰ ਸਿੰਘ ਟੌਹੜਾ, ਹਰਭਜਨ ਸਿੰਘ ਟੌਹੜਾ, ਰਣਧੀਰ ਸਿੰਘ ਰੈਮਲਮਾਜਰੀ, ਮਹਿੰਗਾ ਸਿੰਘ ਭੜੀ, ਲਖਵਿੰਦਰ ਸਿੰਘ ਖੱਟੜਾ, ਸਤਗੁਰ ਸਿੰਘ ਨਿਰਮਾਣਾ, ਜਗਤਾਰ ਸਿੰਘ ਸਿੱਧੂ, ਹਰਿੰਦਰ ਸਿੰਘ ਸਰਪੰਚ ਭੜੀ, ਜਥੇਦਾਰ ਪਿਆਰਾ ਸਿੰਘ ਮੋਹਲਗੁਆਰਾ, ਨਿਸ਼ਾਨ ਸਿੰਘ ਸਹੋਲੀ, ਹਰਬੰਸ ਸਿੰਘ ਭੂਰਾ ਗਿਲ ਆਦਿ ਮੌਜੂਦ ਸਨ।

## ਮਿਲੇਨੀਅਮ ਵਰਲਡ ਸਕੂਲ 'ਚ ਹੋਲੀ ਦਾ ਤਿਉਹਾਰ ਮਨਾਇਆ

ਸਮਾਣਾ, 3 ਮਾਰਚ (ਵਿਜੇ ਕੁਮਾਰ/ਨਿਖਿਲ ਗਰਗ/ਜਵੰਦਾ): ਮਿਲੇਨੀਅਮ ਵਰਲਡ ਸਕੂਲ, ਸਮਾਣਾ 'ਚ ਰੰਗਾਂ ਦਾ ਤਿਉਹਾਰ ਹੋਲੀ, ਸਕੂਲ ਵਿਚ ਮਨਾਇਆ ਗਿਆ। ਇਹ ਸਮਾਰੋਹ ਰੰਗਾਂ, ਖੁਸ਼ੀਆਂ ਅਤੇ ਪਿਆਰ ਤੇ ਭਾਈਚਾਰੇ ਦੇ ਸੰਦੇਸ਼ ਨਾਲ ਭਰਪੂਰ ਰਿਹਾ। ਸਮਾਰੋਹ ਦੀ ਸ਼ੁਰੂਆਤ ਵਿਸ਼ੇਸ਼ ਸਵੇਰ ਦੀ ਸਭਾ ਨਾਲ ਹੋਈ, ਜਿਸ ਵਿੱਚ ਵਿਦਿਆਰਥੀਆਂ ਨੇ ਹੋਲੀ ਦੇ ਮਹੱਤਵ ਬਾਰੇ ਭਾਸ਼ਣ ਦਿਤੇ। ਸਕੂਲ ਚੇਅਰਮੈਨ ਡਾ: ਕੇ.ਕੇ.ਜੋਹਰੀ ਨੇ ਦੱਸਿਆ ਕਿ ਹੋਲੀ ਆਪਸੀ ਪਿਆਰ ਅਤੇ ਏਕਤਾ ਨੂੰ ਮਜ਼ਬੂਤ ਕਰਨ ਵਾਲਾ ਤਿਉਹਾਰ ਹੈ। ਹੋਲੀ ਸਿਰਫ ਰੰਗਾਂ ਦਾ ਤਿਉਹਾਰ ਨਹੀਂ, ਸਗੋਂ ਏਕਤਾ, ਖੁਸ਼ੀ ਅਤੇ ਮਿਲਾਪ ਦਾ ਪ੍ਰਤੀਕ ਹੈ। ਇਹ ਤਿਉਹਾਰ ਵਿਦਿਆਰਥੀਆਂ ਦੇ ਜੀਵਨ ਵਿੱਚ ਚੰਗੇ ਸੰਸਕਾਰ ਅਤੇ ਸਕਾਰਾਤਮਕ ਸੋਚ ਦੇ ਰੰਗ ਭਰਦਾ ਹੈ। ਵਿਦਿਆਰਥੀਆਂ ਵੱਲੋਂ ਪੇਸ਼ ਕੀਤੀ ਗਈ ਕਵਿਤਾ ਨੇ ਸਮਾਰੋਹ ਦੀ ਰੌਣਕ ਵਧਾਈ। ਨੰਨੇ-ਮੁੰਨੇ ਬੱਚੇ ਕੁਦਰਤੀ ਅਤੇ ਸੁਰੱਖਿਅਤ ਰੰਗਾਂ ਨਾਲ ਹੋਲੀ ਖੇਡਦੇ ਨਜਰ ਆਏ। ਪ੍ਰਿੰਸੀਪਲ ਮਿਸ ਸਾਲਿਨੀ ਕਾਜਲਾ ਨੇ ਕਿਹਾ ਕਿ ਹੋਲੀ ਵਰਗੇ ਤਿਉਹਾਰ ਬੱਚਿਆਂ ਨੂੰ ਸਾਡੀ ਸਮ੍ਰਿੱਧ ਸਾਂਸਕ੍ਰਿਤਿਕ ਵਿਰਾਸਤ ਨਾਲ ਜੋੜਦੇ ਹਨ।



## ਸ਼ਾਮ ਸਮਾਜ ਸੇਵਾ ਆਸ਼ਰਮ ਵੱਲੋਂ 576ਵਾਂ ਮੁਫ਼ਤ ਰਾਸ਼ਨ ਵੰਡ ਸਮਾਰੋਹ

ਸਮਾਣਾ, 3 ਮਾਰਚ (ਵਿਜੇ ਕੁਮਾਰ/ਨਿਖਿਲ ਗਰਗ/ਜਵੰਦਾ) : ਇਲਾਕੇ ਦੀ ਸਿਰਮੌਰ ਸੰਸਥਾ ਸ਼ਾਮ ਸਮਾਜ ਸੇਵਾ ਆਸ਼ਰਮ ਜੋ ਕਿ ਇਲਾਕੇ ਦੀਆਂ ਵਿਧਵਾਵਾਂ ਅਤੇ ਲੋੜਵੰਦ ਪ੍ਰੀਵਾਰਾਂ ਨੂੰ ਹਰ ਮਹੀਨੇ ਦੇ ਪਹਿਲੇ ਐਤਵਾਰ ਰਿਸੋਈ ਦੀ ਜਰੂਰਤ ਦਾ ਸਮਾਨ ਵੰਡ ਕੇ ਉਨ੍ਹਾਂ ਲਈ ਵਰਦਾਨ ਸਿੱਧ ਹੋ ਰਿਹਾ ਹੈ। ਇਸੇ ਲੜੀ ਤਹਿਤ ਸੰਸਥਾ ਦੇ ਪ੍ਰਧਾਨ ਮਦਨ ਲਾਲ ਪ੍ਰਦੇਸ਼ੀ ਦੀ ਪ੍ਰਧਾਨਗੀ 'ਚ 576ਵਾਂ ਮੁਫਤ ਰਾਸ਼ਨ ਵੰਡ ਸਮਾਰੋਹ ਕਰਵਾਇਆ ਗਿਆ। ਜਿਸ ਵਿਚ ਮੁੱਖ ਮਹਿਮਾਨ ਵਜੋਂ ਇਸ਼ੂ ਵਧਵਾ, ਕਮਿਸ਼ਨ ਏਜੰਟ ਪੁਸ਼ਪਿੰਦਰ ਗੋਇਲ ,ਰਾਜ ਕੁਮਾਰ ਆੜ੍ਹਤੀ ਨੇ ਸ਼ਿਰਕਤ ਕੀਤੀ, ਜਿਨ੍ਹਾਂ ਸੰਸਥਾ ਤੋ ਹਰ ਮਹੀਨੇ ਰਾਸ਼ਨ ਪ੍ਰਾਪਤ ਕਰਨ ਵਾਲੇ 220 ਜ਼ਰੂਰਤਮੰਦ ਪ੍ਰੀਵਾਰਾਂ ਨੂੰ ਰਾਸ਼ਨ ਤਕਸੀਮ ਕਰਨ ਦੀ ਰਸਮੀ ਸ਼ੁਰੂਆਤ ਕੀਤੀ। ਸ਼ਾਮ ਸਮਾਜ ਸੇਵਾ ਆਸ਼ਰਮ ਮੁਹੱਲਾ ਨੀਲਗੜ੍ਹ, ਸਮਾਣਾ 'ਚ ਆਯੋਜਿਤ ਸਮਾਗਮ ਨੂੰ ਸੰਬੋਧਨ ਕਰਦਿਆਂ ਪੁਸ਼ਪਿੰਦਰ ਗੋਇਲ ਨੇ ਸੰਸਥਾ ਪ੍ਰਧਾਨ ਮਦਨ ਲਾਲ ਪ੍ਰਦੇਸੀ ਵੱਲੋਂ ਪਿਛਲੇ 48 ਸਾਲਾਂ ਤੋਂ ਲਗਾਤਾਰ ਜਰੂਰਤਮੰਦ ਪ੍ਰੀਵਾਰਾਂ ਨੂੰ ਮੁਫਤ ਵੰਡੇ ਜਾ ਰਹੇ ਰਾਸ਼ਨ ਦੀ ਭਰਪੂਰ ਸੰਲਾਘਾਂ ਕੀਤੀ ਤੇ ਕਿਹਾ ਅਜਿਹੀ ਲੰਮਾ ਸਮਾਂ ਸੇਵਾ ਕਰਦੇ ਰਹਿਣਾ ਹਰ ਕਿਸੇ ਦੇ ਵਸ ਦੀ ਗੱਲ ਨਹੀਂ। ਇਸ ਮੌਕੇ ਮਦਨ ਲਾਲ ਪ੍ਰਦੇਸੀ ਨੇ ਸਮਾਗਮ ਵਿਚ ਸ਼ਾਮਲ ਮਹਿਮਾਨਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਉਹ ਜੋ ਪਿਛਲੇ 48 ਸਾਲਾਂ ਤੋਂ ਲਗਾਤਾਰ ਜਰੂਰਤਮੰਦਾਂ ਨੂੰ ਰਾਸ਼ਨ ਵੰਡ ਰਹੇ ਹਨ, ਉਹ ਦਾਨੀ ਸਜਣਾਂ ਦੇ ਸਹਿਯੋਗ ਸਦਕਾ ਹੀ ਹੈ। ਸੰਸਥਾ ਪ੍ਰਧਾਨ ਨੇ ਸੰਸਥਾ ਤੇ ਪਦਮਸ਼੍ਰੀ ਵਿਜੇ ਚੋਪੜਾ ਦਾ ਅਸ਼ੀਰਵਾਦ ਦੱਸਿਆ ਤੇ ਕਿਹਾ ਕਿ ਉਨ੍ਹਾਂ ਦੀ ਪ੍ਰੇਰਨਾ ਨਾਲ ਹੀ ਉਹ ਇਹ ਸੇਵਾ ਨਿਭਾਉਣ ਵਿਚ ਸਫਲ ਹੋਏ ਹਨ।





## ਮਿਡ-ਡੇ-ਮੀਲ ਕੁੱਕ ਬੀਬੀਆਂ 'ਇਸਤਰੀ ਦਿਵਸ' ਮੌਕੇ 8 ਨੂੰ ਸੰਗਰੂਰ ਵਿਖੇ ਕਰਨਗੀਆਂ ਰੋਸ ਪ੍ਰਦਰਸ਼ਨ

ਭਾਦਸੋਂ, 3 ਮਾਰਚ (ਭਰਪੂਰ ਸਿੰਘ ਮੱਟਰਾਂ) : ਡੈਮੋਕਰੇਟਿਕ ਮਿਡ ਡੇ ਮੀਲ ਕੁੱਕ ਫਰੰਟ ਪੰਜਾਬ ਦੀ ਸੂਬਾ ਪ੍ਰਧਾਨ ਹਰਜਿੰਦਰ ਕੌਰ ਲੋਪੇ, ਸਿਮਰਜੀਤ ਕੌਰ ਅਜਨੌਦਾ, ਪਰਮਜੀਤ ਕੌਰ ਨਰਾਇਣਗੜ੍ਹ ਨੇ ਇੱਥੇ ਜਾਣਕਾਰੀ ਦਿੰਦੇ ਨੇ ਦੱਸਿਆ ਕਿ ਸਰਕਾਰ ਕੁੱਕ ਬੀਬੀਆਂ ਨਾਲ ਲਗਾਤਾਰ ਬੇਇਨਸਾਫੀ ਕਰਦੀ ਆ ਰਹੀ ਹੈ। ਗਰੀਬ ਬੀਬੀਆਂ ਨੂੰ ਸਭ ਤੋਂ ਘੱਟ ਤਨਖਾਹ ਦਿੱਤੀ ਜਾ ਰਹੀ ਹੈ, ਜਿਸ ਤੋਂ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਗਰੀਬ ਲੋਕਾਂ ਦੀ ਜਾਇਜ਼ ਮੰਗਾਂ ਲਈ ਵੀ ਗੰਭੀਰ ਨਹੀਂ। ਆਗੂਆਂ ਅੱਗੇ ਦੱਸਿਆ ਕਿ ਇਸਤਰੀ ਦਿਵਸ ਦੇ ਮੌਕੇ 'ਤੇ 8 ਮਾਰਚ ਨੂੰ ਮਿਡ ਡੇ ਮੀਲ ਕੁੱਕ ਬੀਬੀਆਂ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਸੰਗਰੂਰ ਨੇੜੇ ਇਕੱਠੀਆਂ ਹੋ ਕੇ ਸਰਕਾਰ ਵਿਰੁੱਧ ਰੋਸ ਕਰਨਗੀਆਂ । ਆਗੂਆਂ ਨੇ ਅੱਗੇ ਜਾਣਕਾਰੀ ਦਿੰਦੇ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਮੀਟਿੰਗਾਂ ਵਿੱਚ ਵਾਧਾ ਕੀਤਾ ਸੀ ਕਿ ਉਹਨਾਂ ਦੀਆਂ ਤਨਖਾਹਾਂ ਤੁਰੰਤ ਦੁਗਣੀਆਂ ਕਰ ਦਿੱਤੀਆਂ ਜਾਣਗੀਆਂ , ਪਰ ਅਜੇ ਤੱਕ ਸਰਕਾਰ ਨੇ ਲਾਰਿਆਂ ਤੋਂ ਬਿਨਾਂ ਕੁਝ ਨਹੀਂ ਕੀਤਾ, ਜਿਸ ਤੋਂ ਸਪੱਸ਼ਟ ਹੈ ਕਿ ਗਰੀਬ ਲੋਕਾਂ ਦੀਆਂ ਸਮੱਸਿਆਵਾਂ ਪ੍ਰਤੀ ਭਗਵੰਤ ਮਾਨ ਦੀ ਸਰਕਾਰ ਗੰਭੀਰ ਨਹੀਂ ਹੈ। ਆਗੂਆਂ ਨੇ ਅੱਗੇ ਮੰਗ ਕਰਦਿਆਂ ਕਿਹਾ ਕਿ ਮਿਡ ਡੇ ਮੀਲ ਕੁੱਕ ਦੀਆਂ ਸੇਵਾਵਾਂ ਨੂੰ ਘੱਟੋ-ਘੱਟ ਉਜਰਤਾਂ ਅਧੀਨ ਲਿਆ ਕੇ ਉਹਨਾਂ ਦੀ ਤਨਖਾਹ ਘੱਟੋ ਘੱਟ 12500 ਰੁਪਏ ਕੀਤੀ ਜਾਵੇ। ਜੋ ਮਿਡ ਡੇ ਮੀਲ ਕੁੱਕ ਬੀ.ਏ ਪਾਸ ਹਨ , ਉਹਨਾਂ ਨੂੰ ਬਲਾਕ ਦਫਤਰਾਂ ਵਿੱਚ ਮਿਡ ਡੇ ਮੀਲ ਲਈ ਡਾਟਾ ਐਂਟਰੀ ਵਜੋਂ ਤਰੱਕੀ ਦਿੱਤੀ ਜਾਵੇ। ਫਰੰਟ ਆਗੂਆਂ ਨੇ ਕੁੱਕ ਬੀਬੀਆਂ ਨੂੰ ਅਪੀਲ ਕੀਤੀ ਕਿ 8 ਮਾਰਚ ਦਿਨ ਐਤਵਾਰ ਨੂੰ ਪਰਿਵਾਰਾਂ ਸਮੇਤ ਸੰਗਰੂਰ ਵਿਖੇ ਮੁੱਖ ਮੰਤਰੀ ਪੰਜਾਬ ਦੇ ਰਿਹਾਇਸ਼ ਨੇੜੇ ਬਾਈਪਾਸ ਪੁੱਲ ਦੇ ਹੇਠਾਂ ਇਕੱਠੀਆਂ ਹੋਣ।

## ਬਜ਼ੁਰਗ ਮੁਖਤਿਆਰ ਸਿੰਘ ਨੇ ਖੇਲ-ਕੁੱਦ ਪ੍ਰਤੀਯੋਗਤਾ 'ਚ ਸੋਨੇ ਦਾ ਮੈਡਲ ਜਿੱਤਿਆ

ਪਟਿਆਲਾ, 3 ਮਾਰਚ (ਚ.ਨ.ਸ.) : ਪਿੰਡ ਚਮਾਰਹੇੜੀ ਦੇ ਦੌੜਾਕ ਫੌਜੀ ਮੁਖਤਿਆਰ ਸਿੰਘ ਨੇ ਖੇਲ ਕੁੱਦ ਪ੍ਰਤੀਯੋਗਤਾ, ਜੋ ਕਿ ਪਿੰਡ ਭਾਨੋਹੇੜੀ ਅੰਬਾਲਾ ਵਿਖੇ ਕਰਵਾਈ ਗਈ, ਵਿੱਚ ਹਿੱਸਾ ਲਿਆ। ਇਹ ਬਜ਼ੁਰਗਾਂ ਦੀਆਂ ਦੌੜਾਂ ਬੀਤੇ ਦਿਨੀਂ ਹੋਈਆਂ ਸਨ ਅਤੇ ਮੁਖਤਿਆਰ ਸਿੰਘ (80) ਨੇ ਖੇਡਾਂ ਵਿੱਚ ਹਿੱਸਾ ਲਿਆ ਅਤੇ ਪਹਿਲਾ ਸਥਾਨ ਪ੍ਰਾਪਤ ਕਰਕੇ ਸੋਨੇ ਦਾ ਮੈਡਲ ਜਿੱਤਿਆ। ਇਹ ਮੈਡਲ, ਜੋ ਕਿ ਚਾਰ ਸੌ ਮੀਟਰ ਦੌੜ ਵਿਚ ਉਨ੍ਹਾਂ ਨੇ ਜਿੱਤਿਆ। ਇਹ ਦੌੜ ਉਨ੍ਹਾਂ ਨੇ ਬੱਚਿਆਂ ਨੂੰ ਪ੍ਰੇਰਿਤ ਕਰਨ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਹਿੱਸਾ ਲੈ ਕੇ ਇਹ ਪ੍ਰਤੀਯੋਗਤਾ ਜਿੱਤੀ ਹੈ।



## ਚਮਕੀਲਾ ਸਿੰਘ ਵਿਕਸਤ ਭਾਰਤ ਜੀ ਰਾਮ ਜੀ ਬੀਜੇਪੀ ਸੈਲ ਪੰਜਾਬ ਦੇ ਕੋ-ਕਨਵੀਨਰ ਨਿਯੁਕਤ

ਸਮਾਣਾ, 3 ਮਾਰਚ (ਹਰਜਿੰਦਰ ਸਿੰਘ ਜਵੰਦਾ) : ਪੰਜਾਬ ਵਿੱਚ ਭਾਰਤੀ ਜਨਤਾ ਪਾਰਟੀ ਦੇ ਸਹਾਇਕ ਸੰਗਠਨ ਵਿਕਸਤ ਭਾਰਤ ਜੀ ਰਾਮ ਜੀ ਸੈਲ ਨੂੰ ਉਸ ਸਮੇਂ ਹੋਰ ਮਜ਼ਬੂਤੀ ਮਿਲੀ ਜਦੋਂ ਪਾਰਟੀ ਨੇ ਸਮਾਣਾ ਤੋਂ ਚਮਕੀਲਾ ਸਿੰਘ ਨੂੰ ਵਿਕਸਤ ਭਾਰਤ ਜੀ ਰਾਮ ਜੀ ਬੀਜੇਪੀ ਸੈਲ ਪੰਜਾਬ ਦਾ ਕੋ-ਕਨਵੀਨਰ ਨਿਯੁਕਤ ਕੀਤਾ ਗਿਆ। ਇਸ ਨਿਯੁਕਤੀ ਲਈ ਸ ਚਮਕੀਲਾ ਸਿੰਘ ਨੇ ਸੁਨੀਲ ਜਾਖੜ ਬੀਜੇਪੀ ਪ੍ਰਧਾਨ ਪੰਜਾਬ, ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ, ਸੰਗਠਨ ਮੰਤਰੀ ਸ੍ਰੀ ਨਿਵਾਸੁਲੂ, ਚੈਅਰਮੈਨ ਸ੍ਰ ਭੀਮ ਸਿੰਘ ਕੋਟਲੀ ਅਤੇ ਬੀ ਜੇ ਪੀ ਆਗੂ ਕਰੁਨ ਕੌੜਾ ਦਾ ਧੰਨਵਾਦ ਕੀਤਾ ਉਨ੍ਹਾਂ ਅੱਗੇ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਅਤੇ ਕੇਂਦਰ ਸਰਕਾਰ ਦੇ ਵਿਕਾਸ ਕਾਰਜਾਂ ਨੂੰ ਘਰ-ਘਰ ਤੱਕ ਪਹੁੰਚਾਉਣ ਲਈ ਪੂਰੀ ਤਰ੍ਹਾਂ ਸਮਰਪਿਤ ਰਹਿਣਗੇ।ਇਸ ਮੌਕੇ ਹਾਜ਼ਰ ਪਾਰਟੀ ਆਗੂਆਂ ਨੇ ਵਿਸ਼ਵਾਸ ਜਤਾਇਆ ਕਿ ਚਮਕੀਲਾ ਸਿੰਘ ਆਪਣੀ ਜ਼ਿੰਮੇਵਾਰੀ ਨੂੰ ਇਮਾਨਦਾਰੀ ਅਤੇ ਨਿਸ਼ਠਾ ਨਾਲ ਨਿਭਾਉਂਦੇ ਹੋਏ ਸੰਗਠਨ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨਗੇ।



## ਜਨਹਿੱਤ ਸੰਮਤੀ ਨੇ ਲੋੜਵੰਦਾਂ ਨੂੰ ਰਾਸ਼ਨ, ਮੈਡੀਕਲ ਮਦਦ ਅਤੇ ਵਿਦਿਆਰਥੀਆਂ ਨੂੰ ਫੀਸ ਦਿੱਤੀ





ਪਟਿਆਲਾ, 3 ਮਾਰਚ (ਚ.ਨ.ਸ.) : ਨਾਮਵਰ ਸਮਾਜ ਸੇਵੀ ਸੰਸਥਾ ਜਨਹਿੱਤ ਸੰਮਤੀ ਵੱਲੋਂ ਪ੍ਰਧਾਨ ਐਸ ਕੇ ਗੌਤਮ ਅਤੇ ਜਰਨਲ ਸਕੱਤਰ ਸਟੇਟ ਐਵਾਰਡੀ ਵਿਨੋਦ ਸ਼ਰਮਾ ਦੀ ਅਗਵਾਈ ਹੇਠ ਪ੍ਰਭਾਤ ਪ੍ਰਵਾਨਾ ਹਾਲ ਵਿਖੇ 8 ਲੋੜਵੰਦ ਪਰਿਵਾਰਾਂ ਨੂੰ ਰਾਸ਼ਨ , 1 ਲੜਕੀ ਦੇ ਵਿਆਹ ਲਈ ਮਦਦ, 3 ਸਕੂਲਾਂ ਦੇ ਵਿਦਿਆਰਥੀਆਂ ਨੂੰ ਫੀਸ, ਇਕ ਅਪਾਹਜ ਨੂੰ ਟਰਾਈ ਸਾਇਕਲ, 2 ਕਿਡਨੀ ਦੇ ਮਰੀਜ਼ਾਂ ਨੂੰ ਇੰਜੇਕਸ਼ਨ ਤੇ ਵਿੱਤੀ ਮੱਦਦ ਦੇਣ ਲਈ ਪ੍ਰੋਗਰਾਮ ਦਾ ਆਯੋਜਨ ਪ੍ਰਭਾਤ ਪ੍ਰਵਾਨਾਂ ਹਾਲ ਬਾਰਾਦਰੀ ਵਿਖੇ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਉਘੇ ਸਮਾਜ ਸੇਵੀ ਬੀ ਕੇ ਬਿੰਦਲ ਰਿਟਾਇਰ ਡਾਇਰੈਕਟਰ ਪੀ. ਐਸ.ਪੀ.ਸੀ.ਐਲ ਅਤੇ ਸ਼੍ਰੀ ਕੇ.ਕੇ ਸਿੰਗਲਾ ਜੀ ਪ੍ਰਧਾਨ ਜ਼ਿਲ੍ਹਾ ਟੈਕਸੇਸ਼ਨ ਐਸੋਸੀਏਸ਼ਨ ਨੇ ਸ਼ਿਰਕਤ ਕੀਤੀ। ਵਿਸ਼ੇਸ਼ ਤੌਰ 'ਤੇ ਜੀ. ਐਸ ਆਨੰਦ, ਰਵਿੰਦਰ ਕੁਮਾਰ, ਡੀ ਐਸ ਢੀਂਗਰਾ, ਸੁਮੀਤ, ਰਣਜੀਤ ਸਿੰਘ, ਮੈਡਮ ਸੰਗੀਤਾ, ਐਸ.ਪੀ ਪਰਾਸ਼ਰ, ਭੁਪਿੰਦਰ ਸਿੰਘ, ਨੇ ਸ਼ਿਰਕਤ ਕੀਤੀ। ਇਸ ਮੌਕੇ ਕੇ.ਕੇ ਸਿੰਗਲਾ ਵੱਲੋਂ 31000 ਦਾ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਤੇ ਬੀ.ਕੇ ਬਿੰਦਲ ਵੱਲੋਂ 5 ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ ।

## ਗੂਗਲ ਖੋਜ ਤੇ ਏ.ਆਈ. ਮਨੁੱਖੀ ਸਬੰਧਾਂ ਤੇ ਮੇਲ ਮਿਲਾਪ ਦਾ ਬਦਲ ਨਹੀਂ ਹੋ ਸਕਦੇ : ਸਤਿੰਦਰਪਾਲ ਸਿੰਘ ਸਿੱਧਵਾਂ

### ➢ਪੁਸਤਕ ਬੈਠਕ ਦੌਰਾਨ ਢਾਡੀ ਸਤਿੰਦਰਪਾਲ ਸਿੰਘ ਵੱਲੋਂ 'ਕਿਤਾਬ ਤੇ ਕਲਾ' ਵਿਸ਼ੇ 'ਤੇ ਚਰਚਾ

ਪਟਿਆਲਾ , 3 ਮਾਰਚ (ਚ.ਨ.ਸ.) : ਭਾਸ਼ਾ ਵਿਭਾਗ ਪੰਜਾਬ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਅਗਵਾਈ ਵਿੱਚ ਕਰਵਾਈ ਜਾਂਦੀ ਮਹੀਨਾਵਾਰ ਪੁਸਤਕ ਬੈਠਕ ਦੌਰਾਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਜੀਵਨੀ ਨਾਲ ਸਬੰਧਤ ਪ੍ਰਿੰ. ਸਤਿਬੀਰ ਸਿੰਘ ਦੀ ਪੁਸਤਕ 'ਇਤਿ ਜਿਨਿ ਕਰੀ' ਬਾਰੇ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਚਰਚਾ ਕੀਤੀ। ਇਸ ਸਮਾਗਮ ਦੌਰਾਨ ਉੱਘੇ ਢਾਡੀ/ਕਵੀਸ਼ਰ ਤੇ ਕੈਨੇਡਾ ਦੇ ਮੀਡੀਆ ਦੀ ਨਾਮਵਰ ਸ਼ਖ਼ਸੀਅਤ ਸਤਿੰਦਰਪਾਲ ਸਿੰਘ ਸਿੱਧਵਾਂ ਨੇ 'ਕਿਤਾਬ ਤੇ ਕਲਾ' ਵਿਸ਼ੇ 'ਤੇ ਵਿਸ਼ੇਸ਼ ਭਾਸ਼ਣ ਦਿੱਤਾ। ਸਵਾਗਤੀ ਭਾਸ਼ਣ ਦੌਰਾਨ ਸ. ਜਸਵੰਤ ਸਿੰਘ ਜ਼ਫ਼ਰ ਨੇ ਸ. ਸਿੱਧਵਾਂ ਦੀ ਸ਼ਖ਼ਸੀਅਤ ਬਾਰੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਢਾਡੀ, ਰਾਗੀ ਤੇ ਕਵੀਸ਼ਰ ਸਾਨੂੰ ਆਪਣੇ ਇਤਿਹਾਸ, ਬੋਲੀ, ਕਦਰਾਂ ਕੀਮਤਾਂ ਅਤੇ ਸੱਭਿਆਚਾਰ ਨਾਲ ਜੋੜਦੇ ਹਨ। ਖਾਸ ਤੌਰ 'ਤੇ ਨਵੀਂ ਪੀੜ੍ਹੀ ਨੂੰ ਇਤਿਹਾਸ ਤੇ ਸੱਭਿਆਚਾਰ ਨਾਲ ਜੋੜਨ ਲਈ ਇਨ੍ਹਾਂ ਦਾ ਬਹੁਤ ਯੋਗਦਾਨ ਹੈ। ਇਸੇ ਕਰਕੇ ਅੱਜ ਵੀ 'ਸਿੱਧਵਾਂ ਕਾਲਜ ਵਾਲੇ' ਢਾਡੀ ਜਥੇ ਨੂੰ ਲੋਕ ਯਾਦ ਕਰਦੇ ਹਨ। ਅਜਿਹੀਆਂ ਪ੍ਰੰਪਰਾਵਾਂ ਅੱਜ ਵੀ ਯਾਦ ਰੱਖਣ ਦੀ ਲੋੜ ਹੈ। ਸ. ਜ਼ਫ਼ਰ ਨੇ ਕਿਹਾ ਕਿ ਅਸੀਂ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਵਰ੍ਹਾ ਮਨਾ ਰਹੇ ਹਾਂ ਇਸ ਕਰਕੇ ਸਾਡਾ ਸਭ ਦਾ ਫ਼ਰਜ਼ ਬਣਦਾ ਹੈ ਕਿ ਉਨ੍ਹਾਂ ਦੇ ਬਾਰੇ ਘੱਟੋ-ਘੱਟ ਇੱਕ ਕਿਤਾਬ ਜ਼ਰੂਰ ਪੜ੍ਹੀਏ। ਇਸੇ ਤਹਿਤ ਹੀ ਭਾਸ਼ਾ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਗੁਰੂ ਸਾਹਿਬ ਦੀ ਜੀਵਨੀ 'ਤੇ ਅਧਾਰਤ ਪੁਸਤਕ 'ਇਤਿ ਜਿਨਿ ਕਰੀ' ਪੜ੍ਹਨ ਲਈ ਪ੍ਰੇਰਿਤ ਕੀਤਾ ਗਿਆ ਤੇ ਉਸ ਸਬੰਧੀ ਵਿਚਾਰ ਚਰਚਾ ਕੀਤੀ ਗਈ ਹੈ। ਸ. ਸਤਿੰਦਰਪਾਲ ਸਿੰਘ ਸਿੱਧਵਾਂ ਨੇ ਕਿਹਾ ਗੂਗਲ ਖੋਜ ਤੇ ਏ.ਆਈ. ਮਨੁੱਖੀ ਸਬੰਧਾਂ ਤੇ ਮੇਲ ਮਿਲਾਪ ਦਾ ਬਦਲ ਨਹੀਂ ਹੋ ਸਕਦੇ। ਸ. ਸਿੱਧਵਾਂ ਨੇ ਆਪਣੇ ਗਾਇਕੀ ਦੇ ਸਫ਼ਰ ਬਾਰੇ ਦੱਸਿਆ ਕਿ ਉਹਨਾਂ ਨੇ ਕਿਤਾਬ ਤੇ ਅਖ਼ਬਾਰਾਂ ਨੂੰ ਹਮੇਸ਼ਾ ਆਪਣਾ ਪੱਕਾ ਸਾਥੀ ਬਣਾ ਕੇ ਰੱਖਿਆ ਜਿਨ੍ਹਾਂ ਸਦਕਾ ਉਨਾਂ ਦੀਆਂ ਪੇਸ਼ਕਾਰੀਆਂ ਭਾਵ ਮੰਚ 'ਤੇ ਬੋਲਣ ਤੇ ਖੜ੍ਹਨ 'ਚ ਨਿਰੰਤਰ ਸੁਧਾਰ ਹੁੰਦਾ ਗਿਆ ਤੇ ਲੋਕਾਂ ਨੇ ਮਣਾਂ ਮੂੰਹੀ ਪਿਆਰ ਦਿੱਤਾ। ਸ. ਸਿੱਧਵਾਂ ਨੇ ਕਿਹਾ ਕਿ ਦੁਨੀਆ ਜੋੜਨ ਵਾਲਿਆਂ ਨੂੰ ਸਦਾ ਯਾਦ ਰੱਖਦੀ ਹੈ ਨਾ ਕਿ ਤੋੜਨ ਵਾਲਿਆਂ ਨੂੰ। ਕਿਤਾਬਾਂ ਸਮਾਜ ਨੂੰ ਜੋੜਨ ਦਾ ਕਾਰਜ ਕਰਦੀਆਂ ਹਨ। ਇਸੇ ਕਰਕੇ ਚੰਗੀਆਂ ਕਿਤਾਬਾਂ ਹਰ ਯੁੱਗ ਵਿੱਚ ਪੜ੍ਹੀਆਂ ਜਾਂਦੀਆਂ ਹਨ। ਅਖ਼ੀਰ ਵਿੱਚ ਉਨ੍ਹਾਂ 'ਜੱਗ ਜੰਕਸ਼ਨ ਰੇਲਾਂ ਦਾ..' ਕਵੀਸ਼ਰੀ ਗਾ ਕੇ ਆਪਣਾ ਭਾਸ਼ਣ ਨੇਪਰੇ ਚਾੜ੍ਹਿਆ। ਵਿਭਾਗ ਵੱਲੋਂ ਸ. ਸਿੱਧਵਾਂ ਨੂੰ ਸ਼ਾਲ ਅਤੇ ਪੁਸਤਕਾਂ ਦਾ ਸੈੱਟ ਭੇਟ ਕੀਤਾ ਗਿਆ। ਮੰਚ ਸੰਚਾਲਨ ਖੋਜ ਅਫ਼ਸਰ ਡਾ. ਸੁਖਦਰਸ਼ਨ ਸਿੰਘ ਚਹਿਲ ਨੇ ਕੀਤਾ। ਇਸ ਮੌਕੇ ਭਾਸ਼ਾ ਵਿਭਾਗ ਦੀ ਸੰਯੁਕਤ ਨਿਰਦੇਸ਼ਕਾ ਚੰਦਨਦੀਪ ਕੌਰ, ਸਹਾਇਕ ਨਿਰਦੇਸ਼ਕ ਅਮਰਿੰਦਰ ਸਿੰਘ, ਜਸਪ੍ਰੀਤ ਕੌਰ, ਸੁਰਿੰਦਰ ਕੌਰ ਸਮੇਤ ਵੱਡੀ ਗਿਣਤੀ ਵਿੱਚ ਸਰੋਤੇ ਹਾਜ਼ਰ ਸਨ।



## ਕਿੱਲੀ ਚਹਿਲਾਂ ਦੀ ਰੈਲੀ ਨਵਾਂ ਇਤਿਹਾਸ ਰਚੇਗੀ: ਨਰਾਇਣ ਸਿੰਘ ਨਰਸੋਤ



ਪਾਤੜਾਂ, 3 ਮਾਰਚ (ਹਰਮਿੰਦਰ ਕਰਤਾਰਪੁਰ): ਵਿਧਾਨ ਸਭਾ ਹਲਕਾ ਸ਼ੁਤਰਾਣਾ ਭਾਜਪਾ ਦੇ ਇੰਚਾਰਜ ਨਰਾਇਣ ਸਿੰਘ ਨਰਸੋਤ ਦੀ ਅਗਵਾਈ 'ਚ ਅੱਜ ਪਾਤੜਾਂ ਵਿੱਚ ਕਕਰਾਲਾ, ਘੱਗਾ, ਪਾਤੜਾਂ, ਸ਼ੁਤਰਾਣਾ ਅਤੇ ਗੁਲਾਹੜ ਸਰਕਲਾਂ ਦੇ ਭਾਜਪਾ ਆਗੂਆਂ ਅਤੇ ਵਰਕਰਾਂ ਨਾਲ ਮੀਟਿੰਗ ਕੀਤੀ ਗਈ। ਮੀਟਿੰਗ 'ਚ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ ਅਤੇ ਡਾ. ਜੀਵਨ ਦੱਤ ਸ਼ੈਲੀ ਬਾਦਸ਼ਾਹਪੁਰ ਵੱਲੋਂ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਗਈ। ਮੀਟਿੰਗ ਦੌਰਾਨ ਕਿੱਲੀ ਚਹਿਲਾਂ ਵਿੱਚ ਭਾਜਪਾ ਦੀ ਹੋਣ ਰੈਲੀ ਨੂੰ ਲੈ ਕੇ ਵਿਚਾਰ ਚਰਚਾ ਕੀਤੀ ਗਈ।ਇਸ ਦੌਰਾਨ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਡਕਾਲਾ ਵੱਲੋਂ ਆਗੂਆਂ ਅਤੇ ਵਰਕਰਾਂ ਦੀਆਂ ਡਿਊਟੀਆਂ ਲਗਾਈਆਂ ਗਈਆਂ। ਮੀਡੀਆ ਨਾਲ ਜਾਣਕਾਰੀ ਸਾਂਝੀ ਕਰਦਿਆਂ ਨਰਾਇਣ ਸਿੰਘ ਨਰਸੋਤ ਕਿਹਾ ਕਿ ਜ਼ਿਲ੍ਹਾ ਮੋਗਾ ਦੇ ਕਿੱਲੀ ਚਹਿਲਾਂ ਵਿੱਚ 14 ਮਾਰਚ ਨੂੰ ਹੋਣ ਵਾਲੀ ਰੈਲੀ ਨੂੰ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਸਮੇਤ ਭਾਜਪਾ ਦੀ ਸੀਨੀਅਰ ਲੀਡਰਸ਼ਿਪ ਸੰਬੋਧਨ ਕਰੇਗੀ। ਉਨ੍ਹਾਂ ਕਿਹਾ ਕਿ ਇਸ ਰੈਲੀ ਨੂੰ ਕਾਮਯਾਬ ਬਣਾਉਣ ਲਈ ਵਿਧਾਨ ਸਭਾ ਹਲਕਾ ਸ਼ੁਤਰਾਣਾ ਭਾਜਪਾ ਦੇ ਆਗੂ ਅਤੇ ਵਰਕਰ ਪੱਬਾਂ ਭਾਰ ਹਨ । ਉਨ੍ਹਾਂ ਕਿਹਾ ਕਿ ਰੈਲੀ ਵਿੱਚ ਵਿਧਾਨ ਸਭਾ ਹਲਕਾ ਸ਼ੁਤਰਾਣਾ ਤੋਂ ਹਜ਼ਾਰਾਂ ਵਰਕਰ ਸ਼ਿਰਕਤ ਕਰਨਗੇ ਅਤੇ ਇਹ ਰੈਲੀ ਪੰਜਾਬ ਦੀ ਹੁਣ ਤੱਕ ਦੀ ਸਭ ਵੱਡੀ ਰੈਲੀ ਹੋਣ ਦਾ ਇਤਿਹਾਸ ਸਿਰਜੇਗੀ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਦੇ ਨੌਜਵਾਨ ਆਗੂ ਨਿਰੰਕਾਰ ਸਿੰਘ ਸੰਧੂ,ਬਗੀਚਾ ਸਿੰਘ ਦੁਤਾਲ, ਜਗਦੇਵ ਸਿੰਘ ਕਕਰਾਲਾ, ਪ੍ਰੇਮ ਚੰਦ ਕਾਂਸਲ, ਸ਼ਤੀਸ਼ ਗਰਗ, ਨਿਰੰਕਾਰ ਸਿੰਘ ਸੰਧੂ, ਸੰਤ ਰਾਮ ਓਡ, ਜਸਕਰਨ ਸਿੰਘ ਅਤੇ ਹੋਰ ਕਈ ਭਾਜਪਾ ਆਗੂ ਮੌਜੂਦ ਸਨ।

## ਸੌਰਵ ਸ਼ਰਮਾ ਭਾਜਪਾ ਮੰਡਲ ਪ੍ਰਧਾਨ ਬਣੇ, ਬੀਬਾ ਜੈ ਇੰਦਰ ਵੱਲੋਂ ਪ੍ਰਸ਼ੰਸਾ

ਪਟਿਆਲਾ, 3 ਮਾਰਚ (ਚ.ਨ.ਸ.) : ਗੁਰਬਖ਼ਸ਼ ਕਲੋਨੀ ਸਥਿਤ ਮਹਾਦੇਵ ਮੰਦਰ ਚੈਰੀਟੇਬਲ ਟਰੱਸਟ ਦੇ ਹਾਲ ਵਿੱਚ ਭਾਰਤੀ ਜਨਤਾ ਪਾਰਟੀ ਦੀ ਇਕ ਅਹਿਮ ਮੀਟਿੰਗ ਆਯੋਜਿਤ ਕੀਤੀ ਗਈ, ਜਿਸ ਵਿੱਚ ਪੰਜਾਬ ਮਹਿਲਾ ਮੋਰਚਾ ਦੀ ਪ੍ਰਧਾਨ ਬੀਬਾ ਜੈ ਇੰਦਰ ਕੌਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਯੁਵਾ ਆਗੂ ਸੌਰਵ ਸ਼ਰਮਾ ਨੂੰ ਗੁਰੂ ਨਾਨਕ ਨਗਰ ਮੰਡਲ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਮੁੱਖ ਮਹਿਮਾਨ ਬੀਬਾ ਜੈ ਇੰਦਰ ਕੌਰ ਨੇ ਕਿਹਾ ਕਿ ਸੌਰਵ ਸ਼ਰਮਾ ਲੰਬੇ ਸਮੇਂ ਤੋਂ ਜ਼ਮੀਨੀ ਪੱਧਰ 'ਤੇ ਸਰਗਰਮ ਹਨ। ਜ਼ਿਲ੍ਹਾ ਭਾਜਪਾ ਪ੍ਰਧਾਨ ਵਿਜੇ ਕੁਮਾਰ ਕੂਕਾ ਨੇ ਵੀ ਸੌਰਵ ਸ਼ਰਮਾ ਦੀ ਤਾਰੀਫ਼ ਕੀਤੀ। ਨਵ-ਨਿਯੁਕਤ ਮੰਡਲ ਪ੍ਰਧਾਨ ਸੌਰਵ ਸ਼ਰਮਾ ਨੇ ਆਪਣੇ ਸੰਬੋਧਨ ਵਿੱਚ ਕੈਪਟਨ ਅਮਰਿੰਦਰ ਸਿੰਘ, ਪਰਨੀਤ ਕੌਰ, ਬੀਬਾ ਜੈ ਇੰਦਰ ਕੌਰ, ਜ਼ਿਲ੍ਹਾ ਪ੍ਰਧਾਨ ਵਿਜੇ ਕੁਮਾਰ ਕੂਕਾ ਅਤੇ ਪਾਰਟੀ ਹਾਈਕਮਾਂਡ ਦਾ ਧੰਨਵਾਦ ਕੀਤਾ । ਸਮਾਗਮ ਦੌਰਾਨ ਭਾਜਪਾ ਦੇ ਜ਼ਿਲ੍ਹਾ ਜਨਰਲ ਸਕੱਤਰ ਸੰਜੀਵ ਸ਼ਰਮਾ ਹੈਪੀ, ਸੀਨੀਅਰ ਆਗੂ ਗੁਰਵਿੰਦਰ ਕੌਂਸਲ, ਯੁਵਰਾਜ ਸ਼ਰਮਾ ਜੱਸੋਵਾਲ, ਪਾਇਲ ਮੋਦਗਿਲ, ਵਨੀਤ ਸਹਿਗਲ, ਅਮਰਜੀਤ ਭੱਟੀ, ਨੀਤੂ ਅਤੇ ਸੌਰਵ ਸ਼ਰਮਾ ਦੀ ਟੀਮ ਦੇ ਮੈਂਬਰ ਸੰਜੀਵ ਕੁਮਾਰ ਬਬਲਾ, ਨਰਾਇਣ ਦੱਤ, ਵਿਨੋਦ ਬਾਲੀ, ਅਨਮੋਲ ਚੋਪੜਾ, ਕਮਲ ਮਰਕਨ, ਰੋਹਿਤਸ਼ਰਮਾ, ਅਮਿਤ ਕੁਮਾਰ ਮੀਤੀ, ਵਿਕਰਮ ਗੁਜਰਾਤੀ ਅਤੇ ਗੌਰਵ ਨਰਿਆਲ, ਨੀਰਜ ਸ਼ਰਮਾ ਅਤੇ ਹੋਰ ਆਗੂ ਮੌਜੂਦ ਰਹੇ।



## ਮਾਧੋ ਲਾਲ ਐਂਟੀ ਕਰੱਪਸ਼ਨ ਫਾਊਂਡੇਸ਼ਨ ਆਫ ਇੰਡੀਆ ਦੇ ਪੰਜਾਬ ਪ੍ਰਧਾਨ ਨਿਯੁਕਤ

ਪਟਿਆਲਾ, 3 ਮਾਰਚ (ਰੁਪਾਣਾ) :ਭਾਰਤ ਦੇ ਸਮੁੱਚੇ ਅਦਾਰਿਆਂ ਵਿੱਚ ਕਰੱਪਸ਼ਨ ਦਾ ਬੋਲ ਬਾਲਾ ਹੈ। ਸਰਕਾਰਾਂ ਵੀ ਇਸ ਬੁਰਾਈ ਨੂੰ ਖਤਮ ਕਰਨ ਲਈ ਤਾਣ ਲਾ ਰਹੀਆਂ ਹਨ, ਪਰ ਕਰੱਪਸ਼ਨ ਪੈਸੇ ਦੇ ਲੈਣ ਦੇਣ ਤੋਂ ਬਿਨਾਂ ਕੋਈ ਕੰਮ ਨਹੀਂ ਹੁੰਦਾ। ਐਂਟੀ ਕਰਪਸ਼ਨ ਫਾਉਂਡੇਸ਼ਨ ਆਫ ਇੰਡੀਆ ਵੱਲੋਂ ਇਹ ਬੀੜਾ ਚੁੱਕਿਆ ਹੈ। ਸ੍ਰੀ ਮਾਧੋ ਲਾਲ ਨੂੰ ਪੰਜਾਬ ਐਂਟੀ ਕਰੱਪਸ਼ਨ ਆਫ ਇੰਡੀਆ, ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਹੈ, ਜਿਸ ਦਾ ਦਫਤਰ ਦੁਖਨਿਵਾਰਨ ਰੋਡ ਨੇੜੇ ਫਲਾਈ ਓਵਰ ਹੋਟਲ , ਫੈਕਟਰੀ ਏਰੀਆ ਵਿਖੇ ਖੁੱਲ ਗਿਆ ਹੈ। ਜੋਗਿੰਦਰ ਸਿੰਘ ਪੰਛੀ, ਕੌਮੀ ਪ੍ਰਧਾਨ, ਭਾਰਤੀ ਭਾਰਤੀ ਘੱਟ ਗਿਣਤੀਆਂ ਅਤੇ ਦਲਿਤ ਫਰੰਟ, ਸ੍ਰੀ ਕੁਲਵਿੰਦਰ ਸਿੰਘ ਵਿਰਦੀ, ਰੂਪਕ ਤਨਵਰ, ਕਮਲ ਪ੍ਰਤਾਪ ਸਿੰਘ ਧਾਮੀ ਨੇ ਮਾਧੋ ਲਾਲ ਨੂੰ ਸਨਮਾਨਿਤ ਕੀਤਾ।

